# ਜਾਗਦੀ ਅੱਖ ਦਾ ਹਲਫ਼ਨਾਮਾ

(ਲੇਖ-ਸੰਗ੍ਰਹਿ)

**ਲੇਖਿਕਾ ਦੀਆਂ ਹੋਰ ਪੁਸਤਕਾਂ**

| | | | |
|---|---|---|---|
| 1. | ਭਲਾ ਮੈਂ ਕੌਣ | (ਨਾਟ-ਸੰਗ੍ਰਹਿ) | (2009) |
| 2. | ਮਖੌਟਿਆਂ ਦੇ ਆਰ ਪਾਰ | (ਕਾਵਿ-ਸੰਗ੍ਰਹਿ) | (2010) |
| 3. | ਬਲ਼ਦੇ ਬਿਰਖ਼ | (ਨਾਟ-ਸੰਗ੍ਰਹਿ) | (2011) |
| 4. | ਤਵਾਰੀਖ਼ ਬੋਲਦੀ ਹੈ ਤੇ ਹੋਰ ਨਾਟਕ | (ਨਾਟ ਸੰਗ੍ਰਹਿ) | (2016) |
| 5. | ਲਹਿਰਾਂ ਦੀ ਵੇਦਨਾ | (ਕਾਵਿ-ਸੰਗ੍ਰਹਿ) | (2016) |
| 6. | ਜ਼ਰਦ ਰੰਗਾਂ ਦਾ ਮੌਸਮ | (ਕਾਵਿ-ਸੰਗ੍ਰਹਿ) | (2024) |

# ਜਾਗਦੀ ਅੱਖ ਦਾ ਹਲਫ਼ਨਾਮਾ

(ਲੇਖ-ਸੰਗ੍ਰਹਿ)

**ਪਰਮਿੰਦਰ ਕੌਰ ਸਵੈਚ**

**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

**Jaagdi Akh da Halfnama**
(Collection of Essays)

By
**Parminder Kaur Swaich**
Address :- 14070 King Road
Surrey B. C., V3R 0M1
Canada
pswaich@hotmail.com
Phone No. 604 760 4794

**ISBN:978-93-90065-21-9**

**Edition: 2024**

© Author

Published by
**Saptrishi Publication**
Plot No. 25/6, Industrial Area, Phase-2,
Near Tribune Chowk, Chandigarh.
E-mail-: sapatrishi94@gmail.com
**Visit us at : www.saptrishipublication.com**
94638-36591, 77174-65715
*All rights reserved. No part of this book may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the Publisher and Author.*
**Printed at Saptrishi Printers Chandigarh 94638-36591**

ਸਮਰਪਣ

**ਵੱਡੀ ਭੈਣ ਨਿਰਮਲ ਕੌਰ**
**ਅਤੇ**
**ਵੀਰ ਜਸਵੰਤ ਸਿੰਘ ਨੂੰ**
**ਜਿਨ੍ਹਾਂ ਦਾ ਮੇਰੀ ਜ਼ਿੰਦਗੀ 'ਚ**
**ਅਹਿਮ ਰੋਲ ਰਿਹਾ ਹੈ।**

# ਤਤਕਰਾ


- ਮੁੱਖ ਬੰਦ 7
- ਆਪਣੇ ਸਮਾਜੀ ਸਰੋਕਾਰਾਂ ਦੇ ਅੰਗ-ਸੰਗ 11
- ਦੂਸ਼ਣਬਾਜ਼ੀ ਡਰੱਗ ਅਤੇ ਗੈਂਗਵਾਰ ਦੀ ਸਮੱਸਿਆ ਦਾ ਹੱਲ ਨਹੀਂ 17
- ਨਸ਼ਿਆਂ ਦੀ ਮਹਾਂਮਾਰੀ ਨਾਲ ਜੂਝਦੇ ਬੀ.ਸੀ. ਦੇ ਲੋਕ 29
- ਬਸਤੀਵਾਦੀ ਹਾਕਮਾਂ, ਕੈਨੇਡੀਅਨ ਸਰਕਾਰਾਂ ਤੇ ਧਰਮਾਂ ਦਾ ਅਣਮਨੁੱਖੀ ਵਰਤਾਰਾ 36
- ਅਜੋਕੀ ਗਾਇਕੀ ਸਭਿਆਚਾਰ ਜਾਂ ਨਿਘਾਰ 44
- ਲ਼ੱਚਰ ਗਾਇਕੀ ਨੂੰ ਨੱਥ ਪਾਉਣਾ ਸਮੇਂ ਦੀ ਲੋੜ 57
- ਕੈਨੇਡਾ ਦੇ ਪੰਜਾਬੀ ਰੰਗਮੰਚ ਦਾ ਇਤਿਹਾਸ, ਚਣੌਤੀਆਂ ਤੇ ਸੰਭਾਵਨਾਵਾਂ 63
- ਕੈਨੇਡਾ ਦਾ ਅਵਾਸ ਤੇ ਸਾਡੀ ਮਾਨਸਿਕਤਾ 69
- ਅੰਤਰਰਾਸ਼ਟਰੀ ਵਿਦਿਆਰਥੀ – ਮੁਸ਼ਕਲਾਂ ਦਰ ਮੁਸ਼ਕਲਾਂ 78
- 1984 ਵਿੱਚ ਸਿੱਖਾਂ ਦੀ ਨਸਲਕੁਸ਼ੀ 87
- ਸਮਾਜ ਵਿੱਚ ਸੰਸਥਾਵਾਂ ਦਾ ਯੋਗਦਾਨ 97
- 21ਵੀਂ ਸਦੀ ਦੀ 'ਪਾਵਰ ਵੋਮੈਨ' ਦਾ ਯਥਾਰਥ 103
- ਔਰਤ ਸੱਤ੍ਹਾ ਦੇ ਗਲਿਆਰਿਆਂ ਵਿੱਚ 110
- ਜਿਨਸੀ ਰੁਝਾਨ ਤੇ ਲਿੰਗਕ ਸਿਖਿਆ ਦੇ ਸਵਾਲ 'ਤੇ ਲੋਕਾਂ ਦੇ ਪ੍ਰਤੀਕਰਮ ਵਜੋਂ 116
- ਅੱਖੀਂ ਡਿੱਠਾ ਤੇ ਹੰਢਾਇਆ ਐਂਟੀ ਸੋਜੀ ਮੁਹਿੰਮ ਦਾ ਨਫ਼ਰਤ ਭਰਿਆ ਵਤੀਰਾ 122
- ਧਰਮ ਦੇ ਪਰਦੇ ਥੱਲੇ 126
- ਕੈਨੇਡਾ ਦੀ ਪੁਲੀਸ ਨੂੰ ਟੂਣੇ ਨੇ ਪਾਈ ਭਾਜੜ 130
- ਵਿਗਿਆਨ ਦੇ ਯੁੱਗ ਵਿੱਚ ਅੰਧ ਵਿਸ਼ਵਾਸ ਦਾ ਬੋਲਬਾਲਾ ਕਿਉਂ? 137
- ਵਿਗਿਆਨ ਦੀ ਰੌਸ਼ਨੀ ਵੱਲ਼ ਵੱਧਦੇ ਕਦਮ ਤੇ ਧਰਮ ਤੋਂ ਬੇਮੁੱਖਤਾ 141
- ਸਰ੍ਹੀ ਦੀਆਂ ਚੋਣਾਂ ਮੁੱਦਿਆਂ 'ਤੇ ਕਿ ਆਪਸੀ ਵਿਰੋਧਾਂ 'ਤੇ 145
- 21ਵੀਂ ਸਦੀ ਦਾ ਇਜ਼ਰਾਇਲੀ ਧਾੜਵੀਆਂ ਵਲੋਂ ਫ਼ਲਸਤੀਨ ਵਿੱਚ ਨਸਲਕੁਸ਼ੀ ਦਾ ਸਭ ਤੋਂ ਵੱਡਾ ਮੰਜ਼ਰ 151

# ਮੁੱਖ ਬੰਦ

ਪਰਮਿੰਦਰ ਸਵੈਚ ਨਾਲ ਮੇਰੀ ਮੁਲਾਕਾਤ ਦਾ ਸਬੱਬ ਮੇਰੇ ਬਹੁਤ ਹੀ ਪਿਆਰੇ ਪਰਿਵਾਰਕ ਦੋਸਤ ਪ੍ਰੋ. ਪ੍ਰਿਥੀਪਾਲ ਸਿੰਘ ਸੋਹੀ ਦੇ ਘਰ ਪੰਜਾਬੀ ਅਦੀਬਾਂ ਦੀ ਇੱਕ ਖ਼ੂਬਸੂਰਤ ਮਹਿਫਲ ਦੌਰਾਨ ਬਣਿਆ। ਭਾਵੇਂ ਕਿ ਪਟਿਆਲੇ ਤੋਂ ਪ੍ਰੋ. ਕੁਲਦੀਪ ਸਿੰਘ ਨੇ ਇਹਨਾਂ ਦਾ ਪਹਿਲਾਂ ਵੀ ਕਈ ਵਾਰ ਮੇਰੇ ਕੋਲ ਜ਼ਿਕਰ ਕੀਤਾ ਹੋਇਆ ਸੀ। ਤੁਆਰਫ਼ ਕਰਨ ਕਰਾਉਣ ਤੋਂ ਪਤਾ ਲੱਗਾ ਕਿ ਪਰਮਿੰਦਰ ਸਵੈਚ ਸਰੀ ਦੀ ਇੱਕ ਧੜੱਲੇਦਾਰ ਸ਼ਖਸ਼ੀਅਤ ਹਨ ਜੋ ਇੱਕੋ ਵੇਲ਼ੇ ਬਹੁਤ ਕੁੱਝ ਹਨ: ਮਸਲਨ ਕਿ ਕਈ ਤਰ੍ਹਾਂ ਦੀਆਂ ਸੰਸਥਾਵਾਂ ਦੇ ਆਗੂ, ਤਰਕਸ਼ੀਲ, ਤਰੱਕੀ ਪਸੰਦ ਲੇਖਕ, ਕਵਿੱਤਰੀ, ਨਾਟਕਕਾਰ, ਅਦਾਕਾਰਾ, ਚੰਗੇ ਬੁਲਾਰੇ ਅਤੇ ਮਨੁੱਖੀ ਹੱਕਾਂ ਦੇ ਪਹਿਰੇਦਾਰ। ਹੋਰ ਤਾਂ ਹੋਰ ਇੱਕ ਬੇਖੌਫ਼, ਬੇਬਾਕ ਟਿੱਪਣੀਕਾਰ ਅਤੇ ਸਮਤਾਵਾਦੀ ਸੰਘਰਸ਼ਾਂ ਦੀ ਨਾਇਕਾ ਵੀ। ਸੁਭਾਵਕ ਸੀ ਕਿ ਇਹ ਸਭ ਕੁੱਝ ਜਾਨਣ ਤੋਂ ਬਾਅਦ ਮੈਂ ਪ੍ਰਭਾਵਿਤ ਹੋਣੋ ਨਾ ਰਹਿ ਸਕਿਆ। ਮਹਿਫ਼ਲ ਦੀ ਸਮਾਪਤੀ ਤੋਂ ਬਾਅਦ ਉਹਨਾਂ ਮੈਨੂੰ ਆਪਣੀ ਇੱਕ ਕਵਿਤਾਵਾਂ ਦੀ ਕਿਤਾਬ ਬੜੇ ਅਦਬ ਸਹਿਤ ਭੇਂਟ ਕੀਤੀ ਅਤੇ ਨਾਲ਼ ਹੀ ਤਾਕੀਦ ਵੀ ਕਿ ਵੀਰ ਜੀ ਪੜ੍ਹ ਕੇ ਆਪਣੀ ਰਾਇ ਜ਼ਰੂਰ ਦੇਣੀ।

ਮੈਂ ਕਿਤਾਬ ਪੜ੍ਹੀ ਅਤੇ ਪੜ੍ਹ ਕੇ ਪਰਮਿੰਦਰ ਦੇ ਬੌਧਿਕ ਅਤੇ ਸਾਹਿਤਕ ਕੱਦ ਬਾਰੇ ਮੇਰੀਆਂ ਕਿਆਸ ਅਰਾਈਆਂ 'ਚ ਹੋਰ ਵੀ ਵਾਧਾ ਹੋਇਆ। ਉਹਨਾਂ ਦੇ ਜੀਵਨ ਦੇ ਅਤੀਤ ਵੱਲ ਝਾਤੀ ਮਾਰਦਿਆਂ ਜਦੋਂ ਮੈਨੂੰ ਏਸ ਤੱਥ ਦਾ ਇਲਮ ਹੋਇਆ ਕਿ ਉਹ ਪ੍ਰਸਿੱਧ ਉੱਘੇ ਅਜ਼ਾਦੀ ਘੁਲਾਟੀਏ ਸ. ਕਰਨੈਲ ਸਿੰਘ ਈਸੜੂ (ਸ਼ਹੀਦ ਗੋਆ) ਦੇ ਪਰਿਵਾਰ 'ਚੋਂ ਹਨ- ਤਾਂ ਤੁਰੰਤ ਮੈਂ ਇਸ ਨਿਰਣੇ 'ਤੇ ਪਹੁੰਚ ਗਿਆ ਕਿ "...ਪਰਮਿੰਦਰ ਇਸ ਤਰ੍ਹਾਂ ਦੀ ਕਿਉਂ ਹੈ...ਜਿਸ ਤਰ੍ਹਾਂ ਦੀ ਉਹ ਹੈ?"

ਖੰਨੇ ਏ. ਐੱਸ. ਕਾਲਜ (ਕੁੜੀਆਂ) ਤੋਂ ਗ੍ਰੈਜੂਏਸ਼ਨ ਕਰਨ ਤੋਂ ਬਾਅਦ ਉਹ ਜਲਦੀ ਹੀ ਕਨੇਡਾ ਪਹੁੰਚ ਗਈ ਪੇਕਾ ਤੇ ਸਹੁਰਾ ਦੋਵੇਂ ਪਰਿਵਾਰਾਂ 'ਚ ਕ੍ਰਾਂਤੀਕਾਰੀ ਵਿਚਾਰਧਾਰਾਵਾਂ ਦਾ ਅਸਰ, ਉਸ ਦੀ ਮਾਨਸਿਕ ਬਣਤਰ ਅਤੇ ਵਿਕਾਸ ਦਾ ਅਹਿਮ ਹਿੱਸਾ ਬਣਿਆ। ਨਤੀਜਨ ਉਹ ਕਲਮ ਅਤੇ ਕਰਮ ਦੋਵੇਂ ਖੇਤਰਾਂ 'ਚ ਅਡੋਲ ਆਤਮ-ਵਿਸਵਾਸ਼ ਨਾਲ਼ ਸਹਿਜ ਤੌਰ ਨਾਲ਼ ਅੱਗੇ ਵਧਦੀ ਚਲੀ ਗਈ। ਪਰਿਵਾਰਕ ਜ਼ਿੰਮੇਵਾਰੀਆਂ ਦੇ ਨਾਲ਼-ਨਾਲ਼ ਕਿਤਾਬਾਂ ਉਸ ਦੀਆਂ ਸਭ ਤੋਂ ਪਿਆਰੀਆਂ ਸਹੇਲੀਆਂ ਬਣੀਆਂ ਹਨ। ਪੜ੍ਹਨਾ, ਲਿਖਣਾ ਅਤੇ ਸੰਘਰਸ਼ ਕਰਨਾ

ਉਸ ਨੇ ਆਪਣੀ ਜੀਵਨ-ਜਾਚ ਬਣਾ ਲਿਆ। ਪੰਜਾਬੀ ਸਾਹਿਤ ਦੇ ਖਾਤੇ ਵਿੱਚ ਉਸ ਦਾ ਜ਼ਿਕਰਯੋਗ ਯੋਗਦਾਨ ਹੈ। ਉਸ ਨੇ ਢੇਰ ਸਾਰੀ ਕਵਿਤਾ ਵੀ ਲਿਖੀ ਅਤੇ ਵਾਰਤਕ ਵੀ, ਨਾਟਕ ਵੀ ਲਿਖੇ ਅਤੇ ਕਹਾਣੀਆਂ ਵੀ। ਨਾਟਕ ਲਿਖੇ ਹੀ ਨਹੀਂ, ਖੇਡੇ ਵੀ ਅਤੇ ਨਿਰਦੇਸ਼ਨ ਵੀ ਕੀਤੇ। ਮਨੁੱਖੀ ਹੱਕਾਂ ਲਈ ਸੰਘਰਸ਼ ਵੀ ਕੀਤੇ ਜਲਸੇ, ਜਲੂਸ ਪ੍ਰਦਰਸ਼ਨ ਵੀ ਆਯੋਜਿਤ ਕੀਤੇ। ਪਰਮਿੰਦਰ ਜਿਹੀਆਂ (ਆਲ-ਇਨ-ਵੰਨ) ਹਰਫ਼ਨਮੌਲਾ ਸ਼ਖਸ਼ੀਅਤਾਂ ਆਮ ਨਹੀਂ ਹੁੰਦੀਆਂ।

ਉਸ ਦੀ ਹਥਲੀ ਪੁਸਤਕ 'ਜਾਗਦੀ ਅੱਖ ਦਾ ਹਲਫ਼ਨਾਮਾ' ਛੋਟੇ-ਵੱਡੇ 20 ਨਿਬੰਧਾਂ/ਲੇਖਾਂ ਦਾ ਸੰਗ੍ਰਹਿ ਹੈ। ਇਹ ਉਹਨਾਂ ਦੀ ਸਮਾਜਕ, ਰਾਜਨੀਤਕ, ਵਿਗਿਆਨਕ, ਸਭਿਆਚਾਰਕ ਅਤੇ ਆਮ ਜ਼ਿੰਦਗੀ ਦੀ ਪ੍ਰੌਢ ਸੂਝ-ਬੂਝ ਦਾ ਇੱਕ ਨਿੱਕਾ ਜਿਹਾ ਮਜਮੂਨ ਤਲਕ ਹੈ। ਇਸ ਕਿਤਾਬ ਵਿਚਲੀਆਂ ਲਿਖਤਾਂ ਰਾਹੀਂ ਪਰਮਿੰਦਰ ਨੇ ਆਪਣੀ ਜਾਗਦੀ ਅੱਖ ਅਤੇ ਇਨਸਾਨੀ ਵੇਦਨਾ ਨੂੰ ਮਹਿਸੂਸ ਕਰਨ ਵਾਲੀ ਜ਼ਮੀਰ ਆਤਮਾ ਨਾਲ਼ ਆਪਣੇ ਆਸ-ਪਾਸ ਵਿਚਰਦੇ, ਧੜਕਦੇ ਸਮਾਜ ਦੀ ਇੱਕ ਨਿੱਕੀ ਜਹੀ ਝਾਕੀ ਹੀ ਸਾਡੇ ਸਨਮੁੱਖ ਕਰਨ ਦਾ ਯਤਨ ਕੀਤਾ ਹੈ। ਆਪਣੇ ਸਟੀਕ ਜਮਾਤੀ ਦ੍ਰਿਸ਼ਟੀਕੋਣ ਤੋਂ ਨਿਰਖ-ਪਰਖ ਕਰਦਿਆਂ ਹੋਇਆਂ ਉਹ ਸਮਕਾਲੀ ਖਪਤਕਾਰੀ ਕਲਚਰ ਦੀ ਅਜਗਰੀ ਪਕੜ ਵਿੱਚ ਆਏ ਹੋਏ ਸਮਾਜ, ਸਿਆਸਤ, ਆਰਥਿਕਤਾ ਅਤੇ ਸਭਿਆਚਾਰ ਦੇ ਵੱਖ- ਵੱਖ ਖੇਤਰਾਂ/ਮੁੱਦਿਆਂ/ਸਰੋਕਾਰਾਂ ਬਾਰੇ ਪਾਠਕ ਨੂੰ ਸਾਵਧਾਨ ਹੋ ਜਾਣ ਦੀ ਚੇਤਾਵਨੀ ਦਿੰਦੀ ਹੋਈ ਪ੍ਰਤੀਤ ਹੁੰਦੀ ਹੈ।

ਇਹਨਾਂ ਨਿਬੰਧਾਂ ਵਿੱਚ ਲੇਖਿਕਾ ਦੇ ਕਈ ਥਾਂਈ ਬੜੇ ਸੰਕੇਤਮਈ ਇਸ਼ਾਰੇ ਹਨ ਕਿ ਅਜੋਕੇ ਸਮਾਜ ਦੀਆਂ ਕਈ ਅਲਾਮਤਾਂ ਮਹਿਜ ਵਿਅਕਤੀਗਤ ਜਾਂ ਕੁਦਰਤੀ ਵਰਤਾਰੇ ਨਹੀਂ ਬਲਕਿ ਵਰਤਮਾਨ ਵਿਸ਼ਵੀ ਰਾਜਸੀ ਅਰਥ-ਵਿਵਸਥਾ ਅਤੇ ਮੰਡੀਕਰਨ ਦੀ ਉਪਜ ਹਨ। ਆਲਮੀ ਤਾਕਤਾਂ ਵਲੋਂ ਚੇਤੰਨ ਰੂਪ ਵਿੱਚ ਉਸਾਰਿਆ ਗਿਆ ਇੱਕ ਵਿਸ਼ਵੀਤੰਤਰ ਹੈ, ਇੱਕ ਸਭਿਆਚਾਰ ਹੈ ਜਿਸ ਵਿੱਚ ਬੇਸ਼ੁਮਾਰ ਭੂਮੀਗਤ ਕਾਰਪੋਰੇਸ਼ਨਾਂ/ਮਾਫ਼ੀਏ ਸ਼ਾਮਲ ਹਨ ਜੋ ਆਪਣੇ ਮੁਨਾਫ਼ਿਆਂ ਲਈ ਦੁਨੀਆ ਭਰ ਦੇ ਨੌਜਵਾਨਾਂ ਨੂੰ ਆਪਣੇ ਕੋਝੇ ਮਨਸੂਬਿਆਂ ਦੀ ਖਾਧ ਖੁਰਾਕ ਬਣਾਉਂਦੇ ਚਲੇ ਆ ਰਹੇ ਹਨ।

ਵਾਰਤਕ ਖ਼ਾਸ ਕਰਕੇ ਨਿਬੰਧ, ਸਾਹਿਤ ਦੀ ਬੌਧਿਕਤਾ ਪ੍ਰਧਾਨ ਵਿਧਾ ਹੈ। ਹਲਕੀ ਫੁਲਕੀ ਹੋਣ ਦੇ ਬਾਵਜੂਦ ਵੀ ਇਸ ਦੀ ਸੁਰ ਗੰਭੀਰ ਤੇ ਸਿੱਖਿਆਦਾਇਕ ਹੋਣੀ ਜ਼ਰੂਰੀ ਹੈ। ਲੇਖਿਕਾ ਇਸ ਗੱਲ ਤੋਂ ਸਤਰਕ ਹੈ ਕਿ ਉਸ ਦੇ ਲੇਖਾਂ ਦੇ ਵਿਸ਼ੇ ਅਤੇ ਵੰਨਗੀਆਂ ਸਮਾਜਿਕ ਵੀ ਹਨ, ਸਭਿਆਚਾਰਕ ਅਤੇ ਰਾਜਨੀਤਕ ਵੀ। ਸਥਾਨਕ ਵੀ ਹਨ, ਪ੍ਰਾਂਤਕ ਅਤੇ ਕੌਮਾਂਤਰੀ ਵੀ। ਨਸ਼ੇ, ਗੈਂਗਵਾਰ; ਵਰਤਮਾਨ ਗਾਇਕੀ/ਗੀਤਕਾਰੀ; ਅੰਤਰ-ਰਾਸ਼ਟਰੀ ਆਵਾਸ/ਪਰਵਾਸ;

ਜੈਂਡਰ ਭੇਦਭਾਵ; ਵਿਗਿਆਨ ਬਨਾਮ ਵਹਿਮ ਭਰਮ/ਧਰਮ; ਫਿਰਕਾਪ੍ਰਸਤੀ ਦੀ ਬੋਅ; ਇਸਤਰੀ ਜਗਤ ਦੀਆਂ ਗੁੰਝਲਦਾਰ ਸਮੱਸਿਆਵਾਂ; ਭਾਰਤੀ ਜਮਹੂਰੀਅਤ ਦੇ ਮੱਥੇ 'ਤੇ ਲੱਗਿਆ ਕਲੰਕ 1984 ਦੀ ਸਿੱਖ ਨਸਲਕੁਸ਼ੀ; ਇਜ਼ਰਾਈਲ/ਫਲਸਤੀਨ ਦੀ ਬੇਮੇਚ ਜੰਗ; ਬੀ.ਸੀ. (ਕਨੇਡਾ) ਦੀਆਂ ਹੁਣੇ ਹੋਣ ਜਾ ਰਹੀਆਂ ਸੂਬਾਈ ਚੋਣਾਂ ਦਾ ਕੱਚ ਸੱਚ; ਕਨੇਡਾ ਵਿੱਚ ਵਿਚਰਦੀ ਪੰਜਾਬੀ ਲੋਕਾਈ ਦੀਆਂ ਅਨੇਕਾਂ ਪ੍ਰਕਾਰ ਦੀਆਂ ਸਮੱਸਿਆਵਾਂ/ਚਾਹਤਾਂ/ਦੁਸ਼ਵਾਰੀਆਂ ਅਤੇ ਖੁਸ਼ਨਸੀਬੀਆਂ ਆਦਿ ਬੜਾ ਹੀ ਕੁੱਝ ਅਜਿਹਾ ਹੈ ਜੋ ਪਰਮਿੰਦਰ ਨੇ ਬਹੁਤ ਹੀ ਆਹਲਾ ਕਲਾਕਾਰੀ ਅਤੇ ਸਾਹਿਤਕ ਸੂਖਮਤਾ ਨਾਲ਼ ਆਪਣੇ ਇਹਨਾਂ ਨਿਬੰਧਾਂ 'ਚ ਸਮੇਟਣ ਦਾ ਯਤਨ ਕੀਤਾ ਹੈ।

ਪਰਮਿੰਦਰ ਦੀ ਕਿਉਂਕਿ ਇਹ ਕੋਈ ਪਹਿਲੀ ਲਿਖਤ ਨਹੀਂ...ਨਾ ਹੀ ਆਖਰੀ। ਉਹ ਇੱਕ ਚੇਤਨ ਸਾਹਿਤਕਾਰ ਹੈ। ਵਿਸ਼ਵੀ ਬਜ਼ਾਰ ਦੀ ਭਰਮਾਊ ਚਕਾਚੌਂਧ ਵਿੱਚ ਵੀ ਉਸ ਨੂੰ ਕੂਹਜ ਲੱਭਣਾ ਅਤੇ ਫੜਨਾ ਆਉਂਦਾ ਹੈ। ਉਸ ਨੂੰ ਪਤਾ ਹੈ ਕਿ ਸਮਾਜ ਦੇ ਹਰ ਵਰਗ/ਖੇਤਰ/ਪਾਸਾਰ ਵਿੱਚ ਫੈਲੀ ਬਦਨਿਜ਼ਾਮੀ, ਹਫੜਾਦਫੜੀ ਦੀ ਵਜਾਹ ਭਲਾ ਕੀ ਹੈ? ਉਸ ਨੂੰ ਉਸ ਵਿਸ਼ੇਸ਼ 'ਪੁਆਇੰਟ-ਆਫ਼-ਰੈਫਰੈਂਸ' ਦਾ ਬਾਖੂਬੀ ਪਤਾ ਹੈ ਜਿਥੋਂ ਖਲੋ ਕੇ ਇਸ ਸਾਰੀ ਅਫ਼ਰਾਤਫਰੀ ਨੂੰ ਬਾਰੀਕਬੀਨੀ ਨਾਲ਼ ਵੇਖਿਆ, ਸਮਝਿਆ ਜਾ ਸਕਦਾ ਹੈ ਅਤੇ ਇਸ ਨੂੰ ਫਨਾਹ ਵੀ ਉੱਥੋਂ ਖਲੋ ਕੇ ਹੀ ਕੀਤਾ ਜਾ ਸਕਦਾ ਹੈ। ਇਸੇ ਲਈ ਉਸਦੀ ਕੋਸ਼ਿਸ਼ ਹੈ ਕਿ ਉਹ ਆਪਣੇ ਪਾਠਕ ਨੂੰ ਇਹ ਦੱਸ ਸਕੇ ਕਿ ਜਦੋਂ ਤੱਕ ਅਸੀਂ ਅਜੋਕੀ ਰਾਜਸੀ ਅਰਥਵਿਵਸਥਾ ਦੀ ਬਣਤਰ, ਮਨਸੂਬਾਬੰਦੀ ਅਤੇ ਕਾਰਗੁਜ਼ਾਰੀ ਨੂੰ ਪੂਰੀ ਤਰ੍ਹਾਂ ਨਹੀਂ ਸਮਝਦੇ ਉਦੋਂ ਤੱਕ ਸਾਡਾ ਸਮਾਜ ਅਜਿਹੀਆਂ ਸਮੱਸਿਆਵਾਂ/ਜਹਿਮਤਾਂ ਤੋਂ ਨਿਜਾਤ ਨਹੀਂ ਪਾ ਸਕਦਾ।

ਸਰਲ/ਸਹਿਜ ਭਾਸ਼ਾ ਵਿੱਚ ਲਿਖੇ ਹੋਏ ਪਰਮਿੰਦਰ ਸਵੈਚ ਦੇ ਇਹ ਵੰਨ-ਸੁਵੰਨੇ ਨਿਬੰਧ ਪਾਠਕ ਨੂੰ ਸਮਕਾਲੀਨ ਰਾਜਸੀ, ਸਮਾਜਿਕ, ਸਭਿਆਚਾਰਕ ਹਾਲਤਾਂ, ਪ੍ਰਸਥਿਤੀਆਂ, ਸਰੋਕਾਰਾਂ ਨੂੰ ਗੰਭੀਰਤਾ ਨਾਲ ਵੇਖਣ, ਸਮਝਣ, ਅਨੁਭਵ ਕਰਨ ਅਤੇ ਇਹਨਾਂ ਪ੍ਰਤੀ ਆਪਣਾ ਰਵੱਈਆ ਤਹਿ ਕਰਨ 'ਚ ਨਿਸ਼ਚੇ ਹੀ ਸਹਾਈ ਹੋ ਸਕਦੇ ਹਨ, ਇਹ ਮੇਰਾ ਦਾਅਵਾ ਹੈ।

ਲਿਖਤ ਦੇ ਲੰਮੇਰੀ ਹੋ ਜਾਣ ਦੇ ਡਰੋਂ ਮੈਂ ਨਿਬੰਧਾਂ 'ਚੋਂ ਕੋਈ ਸਬੰਧਤ ਟੂਕਾਂ ਜਾਂ ਹਵਾਲੇ ਨਹੀਂ ਦੇ ਰਿਹਾ। ਪਾਠਕਾਂ 'ਤੇ ਹੀ ਛੱਡਦਾ ਹਾਂ ਕਿ ਉਹ ਖੁਦ ਪੜ੍ਹਨਗੇ ਅਤੇ ਮੇਰੇ ਉਪਰੋਕਤ ਨਿਰਣੇ ਨਾਲ਼ ਸਹਿਮਤ ਹੋਣਗੇ।

ਉਮੀਦ ਹੈ ਕਿ ਇਹ ਮੁੱਲਵਾਨ ਪੁਸਤਕ ਨਵੇਂ ਪਾਠਕਾਂ ਲਈ ਸਮਕਾਲੀ ਸਮਾਜਿਕ/ਰਾਜਸੀ ਸਰੋਕਾਰਾਂ ਦੀਆਂ ਪੀਢੀਆਂ ਗੁੰਝਲਾਂ ਨੂੰ ਸਮਝਣ, ਖੋਲ੍ਹਣ ਵਿੱਚ ਸਹਾਈ ਹੋਵੇਗੀ। ਪੰਜਾਬੀ ਸਾਹਿਤਕ ਜਗਤ ਵਲੋਂ ਇਸ ਪੁਸਤਕ ਦਾ ਸੁਆਗਤ ਹੈ। ਪਰਮਿੰਦਰ ਨੂੰ ਇਸ ਸ਼ਾਨਦਾਰ ਨਵੇਂ ਉੱਦਮ ਲਈ ਢੇਰ ਸਾਰੀਆਂ ਵਧਾਈਆਂ।

**ਪ੍ਰੋ. ਬਾਵਾ ਸਿੰਘ**

# ਆਪਣੇ ਸਮਾਜੀ ਸਰੋਕਾਰਾਂ ਦੇ ਅੰਗ-ਸੰਗ

ਮੇਰਾ ਲਿਖਣ ਕਾਲ ਲੇਖ ਲਿਖਣ ਤੋਂ ਹੀ ਸ਼ੁਰੂ ਹੋਇਆ ਸੀ ਪਰ ਹੱਥਲੀ ਲੇਖਾਂ ਦੀ ਕਿਤਾਬ ਬਹੁਤ ਦੇਰੀ ਨਾਲ਼ ਤੁਹਾਡੇ ਸਾਹਮਣੇ ਆ ਰਹੀ ਹੈ। ਇਸ ਦਾ ਕਾਰਨ ਇਸ ਤੋਂ ਪਹਿਲਾਂ ਮੇਰੇ ਤਿੰਨ ਕਾਵਿ-ਸੰਗ੍ਰਹਿ (ਮਖੌਟਿਆਂ ਦੇ ਆਰ ਪਾਰ, ਲਹਿਰਾਂ ਦੀ ਵੇਦਨਾ ਤੇ ਜ਼ਰਦ ਰੰਗਾਂ ਦਾ ਮੌਸਮ) ਤੇ ਤਿੰਨ ਨਾਟ-ਸੰਗ੍ਰਹਿ (ਭਲਾ ਮੈਂ ਕੌਣ, ਬਲ਼ਦੇ ਬਿਰਖ਼ ਤੇ ਤਵਾਰੀਖ਼ ਬੋਲਦੀ ਹੈ ਤੇ ਹੋਰ ਨਾਟਕ) ਦੀਆਂ ਕਿਤਾਬਾਂ ਨੂੰ ਛਪਣ ਦੀ ਪਹਿਲ ਮਿਲ ਗਈ। ਲੇਖ ਲਿਖਣੇ ਮੈਂ ਕਾਲਜ ਦੇ ਸਮੇਂ ਤੋਂ ਹੀ ਸ਼ੁਰੂ ਕਰ ਦਿੱਤੇ ਸਨ। ਉਸ ਸਮੇਂ ਦੇ ਮੈਗਜ਼ੀਨਾਂ ਤੇ ਕਾਲਜ ਮੈਗਜ਼ੀਨ ਵਿੱਚ ਛਪਦੇ ਵੀ ਰਹੇ ਸਨ। ਫਿਰ ਕੈਨੇਡਾ ਆ ਜਾਣ ਨਾਲ਼ ਲਿਖਣ ਵਿੱਚ ਖੜੋਤ ਆਉਣ ਨਾਲ਼ ਸਭ ਕੁਝ ਹੀ ਠੱਪ ਹੋ ਗਿਆ। 2009 ਵਿੱਚ ਅਸੀਂ ਈਸਟ ਇੰਡੀਅਨ ਡਿਫੈਂਸ ਕਮੇਟੀ ਦੇ ਸੱਦੇ 'ਤੇ ਸਬ-ਕਮੇਟੀਆਂ ਬਣਾਉਣ ਦੀ ਸਲਾਹ ਕੀਤੀ ਕਿ ਇਹ ਕਮੇਟੀਆਂ ਆਪਣੇ ਆਪਣੇ ਤੌਰ 'ਤੇ ਕੰਮ ਕਰਨ ਤੇ ਕਮਿਊਨਿਟੀ ਵਿੱਚ ਹੋਰ ਅਧਾਰ ਬਣਾਉਣ ਲਈ ਵੱਖਰੇ ਵੱਖਰੇ ਫਰੰਟ ਤੋਂ ਕੰਮ ਕੀਤਾ ਜਾਵੇ। ਇਹਨਾਂ ਵਿੱਚ ਸ਼ਹੀਦ ਮੇਵਾ ਸਿੰਘ ਸਪੋਰਟਸ ਐਂਡ ਕਲਚਰਲ ਸੁਸਾਇਟੀ ਜਿਸ ਵਿੱਚ ਪਾਸ ਕੀਤਾ ਗਿਆ ਕਿ ਇੱਕ ਦਿਨ ਦਾ ਟੂਰਨਾਮੈਂਟ ਕਰਾਉਣ ਦੇ ਨਾਲ਼ ਨਾਲ਼ ਇੱਕ ਮੈਗਜ਼ੀਨ ਵੀ ਕੱਢਿਆ ਜਾਵੇਗਾ। ਜਦੋਂ ਮੈਗਜ਼ੀਨ ਕੱਢਣਾ ਸੀ ਤਾਂ ਫਿਰ ਇਹ ਵੀ ਲੋੜ ਸੀ ਕਿ ਆਪਣੀ ਲੋਕ ਪੱਖੀ ਵਿਚਾਰਧਾਰਾ ਮੁਤਾਬਕ ਵਧੀਆ ਸਾਹਿਤ ਵੀ ਛਾਪਿਆ ਜਾਵੇ। ਉਦੋਂ ਤੋਂ ਮੈਂ ਲੇਖ ਲਿਖਣੇ ਸ਼ੁਰੂ ਕਰ ਦਿੱਤੇ। ਉਸ ਤੋਂ ਬਾਅਦ 2017 ਤੋਂ ਮੈਂ ਕੈਨੇਡਾ ਦੇ ਲੋਕ ਪੱਖੀ ਅਖ਼ਬਾਰ 'ਸਰੋਕਾਰਾਂ ਦੀ ਅਵਾਜ਼' ਵਿੱਚ ਕੰਮ ਕਰ ਰਹੀ ਹਾਂ। ਉਸ ਵਿੱਚ ਵੀ ਮੇਰੇ ਬਹੁਤ ਸਾਰੇ ਇਤਿਹਾਸਿਕ, ਰਾਜਨੀਤਕ, ਸਮਾਜਿਕ, ਸਭਿਆਚਾਰਕ ਤੇ ਆਰਥਿਕ ਮਸਲਿਆਂ ਵਾਲ਼ੇ ਵਿਸ਼ਿਆਂ ਦੇ ਲੇਖ ਛਪਦੇ ਰਹੇ ਹਨ। ਇਹਨਾਂ ਵਿੱਚੋਂ ਬਹੁਤੇ ਲੇਖ ਕੈਨੇਡਾ ਦੇ ਸਾਰੇ ਅਤੇ ਪੰਜਾਬ ਦੇ ਮੁੱਖ ਅਖ਼ਬਾਰਾਂ ਪੰਜਾਬੀ ਟ੍ਰਿਬਿਊਨ, ਅਜੀਤ ਅਤੇ ਨਵਾਂ ਜ਼ਮਾਨਾ ਆਦਿ ਵਿੱਚ ਛਪਦੇ ਰਹੇ ਹਨ। ਮੈਂ ਉਹਨਾਂ ਵਿੱਚੋਂ ਇਤਿਹਾਸਕ ਵਿਸ਼ੇ ਛੱਡ ਕੇ ਬਾਕੀਆਂ ਨੂੰ ਇਸ ਕਿਤਾਬ ਵਿੱਚ ਸੰਮਿਲਤ ਕਰਨ ਦੀ ਕੋਸ਼ਿਸ਼ ਕੀਤੀ ਹੈ।

ਇਸ ਕਿਤਾਬ ਵਿੱਚ ਮੈਂ ਕੈਨੇਡਾ ਦੀ ਜ਼ਿੰਦਗੀ 'ਤੇ ਪ੍ਰਭਾਵ ਪਾਉਣ ਵਾਲ਼ੇ ਸਰੋਕਾਰਾਂ ਨੂੰ ਮੁੱਖ ਰੱਖਿਆ ਹੈ। ਜੋ ਸਾਡੇ ਆਲ਼ੇ ਦੁਆਲ਼ੇ ਹੁੰਦਾ ਹੈ, ਉਸ ਬਾਰੇ ਖੋਜ ਕਰਕੇ ਪਾਠਕਾਂ ਸਾਹਮਣੇ ਰੱਖਣ ਦੀ ਕੋਸ਼ਿਸ਼ ਸੀ। ਇਹ ਲੇਖ ਸਮੇਂ ਦੀ ਲੋੜ

ਮੁਤਾਬਕ ਲਿਖੇ ਗਏ ਸਨ। 'ਅਜੋਕੀ ਗਾਇਕੀ ਸਭਿਆਚਾਰ ਜਾਂ ਨਿਘਾਰ' ਲੇਖ ਮੈਂ ਕਾਲਜ ਦੇ ਸਮੇਂ ਲਿਖਿਆ ਸੀ ਇਹ ਪੰਜਾਬ ਯੂਨੀਵਰਸਿਟੀ ਦੇ ਮੈਗਜ਼ੀਨ 'ਯੂਥ' ਵਿੱਚ ਛਪਿਆ ਸੀ। ਏ. ਐੱਸ. ਕਾਲਜ ਫਾਰ ਵੋਮੈੱਨ, ਖੰਨਾ ਦੇ ਮੈਗਜ਼ੀਨ 'ਅਵਸਥਾ' ਵਿੱਚ ਵੀ ਕਈ ਲੇਖ ਛਪੇ ਸਨ, ਜਿਨ੍ਹਾਂ ਵਿੱਚੋਂ 'ਧਰਮ ਦੇ ਪਰਦੇ ਥੱਲੇ' ਵੀ ਸੀ, ਜਿਸ ਨੂੰ ਮੈਂ ਉਵੇਂ ਦਾ ਉਵੇਂ ਸ਼ਾਮਲ ਕੀਤਾ ਹੈ ਪਰ ਲੱਚਰ ਗਾਇਕੀ ਵਾਲੇ ਵਿੱਚ ਮਾਮੂਲੀ ਤਬਦੀਲੀਆਂ ਕੀਤੀਆਂ ਹਨ। ਇਸ ਤੋਂ ਇਲਾਵਾ ਮੇਰੇ ਸਾਰੇ ਲੇਖ ਕੈਨੇਡਾ ਵਿੱਚ ਰਹਿ ਕੇ ਇਥੋਂ ਦੀਆਂ ਸਮੱਸਿਆਵਾਂ ਨਾਲ ਔਤ-ਪੋਤ ਹਨ। ਜੋ ਦੇਖਿਆ, ਸੁਣਿਆ, ਪੜ੍ਹਿਆ, ਮਹਿਸੂਸ ਕੀਤਾ ਜਾਂ ਹੰਢਾਇਆ ਉਸ ਨੂੰ ਕਲਮਬੱਧ ਕੀਤਾ ਹੈ। ਜਿਵੇਂ ਸੰਸਥਾਵਾਂ ਵਿੱਚ ਜਾਣਾ ਸ਼ੁਰੂ ਕੀਤਾ ਤਾਂ ਆਪਣੇ ਤਜਰਬੇ ਲਿਖੇ। ਜਦੋਂ ਬੀ. ਸੀ. ਵਿੱਚ ਗੈਂਗਵਾਰ ਦਾ ਬੋਲਬਾਲਾ ਹੋਇਆ, ਪੰਜਾਬੀ ਬਦਨਾਮ ਹੋਣ ਲੱਗੇ। ਕਮਿਊਨਿਟੀ ਨੂੰ ਦੋਸ਼ੀ ਠਹਿਰਾਇਆ ਜਾਣ ਲੱਗਿਆ ਤਾਂ ਮੇਰੀ ਕਲਮ ਨੇ ਤੱਥਾਂ ਦੀ ਖੋਜ ਪੜਤਾਲ ਕਰ ਕੇ ਲੋਕਾਂ ਨੂੰ ਅਸਲੀਅਤ ਦੇ ਰੂ-ਬਰੂ ਕਰਵਾਇਆ ਕਿ ਤੁਸੀਂ ਆਟੇ ਵਿੱਚ ਲੂਣ ਲੋਕ ਕਿੰਨਾ, ਕੀ, ਕੁੱਝ ਕਰ ਸਕਦੇ ਹੋ ਤੇ ਅਸਲੀ ਦੋਸ਼ੀ ਕੌਣ ਹਨ। ਇਸੇ ਤਰ੍ਹਾਂ ਡਰੱਗ ਓਵਰਡੋਜ਼ ਦੀ ਸਮੱਸਿਆ ਕਿ ਲੋਕ ਮਰ ਕਿਉਂ ਰਹੇ ਹਨ ਜਦਕਿ ਉਹ ਤਾਂ ਸਦੀਆਂ ਤੋਂ ਡਰੱਗ ਖਾ ਰਹੇ ਹਨ। ਉਸ ਸਮੇਂ ਲਿਖ ਕੇ, ਬੋਲ ਕੇ ਉਂਗਲ ਚੱਕੀ ਕਿ ਉਹ ਖਾ ਕੀ ਰਹੇ ਹਨ?, ਉਹ ਕਿੱਥੋਂ ਕੀ ਖ੍ਰੀਦ ਰਹੇ ਹਨ?, ਕੌਣ ਜ਼ਹਿਰ ਵੇਚ ਰਿਹਾ ਹੈ?, ਕਿਸ ਦੀ ਦੇਖ ਰੇਖ ਵਿੱਚ ਇਹ ਸਾਰਾ ਕੁੱਝ ਵਿਕ ਰਿਹਾ ਹੈ?। ਇਸ ਦਾ ਸਾਲਮ ਸ਼ੀਸ਼ਾ ਦਿਖਾਉਣ ਦੀ ਕੋਸ਼ਿਸ਼ ਸੀ।

ਮੇਰੇ ਦੋ ਲੇਖ ਔਰਤਾਂ ਦੀਆਂ ਸਮੱਸਿਆ ਬਾਰੇ ਹਨ, ਕਿ ਉਹ ਅਜੇ ਤੱਕ ਕਿੱਥੇ ਕੁ ਖੜ੍ਹੀਆਂ ਹਨ। ਲੋਕਾਈ ਦੇ ਸਾਹਮਣੇ ਦਿਸਣ ਵਾਲੀ ਅਜ਼ਾਦੀ ਕਿਹੋ ਜਿਹੀ ਹੈ ਤੇ ਔਰਤ ਨੂੰ ਅਜੇ ਤੱਕ ਕਿਵੇਂ ਵਰਤਿਆ ਜਾ ਰਿਹਾ ਹੈ। ਪਰ ਦੂਜੇ ਪਾਸੇ ਬਲਾਤਕਾਰ, ਘਰੇਲੂ ਹਿੰਸਾ, ਕਤਲ, ਇੱਜ਼ਤ ਦੇ ਨਾਂ 'ਤੇ ਜਲਾਲਤ ਦਾ ਪ੍ਰਕੋਪ ਕਿਵੇਂ ਹੱਦਾਂ ਬੰਨੇ ਟੱਪ ਰਿਹਾ ਹੈ? ਸੱਤ੍ਹਾ ਵਿੱਚ ਬੈਠੀ ਔਰਤ ਕਿੰਨੀ ਕੁ ਔਰਤਪਣ ਦੀ ਨੁਮਾਇੰਦਗੀ ਕਰ ਰਹੀ ਹੈ ਜਾਂ ਨਹੀਂ ? ਇਨ੍ਹਾਂ ਕੁੱਝ ਗੱਲਾਂ ਨੂੰ ਛੋਹਿਆ ਹੈ। ਕੈਨੇਡਾ ਵਿੱਚ ਲੱਚਰ ਗਾਇਕੀ ਨਾਲ਼ ਆਉਣ ਵਾਲ਼ੀਆਂ ਜਨਰੇਸ਼ਨਾਂ 'ਤੇ ਪੈ ਰਹੇ ਪ੍ਰਭਾਵ 'ਤੇ ਸਾਡੀ ਕੈਦੀ ਮਾਨਸਿਕਤਾ ਉਸ ਨੂੰ ਕਿਵੇਂ ਇੱਛਾ ਨਾਲ਼ ਕਬੂਲ ਕਰ ਰਹੀ ਹੈ, ਬਾਰੇ ਕਹਿਣ ਦੀ ਕੋਸ਼ਿਸ਼ ਕੀਤੀ ਹੈ। ਕੈਨੇਡਾ ਵਿੱਚ ਵੀ ਵਸਦੇ ਪੰਜਾਬੀਆਂ 'ਤੇ ਪੰਜਾਬ ਦੀ 1984 ਵਾਲ਼ੀ ਨਸਲਕੁਸ਼ੀ ਦਾ ਬਹੁਤ ਪ੍ਰਭਾਵ ਹੈ। ਹਰ ਸਾਲ ਜੂਨ ਤੇ ਨਵੰਬਰ ਮਹੀਨਿਆਂ ਵਿੱਚ ਪੁਰਾਣੇ ਜ਼ਖ਼ਮ ਅੱਲੇ ਹੁੰਦੇ ਹਨ ਤੇ ਸੰਵੇਦਨਸ਼ੀਲ਼ ਦੂਸਰੀਆਂ ਕਮਿਊਨਿਟੀਆਂ ਦੇ ਲੋਕ ਵੀ ਇਸ ਦੇ ਤੱਥਾਂ ਬਾਰੇ ਜਾਨਣਾ ਚਾਹੁੰਦੇ ਸਨ

ਤਾਂ ਕਾਫ਼ੀ ਸਾਲ ਪਹਿਲਾਂ ਮੈਂ ਇਸ ਬਾਰੇ ਖੋਜ ਕਰ ਕੇ ਕਵਾਂਟਲਿਨ ਕਾਲਜ ਸਰ੍ਹੀ ਵਿੱਚ ਪੇਪਰ ਪੜ੍ਹਿਆ ਸੀ, ਉਸ ਨੂੰ ਵੀ ਸ਼ਾਮਲ ਕੀਤਾ ਹੈ।

ਮੈਂ ਤਰਕਸ਼ੀਲ ਸੁਸਾਇਟੀ ਨਾਲ਼ 20 ਸਾਲ ਜੁੜੀ ਰਹੀ ਹਾਂ, ਉਸ ਦੇ ਉੱਚ ਅਹੁਦਿਆਂ ਤੋਂ ਲੈ ਕੇ ਜਨਰਲ ਮੈਂਬਰ ਵੀ ਰਹੀ ਹਾਂ। ਸੁਸਾਇਟੀ ਵਿੱਚ ਜਿੱਥੇ ਸਿਰ ਤੋੜ ਯਤਨਾਂ ਨਾਲ਼ ਆਪਣੀ ਡਿਊਟੀ ਨਿਭਾਉਂਦਿਆਂ ਤਰਕਸ਼ੀਲ਼ ਸੁਸਾਇਟੀ ਦਾ ਨਾਂ ਉਪਰਲੀਆਂ ਸਫ਼ਾਂ ਵਿੱਚ ਲਿਆਉਣ ਲਈ ਵੱਡੇ ਤਰਕਸ਼ੀਲ਼ ਮੇਲੇ, ਪ੍ਰੋਗਰਾਮ, ਸੈਮੀਨਾਰ, ਚਣੌਤੀਆਂ ਵਾਲ਼ੇ ਪ੍ਰੋਗਰਾਮ, ਪਖੰਡੀਆਂ ਦੇ ਘਰ ਜਾ ਕੇ ਪਰਦੇਫਾਸ਼ ਕਰਨੇ, ਮੀਡੀਏ ‘ਤੇ ਟਾਕ ਸ਼ੋਆਂ ਵਿੱਚ ਲੋਕਾਂ ਨੂੰ ਅੰਧ-ਵਿਸਵਾਸ਼ ਵਿੱਚੋਂ ਕੱਢਣ ਦੀ ਕੋਸ਼ਿਸ਼ ਕੀਤੀ ਹੈ। ਉਸ ਦੇ ਨਾਲ਼ ਹੀ ਲੇਖਿਕਾ ਦਾ ਫਰਜ਼ ਨਿਭਾਉਂਦਿਆਂ ਅੰਧ-ਵਿਸ਼ਵਾਸ਼ ਬਾਰੇ ਕਵਿਤਾ, ਨਾਟਕ ਤੇ ਲੇਖ ਵੀ ਲਿਖੇ ਹਨ। ਇਸ ਲੇਖ ਸੰਗ੍ਰਹਿ ਵਿੱਚ ‘ਵਿਗਿਆਨ ਦੇ ਯੁੱਗ ਵਿੱਚ ਅੰਧ ਵਿਸ਼ਵਾਸ਼ ਦਾ ਬੋਲਬਾਲਾ ਕਿਉਂ ?’, ‘ਵਿਗਿਆਨ ਦੀ ਰੌਸ਼ਨੀ ਵੱਲ ਵੱਧਦੇ ਕਦਮ ਤੇ ਧਰਮ ਤੋਂ ਬੇਮੁੱਖਤਾ’ ਅਤੇ ‘ਕੈਨੇਡਾ ਦੀ ਪੁਲੀਸ ਨੂੰ ਟੂਣੇ ਨੇ ਪਾਈ ਭਾਜੜ’ ਇਸ ਵਿਸ਼ੇ ਨਾਲ਼ ਸਬੰਧਤ ਨਿਬੰਧ ਸ਼ਾਮਲ ਹਨ। ਜਿੱਥੇ ਮੈਂ ਜ਼ਿਆਦਾ ਸਮਾਜਿਕ ਮੁੱਦਿਆਂ ‘ਤੇ ਗੱਲ ਕਰਦੀ ਹਾਂ ਉੱਥੇ ਰਾਜਨੀਤੀ ਵੀ ਮੇਰੀ ਪਸੰਦੀਦਾ ਵਿਸ਼ਾ ਹੈ। ਬੇਸ਼ੱਕ ਮੇਰੇ ਸਾਰੇ ਲੇਖਾਂ ਵਿੱਚੋਂ ਸੱਤ੍ਹਾ ‘ਤੇ ਕਾਬਜ਼ ਲੋਕਾਂ ਦਾ ਜ਼ਿਕਰ ਆਉਂਦਾ ਹੈ ਪਰ ਪੰਜਾਬੀਆਂ ਲਈ ਸਰ੍ਹੀ ਸ਼ਹਿਰ ਦੀਆਂ ਚੋਣਾਂ ਸਾਡੇ ਪੰਜਾਬੀਆਂ ਦੇ ਗੜ੍ਹ ਨੂੰ ਬਹੁਤ ਪ੍ਰਭਾਵਤ ਕਰਦੀਆਂ ਹਨ। ਇੱਥੋਂ ਦੇ ਮਸਲਿਆਂ ਨੂੰ ਘੱਟ-ਗਿਣਤੀ ਲੋਕਾਂ ਨੂੰ ਸਹੂਲਤਾਂ ਨਾ ਦੇ ਕੇ ਕਿਵੇਂ ਪਾਰਟੀਆਂ ਇੱਕ ਦੂਜੇ ਨੂੰ ਭੰਡਣ ਤੱਕ ਸੀਮਤ ਰਹਿੰਦੀਆਂ ਹਨ ਤੇ ਅਸੀਂ ਇੰਡੀਆ ਵਾਲ਼ੀ ਰਾਜਨੀਤੀ ਵਾਂਗ ਉਲਝੇ ਰਹਿੰਦੇ ਹਾਂ।

ਪੰਜਾਬੀ ਨਾਟਕ ਤੇ ਰੰਗਮੰਚ ਨਾਲ਼ ਮੇਰੀ ਜਦੋਂ ਤੋਂ ਸੁਰਤ ਸੰਭਲੀ ਹੈ, ਮੈਂ ਇਸ ਨਾਲ਼ ਜੁੜੀ ਹਾਂ। ਕਾਲਜ ਸਮੇਂ ਤੋਂ ਹੀ ਨਾਟਕ ਲਿਖਣੇ, ਮੰਚਤ ਕਰਨੇ, ਡਾਇਰੈਕਟ ਕਰਨੇ ਤੇ ਕਲਾਕਾਰ ਜਾਂ ਪ੍ਰਬੰਧਕ ਦੇ ਤੌਰ’ਤੇ ਕੰਮ ਕਰਨਾ ਮੇਰੇ ਜੀਵਨ ਦਾ ਇੱਕ ਵਡਮੁੱਲਾ ਹਿੱਸਾ ਬਣਿਆ ਰਿਹਾ ਹੈ। ਇਸ ਕਰਕੇ ਮੈਂ ਆਪਣੇ ਨਿੱਜੀ ਤਜਰਬੇ ਤੋਂ ਇਸ ਵਿੱਚ ਆਉਣ ਵਾਲੀਆਂ ਚਣੌਤੀਆਂ, ਦੁਸ਼ਵਾਰੀਆਂ, ਸੰਭਾਵਨਾਵਾਂ ਤੇ ਇਸ ਦਾ ਕੈਨੇਡਾ ਵਿੱਚ ਨਾਟਕ ਦੇ ਇਤਿਹਾਸ ਬਾਰੇ ਸੰਖੇਪ ਵਿੱਚ ਇੱਕ ਲੇਖ ਲਿਖਿਆ ਹੈ। ਕੈਨੇਡਾ ਵਿੱਚ ਅਸੀਂ ਅਵਾਸੀ ਲੋਕ ਕੈਨੇਡਾ ਵਿੱਚ ਆ ਕੇ ਕਿੰਨੇ ਕੁ ਬਦਲੇ ਹਾਂ, ਕਿਹੋ ਜਿਹੀ ਸਾਡੀ ਮਾਨਸਿਕਤਾ ਹੈ। ਉਸ ਬਾਰੇ ਵੀ ਲਿਖਣ ਦੀ ਕੋਸ਼ਿਸ਼ ਕੀਤੀ ਹੈ। ਇਸੇ ਤਰ੍ਹਾਂ ਹੀ ਜਦੋਂ ਅੰਤਰ ਰਾਸ਼ਟਰੀ ਵਿਦਿਆਰਥੀ ਕੈਨੇਡਾ ਵਿੱਚ ਆਉਣੇ ਸ਼ੁਰੂ ਹੋਏ। ਬੇਸ਼ੱਕ ਕੈਨੇਡਾ ਦੀ ਸਰਕਾਰ ਨੂੰ ਕਾਮਿਆਂ ਦੀ ਜ਼ਰੂਰਤ ਸੀ, ਉਹ ਮੰਗਵਾਉਣਾ ਚਾਹੁੰਦੀ ਸੀ ਪਰ ਭਾਈਚਾਰੇ ਵਿੱਚ ਨਫ਼ਰਤ ਦੇ ਬੀਜ ਬੀਜ

ਕੇ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਵਿੱਚ ਕਿਵੇਂ ਵਾਧਾ ਕੀਤਾ ਗਿਆ, ਨੂੰ ਕਲਮਬੱਧ ਕਰਨ ਦੀ ਕੋਸ਼ਿਸ਼ ਕੀਤੀ ਹੈ।

ਪਹਿਲਾਂ ਪਹਿਲ ਕੈਨੇਡਾ ਵਿੱਚ ਗੋਰੇ ਲੋਕਾਂ ਨੂੰ ਦੇਖਣਾ ਤਾਂ ਆਮ ਗੱਲ ਹੀ ਸੀ ਪਰ ਕੁੱਝ ਕੁ ਲੋਕ ਜੋ ਦਿਸਦੇ ਤਾਂ ਸਾਡੇ ਵਰਗੇ ਹੀ ਸਨ ਪਰ ਸਾਰੇ ਉਹਨਾਂ ਤੋਂ ਡਰ ਕੇ ਰਹਿਣ ਲਈ ਕਹਿੰਦੇ ਕਿ ਇਹ ਨਸ਼ਈ ਲੋਕ ਨੇ, ਇਹ ਤੁਹਾਨੂੰ ਨੁਕਸਾਨ ਪਹੁੰਚਾ ਸਕਦੇ ਹਨ। ਕਈ ਸਾਲਾਂ ਬਾਅਦ ਜਾ ਕੇ ਪਤਾ ਲੱਗਿਆ ਕਿ ਅਸਲ ਵਿੱਚ ਇਹ ਕੈਨੇਡਾ ਦੇ ਮੂਲ ਨਿਵਾਸੀ ਹਨ ਜਿਨ੍ਹਾਂ ਨਫ਼ਰਤ ਫੈਲਾਈ ਜਾਂਦੀ ਹੈ। ਉਨ੍ਹਾਂ ਦੀ ਧਰਤੀ ‘ਤੇ ਅਸੀਂ ਅਵਾਸੀ ਲੋਕ ਆਪਣਾ ਜੀਵਨ ਖੁਸ਼ਹਾਲ ਬਣਾਉਣ ਲਈ ਆਏ ਹਾਂ ਪਰ ਉਹਨਾਂ ਦੀਆਂ ਅਸਲ ਹਾਲਤਾਂ ਕੀ ਹਨ? ਬਰਤਾਨਵੀ ਸਾਮਰਾਜ ਨੇ ਕਿਵੇਂ ਉਹਨਾਂ ਦੀਆਂ ਜੜ੍ਹਾਂ ਖੋਖਲੀਆਂ ਕੀਤੀਆਂ ਹਨ? ਬੇਸ਼ੱਕ 2021 ਤੋਂ ਪਹਿਲਾਂ ਮੈਂ ਉਹਨਾਂ ਬਾਰੇ ਬਹੁਤ ਕੁੱਝ ਪੜ੍ਹਿਆ ਤੇ ਸੁਣ ਲਿਆ ਸੀ ਤੇ ਇੱਕ ਕਵਿਤਾ ਵੀ ਲਿਖੀ ਸੀ। ਪਰ ਜਦੋਂ 2021 ਵਿੱਚ ਕੈਮਲੂਪਸ ਵਿੱਚ ਬਸਤੀਵਾਦੀ ਬਰਤਾਨਵੀ ਸਰਕਾਰ ਵਲੋਂ ਢਾਹਿਆ ਤਸ਼ੱਦਦ ਸਾਹਮਣੇ ਆਇਆ ਤਾਂ ਪਤਾ ਲੱਗਿਆ ਕਿ ਬਸਤੀਵਾਦੀਆਂ ਨੇ ਕੈਨੇਡਾ ‘ਤੇ ਕਬਜ਼ਾ ਕਰ ਕੇ ਧੱਕੇ ਨਾਲ ਸਿੱਖਿਆ ਦੇਣ ਬਹਾਨੇ ਰੈਜ਼ੀਡੈਂਸ਼ਲ ਸਕੂਲ ਬਣਾ ਕੇ, ਉਹਨਾਂ ਨੂੰ ਧਰਮ ਦੇ ਠੇਕੇਦਾਰਾਂ ਦੇ ਹਵਾਲੇ ਕਰਕੇ, ਤਿੰਨ ਸਾਲ ਤੋਂ ਲੈ ਕੇ ਅਠਾਰਾਂ ਸਾਲ ਤੱਕ ਦੇ ਬੱਚਿਆਂ ਨੂੰ ਜੇਲ੍ਹਾਂ ਵਾਂਗ ਡੱਕ ਦਿੱਤਾ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਮੂਲ ਨਿਵਾਸੀਆਂ ਦਾ ਖੁਰਾਖੋਜ ਮਿਟਾਉਣ ਲਈ ਬੱਚੇ ਮਾਰ ਕੇ ਸਕੂਲਾਂ ਦੇ ਅਹਾਤੇ ਵਿੱਚ ਹੀ ਦੱਬ ਦਿੱਤੇ ਸੋ ਹੁਣ ਉਹਨਾਂ ਦੇ ਪਿੰਜਰ ਮਿਲ ਰਹੇ ਹਨ। ਉਸ ਸਾਰੇ ਵਾਕਿਆਤ ਬਾਰੇ ਸੰਖੇਪ ਵਿੱਚ ਇੱਕ ਲੇਖ ਲਿਖਿਆ ਹੈ।

ਦੁਨੀਆਂ ਭਰ ਵਿੱਚ ਹੀ ਘੱਟ ਗਿਣਤੀ ਲੋਕਾਂ ਨੂੰ ਦਰ-ਕਿਨਾਰ ਹੀ ਕੀਤਾ ਜਾਂਦਾ ਹੈ। ਜਿਉਂ ਜਿਉਂ ਉਹਨਾਂ ਲੋਕਾਂ ਵਿੱਚ ਸੋਝੀ ਆਉਂਦੀ ਹੈ ਤਾਂ ਉਹ ਜਥੇਬੰਦ ਹੋਣ ਲੱਗਦੇ ਹਨ। ਇਸੇ ਸੰਦਰਭ ਵਿੱਚ ਉਹ ਲੋਕ ਜੋ ਸਰੀਰਕ ਤੇ ਮਾਨਸਿਕ ਤੌਰ ‘ਤੇ ਮਰਦ ਤੇ ਔਰਤ ਨਾਲੋਂ ਭਿੰਨ ਦਿਖਾਈ ਦਿੰਦੇ ਹਨ ਜਾਂ ਵੱਖਰੇ ਮਹਿਸੂਸ ਕਰਦੇ ਹਨ, ਉਹਨਾਂ ਨੂੰ ਸੁਸਾਇਟੀ ਵਲੋਂ ਹਮੇਸ਼ਾਂ ਹੀ ਨਫ਼ਰਤ ਦੀ ਨਿਗ੍ਹਾ ਨਾਲ ਦੇਖਿਆ ਜਾਂਦਾ ਹੈ। ਹੁਣ ਜਿਉਂ ਜਿਉਂ ਸਮਾਜ ਬਦਲ ਰਿਹਾ ਹੈ ਤਾਂ ਉਹ ਲੋਕਾਂ ਦੀ ਮੰਗ ‘ਤੇ ਕੈਨੇਡਾ ਸਰਕਾਰ ਨੇ ਇਹੋ ਜਿਹੀ ਸੋਜੀ (Sex Orientation and Gender Identity) ਨਾਂ ਦੀ ਨੀਤੀ ਲਿਆਂਦੀ ਜਿਸ ਵਿੱਚ ਛੋਟੇ ਬੱਚਿਆਂ ਨੂੰ ਇਸ ਬਾਰੇ ਸਿੱਖਿਆ ਦਿੱਤੀ ਜਾਵੇ ਤਾਂ ਕਿ ਬੱਚੇ ਬਚਪਨ ਤੋਂ ਹੀ ਸਮਝ ਸਕਣ ਕਿ ਉਹ ਵੀ ਆਮ ਮਨੁੱਖ ਹਨ। ਮੈਨੂੰ ਉਹਨਾਂ ਦੇ ਹੱਕ ਵਿੱਚ ਬੋਲਣ ‘ਤੇ ਬਹੁਤ ਜ਼ਿੱਲ੍ਹਤ ਦਾ ਸਾਹਮਣਾ ਕਰਨਾ ਪਿਆ, ਫਿਰ ਉਸ ਬਾਰੇ ਕਾਫ਼ੀ ਖੋਜ ਕੀਤੀ ਤੇ ਮਸਲੇ ਦੀ ਜੜ੍ਹ ਤੱਕ ਪਹੁੰਚਦਿਆਂ ਪਤਾ ਲੱਗਿਆ ਕਿ ਅਸਲ ਵਿੱਚ ਇਸ ਗੱਲ ਨੂੰ ਲੈ ਕੇ ਰਾਜਨੀਤੀ

ਕੀਤੀ ਜਾ ਰਹੀ ਸੀ। ਮੈਂ ਆਪਣੇ ਵਲੋਂ ਆਪਣੇ ਅਸੂਲਾਂ ‘ਤੇ ਖੜ੍ਹ ਕੇ ਉਹਨਾਂ ਦਾ ਸਾਥ ਦੇਣਾ ਮਨੁੱਖਤਾ ਪ੍ਰਤੀ ਆਪਣਾ ਮੁਢਲਾ ਫਰਜ਼ ਸਮਝਿਆ ਸੀ। ਉਸ ਬਾਰੇ ਲਿਖਕੇ ਆਪਣੀ ਅਵਾਜ਼ ਨੂੰ ਵੀ ਇਸ ਕਿਤਾਬ ਵਿੱਚ ਸ਼ਾਮਲ ਕੀਤਾ ਹੈ।

21ਵੀਂ ਸਦੀ ਵਿੱਚ ਜਦੋਂ ਮਨੁੱਖ ਨੇ ਹਰ ਪਾਸਿਓਂ ਸਾਇੰਸ ਦੀ ਤਰੱਕੀ ਕੀਤੀ ਹੈ, ਉੱਥੇ ਹਥਿਆਰਾਂ ਦੀ ਆਮਦ ਨੇ ਅਮਰੀਕਾ ਵਰਗੇ ਸਾਮਰਾਜੀ ਮੁਲਕ ਨੇ ਲੋਕਾਂ ਦੀ ਲੁੱਟ ਕਰਨ ਲਈ ਇਜ਼ਰਾਈਲ ਨੂੰ ਮੁਹਰਾ ਬਣਾ ਕੇ ਫਲਸਤੀਨ ਦੇ ਲੋਕਾਂ ਨੂੰ ਮੌਤ ਦੇ ਬੁੱਥੇ ਵਿੱਚ ਪਾ ਕੇ ਉਹਨਾਂ ਦੀ ਮੌਤ ਦਾ ਮੰਜ਼ਰ ਦੇਖ ਰਿਹਾ ਹੈ। ਸਾਰੀ ਦੁਨੀਆਂ ਨੇ ਚੁੱਪ ਵੱਟੀ ਹੈ। ਉਸ ਮੁੱਦੇ ਬਾਰੇ ਲਿਖਣਾ ਸੋਚਣਾ, ਵਿਚਾਰਨਾ ਅਤੇ ਬੋਲਣਾ ਸਾਡਾ ਮਨੁੱਖੀ ਫਰਜ਼ ਹੈ। ਇਸ ਦੀ ਤਹਿ ਤੱਕ ਜਾ ਕੇ ਦੇਖਣਾ ਕਿ ਜੋ ਦੁਨੀਆਂ ਵਿੱਚ ਹੋ ਰਿਹਾ ਹੈ। ਉਸ ਦਾ ਅਸਰ ਯਕੀਨਨ ਅੱਜ ਨਹੀਂ ਤਾਂ ਭਲ਼ਕੇ ਸਾਡੇ ‘ਤੇ ਜ਼ਰੂਰ ਹੋਵੇਗਾ। ਇਸ ਦੀ ਜਾਣਕਾਰੀ ਸਭ ਨੂੰ ਹੋਣੀ ਚਾਹੀਦੀ ਹੈ।

ਇਸ ਹੱਥਲੀ ਕਿਤਾਬ ਵਿੱਚ ਮੈਂ 18 ਲੇਖ ਵੱਖਰੇ ਵੱਖਰੇ ਵਿਸ਼ਿਆਂ ਬਾਰੇ ਸਥਾਨਕ, ਰਾਸ਼ਟਰੀ ਤੇ ਅੰਤਰਰਾਸ਼ਟਰੀ ਧਰਾਤਲ ਤੇ ਖੜ੍ਹ ਕੇ ਲਿਖੇ ਹਨ। ਮੈਂ ਆਪਣੇ ਵਲੋਂ ਡੂੰਘਾਈ ਵਿੱਚ ਜਾ ਕੇ ਹਰ ਵਿਸ਼ੇ ਨਾਲ ਇਨਸਾਫ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਫਿਰ ਵੀ ਜੇ ਊਣਤਾਈਆਂ ਹੋਣ ਤਾਂ ਅਗਾਊਂ ਮਾਫ਼ੀ ਚਾਹੁੰਦੀ ਹਾਂ। ਇਹ ਕਿਤਾਬ ਦੇ ਨਿਬੰਧ ਮੇਰੇ ਕਾਲਜ ਦੇ ਸਮੇਂ ਤੋਂ ਲੈ ਕੇ ਅੱਜ ਤੱਕ ਦੇ ਸਮੇਂ ਮੁਤਾਬਕ ਲਿਖੇ ਲੇਖ ਹਨ। ਇਸ ਤਰ੍ਹਾਂ ਸਮੇਂ ਸਮੇਂ ‘ਤੇ ਹੀ ਮੈਨੂੰ ਸੁਝਾਅ ਦੇਣ ਵਾਲ਼ੇ ਮੇਰੇ ਕਾਲਜ ਦੇ ਪੰਜਾਬੀ ਦੇ ਪ੍ਰੋ. ਮੈਡਮ ਸੁਰਜੀਤ ਕੌਰ, ਮੇਰੀ ਦੋਸਤ ਜਸਵੀਰ ਮੰਗੂਵਾਲ, ਇਕਬਾਲ ਪੁਰੇਵਾਲ, ਸੰਤੋਖ ਢੇਸੀ, ਅਜਮੇਰ ਸਿੱਧੂ, ਨਿਰਮਲ ਕਿੰਗਰਾ, ਜਸਬੀਰ ਮਾਨ, ਕੰਵਲਜੀਤ ਢਿੱਲੋਂ, ਨਵਜੋਤ ਢਿੱਲੋਂ, ਡਾ. ਕੁਲਦੀਪ ਸਿੰਘ ਹੋਰਾਂ ਦਾ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਆਪਣਾ ਬਣਦਾ ਯੋਗਦਾਨ ਮੈਨੂੰ ਦਿੱਤਾ ਹੈ। ਮੇਰੇ ਜੀਵਨ ਸਾਥੀ ਮਲਕੀਤ ਸਵੈਚ, ਮੇਰੀਆਂ ਬੇਟੀਆਂ ਅਨਮੋਲ ਤੇ ਜਾਸਮਿਨ ਤੇ ਬੇਟਾ ਸ਼ਾਨ ਪੜ੍ਹ ਕੇ ਜਾਂ ਸੁਣ ਕੇ ਆਪਣੀ ਰਾਇ ਸਲਾਹ ਦੱਸਦੇ ਹਨ, ਆਰਥਿਕ ਮੱਦਦ ਤੇ ਕੰਪਿਊਟਰ ਦੀਆਂ ਸੇਵਾਵਾਂ ਦਿੰਦੇ ਰਹਿੰਦੇ ਹਨ। ਮੈਂ ਇਹਨਾਂ ਸਾਰਿਆਂ ਦਾ ਵੀ ਧੰਨਵਾਦ ਕਰਦੀ ਹਾਂ। ਇਸ ਕਿਤਾਬ ਬਾਰੇ ਆਪਣੇ ਵਿਚਾਰ ਦੇਣ ਲਈ ਮੈਂ ਪ੍ਰੋ. ਬਾਵਾ ਸਿੰਘ ਹੋਰਾਂ ਨੂੰ ਕਿਹਾ ਤਾਂ ਉਹਨਾਂ ਨੇ ਖੁਸ਼ੀ ਖੁਸ਼ੀ ਹਾਮੀ ਭਰੀ। ਆਪਣੇ ਕੀਮਤੀ ਸਮੇਂ ਵਿੱਚੋਂ ਸਾਰੇ ਲੇਖਾਂ ਨੂੰ ਪੜ੍ਹਿਆ ਤੇ ਉਹਨਾਂ ਬਾਰੇ ਲਿਖਤੀ ਰੂਪ ਵਿੱਚ ਆਪਣੇ ਵਿਚਾਰ ਸ਼ਾਮਲ ਕਰ ਕੇ ਮੇਰੀ ਕਿਤਾਬ ਨੂੰ ਚਾਰ ਚੰਨ ਲਾਏ ਹਨ ਤੇ ਮੇਰਾ ਮਾਣ ਵਧਾਇਆ ਹੈ, ਇਸ ਲਈ ਮੈਂ ਉਹਨਾਂ ਦਾ ਵੀ ਧੰਨਵਾਦ ਕਰਦੀ ਹਾਂ। ਇਸ ਤੋਂ ਇਲਾਵਾ ਸਪਤਰਿਸ਼ੀ ਪਬਲੀਕੇਸ਼ਨ ਦੇ ਬਲਦੇਵ ਸਿੰਘ ਜਿਨ੍ਹਾਂ ਦੀ ਬਦੌਲਤ ਇੱਕ ਖਰੜੇ ਨੇ ਕਿਤਾਬ ਦਾ ਰੂਪ ਲੈ ਕੇ ਤੁਹਾਡੇ ਹੱਥਾਂ ਤੱਕ ਪਹੁੰਚੀ ਹੈ, ਉਹਨਾਂ ਦਾ ਵੀ

ਧੰਨਵਾਦ। ਹੁਣ ਮੈਂ ਆਪਣਾ ਫਰਜ਼ ਨਿਭਾਇਆ ਹੈ ਤੁਹਾਨੂੰ ਸਾਰਿਆਂ ਦੋਸਤਾਂ, ਪਾਠਕਾਂ, ਲੇਖਕਾਂ ਤੇ ਅਲੋਚਕਾਂ ਸਭ ਨੂੰ ਤਾਕੀਦ ਹੈ ਕਿ ਇਸ ਕਿਤਾਬ ਨੂੰ ਪੜ੍ਹੋ ਅਤੇ ਆਪਣੇ ਵਡਮੁੱਲੇ ਵਿਚਾਰ ਮੇਰੇ ਨਾਲ਼ ਸਾਂਝੇ ਕਰੋ। ਜੋ ਤਰੁੱਟੀਆਂ ਜਾਂ ਸ਼ਾਵਾਸ਼ੀਆਂ ਨਾਲ ਤੁਸੀਂ ਨਿਵਾਜੋਗੇ ਉਹਨਾਂ ਨੂੰ ਆਉਣ ਵਾਲੀ ਜ਼ਿੰਦਗੀ ਵਿੱਚ ਅਮਲ ਵਜੋਂ ਲਾਗੂ ਜ਼ਰੂਰ ਕਰੂੰਗੀ। ਸਾਰਿਆਂ ਦਾ ਬਹੁਤ ਬਹੁਤ ਧੰਨਵਾਦ ਜੇ ਕਿਸੇ ਆਪਣੇ ਨੇ ਮੇਰੀਆਂ ਲਿਖਤਾਂ ਵਿੱਚ ਮੇਰਾ ਹੱਥ ਵਟਾਇਆ ਹੈ, ਮੈਂ ਨਾਂ ਭੁੱਲ ਗਈ ਹੋਵਾਂ, ਉਹਨਾਂ ਤੋਂ ਵੀ ਅਗਾਂਊਂ ਮਾਫ਼ੀ ਚਾਹੁੰਦੀ ਹਾਂ।

ਤੁਹਾਡੇ ਸੁਝਾਵਾਂ ਤੇ ਸਹਿਯੋਗ ਦੀ ਉਡੀਕ ਵਿੱਚ-

**ਪਰਮਿੰਦਰ ਕੌਰ ਸਵੈਚ**

# ਦੂਸ਼ਣਬਾਜ਼ੀ ਡਰੱਗ ਅਤੇ ਗੈਂਗਵਾਰ ਦੀ ਸਮੱਸਿਆ ਦਾ ਹੱਲ ਨਹੀਂ

ਇੱਕ ਕਵਾਹਤ ਹੈ ਕਿ ਇੱਕ ਭਲਾਮਾਣਸ ਵਿਅਕਤੀ ਆਪਣੇ ਲੇਲੇ ਨੂੰ ਕੁੱਛੜ ਚੁੱਕੀ ਜਾ ਰਿਹਾ ਸੀ ਤਾਂ ਰਸਤੇ ਵਿੱਚ ਇੱਕ ਨੌਜਵਾਨ ਉਸ ਨੂੰ ਦੇਖ ਕੇ ਕਹਿੰਦਾ ਹੈ ਕਿ, "ਤੂੰ ਕੁੱਤੇ ਨੂੰ ਚੁੱਕ ਕੇ ਕਿਧਰ ਲਿਜਾ ਰਿਹੈਂ" ਤਾਂ ਉਸ ਨੇ ਕਿਹਾ ਕਿ, "ਇਹ ਕੁੱਤਾ ਨਹੀਂ ਇਹ ਲੇਲਾ ਹੈ, ਇਹ ਮੇਰੀ ਭੇਡ ਦਾ ਬੱਚਾ ਹੈ।" ਨੌਜਵਾਨ ਨੇ ਕਿਹਾ, "ਮੰਨਣਾ ਮੰਨ, ਹੈ ਤਾਂ ਇਹ ਕੁੱਤਾ ਹੀ।" ਉਹ ਸੋਚਦਾ ਜਾਂਦਾ ਹੈ ਕਿ ਇਹ ਨੂੰ ਭੁਲੇਖਾ ਲੱਗਾ ਹੋਵੇਗਾ ਇਹ ਲੇਲੇ ਨੂੰ ਕੁੱਤਾ ਦੱਸੀ ਜਾ ਰਿਹੈ। ਥੋੜ੍ਹੀ ਦੂਰ ਉਹ ਹੋਰ ਜਾਂਦਾ ਹੈ ਉਸ ਨੂੰ ਫਿਰ ਇੱਕ ਨੌਜਵਾਨ ਮਿਲਦਾ ਹੈ ਉਹ ਵੀ ਇਹੀ ਕਹਿੰਦਾ ਹੈ ਕਿ, " ਕੁੱਤੇ ਨੂੰ ਚੁੱਕੀ ਕਿੱਧਰ ਲਿਜਾ ਰਿਹੈਂ।" ਉਸ ਨੇ ਕਿਹਾ, "ਨਹੀਂ ਇਹ ਮੇਰਾ ਲੇਲਾ ਹੈ ਕੁੱਤਾ ਨਹੀਂ।" ਉਹ ਹੱਸਣ ਲੱਗ ਜਾਂਦਾ ਹੈ ਕਿ ਕੁੱਤੇ ਨੂੰ ਲੇਲਾ ਦੱਸ ਰਿਹਾ ਹੈ। ਉਹ ਰਸਤੇ ਵਿੱਚ ਲੇਲੇ ਨੂੰ ਚੰਗੀ ਤਰ੍ਹਾਂ ਦੇਖਦਾ ਹੈ ਤੇ ਮਨੋਂ ਮਨ ਸੋਚਦਾ ਹੈ ਕਿ ਹੈ ਤਾਂ ਲੇਲਾ ਹੀ, ਇਹ ਮੇਰੇ ਨਾਲ਼ ਕੀ ਹੋ ਰਿਹੈ। ਉਹ ਥੋੜ੍ਹੀ ਦੂਰ ਹੋਰ ਜਾਂਦਾ ਹੈ ਤਾਂ ਤੀਸਰਾ ਵਿਅਕਤੀ ਮਿਲਦਾ ਹੈ ਉਹ ਵੀ ਉਹੀ ਦੁਹਰਾਉਂਦਾ ਹੈ ਕਿ, "ਕੁੱਤੇ ਨੂੰ ਕਿੱਥੇ ਲੈ ਕੇ ਜਾ ਰਿਹਾ ਹੈਂ।" ਉਹ ਲੇਲੇ ਨੂੰ ਦੇਖਦਾ ਹੈ ਤੇ ਦੁਚਿੱਤੀ ਜਿਹੀ ਵਿੱਚ ਪੈ ਜਾਂਦਾ ਹੈ ਕਿ ਹੋ ਸਕਦਾ ਇਹ ਕੁੱਤਾ ਹੋਵੇ ਪਰ ਉਹ ਦਾ ਮਨ ਨਹੀਂ ਮੰਨਦਾ। ਉਹ ਫਿਰ ਤੁਰ ਪੈਂਦਾ ਹੈ ਤਾਂ ਫਿਰ ਇੱਕ ਵਿਅਕਤੀ ਮਿਲਦਾ ਹੈ ਉਹ ਵੀ ਉਹੀ ਕਹਿੰਦਾ ਹੈ ਜੋ ਪਹਿਲੇ ਤਿੰਨਾਂ ਨੇ ਕਿਹਾ ਕਿ ਇਹ ਕੁੱਤਾ ਹੈ ਹੁਣ ਉਸ ਦਾ ਯਕੀਨ ਬੱਝ ਜਾਂਦਾ ਹੈ ਕਿ ਇਹ ਕੁੱਤਾ ਹੀ ਹੋਵੇਗਾ ਜਦੋਂ ਐਨੇ ਲੋਕ ਇਹ ਕਹਿ ਰਹੇ ਹਨ ਤਾਂ ਉਹ ਲੇਲੇ ਨੂੰ ਕੁੱਤਾ ਸਮਝ ਕੇ ਸੁੱਟ ਦਿੰਦਾ ਹੈ। ਅਸਲ ਵਿੱਚ ਉਹ ਚਾਰ ਠੱਗ ਸਨ ਜੋ ਭਲੇਮਾਣਸ ਵਿਅਕਤੀ ਦਾ ਲੇਲਾ ਹਾਸਲ ਕਰਨਾ ਚਾਹੁੰਦੇ ਸਨ। ਉਹਨਾਂ ਨੇ ਇਹ ਤਰਕੀਬ ਬਣਾਈ ਕਿ ਉਹ ਆਪਣੇ ਆਪ ਉਹ ਲੇਲੇ ਨੂੰ ਕੁੱਤਾ ਸਮਝ ਕੇ ਸੁੱਟਣ ਲਈ ਮਜ਼ਬੂਰ ਹੋ ਜਾਵੇ। ਠੱਗਾਂ ਨੇ ਸਾਹਮਣੇ ਤੋਂ ਠੱਗੀ ਵੀ ਨਹੀਂ ਮਾਰੀ ਪਰ ਹਾਲਾਤ ਅਜਿਹੇ ਪੈਦਾ ਕੀਤੇ ਕਿ ਉਹ ਨੂੰ ਆਪਣੇ ਆਪ 'ਤੇ ਯਕੀਨ ਨਹੀਂ ਰਿਹਾ। ਇਹੀ ਹਾਲ ਸਾਡੇ ਕੈਨੇਡੀਅਨ ਮਾਪਿਆਂ ਦਾ ਹੈ ਜਿਨ੍ਹਾਂ ਦੇ ਬੱਚੇ ਡਰੱਗ ਜਾਂ ਗੈਂਗਵਾਰ ਵਿੱਚ ਸ਼ਾਮਲ ਹੋ ਗਏ ਹਨ ਉਹਨਾਂ ਦਾ ਚਾਰੇ ਪਾਸੇ ਭੰਡੀ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਮਾਪਿਆਂ ਦਾ ਕਸੂਰ ਹੈ। ਉਹ ਆਪਣੇ ਬੱਚਿਆਂ ਨੂੰ ਚੰਗੀ ਪ੍ਰਵਰਿਸ਼ ਨਹੀਂ ਦੇ ਰਹੇ, ਉਹ ਕੰਮ ਜ਼ਿਆਦਾ ਕਰਦੇ ਹਨ, ਵੱਡੇ ਵੱਡੇ ਘਰ

ਬਣਾ ਰਹੇ ਹਨ, ਸਮਾਂ ਨਹੀਂ ਦੇ ਰਹੇ। ਹੁਣ ਕਿਤੇ ਨਾ ਕਿਤੇ ਉਹ ਵੀ ਆਪਣੇ ਆਪ ਨੂੰ ਕਸੂਰਵਾਰ ਠਹਿਰਾਉਣ ਲੱਗ ਪਏ ਹਨ। ਜਾਂ ਉਹ ਮਾਪੇ ਜਿਨ੍ਹਾਂ ਦੇ ਬੱਚੇ ਅਜੇ ਛੋਟੇ ਹਨ ਜਾਂ ਇਸ ਉਮਰ ਨੂੰ ਪਾਰ ਕਰ ਗਏ ਹਨ। ਉਹ ਵੀ ਪੀੜਤ ਮਾਪਿਆਂ ਦਾ ਸਾਥ ਨਾ ਦੇ ਕੇ ਆਪਣੇ ਆਪ ਨੂੰ ਵਧੀਆ ਸਮਝ ਕੇ ਸਰਕਾਰ ਦਾ ਪੱਖ ਪੂਰ ਜਾਂਦੇ ਹਨ। ਇਸ ਮੁੱਦੇ ਦੇ ਹੋਰ ਬਹੁਤ ਸਾਰੇ ਪਹਿਲੂ ਹਨ ਜਿਨ੍ਹਾਂ ਨੂੰ ਘੋਖਣਾ, ਪਰਖਣਾ ਤੇ ਚੀਰ-ਫਾੜ ਕਰਨੀ ਬਹੁਤ ਜ਼ਰੂਰੀ ਹੈ।

ਜਦੋਂ ਅਸੀਂ ਇਹ ਗੱਲ ਕਰ ਰਹੇ ਹਾਂ ਤਾਂ ਕੁੱਝ ਸਵਾਲ ਪੈਦਾ ਹੁੰਦੇ ਹਨ। ਕੀ ਡਰੱਗ ਦੀ ਸਮੱਸਿਆ ਹੈ ? ਜੇ ਸਮੱਸਿਆ ਹੈ ਤਾਂ ਕਿਉਂ ਹੈ? ਇਸ ਦੇ ਪਿੱਛੇ ਕੀ ਹੈ? ਇਹ ਕਦੋਂ ਸ਼ੁਰੂ ਹੋਈ ? ਇਸ ਨੂੰ ਪੈਦਾ ਕਰਨ ਵਿੱਚ ਕਿਸ ਦਾ ਹੱਥ ਹੈ? ਕੀ ਮਾਪੇ ਆਪਣੇ ਬੱਚਿਆਂ ਨੂੰ ਵਰ੍ਹਦੀ ਅੱਗ ਵਿੱਚ ਝੋਕਣਾ ਚਾਹੁੰਦੇ ਹਨ? ਕੀ ਡਰੱਗ ਉਹਨਾਂ ਦੇ ਘਰਾਂ ਵਿੱਚ ਪੈਦਾ ਹੁੰਦੀ ਹੈ ? ਕੀ ਕਾਨੂੰਨਨ ਮਾਪੇ ਬੱਚਿਆਂ ‘ਤੇ ਸਖ਼ਤੀ ਕਰ ਸਕਦੇ ਹਨ? ਕੀ ਉਹ ਨਹੀਂ ਚਾਹੁੰਦੇ ਕਿ ਉਹਨਾਂ ਦੇ ਬੱਚੇ ਲੰਬੀ ਤੇ ਤੰਦਰੁਸਤ ਜ਼ਿੰਦਗੀ ਜਿਉਣ? ਕੀ ਮਾਪੇ ਹੀ ਬੱਚਿਆਂ ਨੂੰ ਸਭ ਕੁੱਝ ਦਿੰਦੇ ਹਨ ਉਹ ਬਾਹਰੀ ਸਮਾਜ ਵਿੱਚੋਂ ਕੁੱਝ ਹਾਸਲ ਨਹੀਂ ਕਰਦੇ? ਐਹੋ ਜਿਹੇ ਹੋਰ ਵੀ ਬਹੁਤ ਸਾਰੇ ਸਵਾਲ ਹਨ ਜਿਨ੍ਹਾਂ ਤੇ ਆਪਾਂ ਗੱਲ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।

ਸਾਡੇ ਲੋਕਾਂ ਨੇ ਬਾਹਰੋਂ ਆ ਕੇ ਸਖ਼ਤ ਮਿਹਨਤਾਂ ਕਰਕੇ ਆਪਣੇ ਤੇ ਆਪਣੇ ਬੱਚਿਆਂ ਦੇ ਵਧੀਆ ਭਵਿੱਖ ਲਈ ਇਸ ਦੇਸ਼ ਨੂੰ ਆਪਣਾ ਰੈਣ ਬਸੇਰਾ ਬਣਾਇਆ ਹੈ। ਜਿਸ ਸਦਕਾ ਅੱਜ ਸਾਡੇ ਲੋਕ ਹਰ ਖਿੱਤੇ ਵਿੱਚ ਆਪਣੀ ਥਾਂ ਬਣਾਈ ਬੈਠੇ ਹਨ ਚਾਹੇ ਰਾਜਨੀਤਕ ਸਫਾਂ ਹੋਣ, ਸਰਕਾਰੀ ਅਫ਼ਸਰ ਹੋਣ, ਡਾਕਟਰ, ਇੰਜ਼ਨੀਅਰ, ਸਮਾਜਿਕ ਰੁਤਬਾ ਹੋਵੇ ਜਾਂ ਖਿਡਾਰੀ ਹੋਣ। ਉਹ ਕਿਹੜੀ ਥਾਂ ਹੈ ਜਿੱਥੇ ਭਾਰਤੀ ਲੋਕਾਂ ਨੇ ਦੁਨੀਆਂ ਵਿੱਚ ਮਾਣ ਨਾ ਖੱਟਿਆ ਹੋਵੇ ਪਰ ਕੁੱਝ ਕੁ ਜਵਾਨ ਬੱਚੇ ਆਪਣੇ ਰਾਹ ਤੋਂ ਭਟਕ ਕੇ ਦਿਖਾਵੇ ਦੀ ਚਕਾਚੌਂਧ ਵਿੱਚ ਗੈਂਗਵਾਰ ਜਾਂ ਡਰੱਗ ਦੇ ਧੰਦੇ ਵਿੱਚ ਵੀ ਫਸ ਚੁੱਕੇ ਹਨ ਇਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਪਹਿਲਾਂ ਪਹਿਲ ਇਹ ਸਮੱਸਿਆ ਵੈਨਕੂਵਰ ਦੇ ਇਲਾਕੇ ਦੀ ਕਹੀ ਜਾਂਦੀ ਸੀ ਹੁਣ ਹੌਲ਼ੀ ਹੌਲ਼ੀ ਸਾਰੇ ਕੈਨੇਡਾ ਵਿੱਚ ਫੈਲ ਰਹੀ ਹੈ। ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕੀ ਇਹ ਸਮੱਸਿਆ ਲੋਕਲ ਸਮੱਸਿਆ ਹੈ ? ਨਹੀਂ ਇਹ ਇਕੱਲੀ ਵੈਨਕੂਵਰ, ਸਰ੍ਹੀ ਜਾਂ ਕੈਨੇਡਾ ਦੀ ਸਮੱਸਿਆ ਨਹੀਂ ਸਗੋਂ ਇਹ ਤਾਂ ਦੁਨੀਆਂ ਭਰ ਦੀ ਚਿੰਤਾ ਦਾ ਵਿਸ਼ਾ ਹੈ ਤੇ ਇਹ ਦਿਨੋ ਦਿਨ ਵੱਧ ਵੀ ਰਹੀ ਹੈ। ਇਹ ਮੈਂ ਨਹੀਂ ਸਗੋਂ ਸਮਾਜ ਵਿੱਚ ਵੱਧ ਰਹੀਆਂ ਹਿੰਸਕ ਘਟਨਾਵਾਂ ਦੇ ਅੰਕੜੇ ਦੱਸ ਰਹੇ ਹਨ ਕਿ ਹਰੇਕ ਸਾਲ ਡਰੱਗ ਨਾਲ਼ ਜੁੜੀਆਂ ਘਟਨਾਵਾਂ ਜਾਂ ਗੋਲੀ ਚੱਲਣ ਦੀਆਂ ਵਾਰਦਾਤਾਂ ਜਾਂ ਮਰ ਰਹੇ ਲੋਕਾਂ ਦੀ ਗਿਣਤੀ ਪਿਛਲੇ ਸਾਲਾਂ ਨਾਲੋਂ ਕਿਤੇ ਜ਼ਿਆਦਾ ਪ੍ਰਤੀਸ਼ਤ ਵੱਧ ਰਹੀ ਹੈ

ਜਿਵੇਂ ਕਿ ਬੀ. ਸੀ. ਜਾਂ ਸਰ੍ਹੀ ਸ਼ਹਿਰ ਦੇ ਕੁੱਝ ਅੰਕੜੇ ਇਹ ਦਰਸਾਉਂਦੇ ਹਨ। ਸਰਕਾਰੀ ਅੰਕੜਿਆਂ ਮੁਤਾਬਕ 2015 ਵਿੱਚ ਬੀ.ਸੀ ਵਿੱਚ 97 ਕਤਲ ਹੋਏ, 2016 ਵਿੱਚ 87 ਕਤਲ ਹੋਏ ਤੇ 114 ਵਾਰੀ ਕਤਲ ਕਰਨ ਦੀ ਕੋਸ਼ਿਸ਼ ਕੀਤੀ ਗਈ। ਜਿਸ ਦਾ ਰੇਟ ਪਿਛਲੇ ਸਾਲਾਂ ਨਾਲੋਂ 4.8% ਵਧਿਆ ਸੀ। ਸਰ੍ਹੀ ਵਿੱਚ 2015 ਵਿੱਚ 88 ਵਾਰ ਗੋਲੀ ਚੱਲੀ ਇਸੇ ਤਰ੍ਹਾਂ 2016 ਵਿੱਚ 61 ਵਾਰੀ ਤੇ 2017 ਵਿੱਚ 59 ਵਾਰੀ ਗੋਲੀ ਚੱਲਣ ਦੀਆਂ ਘਟਨਾਵਾਂ ਹੋਈਆਂ ਅਤੇ ਲੋਅਰ ਮੇਨਲੈਂਡ ਵੈਨਕੂਵਰ ਦੇ ਇਲਾਕੇ ਵਿੱਚ 21 ਕਤਲ ਹੋਏ।ਬੀ. ਸੀ. ਵਿੱਚ 2017 'ਚ ਜਿਣਸੀ ਹਮਲੇ ਔਰਤਾਂ ਪ੍ਰਤੀ ਹੋਣ ਜਾਂ ਬੱਚਿਆਂ ਪ੍ਰਤੀ ਇਹਨਾਂ ਦੀ ਗਿਣਤੀ 3,125 ਸੀ। ਕੈਨੇਡਾ ਦੇ ਸਰਕਾਰੀ ਅੰਕੜਿਆਂ ਮੁਤਾਬਕ ਗੈਂਗਵਾਰ ਵਿੱਚ 2018 ਵਿੱਚ 665, 2019 ਵਿੱਚ 689, 2020 ਵਿੱਚ 764, 2021 ਵਿੱਚ 796 ਤੇ 2022 ਵਿੱਚ 874 ਕਤਲ ਹੋਏ ਹਨ। ਇਹਨਾਂ ਤੋਂ  ਇਲਾਵਾ ਜੋ ਗੈਂਗਵਾਰ ਨਾਲ ਸ਼ੱਕ 'ਤੇ ਅਧਾਰਤ ਕਤਲ ਹੋਏ 2018 ਵਿੱਚ 158, 2019 ਵਿੱਚ 162, 2020 ਵਿੱਚ 151, 2021 ਵਿੱਚ 184, ਤੇ 2022 ਵਿੱਚ 202 ਇਸ ਤੋਂ ਪਤਾ ਲੱਗਦਾ ਹੈ ਕਿ ਸਾਲਾਂ ਮੁਤਾਬਕ ਦੋਨੋਂ ਸ਼੍ਰੇਣੀਆਂ ਵਿੱਚ ਹਰ ਸਾਲ ਵਾਧਾ ਹੀ ਹੁੰਦਾ ਜਾ ਰਿਹਾ ਹੈ।ਇੱਕ ਵੀ ਮਨੁੱਖ ਦਾ ਅਣਆਈ ਮੌਤ ਮਰਨਾ ਆਪਣੀ ਬਹੁਤ ਕੀਮਤ ਰੱਖਦਾ ਹੈ, ਪਰ ਅਜਿਹੀਆਂ ਅਨੇਕਾਂ ਘਟਨਾਵਾਂ ਨਾਲ ਸਮਾਜ ਦਾ ਰੁੱਖ ਹਿੰਸਕ ਗਤੀਵਿਧੀਆਂ ਦੀ ਪ੍ਰੋੜਤਾ ਕਰਦਾ ਹੈ। ਸਮਾਜ ਵਿੱਚ ਨਫ਼ਰਤ ਫੈਲਣ  ਦੇ ਅਸਾਸੇ ਵਧ ਜਾਂਦੇ ਹਨ। ਉਹ ਕੈਨੇਡਾ ਜਿਸ ਨੂੰ ਦੁਨੀਆਂ ਭਰ ਵਿੱਚ ਸ਼ਾਂਤੀ ਦਾ ਪੁੰਜ ਕਹਿ ਕੇ ਬੁਲਾਇਆ ਜਾਂਦਾ ਹੈ।

ਮਾਪਿਆਂ ਦੇ ਸੰਦਰਭ ਵਿੱਚ ਉੱਠੇ ਸਵਾਲ ਕੀ ਮਾਪੇ ਜੋ ਬੱਚਿਆਂ ਨੂੰ ਵਧੀਆ ਜ਼ਿੰਦਗੀ ਪ੍ਰਦਾਨ ਕਰਨ ਲਈ ਆਪਣੀ ਤਨੋ, ਮਨੋ, ਧਨੋ ਹਰ ਪੱਖੋਂ ਹਰ ਸੰਭਵ ਕੋਸ਼ਿਸ਼ ਕਰਕੇ ਸਾਰੀ ਜ਼ਿੰਦਗੀ ਸਖ਼ਤ ਮਿਹਨਤ ਕਰਦੇ ਹਨ। ਕੀ ਉਹ ਚਾਹੁੰਦੇ ਹਨ ਕਿ ਉਹਨਾਂ ਦੇ ਲਾਡਾਂ ਨਾਲ ਪਾਲ਼ੇ ਬੱਚੇ 30-35 ਸਾਲ ਦੀ ਉਮਰ ਵਿੱਚ ਅਪੜਨ ਤੋਂ ਪਹਿਲਾਂ ਹੀ ਗੋਲ਼ੀ ਨਾਲ਼ ਜਾਂ ਡਰੱਗ ਖਾ ਕੇ ਮਰ ਜਾਣ? ਜਦ ਕਿ ਸਾਡੇ ਸਭਿਆਚਾਰ ਵਿੱਚ ਅਸੀਂ ਬੱਚਿਆਂ ਦੇ ਬਹੁਤ ਨੇੜੇ ਰਹਿੰਦੇ ਹਾਂ ਕਿਉਂਕਿ ਅਸੀਂ ਉਹਨਾਂ ਨੂੰ ਆਪਣੇ ਬੁਢਾਪੇ ਦਾ ਸਹਾਰਾ ਸਮਝਦੇ ਹਾਂ। ਅਗਲੇ ਸਵਾਲ ਦਾ ਉੱਤਰ ਕਿ ਡਰੱਗ ਇੱਥੇ ਕਿੱਥੋਂ ਆ ਰਹੀ ਹੈ? ਮਾਪੇ ਡਰੱਗ ਬਣਾ ਕੇ ਤਾਂ ਬੱਚਿਆਂ ਨੂੰ ਦੇ ਨਹੀਂ ਰਹੇ। ਕਿਤੋਂ ਤਾਂ ਆ ਰਹੀ ਹੈ ਤੇ ਆ ਵੀ ਸਾਡੇ ਇਸ ਲੋਕਤੰਤਰੀ ਢਾਂਚੇ ਦੀਆਂ ਚੋਰ ਮੋਰੀਆਂ ਦੇ ਥਾਣੀਂ ਹੀ ਹੈ। ਕੀ ਸਾਡਾ ਸਿਸਟਮ ਐਨਾ ਫੇਲ੍ਹ ਹੋ ਚੁੱਕਿਆ ਹੈ ਕਿ ਜਵਾਨ ਬੱਚਿਆਂ ਦੀ ਮੌਤ ਦਾ ਸਮਾਨ ਸ਼ਰੇਆਮ ਏਅਰ ਪੋਰਟਾਂ, ਬੌਰਡਰਾਂ ਤੇ ਪੋਰਟਾਂ ਤੋਂ ਧੜਾਧੜ ਲੰਘ ਰਿਹਾ ਹੈ ਉਦੋਂ ਪੁਲੀਸ ਵਰਗੇ ਮਹਿਕਮੇ

ਕਿੱਥੇ ਹੁੰਦੇ ਹਨ ਜਿਹੜੇ ਮਾਪਿਆਂ ਤੇ ਦੂਸ਼ਨਬਾਜ਼ੀ ਕਰਨ ਵਿੱਚ ਰੁੱਝੇ ਹੋਏ ਹਨ? ਜਦੋਂ ਕਦੇ ਵੀ ਕੋਈ ਵਿਅਕਤੀ ਗੈਂਗਵਾਰ ਵਿੱਚ ਮਾਰਿਆ ਜਾਂਦਾ ਹੈ ਉਦੋਂ ਪੁਲੀਸ ਕਹਿੰਦੀ ਹੈ ਕਿ ਉਹ ਉਸ ਨੂੰ ਜਾਣਦੀ ਸੀ। ਜਦੋਂ ਕਦੇ ਮਾਪਿਆਂ ਜਾਂ ਮੀਡੀਏ ਨੇ ਇਹ ਸਵਾਲ ਕੀਤਾ ਕਿ ਜੇ ਜਾਣਦੇ ਸੀ ਤਾਂ ਫੜਿਆ ਕਿਉਂ ਨਹੀਂ ਤਦ ਉਹ ਕਹਿੰਦੇ ਹਨ ਕਿ ਸਾਡੇ ਕੋਲ਼ ਉਸ ਨੂੰ ਗ੍ਰਿਫਤਾਰ ਕਰਨ ਲਈ ਤੱਥ ਨਹੀਂ ਸਨ ਜਾਂ ਉਹ ਕੋਰਟ ਜਾ ਕੇ ਛੁੱਟ ਜਾਂਦੇ ਹਨ। ਤਾਂ ਇਹ ਗੱਲ ਮੰਨੀ ਜਾ ਸਕਦੀ ਹੈ ਕਿ ਪੁਲੀਸ ਆਪਣੇ ਦਾਇਰੇ ਵਿੱਚ ਰਹਿ ਕੇ ਹੀ ਕੰਮ ਕਰ ਸਕਦੀ ਹੈ ਪਰ ਉਸ ਨੂੰ ਮਾਪਿਆਂ 'ਤੇ ਦੂਸ਼ਣ ਲਾਉਣ ਦੀ ਜ਼ਿੰਮੇਵਾਰੀ ਕਿਸਨੇ ਦਿੱਤੀ ਹੈ? ਸੋਚਣ ਵਾਲੀ ਗੱਲ ਹੈ ਕਿ ਅਗਰ ਕੋਰਟਾਂ, ਕਚਹਿਰੀਆਂ, ਪੁਲੀਸ ਜਾਂ ਸਰਕਾਰਾਂ ਦੇ ਹੱਥ ਖੜ੍ਹੇ ਹਨ ਤਾਂ ਫਿਰ ਮਾਪਿਆਂ ਕੋਲ਼ ਕਿਹੜੀ ਜਾਦੂ ਦੀ ਛੜੀ ਹੈ ਜਿਸ ਨਾਲ਼ ਉਹ ਇਸ ਗੈਂਗਵਾਰ ਨੂੰ ਠੱਲ੍ਹ ਪਾ ਸਕਦੇ ਹਨ। ਮਾਪਿਆਂ ਨੂੰ ਜ਼ਿੰਮੇਵਾਰ ਠਹਿਰਾਉਣ ਤੋਂ ਪਹਿਲਾਂ ਉਹ ਇਹ ਕਿਉਂ ਭੁੱਲ ਜਾਂਦੇ ਹਨ ਕਿ ਜੋ 18 ਸਾਲ ਤੱਕ ਮਾਪੇ ਇਸ ਡਰ ਵਿੱਚ ਰਹਿੰਦੇ ਹਨ ਕਿ ਜੇ ਅਸੀਂ ਬੱਚਿਆਂ ਤੇ ਸਖ਼ਤੀ ਕੀਤੀ ਤਾਂ ਮਨਿਸਟਰੀ ਉਹਨਾਂ ਦੇ ਬੱਚੇ ਚੁੱਕ ਕੇ ਲੈ ਜਾਵੇਗੀ ਤੇ ਉਹਨਾਂ ਨੂੰ ਫੋਸਟਰ ਹੋਮਾਂ (ਬੱਚਿਆਂ ਨੂੰ ਸਾਂਭਣ ਵਾਲੀ ਥਾਂ) ਵਿੱਚ ਭੇਜ ਦਿੱਤਾ ਜਾਵੇਗਾ ਜਿੱਥੋਂ ਅੱਜ ਕੱਲ੍ਹ ਸਦਮੇ ਨਾਲ ਮਾਨਸਿਕ ਰੋਗੀ ਹੋਏ ਪੀੜਤ ਬੱਚੇ ਹਸਪਤਾਲਾਂ ਵਿੱਚ ਭਰਤੀ ਹੋ ਰਹੇ ਹਨ। ਇਸ ਕਰਕੇ ਹੀ ਮਾਨਸਿਕ ਰੋਗਾਂ ਦੇ ਡਾਕਟਰਾਂ, ਨਰਸਾਂ ਤੇ ਹਸਪਤਾਲਾਂ ਦੀ ਮੰਗ ਦਿਨੋ ਦਿਨ ਵਧ ਰਹੀ ਹੈ। ਫੋਸਟਰ ਹੋਮਾਂ ਵਿੱਚ ਬੱਚਿਆਂ ਨੂੰ ਭੁੱਖੇ ਰੱਖਣਾ, ਕੁੱਟ ਮਾਰ ਕਰਨਾ, ਕਮਰਿਆਂ ਵਿੱਚ ਬੰਦ ਕਰਨਾ, ਬੱਚਿਆਂ ਦੀਆਂ ਆਪਸੀ ਲੜਾਈਆਂ ਝਗੜੇ, ਗਾਲ੍ਹਾਂ ਦੁੱਪੜ, ਜਿਣਸੀ ਸ਼ੋਸ਼ਣ ਆਦਿ ਖ਼ਬਰਾਂ ਅਖ਼ਬਾਰਾਂ ਦੀਆਂ ਸੁਰਖ਼ੀਆਂ ਦਾ ਸ਼ਿੰਗਾਰ ਆਮ ਹੀ ਬਣਦੀਆਂ ਰਹਿੰਦੀਆਂ ਹਨ। 18 ਸਾਲ ਦੀ ਉਮਰ ਤੋਂ ਬਾਅਦ ਜੇ ਬੱਚੇ ਕਿਤੇ ਫੜੇ ਜਾਣ ਤਾਂ ਪੁਲੀਸ ਉਹਨਾਂ ਦਾ ਅਤਾ ਪਤਾ ਨਹੀਂ ਦੱਸਦੀ ਕਿਉਂਕਿ ਉਹ ਬਾਲ਼ਗ ਹੋ ਗਏ ਹਨ ਅਤੇ ਕਾਨੂੰਨਨ ਉਹਨਾਂ ਦੀ ਨਿੱਜੀ ਜ਼ਿੰਦਗੀ ਦਾ ਠੱਪਾ ਲੱਗ ਜਾਂਦਾ ਹੈ। ਜਿਹਨਾਂ ਬੱਚਿਆਂ ਨੂੰ ਮਾਂ ਬਾਪ ਦਾ ਪਿਆਰ ਨਹੀਂ ਮਿਲਦਾ ਅਤੇ ਉਹ ਫਿਰ ਦਿਸ਼ਾਹੀਣ ਹੋ ਕੇ ਸਮਾਜ ਵਿੱਚ ਵਿਚਰਦੇ ਹਨ।

ਅਗਲਾ ਸਵਾਲ ਸੀ ਕੀ ਸਭ ਕੁੱਝ ਬੱਚਿਆਂ ਨੂੰ ਮਾਪੇ ਹੀ ਦਿੰਦੇ ਹਨ, ਬਾਹਰੀ ਸਮਾਜ ਦਾ ਕੋਈ ਰੋਲ ਨਹੀਂ। ਪੰਜ ਸਾਲ ਤੋਂ ਬਾਅਦ ਬੱਚਾ ਸਕੂਲ ਜਾਂਦਾ ਹੈ, ਉਹ ਆਧਿਆਪਕਾਂ ਤੇ ਸਾਥੀ ਵਿਦਿਆਰਥੀਆਂ ਤੋਂ ਬਹੁਤ ਕੁੱਝ ਸਿੱਖਦਾ ਹੈ। ਸਕੂਲ ਭੇਜਣ ਦਾ ਮਤਲਬ ਹੀ ਇਹੀ ਹੁੰਦਾ ਹੈ ਕਿ ਬੱਚਾ ਬਾਹਰ ਦੇ ਖੁਸ਼ਗਵਾਰ ਵਾਤਾਵਰਣ ਵਿੱਚ ਰਹੇ ਅਤੇ ਇਸ ਸਮਾਜ ਵਿੱਚ ਰਹਿਣਾ, ਮਿਲਣਾ, ਵਰਤਣਾ ਸਿੱਖੇ ਅਤੇ ਇਸ ਸਮਾਜ ਨੂੰ ਵਧੀਆ ਬਣਾਉਣ ਲਈ ਆਪਣਾ ਯੋਗਦਾਨ ਵੀ ਜ਼ਰੂਰ ਪਾ

ਸਕੇ। ਅਸੀਂ ਇੱਥੋਂ ਦੇ ਆਧਿਆਪਕਾਂ ‘ਤੇ ਉਂਗਲ ਨਹੀਂ ਕਰ ਸਕਦੇ। ਉਹ ਬੱਚਿਆਂ ਨੂੰ ਸਕੂਲ ਤੋਂ ਬਾਅਦ ਵੀ ਸਮਾਂ ਦੇ ਰਹੇ ਹਨ। ਕੁੱਝ ਸਵਾਲ ਇੱਥੇ ਹੋਰ ਵੀ ਪੈਦਾ ਹੋ ਰਹੇ ਹਨ। ਕੀ ਆਧਿਆਪਕ ਖੁਸ਼ ਹਨ? ਪਿਛਲੇ ਦਸਾਂ ਸਾਲਾਂ ਵਿੱਚ ਜਦੋਂ ਇਹ ਡਰੱਗ ਦੀ ਸਮੱਸਿਆ ਜੋਰ ਫੜਦੀ ਹੈ ਉਦੋਂ ਆਧਿਆਪਕਾਂ ਦੀਆਂ ਜ਼ਾਇਜ਼ ਮੰਗਾਂ ਦੇ ਵਿਰੋਧ ਵਿੱਚ ਬੀ. ਸੀ. ਦੀ ਲਿਬਰਲ ਸਰਕਾਰ ਕੋਰਟਾਂ ਵਿੱਚ ਪੈਸਾ ਬਰਬਾਦ ਕਰਦੀ ਰਹੀ ਤੇ ਆਧਿਆਪਕਾਂ ਨੂੰ ਅਸੰਤੁਸ਼ਟੀ ਦੇ ਦੌਰ ਵਿੱਚੋਂ ਲੰਘਣਾ ਪਿਆ। ਸਰਕਾਰ ਨੇ ਪਹਿਲੇ ਕੰਟਰੈਕਟ ਨੂੰ ਪਾੜ ਕੇ ਕਲਾਸ ਸਾਈਜ਼ ਵੱਡੇ ਕਰ ਦਿੱਤੇ ਅਤੇ ਸਪੈਸ਼ਲ ਨੀਡ ਬੱਚਿਆਂ ਨੂੰ ਆਮ ਕਲਾਸਾਂ ਵਿੱਚ ਹੀ ਭੇਜ ਦਿੱਤਾ। ਕੀ ਆਧਿਆਪਕਾਂ ‘ਤੇ ਇਹ ਪ੍ਰੈਸ਼ਰ ਨਹੀਂ ਸੀ? ਆਖਰ ਸੁਪਰੀਮ ਕੋਰਟ ਨੇ ਆਧਿਆਪਕਾਂ ਦੇ ਪੱਖ ਵਿੱਚ ਫੈਸਲਾ ਦਿੱਤਾ। ਕੀ ਇਹ ਗੱਲ ਸੋਚਣ ਲਈ ਮਜ਼ਬੂਰ ਨਹੀਂ ਕਰ ਰਹੀ ਕਿ ਇਹਨਾਂ ਸਾਲਾਂ ਦੇ ਦੌਰਾਨ ਬੱਚਿਆਂ ਦੀ ਮਾਨਸਿਕ ਸਥਿਤੀ ‘ਤੇ ਵੱਡਾ ਅਸਰ ਹੋਇਆ ਹੋਵੇਗਾ? ਪਰ ਇਹਨਾਂ ਗੱਲਾਂ ਨੂੰ ਅੱਖੋਂ-ਪਰੋਖ਼ੇ ਕਰਕੇ ਸਰਕਾਰਾਂ ਆਪਣੇ ਆਪ ਨੂੰ ਬਰੀ ਕਰ ਲੈਂਦੀਆਂ ਹਨ ਕਿਉਂਕਿ ਉਹਨਾਂ ਨੂੰ ਪਤਾ ਹੈ ਕਿ ਲੋਕਾਂ ਨੇ ਤਾਂ ਭੁੱਲ ਹੀ ਜਾਣਾ ਹੈ।

ਇਲਜ਼ਾਮ ਹੈ ਕਿ ਮਾਪੇ ਵੱਡੇ ਘਰ ਬਣਾਉਣ ਦੀ ਹੋੜ ਵਿੱਚ ਲੱਗੇ ਹੁੰਦੇ ਹਨ। ਇਸ ਲਈ ਉਹ ਇਧਰ ਧਿਆਨ ਨਹੀਂ ਦੇ ਰਹੇ। ਇਹ ਵੀ ਕਹਿਣਾ ਗ਼ਲਤ ਹੈ ਜਦ ਕਿ ਦੂਜੇ ਪਾਸੇ ਸਾਡੇ ਬੱਚਿਆਂ ਨਾਲ਼ ਸੌਕਰ, ਵਾਲੀਵਾਲ, ਬਾਸਕਿਟਵਾਲ, ਹਾਕੀ ਤੇ ਰੈਸਲਿੰਗ ਦੇ ਗਰਾਊਂਡ ਭਰੇ ਪਏ ਹਨ। ਸਭਿਆਚਾਰ ਨਾਲ਼ ਜੋੜਨ ਲਈ ਮਾਪੇ ਆਪਣੇ ਬੱਚਿਆਂ ਨੂੰ ਹਰ ਰੋਜ਼ ਗਿੱਧੇ ਭੰਗੜਿਆਂ ਦੀਆਂ ਕਲਾਸਾਂ ਵਿੱਚ ਲੈ ਕੇ ਤੁਰੇ ਹੋਏ ਹੁੰਦੇ ਹਨ ਤੇ ਸਾਡੇ ਬੱਚਿਆਂ ਨੇ ਇੰਟਰ ਨੈਸ਼ਨਲ ਪੱਧਰ ਤੇ ਮੱਲਾਂ ਵੀ ਮਾਰੀਆਂ ਹਨ। ਉਹ ਹਰ ਸੰਭਵ ਕੋਸ਼ਿਸ਼ ਕਰਦੇ ਹਨ। ਕੰਮ ਕਰਨਾ ਵੀ ਮਾਪਿਆਂ ਦੀ ਲੋੜ ਹੈ, ਕੰਮ ਬਿਨ੍ਹਾ ਉਹਨਾਂ ਨੇ ਆਪਣਾ ਤੇ ਬੱਚਿਆਂ ਦਾ ਜੀਵਨ ਗੁਜ਼ਰ ਕਿਵੇਂ ਕਰਨਾ ਹੈ। ਦੂਸਰੇ ਪਾਸੇ ਦੇਖਿਆ ਜਾਵੇ, ਮਹਿੰਗਾਈ ਦਿਨੋ ਦਿਨ ਵੱਧ ਰਹੀ ਹੈ, ਹਰ ਚੀਜ਼ ‘ਤੇ ਵਾਧੂ ਟੈਕਸ ਠੋਕੇ ਜਾ ਰਹੇ ਹਨ, ਪਾਣੀ, ਬਿਜਲੀ, ਗੈਸ ਦੇ ਬਿੱਲ ਲੋਕਾਂ ਦੀ ਪਹੁੰਚ ਤੋਂ ਦੂਰ ਹੋਈ ਜਾ ਰਹੇ ਹਨ, ਗੈਸ ਦੀ ਕੀਮਤ 1992 ਵਿੱਚ 28 ਸੈਂਟ ਸੀ ਜਿਹੜੀ ਅੱਜ ਵੱਧ ਕੇ 2.00 ਡਾਲਰ ਦੇ ਨੇੜੇ ਤੇੜੇ ਹੈ। ਮੈਡੀਕਲ ਤੇ ਐਜ਼ੂਕੇਸ਼ਨ ਦੀਆਂ ਸਹੂਲਤਾਂ ‘ਤੇ ਕੱਟ ਤੇ ਕੱਟ ਲਾਏ ਜਾ ਰਹੇ ਹਨ। ਦਵਾਈਆਂ ਦੀਆਂ ਕੀਮਤਾਂ ਦਵਾਈਆਂ ਬਣਾਉਣ ਵਾਲ਼ੀਆਂ ਕੰਪਨੀਆਂ 250 ਤੋਂ 300 ਪ੍ਰਤੀਸ਼ਤ ਦੇ ਲਾਭ ਨਾਲ਼ ਲੋਕਾਂ ਤੋਂ ਹਾਸਲ ਕਰ ਰਹੀਆਂ ਹਨ। ੀਛਭਛ ਦਾ ਰੇਟ ਹਰ ਸਾਲ ਵਧ ਰਿਹਾ ਹੈ। ਗਰੋਸਰੀ ਲੈਣੀ ਮੁਸ਼ਕਲ ਹੋ ਰਹੀ ਹੈ। 1992 ਵਿੱਚ ਦੁੱਧ ਦੀ ਗੇਲਣ ਇੱਕ ਡਾਲਰ ਸੀ ਜਿਹੜੀ ਹੁਣ ਵੱਧ ਕੇ ਛੇ ਡਾਲਰ ਹੈ। ਘਰਾਂ

ਦੀਆਂ ਕੀਮਤਾਂ ਅਸਮਾਨੀ ਚੜ੍ਹ ਗਈਆਂ ਹਨ। ਲੋਕਾਂ ਨੂੰ ਕਿਰਾਇਆ ਦੇਣਾ ਔਖਾ ਹੋ ਰਿਹਾ ਹੈ। ਛੋਟੀ ਤੋਂ ਛੋਟੀ ਲੋੜ ਪੂਰੀ ਕਰਨੀ ਅਸੰਭਵ ਹੋ ਰਹੀ ਹੈ। ਪਰ ਤਨਖ਼ਾਹ 1992 ਵਿੱਚ ਪ੍ਰਤੀ ਘੰਟਾ 6 ਡਾਲਰ ਸੀ ਤੇ 2018 ਵਿੱਚ ਘੱਟੋ ਘੱਟ ਤਨਖ਼ਾਹ 11.35 ਡਾਲਰ ਪ੍ਰਤੀ ਘੰਟਾ ਸੀ ਤੇ ਹੁਣ 17.40 ਹੈ। ਜੇ ਅਸੀਂ ਇਸ ਆਮਦਨ ਤੇ ਖਰਚਿਆਂ ਦੇ ਅਨੁਪਾਤ ਨੂੰ ਦੇਖਦੇ ਹਾਂ ਤਾਂ ਲੋਕਾਂ ਦੇ ਜੀਣ ਦਾ ਮਿਆਰ ਘੱਟ ਰਿਹਾ ਹੈ ਤੇ ਉਹਨਾਂ ਵਿੱਚ ਪਿਆਰ ਦੀ ਥਾਂ ਤੇ ਪੈਸੇ ਦੀ ਦੌੜ ਵੱਲ ਆਕਰਸ਼ਿਤ ਹੋਣਾ ਸੁਭਾਵਕ ਹੀ ਹੈ। ਇੱਥੇ ਇਹ ਵੀ ਸੋਚਣਾ ਪਵੇਗਾ ਕਿ ਬੱਚਿਆਂ ਦੇ ਡਰੱਗਾਂ ਵਿੱਚ ਪੈਣ ਦੇ ਕੀ ਇਹੀ ਆਰਥਿਕ ਕਾਰਣ ਤਾਂ ਨਹੀਂ। ਉਹ ਮਾਪਿਆਂ ਨੂੰ ਹਰਵਕਤ 12-12, 16-16 ਘੰਟੇ ਕੰਮਾਂ ਤੇ ਲਟਾਪੀਂਘ ਹੋਏ ਦੇਖਦੇ ਹਨ ਤੇ ਉਹ ਇਹ ਸੌਖਾ ਤੇ ਅਸਾਨ ਐਸ਼ ਪ੍ਰਸਤੀ ਵਾਲਾ ਤਰੀਕਾ ਲੱਭਦੇ ਹੋਣ ਕਿ ਦਿਨਾਂ ਵਿੱਚ ਕਰੋੜਪਤੀ ਹੋ ਕੇ ਵਿਹਲੇ ਹੋ ਕੇ ਐਸ਼ ਲੁੱਟਣਗੇ। ਪੁਲੀਸ ਦਾ ਵੀ ਇਹੀ ਕਹਿਣਾ ਹੈ ਕਿ 10-12 ਸਾਲ ਤੋਂ ਲੈ ਕੇ ਬੱਚੇ ਇੱਧਰ ਪੈ ਰਹੇ ਹਨ। 10-12 ਸਾਲ ਦੇ ਅਣਭੋਲ ਬੱਚੇ ਨੂੰ ਕਿੰਨੀ ਕੁ ਸੋਝੀ ਹੋ ਸਕਦੀ ਹੈ? ਪਰ ਜਦੋਂ ਉਹਨਾਂ ਨੂੰ ਬਹੁਤੇ ਸਾਰੇ ਡਾਲਰਾਂ ਦੇ ਢੇਰ ਦਿਖਾ ਕੇ, ਅਮੀਰੀ ਦੇ ਸੁਪਨਿਆਂ ਵਿੱਚ ਵਰਗ਼ਲਾ ਕੇ, ਐਸ਼ ਪ੍ਰਸਤੀ ਦੀ ਜ਼ਿੰਦਗੀ ਦੀ ਚਕਾਚੌਂਧ ਨਾਲ ਅੰਨ੍ਹੇ ਕਰ ਦਿੱਤਾ ਜਾਂਦਾ ਹੈ ਤਾਂ ਉਹ ਸਹਿਜੇ ਹੀ ਮਗਰ ਲੱਗ ਜਾਂਦੇ ਹਨ। ਉਦੋਂ ਉਹਨਾਂ ਨੂੰ ਆਉਣ ਵਾਲੇ ਖ਼ਤਰਿਆਂ ਦਾ ਇਲਮ ਨਹੀਂ ਹੁੰਦਾ ਬਾਅਦ ਵਿੱਚ ਉਹਨਾਂ ਨੂੰ ਡਰਾ ਧਮਕਾ ਕੇ ਡਰੱਗ ਦਾ ਧੰਦਾ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ। ਜਦੋਂ ਉਹ ਦਲਦਲ ਵਿੱਚ ਫਸ ਗਏ ਫਿਰ ਉਹ ਬੇਬਸ ਹੋ ਜਾਂਦੇ ਹਨ। ਫਿਰ ਤਾਂ ਉਹ ਗੋਲ਼ੀ ਦਾ ਹੀ ਸਾਹਮਣਾ ਕਰਦੇ ਹਨ ਚਾਹੇ ਪੁਲੀਸ ਦੀ ਹੋਵੇ ਜਾਂ ਆਪਸ ਦੀ ਜਾਂ ਕਿਸੇ ਜੇਲ੍ਹ ਦੀ ਹਵਾ ਫੱਕ ਰਹੇ ਹੋਣਗੇ। ਬਹੁਤੇ ਮਾਪਿਆਂ ਨੂੰ ਇਹ ਗਰੋਹ ਪਤਾ ਨਹੀਂ ਲੱਗਣ ਦਿੰਦੇ, ਇਹ ਚੋਰੀ ਦਾ ਕੰਮ ਹੈ ਉਹ ਇਹ ਲਾਲਚ ਦੇ ਕੇ ਲਾਉਂਦੇ ਹਨ ਕਿ ਥੋੜ੍ਹਾ ਚਿਰ ਕਰ ਲੈ, ਪੈਸੇ ਬਣਾ ਲੈ, ਫਿਰ ਨਿਕਲ ਜਾਵੀਂ।

ਡਰੱਗ ਇੱਕ ਇਹੋ ਜਿਹਾ ਨਸ਼ਾ ਹੈ ਜਿਸ ਨੂੰ ਖਾ ਕੇ ਮਨੁੱਖ ਅਵਚੇਤਨ ਸਥਿਤੀ ਵਿੱਚ ਵਿਚਰਨ ਲੱਗਦਾ ਹੈ ਤੇ ਕੁਝ ਸਮੇਂ ਲਈ ਉਹ ਆਪਣੀ ਸਾਧਾਰਣ ਜ਼ਿੰਦਗੀ ਤੋਂ ਵਿਹਲ ਲੈ ਸਕਦਾ ਹੈ। ਡਰੱਗ ਕੁਝ ਪੌਦਿਆਂ ਤੋਂ ਪ੍ਰਾਪਤ ਹੋਣ ਵਾਲਾ ਇੱਕ ਰਸ ਹੀ ਹੈ। ਦੁਨੀਆਂ ਭਰ ਵਿੱਚ ਡਰੱਗ ਉਦੋਂ ਦੀ ਮੌਜੂਦ ਹੈ ਜਦੋਂ ਤੋਂ ਇੱਥੇ ਬਨਸਪਤੀ ਮੌਜੂਦ ਹੋਵੇਗੀ ਪਰ ਜਦੋਂ ਕਿਸੇ ਚੀਜ਼ 'ਤੇ ਰੋਕ ਲਾ ਦਿੱਤੀ ਜਾਂਦੀ ਹੈ ਤੇ ਉਹ ਚੋਰੀ ਬਲੈਕ ਵਿੱਚ ਮਿਲਣ ਲੱਗਦੀ ਹੈ ਤਾਂ ਇਸ ਨਾਲ਼ ਸਮੱਸਿਆ ਖੜ੍ਹੀ ਹੁੰਦੀ ਹੈ। ਅਸੀਂ ਪੰਜਾਬੀ ਲੋਕ ਜਾਣਦੇ ਹਾਂ ਕਿ ਸਾਡੇ ਖੂਹਾਂ, ਖੇਤਾਂ, ਸੜਕਾਂ, ਤਬੇਲਿਆਂ ਵਿੱਚ ਭੰਗ (ਸੁੱਖਾ) ਆਮ ਹੀ ਅੱਜ ਤੱਕ ਖੜ੍ਹੀ ਮਿਲਦੀ ਹੈ, ਕਦੇ ਕਿਸੇ ਦਾ ਵੀ

ਉਹ ਨੂੰ ਖਾਣ ਵੱਲ ਧਿਆਨ ਹੀ ਨਹੀਂ ਆਇਆ ਪਰ ਜਦੋਂ ਕੈਨੇਡਾ ਵਿੱਚ ਇਸ ਦੀ ਵਿਕਰੀ ਚੋਰੀ ਹੋਣ ਲੱਗੀ ਤਾਂ ਪਿਛਲੇ ਸਮੇਂ ਵਿੱਚ ਲੱਗਦਾ ਸੀ ਕਿ ਸਾਰੀ ਦੀ ਸਾਰੀ ਪੁਲੀਸ ਭੰਗ ਦੇ ਤਸਕਰਾਂ ‘ਤੇ ਹੀ ਕੇਂਦਰਤ ਹੋ ਕੇ ਭੰਗ ਦੇ ਬੂਟੇ ਫੜਨ ਵਿੱਚ ਹੀ ਸਮਾਂ ਤੇ ਪੈਸਾ ਝੋਕ ਰਹੀ ਹੈ, ਸ਼ੁਕਰ ਹੋਇਆ ਕਿ ਇਸ ਨੂੰ ਕਾਨੂੰਨੀ ਵਿਕਣ ਲਾ ਦਿੱਤਾ ਹੈ। ਅਸਲ ਵਿੱਚ ਡਰੱਗ ਖਾਣ ਜਾਂ ਵੇਚਣ ਤੱਕ ਹੀ ਸੀਮਤ ਨਹੀਂ ਹੁੰਦੀ ਸਗੋਂ ਇਸ ਨਾਲ 80% ਜੁਰਮ ਜਿਵੇਂ ਕਤਲ, ਚੋਰੀ, ਡਾਕਾ, ਅਗਵਾ ਕਰਨ ਦੀਆਂ ਘਟਨਾਵਾਂ, ਵੇਸਵਾਪਣ ਆਦਿ ਡਰੱਗ ਦੇ ਧੰਦੇ ਨਾਲ ਜੁੜੀਆਂ ਮਨੁੱਖਤਾ ਮਾਰੂ ਇਲਾਮਤਾਂ ਹਨ। ਜਦੋਂ ਕੋਈ ਵੀ ਚੀਜ਼ ਬਲੈਕ ਵਿੱਚ ਵਿਕਣ ਲੱਗਦੀ ਹੈ ਤਾਂ ਇਸ ਦੇ ਪਿੱਛੇ ਦੁਨੀਆਂ ਦੇ ਉਂਗਲਾਂ ਤੇ ਗਿਣੇ ਜਾਣ ਵਾਲੇ, ਦੇਸ਼ਾਂ ਵਿਦੇਸ਼ਾਂ ਵਿੱਚ ਬੈਠੇ ਅਮੀਰ ਇਜ਼ਾਰੇਦਾਰ ਜਿਹੜੇ ਦੁਨੀਆਂ ਦੀ ਸਾਰੀ ਸੰਪਤੀ ਸਿਰਫ਼ ਤੇ ਸਿਰਫ਼ ਆਪਣੇ ਹੱਥਾਂ ਵਿੱਚ ਕਰਨੀ ਚਾਹੁੰਦੇ ਹਨ ਉਹ ਪਹਿਲਾਂ ਲੋਕਾਂ ਨੂੰ ਇਹੋ ਜਿਹੇ ਨਸ਼ਿਆਂ ‘ਤੇ ਲਾਉਂਦੇ ਹਨ ਤੇ ਫਿਰ ਜਦੋਂ ਉਹਨਾਂ ਦੀ ਆਦਤ ਬਣ ਜਾਂਦੀ ਹੈ ਤਾਂ ਉਸ ਨੂੰ ਆਪਣੇ ਕੋਲ ਜਮ੍ਹਾਂ ਕਰਕੇ ਬਲੈਕ ਵਿੱਚ ਹੱਥੋਂ ਹੱਥੀ ਵੇਚਦੇ ਹਨ। ਇਹ ਡਰੱਗ ਮਾਫ਼ੀਆ ਕੁੱਝ ਸਿਆਸਤਦਾਨਾਂ ਨੂੰ ਵੀ ਆਪਣੇ ਹੱਥ ਹੇਠ ਰੱਖਦਾ ਹੈ। ਇਹਨਾਂ ਦੇ ਹੀ ਹੱਥ ਵਸ ਹੈ ਕਿ ਕਿਸ ਦੇਸ਼ ਦੀ ਸਰਕਾਰ ਬਣਾਉਣੀ ਹੈ ਤੇ ਡੇਗਣੀ ਹੈ, ਵੱਡੇ ਵੱਡੇ ਫੰਡ ਦੇ ਕੇ ਇਹ ਸਰਕਾਰਾਂ ਨੂੰ ਕਠਪੁਤਲੀਆਂ ਬਣਾ ਕੇ ਨਚਾਉਂਦੇ ਹਨ। ਉਹਨਾਂ ਨੂੰ ਵੀ ਸਤ੍ਹਾ ਖੁੱਸਣ ਦਾ ਡਰ ਹੁੰਦਾ ਹੈ ਸੋ ਇਸ ਵਿੱਚ ਨੁਕਸਾਨ ਲੋਕਾਂ ਦਾ ਹੁੰਦਾ ਹੈ। ਇਸ ਕਰਕੇ ਸਰਕਾਰਾਂ ਵੀ ਨਹੀਂ ਗੌਲ਼ਦੀਆਂ, ਮਤਲਬ ਕਿ ਇਹ ਸਾਰੇ ਰਲ਼ ਮਿਲ ਕੇ ਢਕੀ ਰਿੱਝੀ ਖਾਂਦੇ ਹਨ। ਇਤਿਹਾਸ ਗਵਾਹ ਹੈ ਕਿ 18 ਵੀਂ ਸਦੀ ਵਿੱਚ ਚੀਨ ਵਿੱਚ ਬਸਤੀਵਾਦੀਆਂ ਨੇ ਆਪਣੇ ਲਾਭ ਲਈ ਦੋ ਅਫ਼ੀਮ ਦੀਆਂ ਜੰਗਾਂ ਲੜੀਆਂ।ਏਸੇ ਤਰ੍ਹਾਂ 1984 ਦੇ ਇਰਦ ਗਿਰਦ ਦੀਆਂ ਅਖ਼ਬਾਰਾਂ ਦੀਆਂ ਸੁਰਖ਼ੀਆਂ ਸਨ ਕਿ ਪ੍ਰੈਜ਼ੀਡੈਂਟ ਰੀਗਨ ਦੇ ਸਮੇਂ ਨਿਕਾਰਾਗੁਆ ਦੀ ਨਵੀਂ ਬਣੀ ਲੋਕ ਰਾਇ ਸਰਕਾਰ ਨੂੰ ਡੇਗਣ ਲਈ ਸੀ. ਆਈ. ਏ ਵਲੋਂ ਡਰੱਗ ਦਾ ਇਸਤੇਮਾਲ ਕੀਤਾ ਗਿਆ। ਇੰਡੀਆ ਵਿੱਚ ਤਾਂ ਹਰੇਕ ਪਾਰਟੀ ਸ਼ਰਾਬ ਜਾਂ ਡਰੱਗ ਨੂੰ ਵਰਤ ਕੇ ਹੀ ਜਿੱਤ ਦੀ ਹੈ। ਡਰੱਗ ਦੇ ਗੈਰਕਾਨੂੰਨੀ ਹੋਣ ਕਰਕੇ ਇਸ ਦਾ ਲਾਭ ਬਹੁਤ ਹੁੰਦਾ ਹੈ ਅਰਥਾਤ ਪੈਸੇ ਦੇ ਜੋਰ ਤੇ ਪਾਵਰ ਹਥਿਆਉਣੀ ਸੌਖੀ ਹੈ। ਦੁਨੀਆਂ ਭਰ ਵਿੱਚ ਅਨੇਕਾਂ ਹੀ ਵੱਡੇ ਵੱਡੇ ਗੈਂਗ ਹਨ, ਉਹਨਾਂ ਦੀਆਂ ਆਪਣੀਆਂ ਸਰਕਾਰਾਂ ਹਨ, ਉਹ ਜੋ ਕੁੱਝ ਕਰਨਾ ਚਾਹੁੰਦੇ ਹਨ ਕਰਦੇ ਹਨ, ਉਹਨਾਂ ਨੂੰ ਕੋਈ ਹੱਥ ਨਹੀਂ ਪਾ ਸਕਦਾ। ਸਰਕਾਰਾਂ ਦੀ ਦੇਖ-ਰੇਖ ਵਿੱਚ ਹੀ ਇਸ ਦੇ ਆਯਾਤ-ਨਿਰਯਾਤ ਦਾ ਵਿਉਪਾਰ ਹੁੰਦਾ ਹੈ। ਜਿਨ੍ਹਾਂ ਨੂੰ ਫੜਿਆ ਜਾਂਦਾ ਹੈ ਉਹ ਗਲ਼ੀਆਂ ਵਿੱਚ ਨਿੱਕੀਆਂ ਨਿੱਕੀਆਂ ਪੁੜੀਆਂ ਵੇਚਣ ਵਾਲ਼ੇ ਹਨ। ਕੈਨੇਡਾ ਵਿੱਚ ਵੱਡੇ ਵੱਡੇ ਸੰਗਠਿਤ ਗੈਂਗ ਵੀ

ਹਨ।ਇਹ ਇਕੱਲੇ ਬੀ. ਸੀ. ਵਿੱਚ 120 ਗੈਂਗ ਕੰਮ ਕਰਦੇ ਹਨ ਤੇ ਜਿਨ੍ਹਾਂ ਵਿੱਚ 3000 ਤੋਂ ਵੱਧ ਮੁੰਡੇ ਕੰਮ ਕਰ ਰਹੇ ਹਨ।

ਜਦੋਂ ਅਸੀਂ ਆਰਥਿਕ ਕਾਰਣਾਂ ਦੀ ਗੱਲ ਕਰਦੇ ਹਾਂ ਉੱਥੇ ਸਮਾਜਿਕ ਕਾਰਣਾਂ ਦੀ ਗੱਲ ਕਰਨਾ ਵੀ ਜ਼ਰੂਰੀ ਹੈ।ਇਤਿਹਾਸ ਵੱਲ ਨਜ਼ਰ ਮਾਰਿਆਂ ਸਪੱਸ਼ਟ ਹੁੰਦਾ ਹੈ ਕਿ 19ਵੀਂ ਸਦੀ ਦੇ ਸ਼ੁਰੂ ਵਿੱਚ ਭਾਰਤੀ ਲੋਕ ਜਦੋਂ ਕੈਨੇਡਾ ਆਏ ਤਾਂ ਉਹਨਾਂ ਨੂੰ ਰੰਗ, ਨਸਲ ਦੇ ਅਧਾਰ ਤੇ ਕਿੰਨੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਕੈਨੇਡੀਅਨ ਕਮਿਊਨਿਟੀ ਵਿੱਚ ਇਸ ਗੱਲ ਨਾਲ਼ ਤਰੇੜ ਪਾਈ ਗਈ ਕਿ ਇਹ ਘੱਟ ਤਨਖ਼ਾਹ ‘ਤੇ ਕੰਮ ਕਰਦੇ ਹਨ। ਕਾਮਾਗਾਟਾਮਾਰੂ ਦੀ ਮਿਸਾਲ ਸਾਡੇ ਸਾਹਮਣੇ ਹੈ ਪਰ ਗ਼ਦਰੀ ਬਾਬਿਆਂ ਦੀ ਮਨੁੱਖਤਾਵਾਦੀ ਸਹੀ ਤੇ ਸਪੱਸ਼ਟ ਸੋਚ ਹੋਣ ਕਰਕੇ ਉਹਨਾਂ ਨੇ ਆਪਣੇ ਹੱਕਾਂ ਦੀ ਲੜਾਈ ਲੜੀ ਤੇ ਪਰਿਵਾਰਾਂ ਨੂੰ ਇਕੱਠੇ ਕਰਨ ਵਰਗੇ ਕਾਨੂੰਨ ਵੀ ਲਾਗੂ ਕਰਵਾਏ। ਇਸੇ ਲੜੀ ਤਹਿਤ 70ਵਿਆਂ ਵਿੱਚ ਵੀ ਭਾਰਤੀ ਕਮਿਊਨਿਟੀ ਨੂੰ ਨਸਲਵਾਦ ਦਾ ਸਾਹਮਣਾ ਕਰਨਾ ਪਿਆ। ਉਦੋਂ ਕੁੱਝ ਨਸਲੀ ਅਨਸਰ ਭਾਰਤੀ ਲੋਕਾਂ ਦੇ ਘਰਾਂ ਦੇ ਸ਼ੀਸ਼ੇ ਤੋੜ ਜਾਂਦੇ ਸਨ ਤੇ ਉਹਨਾਂ ‘ਤੇ ਨਸਲੀ ਅਵਾਜ਼ੇ ਕਸਦੇ ਸਨ। ਲੋਕਾਂ ਨੇ ਬੀ. ਸੀ., ਕੈਨੇਡਾ ਤੇ ਸਿਟੀ ਸਰਕਾਰ ਅਤੇ ਪੁਲੀਸ ਕੋਲ ਵਥੇਰੀਆਂ ਸ਼ਕਾਇਤਾਂ ਕੀਤੀਆਂ ਪਰ ਬੇਅਰਥ। ਸਗੋਂ ਭਾਰਤੀਆਂ ‘ਤੇ ਦੂਸ਼ਣ ਲਾਏ ਜਾਂਦੇ ਸਨ ਕਿ ਇਨ੍ਹਾਂ ਦੇ ਖਾਣਿਆਂ ਚੋਂ ਸਮੈੱਲ ਆਉਂਦੀ ਹੈ, ਇਹ ਸਾਡੇ ਵਰਗੇ ਕੱਪੜੇ ਨਹੀਂ ਪਾਉਂਦੇ ਹਨ ਆਦਿ। ਉਦੋਂ ਵੀ ਸਰਕਾਰਾਂ ਪੁਲੀਸ ਸਭ ਚੁੱਪ ਸਨ ਹਰ ਰੋਜ਼ ਦਾ ਡਰਾਮਾ ਦੇਖ ਰਹੇ ਸਨ ਪਰ ਜਦੋਂ ਈਸਟ ਇੰਡੀਅਨ ਡੀਫੈਂਸ ਕਮੇਟੀ ਅਤੇ ਹੋਰ ਜਥੇਬੰਦੀਆਂ ਦੀ ਅਗਵਾਈ ਵਿੱਚ ਕਮਿਊਨਿਟੀ ਇੱਕਮੁੱਠ ਹੋਈ ਤੇ ਨਸਲਵਾਦ ਦਾ ਮੁਕਾਬਲਾ ਆਹਮੋ ਸਾਹਮਣੇ ਨਸਲੀ ਲੋਕਾਂ ਨਾਲ ਦੋ ਹੱਥ ਕਰਕੇ ਕੀਤਾ ਤਾਂ ਸਰਕਾਰਾਂ ਤੇ ਪੁਲੀਸ ਵੀ ਹਰਕਤ ਵਿੱਚ ਆਈ ਸੀ। ਗ਼ਦਰੀ ਬਾਬਿਆਂ ਵੇਲੇ ਵੀ ਤੇ 70ਵਿਆਂ ਵਿੱਚ ਵੀ ਸਰਕਾਰਾਂ ਵਲੋਂ ਕਮਿਊਨਿਟੀ ਨੂੰ ਦੋਫਾੜ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ ਸਨ। ਹੁਣ ਵੀ ਮਾਪਿਆਂ ਸਿਰ ਦੋਸ਼ ਮੜ੍ਹ ਕੇ ਕਮਿਊਨਿਟੀ ਨੂੰ ਦੋਫਾੜ ਕੀਤਾ ਜਾ ਰਿਹਾ ਹੈ।ਅਸਲ ਵਿੱਚ ਜਦੋਂ ਲੋਕਾਂ ਨੂੰ ਮੁੱਦੇ ਤੋਂ ਭਟਕਾਉਣਾ ਹੋਵੇ ਤਾਂ ਇਹ ਹਥਿਆਰ ਸੱਤਾਧਾਰੀਆਂ ਦੀ ਲੋੜ ਹੁੰਦੀ ਹੈ, ਜੋ ਹੋ ਰਿਹਾ ਹੈ।

80ਵਿਆਂ ਵਿੱਚ ਗੈਂਗ ਕਲਚਰ ਹੋਂਦ ਵਿੱਚ ਆਇਆ, ਉਦੋਂ ਸਕੂਲਾਂ ਵਿੱਚ ਬੱਚਿਆਂ ਨੂੰ  ਨਸਲਵਾਦ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਸ ਸਮੇਂ ਘੱਟ ਗਿਣਤੀ ਬੱਚਿਆਂ ਨੂੰ ਰੰਗ, ਨਸਲ ਦੇ ਅਧਾਰ ਤੇ ਦੂਜੇ ਦਰਜ਼ੇ ਦੇ ਸ਼ਹਿਰੀ ਹੋਣ ਦਾ ਖਿਤਾਬ ਦਿੱਤਾ ਜਾ ਰਿਹਾ ਸੀ ਤਾਂ ਉਹਨਾਂ ਆਪਣੇ ਬਚਾਅ ਲਈ ਆਪਣੇ ਆਪਣੇ ਪਿਛੋਕੜ ਨਾਲ਼ ਸਬੰਧਤ ਗੈਂਗ ਬਣਾਏ ਸਨ ਮਸਲਨ ਪੰਜਾਬੀਆਂ ਦਾ ਗੈਂਗ,

ਵੀਅਤਨਾਮੀਆਂ ਦਾ ਗੈਂਗ ਆਦਿ। ਕਈ ਵਾਰ ਇਸ ਤਰ੍ਹਾਂ ਨੌਜਵਾਨ ਪੀੜ੍ਹੀ ਗ਼ਲਤ ਰਸਤੇ ਅਪਣਾ ਲੈਂਦੀ ਹੈ।ਇਸ ਦਾ ਸਾਰਾ ਫ਼ਾਇਦਾ ਡਰੱਗ ਡੀਲਰਾਂ ਨੇ ਲੈ ਲਿਆ। ਸੋ ਇਨ੍ਹਾਂ ਸਮਾਜਿਕ ਕਾਰਣਾਂ ਦਾ ਹੱਥ ਗੈਂਗਵਾਰ ਨੂੰ ਅੱਗੇ ਲਿਜਾਣ ਦਾ ਸੀ। ਇਸ ਦੇ ਨਾ.ਲ ਨਾ.ਲ ਸਾਡੇ ਗਵਾਂਢੀ ਦੇਸ਼ ਵਿੱਚ ਗੰਨ ਕਲਚਰ ਦਾ ਆਮ ਹੀ ਬੋਲਬਾਲਾ ਹੈ ਜਿਸ ਦਾ ਪ੍ਰਭਾਵ ਪੈਣਾ ਵੀ ਕੁਦਰਤੀ ਹੈ।ਅਮਰੀਕਾ ਵਿੱਚ ਤਾਂ ਹੁਣ ਲਗਾਤਾਰ ਹੀ ਇੱਕਾ ਦੁੱਕਾ ਨਹੀਂ ਸਗੋਂ ਕਿੰਨੇ ਕਿੰਨੇ ਲੋਕਾਂ ਦੇ ਸਮੂਹਕ ਕਤਲ ਕੀਤੇ ਜਾ ਰਹੇ ਹਨ। ਸਭਿਆਚਾਰਕ ਤੌਰ ‘ਤੇ ਵੀ ਗਾਣਿਆਂ ਵਿੱਚ ਅੰਗਰੇਜ਼ੀ ਦੇ ਗਾਣੇ ਹੋਣ ਜਾਂ ਪੰਜਾਬੀ ਦੇ ਉਹਨਾਂ ਵਿੱਚ ਵੀ ਗੰਨ ਕਲਚਰ ਨੂੰ ਉਭਾਰਿਆ ਜਾ ਰਿਹਾ ਹੈ ਕਿਉਂਕਿ ਅਮਰੀਕਾ ਨੇ ਤਾਂ ਆਪਣੇ ਹਥਿਆਰ ਵੇਚਣੇ ਹਨ ਤੇ ਸਾਰੀ ਦੁਨੀਆਂ ‘ਤੇ ਰੋਹਬ ਜਮਾਉਣਾ ਹੈ ਉਹਨਾਂ ਨੂੰ ਕੀ ਫਰਕ ਪੈਂਦਾ ਹੈ ਕਿ ਦੁਨੀਆਂ ਦੀ ਨੌਜਵਾਨ ਪੀੜ੍ਹੀ ਕਿੱਧਰ ਨੂੰ ਜਾ ਰਹੀ ਹੈ। ਜ਼ਿਆਦਾਤਰ ਹਥਿਆਰ ਤੇ ਡਰੱਗ ਅਮਰੀਕਾ ਦੇ ਰਸਤਿਆਂ ਵਿੱਚੋਂ ਹੀ ਕੈਨੇਡਾ ਪਹੁੰਚਦੇ ਹਨ।

ਦੂਸਰਾ ਪੱਖ ਹੈ ਕਿ ਡਰੱਗ ਵਿਕ ਰਹੀ ਹੈ, ਲੋਕ ਖ਼੍ਰੀਦ ਰਹੇ ਹਨ, ਖਾ ਰਹੇ ਹਨ ਤੇ ਧੜਾਧੜ ਮਰ ਵੀ ਰਹੇ ਹਨ। ਦੇਖਣ ਵਿੱਚ ਆ ਰਿਹਾ ਹੈ ਕਿ ਤੁਸੀਂ ਇੱਕ ਫੋਨ ਕਾਲ ਕਰੋ ਡਰੱਗ ਤੁਹਾਡੇ ਘਰ ਪਹੁੰਚ ਜਾਂਦੀ ਹੈ, ਕਿੰਨਾ ਸੌਖਾ ਕੰਮ ਹੈ ਮੌਤ ਦੇ ਰੂਬਰੂ ਹੋਣ ਦਾ। ਜਿਸ ਦੇ ਸਰਕਾਰੀ ਅੰਕੜੇ ਸਾਡੇ ਸਾਹਮਣੇ ਹਨ ਕਿ ਬੀ. ਸੀ. ਵਿੱਚ ਗੈਰਕਾਨੂੰਨੀ ਡਰੱਗ ਖਾ ਕੇ ਹਰ ਸਾਲ ਮੌਤਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਕਿਉਂਕਿ ਸਰਕਾਰਾਂ ਜਾਂ ਪੁਲੀਸ ਵਲੋਂ ਮਾਫਿਆਂ ਤੇ ਦੂਸ਼ਨ ਲਾਉਣ ਤੋਂ ਬਿਨ੍ਹਾਂ ਕੋਈ ਠੋਸ ਕਦਮ ਨਹੀਂ ਚੁੱਕੇ ਜਾ ਰਹੇ। ਕੁੱਝ ਕੁ ਕਲੀਨਿਕ ਖੋਹਲੇ ਗਏ ਹਨ ਜਿਨ੍ਹਾਂ ਵਿੱਚ ਸੁਰਖਿੱਅਤ ਟੀਕੇ ਜਾਂ ਸੂਈਆਂ ਦੀ ਵਰਤੋਂ ਕੀਤੀ ਜਾ ਰਹੀ ਹੈ ਪਰ ਮੌਤਾਂ ਦੀ ਗਿਣਤੀ ਦੇ ਹਿਸਾਬ ਨਾਲ ਇਹ ਕਾਫ਼ੀ ਨਹੀਂ। ਇਸਦਾ ਕਾਰਣ ਕੀ ਹੈ ? ਬਿਨ੍ਹਾਂ ਸ਼ੱਕ ਅਸੀਂ ਕਹਿ ਸਕਦੇ ਹਾਂ ਕਿ ਡਰੱਗ ਹੁਣ ਕੁੱਝ ਲੋਕਾਂ ਦੀ ਲੋੜ ਬਣ ਗਈ ਹੈ, ਉਹ ਉਸ ਨੂੰ ਪੂਰਾ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਦੇ ਹਨ ਤੇ ਕੁਛ ਲੋਕ ਉਹਨਾਂ ਦੀ ਮੰਗ ਨੂੰ ਪੂਰਾ ਕਰਨ ਲਈ ਗੈਰਕਾਨੂੰਨੀ ਤੌਰ ‘ਤੇ ਉਸ ਵਿੱਚ ਮਿਲਾਵਟ ਕਰਕੇ ਵੱਧ ਤੋਂ ਵੱਧ ਮੁਨਾਫ਼ਾ ਖੱਟਣ ਲਈ ਉਸ ਦੀ ਮਿਕਦਾਰ ਵਧਾ ਕੇ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਦਾਓ ਤੇ ਲਾ ਰਹੇ ਹਨ। ਉਸ ਵਿੱਚ ਅਜਿਹੇ ਰਸਾਇਣਕ ਤੱਤ ਪਾ ਦਿੱਤੇ ਜਾਂਦੇ ਹਨ ਜਿਨ੍ਹਾਂ ਦੀ ਕੁਆਲਿਟੀ ਤੇ ਮਿਕਦਾਰ ਦਾ ਕੋਈ ਪਤਾ ਨਹੀਂ ਹੁੰਦਾ। ਇਹ ਕਿਸੇ ਪ੍ਰਯੋਗਸ਼ਾਲਾ ਦੀ ਬਜਾਇ ਇਸ ਨੂੰ ਘਰਾਂ ਵਿੱਚ ਤਿਆਰ ਕੀਤਾ ਜਾ ਰਿਹਾ ਹੈ ਜਿੱਥੇ ਕੈਨੇਡਾ ਵਿੱਚ ਹਰ ਚੀਜ਼ ਪਾਸ ਹੋ ਕੇ ਲੈਵਲ ਲੱਗ ਕੇ ਮਾਰਕਿਟ ਵਿੱਚ ਆਉਂਦੀ ਹੈ ਪਰ ਇਹ ਮੌਤ ਦਾ ਸਮਾਨ ਹਰ ਗ.ਲੀ, ਮੁਹੱਲੇ, ਸ਼ਹਿਰ, ਕਸਬੇ ਦੀ ਹਰ ਨੁੱਕਰ ‘ਤੇ ਅਤੇ ਇਸ ਦੇ ਵਿਉਪਾਰੀ

ਸਿਟੀ ਹਾਲਾਂ, ਪੁਲੀਸ ਸਟੇਸ਼ਨਾਂ ਤੇ ਕੋਰਟਾਂ ਦੇ ਇਰਦ ਗਿਰਦ ਵਿਕਰੀ ਕਰਦੇ ਦੇਖੇ ਜਾ ਸਕਦੇ ਹਨ। ਜਿੱਥੇ ਇਹ ਨੌਜਵਾਨੀ ਤੇ ਲੈਰ੍ਹੀ ਉਮਰ ਦੇ ਮੁੰਡਿਆਂ ਨੂੰ ਨਿਗਲ਼ ਰਹੀ ਹੈ ਉੱਥੇ ਬਹੁਤ ਸਾਰੀਆਂ ਨਾਬਾਲਗ਼ ਲੜਕੀਆਂ ਵੀ ਇਸ ਡਰੱਗ ਗੈਂਗਵਾਰ ਵਿੱਚ ਸ਼ਾਮਲ ਹੋ ਰਹੀਆਂ ਹਨ, ਜਿਨ੍ਹਾਂ ਦਾ ਸਰੀਰਕ ਸ਼ੋਸ਼ਣ ਹੋ ਰਿਹਾ ਹੈ ਤੇ ਬਾਅਦ ਵਿੱਚ ਉਹ ਵੇਸਵਾ ਦਾ ਧੰਦਾ ਅਪਣਾਉਣ ਲਈ ਮਜ਼ਬੂਰ ਹੋ ਜਾਂਦੀਆਂ ਹਨ। ਉਹ ਇਹਨਾਂ ਨੂੰ ਤਾਂ ਵਰਤਦੇ ਹਨ ਕਿ ਛੋਟੇ ਬੱਚੇ ਅਤੇ ਬੱਚੀਆਂ ਸ਼ੱਕ ਦੇ ਘੇਰੇ ਵਿੱਚ ਘੱਟ ਆਉਂਦੇ ਹਨ।

ਜਿਹੜੇ ਛੋਟੇ ਬੱਚਿਆਂ ਨੇ ਅਜੇ ਵੱਧਣਾ ਫੁੱਲਣਾ ਹੈ ਉਹਨਾਂ ‘ਤੇ ਇਹ ਡਰੱਗ ਜਾਨਲੇਵਾ ਪ੍ਰਭਾਵ ਪਾਉਂਦੇ ਹਨ। ਇਹਨਾਂ ਦੇ ਸੇਵਨ ਨਾ਼ਲ ਦਿਲ, ਦਿਮਾਗ ਤੇ ਹੋਰ ਮਹੱਤਵਪੂਰਨ ਅੰਗ ਨੁਕਸਾਨੇ ਜਾਂਦੇ ਹਨ। ਕਹਿੰਦੇ ਹਨ ਕਿ ਕੋਕੀਨ ਦੇ ਨਾ਼ਲ ਦਿਲ ਦੇ ਦੌਰੇ ਦੀ ਸੰਭਾਵਨਾ ਵੱਧ ਜਾਂਦੀ ਹੈ। ਬੱਚੇ ਖੇਡਾਂ, ਕਸਰਤ ਤੇ ਸਰੀਰਕ ਕੰਮਾਂ ਵਲੋਂ ਅਵੇਸਲੇ ਹੋ ਜਾਂਦੇ ਹਨ। ਆਪਣੀ ਜ਼ਿੰਦਗੀ ਦੇ ਸਹੀ ਫੈਸਲੇ ਨਹੀਂ ਲੈ ਸਕਦੇ। ਹਰ ਵਕਤ ਕਰੋਧਤ ਹੁੰਦੇ ਰਹਿੰਦੇ ਹਨ। ਕਈ ਵਾਰ ਐਹੋ ਜਿਹੇ ਖ਼ਤਰੇ ਸਹੇੜਦੇ ਹਨ ਜਿਨ੍ਹਾਂ ਨਾਲ ਦੂਜਿਆਂ ਨੂੰ ਤਾਂ ਤਕਲੀਫ਼ ਹੁੰਦੀ ਹੀ ਹੈ ਪਰ ਉਹ ਆਪਣੇ ਆਪ ਨੂੰ ਵੀ ਬਹੁਤ ਤਕਲੀਫ਼ ਦਿੰਦੇ ਹਨ। ਡਰੱਗ ਖਾਣ ਵਾ਼ਲੇ ਡਰੱਗ ਤਸਕਰਾਂ ‘ਤੇ ਨਿਰਭਰ ਹੋ ਜਾਂਦੇ ਹਨ ਫਿਰ ਉਹ ਮਾੜੇ ਤੋਂ ਮਾੜਾ ਕੰਮ ਕਰਕੇ ਵੀ ਆਪਣੀ ਲੋੜ ਪੂਰੀ ਕਰਨੀ ਚਾਹੁੰਦੇ ਹਨ। ਜੇ ਛੱਡਣਾ ਚਾਹੁਣ ਤਾਂ ਪਸੀਨੇ ਨਾਲ ਭਿੱਜ ਜਾਂਦੇ ਹਨ, ਸਰੀਰ ਕੰਬਣ ਲੱਗਦਾ ਹੈ ਤੇ ਉਲਟੀਆਂ ਲੱਗ ਜਾਂਦੀਆਂ ਹਨ। ਇਹ ਇੱਕ ਹੋਰ ਮੁਸ਼ਕਲ ਦੀ ਘੜੀ ਹੈ ਜਿਸ ਤੋਂ ਡਰ ਕੇ ਉਹ ਲਗਾਤਾਰ ਇਸ ਨੂੰ ਖਾਣਾ ਪਸੰਦ ਕਰਦੇ ਹਨ ਤੇ ਨਿਕਲ ਨਹੀਂ ਸਕਦੇ। ਉਹ ਪੜਨੋਂ ਹੱਟ ਜਾਂਦੇ ਹਨ, ਚਿੰਤਾ ਤੇ ਨਾਂਹਵਾਚਕ ਖ਼ਿਆਲ ਉਨ੍ਹਾਂ ਦੇ ਮਨਾਂ ਵਿੱਚ ਉਤਪੰਨ ਹੋ ਜਾਂਦੇ ਹਨ, ਪੁਰਾਣੇ ਦੋਸਤਾਂ ਨਾਲੋਂ ਟੁੱਟ ਜਾਂਦੇ ਹਨ, ਕਲਾਸ ਵਿੱਚ ਸੌਂ ਜਾਂਦੇ, ਕਿਸੇ ਗੱਲ ਵੱਲ ਤਵੱਜੋ ਨਹੀਂ ਦੇ ਸਕਦੇ, ਖੰਘਦੇ ਰਹਿਣਾ, ਨੱਕ ਦਾ ਵਗਣਾ ਆਦਿ ਵਰਗੀਆਂ ਅਲਾਮਤਾਂ ਸੁਸਾਇਟੀ ਵਿੱਚ ਸ਼ਰਮਿੰਦਾ ਕਰਦੀਆਂ ਹਨ ਤੇ ਉਹ ਦੂਸਰਿਆਂ ਤੋਂ ਵੱਖ ਹੋ ਕੇ ਲੜਾਈਆਂ ਝਗੜਿਆਂ ਦੇ ਰਾਹ ਪੈ ਜਾਂਦੇ ਹਨ। ਬੱਚਿਆਂ ਨੂੰ ਇਸ ਤੋਂ ਬਚਾਉਣ ਲਈ ਇੱਕੋ ਇੱਕ ਢੰਗ ਡਰੱਗ ਨੂੰ ਕਾਨੂੰਨੀ (ਲੀਗਲ) ਕਰਨਾ ਹੀ ਹੈ। ਬਹੁਤੀ ਵਾਰ ਇਹੀ ਡਰੱਗਜ਼ ਸਾਨੂੰ ਡਾਕਟਰ ਲਿਖ ਕੇ ਦਿੰਦਾ ਹੈ ਜਦੋਂ ਅਸੀਂ ਬਿਮਾਰ ਹਾਂ। ਪਰ ਉਸ ਦੀ ਮਿਕਦਾਰ ਡਾਕਟਰ ਨੂੰ ਪਤਾ ਹੈ ਕਿ ਸਾਡਾ ਸਰੀਰ ਕਿੰਨਾ ਇਸ ਨੂੰ ਝੱਲ ਸਕਦਾ ਹੈ ਇਸ ਕਰਕੇ ਨੁਕਸਾਨ ਨਹੀਂ ਹੁੰਦਾ। ਅੰਕੜੇ ਦੱਸਦੇ ਹਨ ਕਿ ਗੈਰਕਾਨੂੰਨੀ ਡਰੱਗ ਖਾ ਕੇ 1422 ਲੋਕ ਪਿਛਲੇ ਸਾਲ ਮਰੇ, ਉਹਨਾਂ ਵਿੱਚੋਂ 90% ਲੋਕ ਇਸ ਅਣਆਈ ਮੌਤ ਮਰਨ ਸਮੇਂ ਆਪਣੇ ਬੈਡਰੂਮ ਵਿੱਚ ਇਕੱਲੇ ਸਨ ਇਸ ਦਾ ਕਾਰਣ

ਇਸ ਦੀ ਗੈਰਕਾਨੂੰਨੀ ਵਿਕਰੀ ਹੈ। ਅਗਰ ਇਹ ਕਾਨੂੰਨ ਦੇ ਦਾਇਰੇ ਵਿੱਚ ਆ ਜਾਂਦੀ ਹੈ ਤਾਂ ਅਸਲੀ ਰੂਪ ਵਿੱਚ ਦਵਾਈਆਂ ਵਾਂਗ ਲੈਵਲ ਲੱਗ ਕੇ ਮਿਲੇਗੀ। ਇਸ ਨਾਲ਼ ਬਹੁਤ ਸਾਰੇ ਜੁਰਮ ਜਿਹੜੇ ਡਰੱਗ ਨਾਲ਼ ਸਬੰਧਤ ਹਨ ਜਿਵੇਂ ਗੈਂਗਵਾਰ, ਅਗਵਾਹ, ਲੁੱਟਮਾਰ, ਹਿੰਸਕ ਘਟਨਾਵਾਂ, ਲੜਾਈ ਝਗੜੇ, ਚੋਰੀ, ਫਰਾਡ, ਮੌਤਾਂ, ਕਤਲ, ਵੇਸਵਾ ਧੰਦਾ ਵਰਗੇ ਸ਼ਬਦ ਜੋ ਸਾਡੀ ਜ਼ਿੰਦਗੀ ਦਾ ਦਿਨ ਪ੍ਰਤੀ ਦਿਨ ਹਿੱਸਾ ਬਣਦੇ ਜਾ ਰਹੇ ਹਨ, ਤੋਂ ਛੁਟਕਾਰਾ ਪੈ ਸਕਦਾ ਹੈ। ਡਰੱਗ ਇੱਕ ਆਦਤ ਨਹੀਂ ਬਿਮਾਰੀ ਹੈ ਜਿਸ ਦਾ ਇਲਾਜ ਹੋਣਾ ਚਾਹੀਦਾ ਹੈ। 18 ਸਾਲ ਤੋਂ ਘੱਟ ਉਮਰ ਦੇ ਬੱਚੇ ਇਸ ਵਿੱਚ ਗੁੰਮਰਾਹ ਨਹੀਂ ਹੋ ਸਕਣਗੇ। ਹੁਣ ਨਾਬਾਲਗ ਬੱਚੇ ਕੈਨੇਡਾ ਵਿੱਚ ਸਿਗਰਟ ਦਾ ਪੈਕਟ, ਸ਼ਰਾਬ, ਮਾਚਸ, ਲਾਈਟਰ ਨਹੀਂ ਖ਼੍ਰੀਦ ਸਕਦੇ। ਸ਼ਰਾਬ ‘ਤੇ ਲੱਗੇ ਟੈਕਸ ਵਾਂਗ ਇਸ ਤੋਂ ਪ੍ਰਾਪਤ ਹੋਣ ਵਾਲ਼ੇ ਟੈਕਸ ਦੀ ਆਮਦਨ ਨਾਲ਼, ਇਸ ਦੀ ਰੋਕਥਾਮ ‘ਤੇ ਕੰਮ ਕੀਤਾ ਜਾ ਸਕਦਾ ਹੈ। ਯਾਦ ਰਹੇ  ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿੱਚ 1919 ਵਿੱਚ ਜਦੋਂ 18ਵੀਂ ਸੰਵਿਧਾਨਕ ਸੋਧ ਹੋਈ ਤਾਂ ਸ਼ਰਾਬ ਨੂੰ ਗੈਰਕਾਨੂੰਨੀ ਕਰ ਦਿੱਤਾ ਗਿਆ ਜਿਸ ਨੇ ਐਲ ਕੋਪੇਨ ਵਰਗੇ ਗੈਂਗਸਟਰ ਤੇ ਗੈਂਗ ਕਲਚਰ ਪੈਦਾ ਕਰ ਦਿੱਤਾ ਇਸ ਨਾਲ਼ 13-14 ਸਾਲਾਂ ਦੇ ਵਿੱਚ ਜ਼ੁਲਮ ਚਰਮ ਸੀਮਾ ‘ਤੇ ਪਹੁੰਚ ਗਿਆ ਤਾਂ ਫਿਰ 1933 ਵਿੱਚ 21ਵੀਂ ਸੰਵਿਧਾਨਕ ਸੋਧ ਹੇਠ ਸ਼ਰਾਬ ਨੂੰ ਕਾਨੂੰਨੀ ਕੀਤਾ ਗਿਆ ਜਿਸ ਕਰਕੇ ਅੱਜ ਕਿਤੇ ਵੀ ਕੋਈ ਸ਼ਰਾਬ ਦੇ ਗੈਂਗ ਨਹੀਂ ਹਨ। ਨਿਰਸੰਦੇਹ ਜਿਹੜੇ ਦੇਸ਼ਾਂ ਨੇ ਡਰੱਗ ਨੂੰ ਵੀ ਦਾਇਰੇ ਵਿੱਚ ਲਿਆ ਕੇ ਇਸ ਦਾ ਸੇਵਨ ਕੀਤਾ ਹੈ ਉੱਥੇ ਜੁਰਮ ਘਟਿਆ ਹੀ ਹੈ ਜਿਵੇਂ ਪੁਰਤਗਾਲ, ਆਸਟ੍ਰੇਲੀਆ, ਆਫ਼ਗਾਨਿਸਤਾਨ ਜਾਂ ਭਾਰਤ ਦੇ ਕੁੱਝ ਹਿੱਸਿਆਂ ਆਦਿ ਵਿੱਚ।

ਡਰੱਗ ਦੀ ਮੁਸ਼ਕਲ ਨੂੰ ਸਿਹਤ ਦੀ ਮੁਸ਼ਕਲ ਵਜੋਂ ਲੈਣਾ ਚਾਹੀਦਾ ਹੈ ਨਾ ਕਿ ਜੁਰਮ ਦੀ ਮੁਸ਼ਕਲ ਵਜੋਂ ਸਮਝਿਆ ਜਾਣਾ ਚਾਹੀਦਾ ਹੈ। ਇਸ ਵਿੱਚ ਪੁਲੀਸ ਭਰਤੀ ਦੀ ਲੋੜ ਨਹੀਂ ਸਗੋਂ ਮਰੀਜ਼ਾਂ ਨੂੰ ਇਲਾਜ ਦੀ ਲੋੜ ਹੈ। ਜਦੋਂ ਇਹ ਡਰੱਗ ਸਟੋਰਾਂ ‘ਤੇ ਵਿਕੇਗੀ, ਲੋਕ ਆਪਣੀ ਮਰਜ਼ੀ ਨਾਲ਼ ਖਾ ਸਕਣਗੇ ਜਿਵੇਂ ਸ਼ਰਾਬ ਠੇਕਿਆਂ ਤੋਂ ਮਿਲਦੀ ਹੈ, ਉਸ ਦੇ ਨਫ਼ੇ ਨੁਕਸਾਨ ਤੇ ਮਿਕਦਾਰ ਬਾਰੇ ਪੂਰੀ ਜਾਣਕਾਰੀ ਦਿੱਤੀ ਹੁੰਦੀ ਹੈ। ਗੈਰਕਾਨੂੰਨੀ ਡਰੱਗ ਵਿੱਚ ਘਟੀਆ ਕਿਸਮ ਦੇ ਮਾਰੂ ਕੈਮੀਕਲ ਉਹ ਲੋਕ ਮਿਲਾਉਂਦੇ ਹਨ ਜਿਨ੍ਹਾਂ ਦਾ ਸਿਰਫ਼ ਤੇ ਸਿਰਫ਼ ਮਤਲਬ ਮੁਨਾਫ਼ਾ ਕਮਾਉਣ ਤੋਂ ਹੈ। ਇਨ੍ਹਾਂ ਅਣਆਈ ਮੌਤ ਮਰਨ ਵਾਲਿਆਂ ਨੂੰ ਬੰਦ ਕਮਰਿਆਂ ਵਿੱਚੋਂ ਚੱਕ ਕੇ ਓਵਰਡੋਜ਼ ਨਾਲ਼ ਹੋਈ ਮੌਤ ਦਾ ਠੱਪਾ ਲਾ ਕੇ ਕ੍ਰਿਆ ਕਰਮ ਕਰ ਦਿੱਤਾ ਜਾਂਦਾ ਹੈ। ਇਸ ਦਾ ਕੋਈ ਦੋਸ਼ੀ ਚਾਰਜ ਨਹੀਂ ਕੀਤਾ ਜਾਂਦਾ। ਇਸ ਤਰ੍ਹਾਂ ਦੀਆਂ ਮਨੁੱਖਤਾ ਦੀਆਂ ਮੌਤਾਂ ਨੂੰ ਅਸੀਂ ਚੁੱਪ ਕਰਕੇ ਸਵੀਕਾਰੀ ਜਾ ਰਹੇ ਹਾਂ। ਇਸ ਪਿਛਲੇ ਕਾਰਣ ਵੱਲ ਨਾ ਸਰਕਾਰ ਧਿਆਨ ਦਿੰਦੀ ਹੈ ਤੇ ਨਾ ਹੀ ਕੋਈ

ਧਿਆਨ ਦਵਾ ਰਿਹਾ ਹੈ ਜੋ ਅੱਜ ਬਹੁਤ ਜ਼ਰੂਰੀ ਬਣ ਗਿਆ ਹੈ। ਅਗਰ ਡਰੱਗ ਕਾਨੂੰਨੀ ਹੋ ਗਈ ਤਾਂ ਹਰ ਵਿਅਕਤੀ ਆਪਣੀ ਲੋੜ ਮੁਤਾਬਕ ਮਾਹਰਾਂ ਦੇ ਕਹਿਣ ਮੁਤਾਬਕ ਫਾਰਮੇਸੀ ਵਾਂਗ ਅਜਿਹੀਆਂ ਕਲੀਨਿਕਾਂ ਤੋਂ ਖ਼੍ਰੀਦੇਗਾ ਜਿਨ੍ਹਾਂ ਕੋਲ ਇਸਨੂੰ ਵੇਚਣ ਦਾ ਲਾਇਸੰਸ ਹੋਵੇਗਾ।ਸਰਕਾਰ ਨੂੰ ਚਾਹੀਦਾ ਹੈ ਕਿ ਇਕੱਲੀ ਡਰੱਗ ਦਾ ਮਸਲਾ ਹੀ ਨਹੀਂ ਜੋ ਵੀ ਪੁਰਾਣੇ ਤੇ ਥੋਥੇ ਹੋ ਚੁੱਕੇ 150 ਸਾਲ ਪੁਰਾਣੇ ਕਾਨੂੰਨ ਚਲੇ ਆ ਰਹੇ ਹਨ, ਸਮਾਜ ਦੇ ਬਦਲਣ ਮੁਤਾਬਕ ਉਹਨਾਂ ਵਿੱਚ ਵੀ ਸੋਧਾਂ ਹੋਣੀਆਂ ਬਹੁਤ ਜ਼ਰੂਰੀ ਹਨ। ਸਾਡੇ ਗਵਾਂਢੀ ਦੇਸ਼ ਅਮਰੀਕਾ ਨੇ 1971 ਵਿੱਚ ਇਸ ਨੂੰ ਲੀਗਲ ਕਰਨ ਦੀ ਬਜਾਇ 'ਡਰੱਗਜ਼ ਔਨ ਵਾਰ' ਇੱਕ ਨੀਤੀ ਘੜੀ ਜਿਸ ਵਿੱਚ ਲੋਕਾਂ ਦੇ ਇਸ ਤੋਂ ਬਚਾਅ ਲਈ ਹਰ ਸਾਲ 50-51 ਬਿਲੀਅਨ ਡਾਲਰ ਦੇ ਲੱਗਭੱਗ ਹਰ ਸਾਲ ਖ਼ਰਚਾ ਕੀਤਾ ਜਾਂਦਾ ਹੈ ਪਰ ਉੱਥੇ ਸਭ ਤੋਂ ਵੱਧ ਜ਼ੁਰਮ ਹੋ ਰਿਹਾ ਹੈ ਤੇ ਡਰੱਗ ਵਿਕ ਰਹੀ ਹੈ। ਉੱਥੇ ਇਹ ਵੀ ਕਾਨੂੰਨ ਹੈ ਕਿ ਤਿੰਨ ਵਾਰ ਡਰੱਗ ਫੜ੍ਹਨ 'ਤੇ ਜੇਲ੍ਹ ਹੋਵੇਗੀ ਪਰ... ਜਰਾਇਮ ਪੇਸ਼ਾ ਲੋਕ ਖੁੱਲ੍ਹੇਆਮ ਫਿਰ ਰਹੇ ਹਨ।

ਅੰਤ ਵਿੱਚ ਮਾਪੇ ਬੱਚੇ ਨਹੀਂ ਸਾਂਭ ਦੇ ਵਾਲ਼ੀ ਜਾਂ ਪੁਲੀਸ ਉਹਨਾਂ ਨੂੰ ਫੜਦੀ ਨਹੀਂ ਵਾਲ਼ੀ ਬਲੇਮ ਗੇਮ (ਦੂਸ਼ਨਬਾਜ਼ੀ) ਵਾਲ਼ੀ ਕਹਾਣੀ ਜੋ ਪੁਰਾਣੀ ਹੋ ਚੁੱਕੀ ਹੈ ਉਸ ਵਿੱਚੋਂ ਬਾਹਰ ਨਿਕਲੀਏ ਤੇ ਇਕੱਠੇ ਹੋ, ਗੰਭੀਰਤਾ ਨਾਲ਼ ਸੋਚੀਏ ਕਿ ਹੁਣ ਲੋਕ ਗੋਲ਼ੀ ਨਾਲ਼ ਐਨੇ ਨਹੀਂ ਸਗੋਂ ਓਵਰਡੋਜ਼ ਨਾਲ਼ ਵੱਧ ਮਾਤਰਾ ਵਿੱਚ ਮਰ ਰਹੇ ਹਨ, ਕਿਸੇ ਨੂੰ ਪਤਾ ਵੀ ਨਹੀਂ ਹੁੰਦਾ ਕਿ ਕੌਣ, ਕਦੋਂ, ਕਿੱਥੇ, ਅਮੀਰ, ਗਰੀਬ, ਛੋਟਾ, ਵੱਡਾ, ਕੁੜੀ, ਮੁੰਡਾ ਕਿੱਥੇ, ਕਿਸ ਵੇਲ਼ੇ ਮਰਿਆ ਮਿਲ ਜਾਵੇਗਾ। ਇਸ ਲਈ ਸਾਨੂੰ ਸਰਕਾਰ ਤੇ ਜ਼ੋਰ ਪਾਉਣਾ ਚਾਹੀਦਾ ਕਿ ਜਿਹੜੇ ਵੀ ਆਰਥਿਕ, ਸਮਾਜਿਕ, ਰਾਜਨੀਤਕ ਤੇ ਸਭਿਆਚਾਰਕ ਕਾਰਣ ਹਨ ਉਨ੍ਹਾਂ ਤੇ ਵੀ ਗੌਰ ਕੀਤੀ ਜਾਵੇ ਅਤੇ ਆਉਣ ਵਾਲੇ ਸਾਡੇ ਬੱਚੇ ਸਾਡਾ ਭਵਿੱਖ ਨੂੰ ਬਚਾਉਣ ਲਈ ਕਾਨੂੰਨਾਂ ਵਿੱਚ ਤਬਦੀਲੀ ਕਰਕੇ ਯੋਗ ਕਦਮ ਉਠਾਏ ਜਾਣ, ਨਹੀਂ ਤਾਂ ਨਤੀਜੇ ਸਾਡੇ ਸਾਹਮਣੇ ਹਨ। ਆਓ ਸਾਰੇ ਇਕੱਠੇ ਹੋ ਕੇ ਬੱਚਿਆਂ ਦੀਆਂ ਜ਼ਿੰਦਗੀਆਂ ਨੂੰ, ਆਪਣੇ ਲਾਭ ਲਈ ਵਰਤਣ ਵਾਲ਼ੇ ਕੁੱਝ ਮੁੱਠੀ ਭਰ ਲੋਕਾਂ ਦੀ ਬੇਗੈਰਤੀ ਨੂੰ ਲਲਕਾਰੀਏ ਤੇ ਇਸ ਦਾ ਕਾਨੂੰਨੀਕਰਣ ਕਰਨ ਲਈ ਬਲੇਮ ਗੇਮ ਵਿੱਚੋਂ ਬਾਹਰ ਨਿਕਲ ਕੇ ਕੁੱਝ ਚੰਗਾ ਸੋਚੀਏ, ਕਰੀਏ ਤੇ ਅਸਲੀ ਦੁਸ਼ਮਣ ਨੂੰ ਪਛਾਣੀਏ ਅਤੇ ਇਸ ਸਮਾਜ ਲਈ ਆਪਣੇ ਫਰਜ਼ਾਂ ਦੀ ਪੈਰ੍ਹਵੀ ਕਰੀਏ।

□□□

---

**ਨੋਟ**: ਇਹ ਲੇਖ 2018 ਵਿੱਚ ਲਿਖਿਆ ਸੀ ਪਰ ਗੈਂਗਵਾਰ ਵਿੱਚ ਹੋਏ ਕਤਲਾਂ ਦੇ ਕੁੱਝ ਸਰਕਾਰੀ ਅੰਕੜੇ ਬਾਅਦ ਵਿੱਚ ਸ਼ਾਮਲ ਕੀਤੇ ਹਨ।)

# ਨਸ਼ਿਆਂ ਦੀ ਮਹਾਂਮਾਰੀ ਨਾਲ ਜੂਝਦੇ ਬੀ.ਸੀ. ਦੇ ਲੋਕ

ਕੈਨੇਡਾ ਦਾ ਬ੍ਰਿਟਿਸ਼ ਕਲੰਬੀਆ ਸੂਬਾ ਇਸ ਸਮੇਂ ਦੋ ਅਜਿਹੀਆਂ ਘਾਤਕ ਮਨੁੱਖਤਾ ਮਾਰੂ ਅਲਾਮਤਾਂ ਦੇ ਡਰ ਵਿੱਚ ਜੀਅ ਰਿਹਾ ਹੈ। ਇਸ ਕਰ ਕੇ ਹਰ ਕੋਈ ਡਰਦਾ ਹੈ ਕਿ ਉਹ ਜਾਂ ਉਹ ਦਾ ਪਰਿਵਾਰ, ਮਿੱਤਰ-ਦੋਸਤ, ਸਕੇ-ਸਬੰਧੀ ਇਨ੍ਹਾਂ ਦੀ ਲਪੇਟ ਵਿੱਚ ਨਾ ਆ ਜਾਣ। ਪਹਿਲੀ ਇਹ ਕਿ ਨੌਜਵਾਨ ਚੜ੍ਹਦੀ ਉਮਰ ਦੇ ਬੱਚਿਆਂ ਦੀਆਂ ਮੌਤਾਂ ਗੈਂਗਵਾਰ ਵਿੱਚ ਹੋ ਰਹੀਆਂ ਹਨ। ਜਿਸ ਵਿੱਚ ਤੀਏ ਦਿਨ ਗੋਲ਼ੀ ਚੱਲਦੀ ਹੈ, ਕੌਣ, ਕਦੋਂ ਤੇ ਕਿਵੇਂ ਇਸ ਦੀ ਲਪੇਟ ਵਿੱਚ ਆ ਸਕਦਾ ਹੈ ਪਤਾ ਹੀ ਨਹੀਂ। ਦੂਸਰੀ ਵੀ ਇਸ ਦੀ ਹੀ ਕੜੀ ਓਵਰਡੋਜ਼ ਨਾਲ ਮੌਤ ਹੋਣਾ ਜਾਣਿ ਕਿ ਜ਼ਹਿਰੀਲੀ ਡਰੱਗ ਦਾ ਇਸਤੇਮਾਲ ਕਰਕੇ ਮਰ ਜਾਣਾ। ਦੋਨਾਂ ਵਿੱਚ ਵਸਦੀ-ਰਸਦੀ ਜ਼ਿੰਦਗੀ ਦਾ ਅੰਤ ਹੈ ਜੋ ਕਿਸੇ ਉਮਰ, ਤਾਕਤ, ਲਿੰਗ, ਰੰਗ, ਧਰਮ, ਜਾਤ-ਪਾਤ ਤੇ ਸਭਿਆਚਾਰ ਦੇ ਬਿਖੇੜੇ ਤੋਂ ਬਿਨ੍ਹਾਂ ਹੀ ਹੋ ਜਾਂਦਾ ਹੈ। ਓਵਰਡੋਜ਼ ਜੋ ਸਾਡੀ ਮੌਜੂਦਾ ਪੀੜ੍ਹੀ ਨੂੰ ਚੁਪ-ਚੁਪੀਤੇ ਹੀ ਨਿਗ਼ਲ਼ ਰਹੀ ਹੈ, ਇਸ 'ਤੇ ਗੱਲ ਕਰਨੀ ਬਹੁਤ ਜ਼ਰੂਰੀ ਹੈ ਕਿਉਂਕਿ ਹਰ ਰੋਜ਼ ਇਸ ਦੀ ਗਿਣਤੀ ਦਿਨੋ ਦਿਨ ਘੱਟਣ ਦੀ ਬਜਾਇ ਵੱਧ ਰਹੀ ਹੈ। ਹਰ ਮਨੁੱਖੀ ਮਨ ਦੇ ਸਾਹਮਣੇ ਜਦੋਂ ਇਹ ਗੱਲ ਆਉਂਦੀ ਹੈ ਤਾਂ ਬਹੁਤ ਸਾਰੇ ਸਵਾਲ ਸਾਡੇ ਮੂਹਰੇ ਮੂੰਹ ਅੱਡੀ ਖੜ੍ਹੇ ਹਨ। ਜਿਵੇਂ ਅਸਲ ਵਿੱਚ ਡਰੱਗ ਜਾਂ ਮਿਲਾਵਟੀ ਡਰੱਗ ਕੀ ਹੈ? ਇਸ ਦੇ ਪਿੱਛੇ ਕੰਮ ਕਰ ਰਹੀਆਂ ਤਾਕਤਾਂ ਕੌਣ ਹਨ? ਲੋਕ ਡਰੱਗ ਖਾ ਖਾ ਕੇ ਆਪਣੀ ਜੀਵਨ ਲੀਲਾ ਖ਼ਤਮ ਕਿਉਂ ਕਰ ਰਹੇ ਹਨ? ਸਰਕਾਰਾਂ ਦੇ ਰੋਕਥਾਮ ਕਰਨ ਦੇ ਨਾਲ਼ ਨਾਲ਼ ਮੌਤਾਂ ਦੀ ਗਿਣਤੀ ਫਿਰ ਕਿਉਂ ਵੱਧ ਰਹੀ ਹੈ? ਕੀ ਦੁਨੀਆਂ ਵਿੱਚ ਜਾਣ ਪਛਾਣ ਰੱਖਣ ਵਾਲਾ ਕੈਨੇਡਾ ਦਾ ਸਿਹਤ ਸੰਭਾਲ ਸਿਸਟਮ ਇੱਥੇ ਆ ਕੇ ਫੇਲ਼੍ਹ ਹੋ ਗਿਆ ਹੈ ਤੇ ਕਿਵੇਂ?

ਅਸਲ ਵਿੱਚ ਡਰੱਗ ਕੁੱਝ ਪੌਦਿਆਂ ਤੋਂ ਪੈਦਾ ਹੋਣ ਵਾਲਾ ਰਸ ਹੀ ਹੈ ਜਿਸ ਨੂੰ ਖਾਣ ਨਾਲ਼ ਮਨੁੱਖ ਕੁੱਝ ਸਮੇਂ ਲਈ ਅਵਚੇਤਨ ਸਥਿਤੀ ਵਿੱਚ ਵਿਚਰਨ ਲੱਗਦਾ ਹੈ ਅਤੇ ਆਪਣੇ ਆਪ ਨੂੰ ਚੰਗਾ ਮਹਿਸੂਸ ਕਰਵਾਉਣ ਲਈ (ਡਇਲ ਬਏਟਟਇਰ) ਆਪਣੇ ਸਾਰੇ ਦੁੱਖ-ਤਕਲੀਫ਼, ਫ਼ਿਕਰ-ਚਿੰਤਾਵਾਂ ਤੇ ਜ਼ਿੰਮੇਵਾਰੀਆਂ ਤੋਂ ਮੁਕਤ ਹੋ ਕੇ ਆਪਣੇ ਆਪ ਨੂੰ ਹੌਲ਼ਾ ਫੁੱਲ ਮਹਿਸੂਸ ਕਰਦਾ ਹੈ। ਇਹ ਪੌਦਿਆਂ ਤੋਂ ਪ੍ਰਾਪਤ ਹੋਣ ਵਾਲਾ ਨਸ਼ਾ ਕੁੱਝ ਸਮਾਂ ਅਸਰ ਕਰਕੇ ਫਿਰ ਮਨੁੱਖ ਸਾਧਾਰਣ ਸਥਿਤੀ ਵਿੱਚ ਆ ਜਾਂਦਾ ਹੈ, ਉਸ ਦਾ ਸਰੀਰ ਤੇ ਕੋਈ ਬਹੁਤਾ ਅਸਰ ਨਹੀਂ ਹੁੰਦਾ। ਜਿਸ ਤੋਂ ਸਪੱਸ਼ਟ ਹੈ ਕਿ ਭਾਰਤ ਵਿੱਚ ਅਫ਼ੀਮ ਖਾਣ ਵਾਲ਼ੇ ਲੋਕ ਆਪਣੇ

ਆਪ ਨੂੰ ਤਕੜਾ ਮਹਿਸੂਸ ਕਰ ਕੇ ਵੱਧ ਕੰਮ ਕਰਦੇ ਸਨ ਅਤੇ ਲੰਬੀ ਉਮਰ ਵੀ ਭੋਗਦੇ ਸਨ। ਹੁਣ ਫਿਰ ਇਸ ਡਰੱਗ ਨੂੰ ਕੀ ਹੋ ਗਿਆ ਕਿ ਲੋਕ ਸਾਰੀ ਦੁਨੀਆਂ ਜਾਂ ਦੂਰ ਨਾ ਹੀ ਜਾਓ, ਕੈਨੇਡਾ ਜਾਂ ਇੰਡੀਆ ਦੀਆਂ ਨਿੱਤ ਦਿਨ ਦੀਆਂ ਖ਼ਬਰਾਂ ਵਿੱਚ ਅਨੇਕਾਂ ਲੋਕ ਮਰ ਰਹੇ ਹਨ ਕਿਉਂ? ਕੀ ਕਾਰਣ ਹਨ? ਇਸ ਦਾ ਸਿਰਾ ਲੱਭਣ ਵਿੱਚ ਕੀ ਸਰਕਾਰਾਂ ਨਾਕਾਮ ਸਿੱਧ ਹੋ ਰਹੀਆਂ ਹਨ? ਅਸਲ ਵਿੱਚ ਇਹ ਪੁਰਾਣੀ ਡਰੱਗ ਉਹ ਡਰੱਗ ਹੈ ਹੀ ਨਹੀਂ ਇਹ ਤਾਂ ਗੈਰਕਾਨੂੰਨੀ ਮਿਲਾਵਟੀ ਡਰੱਗ ਹੈ ਜਿਸ ਵਿੱਚ ਬਹੁਤ ਹੀ ਖ਼ਤਰਨਾਕ ਕਿਸਮ ਦੇ ਸਸਤੇ ਕੈਮੀਕਲ (ਫੈਂਟੇਨਲ, ਕਾਰਫੈਂਟੇਨਲ ਆਦਿ) ਜੋ ਤੱਟ ਫੱਟ ਨਸ਼ਾ ਕਰ ਦੇਣ, ਨੂੰ ਮਿਲਾ ਕੇ ਬਣਾਈ ਜਾਂਦੀ ਹੈ ਅਤੇ ਗੈਰਕਾਨੂੰਨੀ ਢੰਗ ਨਾਲ਼ ਸਟਰੀਟ ਡਰੱਗ ਦੇ ਰੂਪ ਵਿੱਚ ਹੱਥੋ-ਹੱਥੀ ਵੇਚੀ ਜਾਂਦੀ ਹੈ। ਇਸ ਦੀ ਮਾਰ ਹੇਠ ਆਉਣ ਵਾਲ਼ੇ ਮੁਲਜ਼ਮ ਤਾਂ ਕੋਈ ਸਬੂਤ ਵੀ ਨਹੀਂ ਦੇ ਸਕਦੇ ਕਿ ਕਿੱਥੋਂ ਲਈ? ਕਿਉਂ ਲਈ? ਕਿਸ ਤੋਂ ਲਈ? ਆਦਿ ਕਿਉਂਕਿ ਇਹ ਸਣੇ ਸਬੂਤ ਦੇ ਹੀ ਜ਼ਿੰਦਗੀ ਨਿਗ਼ਲ ਜਾਂਦੀ ਹੈ। ਫਿਰ ਵੀ ਧੜਾ ਧੜ ਵਿਕ ਰਹੀ ਹੈ, ਲੋਕ ਖਾ ਰਹੇ ਹਨ ਤੇ ਆਪਣੀ ਮੌਤ ਦੇ ਰੂਬਰੂ ਹੋ ਕੇ ਬਾਕੀ ਪਰਿਵਾਰ ਨੂੰ ਜਿਲ਼੍ਹਣ ਵਿੱਚ ਧੱਕ ਰਹੇ ਹਨ।ਹੋਰ ਕਿਸੇ ਸਿੱਟੇ ਤੇ ਪਹੁੰਚਣ ਤੋਂ ਪਹਿਲਾਂ ਮੈਂ ਕੁੱਝ ਪਿਛਲੇ ਸਾਲਾਂ ਦੇ ਸਰਕਾਰੀ ਅੰਕੜੇ ਤੁਹਾਡੇ ਨਾਲ਼ ਸਾਂਝੇ ਕਰ ਰਹੀ ਹਾਂ ਕਿ ਬੀ.ਸੀ. ਵਿੱਚ ਇਹ ਮਿਲਾਵਟੀ ਗੈਰਕਾਨੂੰਨੀ ਡਰੱਗ ਖਾ ਕੇ 2014 ਵਿੱਚ 370 ਲੋਕ ਮਰੇ, ਫਿਰ 2015 ਵਿੱਚ ਇਹ ਗਿਣਤੀ 529 ਹੋ ਗਈ, 2016 ਵਿੱਚ 996, 2017 ਵਿੱਚ ਇਹ 1495, 2018 ਵਿੱਚ 1561, 2019 ਵਿੱਚ ਇਹ ਗਿਣਤੀ ਕੋਵਿਡ ਕਰਕੇ ਥੋੜ੍ਹਾ ਘੱਟ ਕੇ 990 ਹੋ ਗਈ। ਪਰ 2020 ਵਿੱਚ ਫਿਰ 1774, 2021 ਵਿੱਚ 2302, 2022 ਵਿੱਚ 2388, 2023 ਵਿੱਚ 2558 ਮਤਲਬ ਕਿ ਹੁਣ ਇਹ ਵਾਧਾ ਲਗਾਤਾਰ ਹੋ ਰਿਹਾ ਹੈ। ਓਵਰਡੋਜ਼ ਨਾਲ ਮਰਨ ਵਾਲੇ ਵਿਅਕਤੀਆਂ ਲਈ 90% ਅੰਕੜੇ ਇਹ ਵੀ ਕਹਿ ਰਹੇ ਹਨ ਕਿ ਜਦੋਂ ਉਹ ਮਰੇ ਤਾਂ ਉਹ ਇਕੱਲੇ ਆਪਣੇ ਬੈਡਰੂਮ ਵਿੱਚ ਸਨ। ਇਸ ਵਰਤਾਰੇ ਹੇਠ ਅੰਕੜੇ ਇਹ ਵੀ ਕਹਿੰਦੇ ਹਨ ਕਿ 2018 ਵਿੱਚ ਫੈਂਟੇਨਲ ਨਾਲ 85.5%, ਕੋਕੇਨ ਨਾਲ 48.4%, ਮੈੱਥ ਨਾਲ 31.7%, ਈਥਲ ਅਲਕੋਹਲ ਨਾਲ 25.5%, ਹੈਰੋਇਨ ਨਾਲ 22.3% ਕੁੱਝ ਹੋਰ ਮਿਲਾਵਟੀ ਡਰੱਗਾਂ ਨਾਲ 15.8%, ਮੈਥਾਡੋਨ ਨਾਲ 6.4% ਅਤੇ ਹੋਰ ਡਰੱਗਾਂ ਨਾਲ 18.3% ਮੌਤਾਂ ਹੋਈਆਂ ਹਨ। ਹੁਣ ਜ਼ਿਆਦਾਤਰ ਸਟਰੀਟ ਤੋਂ ਮਿਲਣ ਵਾਲੀਆਂ ਡਰੱਗਾਂ ਵਿੱਚ ਫੈਂਟੇਨਲ ਦੀ ਮਾਤਰਾ ਜ਼ਿਆਦਾ ਹੁੰਦੀ ਹੈ, ਦੱਸਿਆ ਗਿਆ ਹੈ ਕਿ ਕਾਰ ਫੈਂਟੇਨਲ ਸਭ ਤੋਂ ਵੱਡੇ ਜਾਨਵਰ ਹਾਥੀ ਨੂੰ ਕਾਬੂ ਕਰਨ ਲਈ ਵਰਤੀ ਜਾਂਦੀ ਪਰ ਹੁਣ ਇਹ ਮਨੁੱਖੀ ਡਰੱਗ ਲਈ ਵਰਤੀ ਜਾ ਰਹੀ ਹੈ। ਹਾਥੀ ਦਾ ਤੇ ਆਮ ਮਨੁੱਖ ਦਾ ਕੀ ਮੁਕਾਬਲਾ ? ਇਸ ਤੋਂ ਅੰਦਾਜ਼ਾ ਲੱਗ ਰਿਹਾ ਹੈ ਕਿ ਇਹ ਜ਼ਹਿਰੀਲੀ

ਡਰੱਗ ਘੱਟ ਨਹੀਂ ਰਹੀ ਸਗੋਂ ਵੱਧ ਰਹੀ ਹੈ। ਇਸ ਦੀ ਮਾਰ ਹੇਠ ਸਿਰਫ਼ ਨੌਜਵਾਨੀ ਹੀ ਨਹੀਂ ਸਗੋਂ ਹਰ ਉਮਰ ਤੇ ਵਧੀਆ ਕਿੱਤੇ ਦੇ ਪੜ੍ਹੇ ਲਿਖੇ ਲੋਕ ਵੀ ਆ ਰਹੇ ਹਨ।27 ਅਕਤੂਬਰ, 2018 ਨੂੰ ਗਲੋਬਲ ਨਿਊਜ਼ ਵਾਲਿਆਂ ਨੇ ਨਿਊਜ਼ ਦਿੱਤੀ ਕਿ ਫਰੇਜ਼ਰ ਹੈਲਥ ਵਲੋਂ ਨੌਰਥ ਸਰ੍ਹੀ ਵਿੱਚ ਚਿਤਾਵਨੀ ਦਿੱਤੀ ਗਈ ਸੀ ਕਿ 4 ਘੰਟਿਆਂ ਵਿੱਚ 12 ਬੰਦਿਆਂ ਦੀ ਓਵਰਡੋਜ਼ ਦੀ ਰਿਪੋਰਟ ਹੋਈ ਸੀ।

ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਨੇ ਸਰਕਾਰਾਂ ਦੀ ਮਨਜ਼ੂਰੀ ਨਾਲ ਮੰਡੀ ਵਿੱਚ ਬਹੁਤ ਸਾਰੀਆਂ ਦਰਦ ਘਟਾਉਣ ਵਾਲੀਆਂ (ਪਓਨਿ ਕਲਿਲਏਰ) ਅਜਿਹੀਆਂ ਦਵਾਈਆਂ ਸਿੱਟ ਦਿੱਤੀਆਂ ਹਨ ਜੋ ਅਸਲੀ ਡਰੱਗ ਤੋਂ ਕਿਤੇ ਖ਼ਤਰਨਾਕ ਸਿੱਧ ਹੋ ਰਹੀਆਂ ਹਨ। ਪਹਿਲਾਂ ਪਹਿਲ ਡਾਕਟਰ ਦਰਦ ਘਟਾਉਣ ਦੀ ਵਜ੍ਹਾ ਨਾਲ ਲਿਖ ਕੇ ਦਿੰਦਾ ਹੈ ਪਰ ਬਾਅਦ ਵਿੱਚ ਮਰੀਜ਼ ਸਰੀਰਕ ਅਤੇ ਦਿਮਾਗ਼ੀ ਤੌਰ ਤੇ ਇਸ ਤਰ੍ਹਾਂ ਮਹਿਸੂਸ ਕਰਨ ਲੱਗ ਜਾਂਦਾ ਹੈ ਕਿ ਉਸ ਨੂੰ ਉਸ ਨਾਲ ਹੀ ਅਰਾਮ ਆ ਸਕਦਾ ਹੈ।ਜਦੋਂ ਡਾਕਟਰ ਦਵਾਈ ਬੰਦ ਕਰ ਦਿੰਦਾ ਹੈ ਤਾਂ ਉਹ ਬਾਹਰੋਂ ਜਾ ਕੇ ਸਟਰੀਟ ਡਰੱਗ ਖ੍ਰੀਦਦਾ ਹੈ। ਹੁਣ ਉਹ ਇਸ ਨੂੰ ਮਜ਼ਬੂਰੀ ਵਜੋਂ ਖਾਂਦਾ ਹੈ। ਸੋਚਣ ਵਾਲੀ ਗੱਲ ਇਹ ਵੀ ਹੈ ਕਿ ਲੋਕ ਡਰੱਗ ਖਾ ਖਾ ਕੇ ਕਿਉਂ ਮਰ ਰਹੇ ਹਨ? ਇਹ ਜਿੰਨਾ ਕਹਿਣਾ ਸੌਖਾ ਹੈ ਉਹਨਾਂ ਇਸ ਸਵਾਲ ਨੂੰ ਪੁਚਾਉਣਾ ਬਹੁਤ ਔਖਾ ਹੈ। ਕੌਣ ਚਾਹੁੰਦਾ ਹੈ ਕਿ ਉਹ ਮਰ ਜਾਵੇ? ਕਿਸ ਨੂੰ ਇਹ ਜ਼ਿੰਦਗੀ ਪਿਆਰੀ ਨਹੀਂ? ਪਰ ਹੋ ਇਹ ਰਿਹਾ ਹੈ ਕਿ ਇਨ੍ਹਾਂ ਅਣਆਈ ਮੌਤ ਮਰਨ ਵਾਲਿਆਂ ਨੂੰ ਕਮਰਿਆਂ ਵਿੱਚੋਂ ਚੱਕ ਕੇ ਓਵਰਡੋਜ਼ ਨਾਲ ਹੋਈ ਮੌਤ ਦਾ ਠੱਪਾ ਲਾ ਕੇ ਕ੍ਰਿਆ ਕਰਮ ਕਰ ਦਿੱਤਾ ਜਾਂਦਾ ਹੈ ਇਸ ਦਾ ਦੋਸ਼ੀ ਮਰਨ ਵਾਲੇ ਨੂੰ ਹੀ ਠਹਿਰਾਇਆ ਜਾਂਦਾ ਹੈ, ਕਿ ਉਹ ਨਾ ਖਾਂਦਾ। ਇਸ ਤਰ੍ਹਾਂ ਦੀਆਂ ਮਨੁੱਖਤਾ ਦੀਆਂ ਹੋਣ ਵਾਲੀਆਂ ਮੌਤਾਂ ਨੂੰ ਸਵੀਕਾਰਨਾ ਵੀ ਕੋਝੀ ਸਾਜ਼ਸ਼ ਦਾ ਹਿੱਸਾ ਹੀ ਹੈ। ਇਹਨਾਂ ਹੋ ਰਹੀਆਂ ਮੌਤਾਂ ਤੇ ਮੀਡੀਆ ਵੀ ਕੋਈ ਗੱਲ ਨਹੀਂ ਕਰਦਾ। ਅਸਲ ਵਿੱਚ ਹੁਣ ਤੱਕ ਡਰੱਗ ਦੀ ਮੁਸ਼ਕਲ ਨੂੰ ਸਿਹਤ ਦੀ ਮੁਸ਼ਕਲ ਨਹੀਂ ਸਮਝਿਆ ਜਾ ਰਿਹਾ ਸਗੋਂ ਇਸ ਨੂੰ ਜੁਰਮ ਦੀ ਕੜੀ ਵਜੋਂ ਹੀ ਸਮਝਿਆ ਜਾਂਦਾ ਹੈ।ਡਰੱਗ ਖਾਣ ਵਾਲਿਆਂ ਦੇ ਇਰਦ ਗਿਰਦ ਪੁਲੀਸ ਦੀ ਪਹਿਰੇਦਾਰੀ ਨੂੰ ਮੁੱਖ ਰੱਖ ਕੇ ਅੱਜ ਤੱਕ ਉਹਨਾਂ ਦੀਆਂ ਲਾਸ਼ਾਂ ਚੱਕਣ ਲਈ ਪੁਲੀਸ ਵਿੱਚ ਵਾਧਾ ਕਰਨ ਦੀਆਂ ਤਜਵੀਜ਼ਾਂ ਹੀ ਲਿਆਂਦੀਆਂ ਜਾ ਰਹੀਆਂ ਸਨ ਜਦ ਕਿ ਇਨ੍ਹਾਂ ਮਰੀਜ਼ਾਂ ਨੂੰ ਇਲਾਜ ਦੀ ਲੋੜ ਹੈ। ਨਸ਼ੇ ਦੀ ਲੱਤ ਵਾਲੇ ਲੋਕ ਦਿਮਾਗ਼ੀ ਅਸੰਤੁਲਨ ਦੇ ਮਰੀਜ਼ ਹਨ ਜਿਨ੍ਹਾਂ ਨੂੰ ਡਾਕਟਰੀ ਮੱਦਦ ਦੀ ਲੋੜ ਹੁੰਦੀ ਹੈ। ਸਰਕਾਰੀ ਅੰਕੜੇ ਵੀ ਇਹੀ ਦਰਸਾ ਰਹੇ ਹਨ ਕਿ ਵੈੱਲ ਫੇਅਰ ਭੁਗਤਾਨ ਵਾਲੇ ਹਫ਼ਤਿਆਂ ਵਿੱਚ ਮੌਤ ਦਰ 4.0% ਵਧੀ ਹੈ। ਕੁੱਝ ਦਿਨ ਪਹਿਲਾਂ ਇਹ ਖ਼ਬਰ ਨਸ਼ਰ ਹੋਈ ਸੀ ਕਿ ਹੁਣ ਡਰੱਗ ਓਵਰਡੋਜ਼ ਦਾ ਰੁਝਾਨ

ਬਿਲਡਿੰਗਾਂ ਬਣਾਉਣ ਵਾਲੇ ਕਾਮਿਆਂ ਵਿੱਚ 13% ਪਾਇਆ ਗਿਆ ਹੈ। ਇਸ ਦਾ ਕਾਰਣ ਮੇਰੀਆਂ ਨਜ਼ਰਾਂ ਵਿੱਚ ਇਹ ਹੈ ਕਿ ਲੋਕਾਂ ਦੀਆਂ ਆਰਥਿਕ ਪੱਖੋਂ ਹਾਲਤਾਂ ਦਿਨੋ ਦਿਨ ਨਿੱਘਰਦੀਆਂ ਜਾ ਰਹੀਆਂ ਹਨ। ਮਹਿੰਗਾਈ ਦੇ ਕਾਰਣ ਲੋਕਾਂ ਦੇ ਖ਼ਰਚੇ ਦਿਨੋ ਦਿਨ ਵੱਧ ਰਹੇ ਹਨ ਪਰ ਉਹਨਾਂ ਦੀਆਂ ਤਨਖਾਹਾਂ ਵਿੱਚ ਵਾਧਾ ਨਾ ਮਾਤਰ ਹੀ ਹੈ ਸੋ ਇਹ ਕਾਮੇ 12-12, 14-14 ਘੰਟੇ ਸਖ਼ਤ ਕੰਮ ਕਰਦੇ ਹਨ ਤੇ ਥੱਕੇ ਟੁੱਟੇ ਸਰੀਰ ਨੂੰ ਅਰਾਮ ਦੇਣ ਲਈ ਨਸ਼ੇ ਦੀ ਵਰਤੋਂ ਕਰਦੇ ਹਨ ਅਤੇ ਦੂਜੇ ਪਾਸੇ ਜ਼ਿਆਦਾ ਕੰਮ ਕਰਨ ਲਈ, ਬਹੁਤਾ ਸਮਾਂ ਜਾਗਣ ਲਈ ਅਤੇ ਤਕੜਾ ਮਹਿਸੂਸ ਕਰਨ ਲਈ ਕਰੈਕ ਵਰਗੀਆਂ ਡਰੱਗਾਂ ਦੀ ਹੈਲਪ ਵੀ ਲੈਂਦੇ ਹਨ। ਅੰਤ ਵਿੱਚ ਮਿਲਾਵਟੀ ਜ਼ਹਿਰੀਲੀ ਡਰੱਗ ਦੇ ਧੱਕੇ ਚੜ੍ਹ ਕੇ ਸਦਾ ਦੀ ਨੀਂਦ ਸੌਂ ਜਾਂਦੇ ਹਨ।ਅਸਲ ਵਿੱਚ ਪਿਛਲੇ 15-20 ਸਾਲਾਂ ਤੋਂ ਇੱਥੇ ਡਰੱਗ ਕਲਚਰ ਪੈਦਾ ਕੀਤਾ ਜਾ ਰਿਹਾ ਸੀ ਜਿਸ ਦਾ ਸਿੱਟਾ ਸਾਡੇ ਸਾਹਮਣੇ ਹੈ।

ਦੂਸਰਾ ਸਵਾਲ ਸੀ ਕਿ ਇਸ ਸਭ ਕੁੱਝ ਦੇ ਪਿੱਛੇ ਕਿਹੜੀਆਂ ਤਾਕਤਾਂ ਹਨ। ਉਹ ਲੋਕ ਜੋ ਸਿਰਫ਼ ਤੇ ਸਿਰਫ਼ ਨਿੱਜਵਾਦੀ ਸੋਚ ਦੇ ਮੁਦੱਈ ਹਨ ਤੇ ਆਪਣੇ ਬਾਰੇ ਹੀ ਸੋਚਦੇ ਹਨ, ਉਹਨਾਂ ਨੂੰ ਦੂਸਰੇ ਦੇ ਹਿਤਾਂ ਨਾਲ ਕੋਈ ਸਰੋਕਾਰ ਨਹੀਂ ਹੁੰਦਾ ਉਹ ਆਪਣੇ ਮੁਨਾਫ਼ੇ ਲਈ, ਇਸ ਸਮੇਂ ਦਾ ਫਾਇਦਾ ਉਠਾ ਕੇ ਡਰੱਗਾਂ ਵਿੱਚ ਗੈਰਕਾਨੂੰਨੀ ਤੌਰ ਤੇ ਮਿਲਾਵਟ ਕਰਕੇ ਅਤੇ ਗੈਰਕਾਨੂੰਨੀ ਹੀ ਇਸ ਦੀ ਵਿਕਰੀ ਕਰਕੇ ਮਹਿੰਗੇ ਭਾਅ ‘ਤੇ ਚੋਰੀ ਵੇਚ ਕੇ ਮਾਲਾ ਮਾਲ ਹੋ ਰਹੇ ਹਨ। ਚਾਹੇ ਡਰੱਗ ਦੇ ਤਸਕਰ ਹੋਣ ਜਾਂ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ। ਇਹ ਸਿਰਫ਼ ਇਕੱਲੇ ਕੈਨੇਡਾ, ਅਮਰੀਕਾ ਜਾਂ ਇੰਡੀਆ ਵਿੱਚ ਹੀ ਨਹੀਂ ਇਹ ਧੰਦਾ ਤਾਂ ਸਾਰੇ ਸੰਸਾਰ ਵਿੱਚ ਚੱਲ ਰਿਹੈ ਤੇ ਚਲਾਉਣ ਵਾਲੇ ਵੀ ਉਹੀ ਮੁੱਠੀ ਭਰ ਲੋਕ ਹਨ ਜੋ ਦੁਨੀਆਂ ਦੀ ਸਾਰੀ ਸੰਪਤੀ ਦੇ ਮਾਲਕ ਬਣੇ ਬੈਠੇ ਹਨ ਤੇ ਆਮ ਲੋਕ ਦੋ ਵੇਲੇ ਦੀ ਰੋਟੀ ਲਈ ਵੀ ਤਰਸਦੇ ਹਨ। ਇਨ੍ਹਾਂ ਦੀ ਬਦੌਲਤ ਹੀ ਮਨੁੱਖਤਾ ਵਿੱਚ ਦੌਲਤ ਦੀ ਕਾਣੀ ਵੰਡ ਦਿਨੋ ਦਿਨ ਵੱਧ ਰਹੀ ਹੈ। ਇਹ ਲੋਕ ਨੌਜਵਾਨ ਬੱਚਿਆਂ ਨੂੰ ਬਹੁਤੇ ਪੈਸੇ ਕਮਾਉਣ ਦਾ, ਦਿਨਾਂ ਵਿੱਚ ਅਮੀਰ ਹੋਣ ਦਾ, ਬਾਕੀ ਸੰਗੀ ਸਾਥੀਆਂ ਵਿੱਚ ਬੱਲੇ ਬੱਲੇ ਕਰਵਾਉਣ ਦਾ ਅਤੇ ਹਥਿਆਰ ਦਿਖਾ ਕੇ ਰੋਹਬ ਪਾਉਣ ਵਰਗੇ ਢਕਵੰਜ਼ ਵਰਤ ਕੇ ਉਹਨਾਂ ਤੋਂ ਇਸ ਦੀ ਵਿਕਰੀ ਵੀ ਕਰਵਾ ਰਹੇ ਹਨ ਤੇ ਪਹਿਲਾਂ ਪਹਿਲ ਮੁਫ਼ਤ ਡਰੱਗ ਦੇ ਕੇ ਨਸ਼ਈ ਪੈਦਾ ਕਰਨ ਵਿੱਚ ਵੀ ਆਪਣਾ ਰੋਲ਼ ਅਦਾ ਕਰ ਰਹੇ ਹਨ। ਅਸਲ ਵਿੱਚ ਇਹ ਕਿੱਤਾ ਡੀਮਾਂਡ ਤੇ ਸਪਲਾਈ ਦਾ ਹੈ। ਪਹਿਲਾਂ ਮੰਗ ਪੈਦਾ ਕੀਤੀ ਜਾਂਦੀ ਹੈ ਤੇ ਨਾਲ ਹੀ ਸਪਲਾਈ ਦਿੱਤੀ ਜਾਂਦੀ ਹੈ, ਇਹ ਨਾਲੋ ਨਾਲ ਚੱਲ ਕੇ ਇੱਕ ਦੁਜੇ ਨੂੰ ਤਕੜਾ ਕਰਦੇ ਹਨ।

ਹੁਣ ਆ ਜਾਂਦੀ ਹੈ ਗੱਲ ਕਿ ਸਰਕਾਰ ਵਲੋਂ ਕੀਤੀ ਜਾਂਦੀ ਰੋਕਥਾਮ ਦੇ ਬਾਵਜੂਦ ਇਹ ਮੌਤਾਂ ਦੀ ਗਿਣਤੀ ਵੱਧ ਕਿਉਂ ਰਹੀ ਹੈ। ਹਾਂ ਕੁੱਝ ਕੁ ਕਲੀਨਿਕ ਖੋਲ੍ਹੇ ਗਏ ਹਨ ਜਿਨ੍ਹਾਂ ਵਿੱਚ ਸੁਰਖਿੱਅਤ ਟੀਕੇ ਜਾਂ ਸੂਈਆਂ ਦੀ ਵਰਤੋਂ ਕਰਵਾਈ ਜਾ ਰਹੀ ਹੈ ਪਰ ਮੌਤਾਂ ਦੇ ਹਿਸਾਬ ਨਾਲ ਇਹ ਕਾਫ਼ੀ ਨਹੀਂ। ਦੂਸਰੇ ਪਾਸੇ ਗੈਰਕਾਨੂੰਨੀ ਧੰਦੇ ਵਾਲੇ ਤਾਂ ਹਰ ਮੋੜ, ਹਰ ਗਲ਼ੀ, ਹਰ ਕਸਬੇ, ਹਰ ਪਿੰਡ, ਹਰ ਸ਼ਹਿਰ ਵਿੱਚ ਸੌਖੇ ਤੋਂ ਸੌਖੇ ਤਰੀਕੇ ਨਾਲ ਇਹ ਜ਼ਹਿਰ ਲੋਕਾਂ ਦੇ ਢਿੱਡਾਂ ਵਿੱਚ ਤੁੰਨਣ ਦੀ ਕੋਸ਼ਿਸ਼ ਵਿੱਚ ਹਨ ਫਿਰ ਛੋਟੇ ਮੋਟੇ ਉਪਰਾਲੇ ਕੀ ਕਰਨਗੇ। ਸੁਣਨ ਵਿੱਚ ਆਇਆ ਹੈ ਕਿ ਬੀ. ਸੀ. ਦੀ ਐਨ. ਡੀ. ਪੀ. ਸਰਕਾਰ ਨੇ ਕੁੱਝ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਦੁਆਲ਼ੇ ਵੀ ਕਾਨੂੰਨਨ ਸ਼ਿਕੰਜਾ ਕਸਣ ਬਾਰੇ ਖ਼ਬਰ ਦਿੱਤੀ ਸੀ ਪਰ ਲੋਕ ਅੱਜ ਮਰ ਰਹੇ ਹਨ, ਫਿਰ ਕੈਨੇਡਾ ਦੀਆਂ ਕੋਰਟ ਕਚਹਿਰੀਆਂ ਇਹ ਦਾ ਕਦੋਂ ਫੈਸਲਾ ਕਰਨਗੀਆਂ, ਕਹਿ ਨਹੀਂ ਸਕਦੇ। ਨਾਲੇ ਲੋਹੜੇ ਦਾ ਮੁਨਾਫ਼ਾ ਕਮਾਉਣ ਵਾਲੀਆਂ ਕੰਪਨੀਆਂ ਕੇਸਾਂ ਨੂੰ ਘਸੀਟ ਘਸੀਟ ਕੇ ਕਿੱਥੇ, ਕਿੰਨੇ ਸਾਲਾਂ ‘ਤੇ ਲਿਜਾ ਸਕਦੀਆਂ ਹਨ, ਕੋਈ ਇਲਮ ਨਹੀਂ। ਪਿਛਲੇ ਦਿਨਾਂ ਵਿੱਚ ਇਹ ਵੀ ਖ਼ਬਰ ਆ ਰਹੀ ਸੀ ਕਿ ਓਵਰਡੋਜ਼ ਨਾਲ ਮਰ ਰਹੇ ਲੋਕਾਂ ਦੀ ਮੌਤ ਦਾ ਕਾਰਣ ਚੀਨ ਤੋਂ ਆ ਰਹੀ ਫੈਂਟੇਨਲ ਕਰਕੇ ਹੈ। ਸਿਰਫ਼ ਇਹ ਕਹਿ ਕੇ ਸਰਕਾਰ ਸੁਰਖਰੂ ਨਹੀਂ ਹੋ ਸਕਦੀ ਕਿ ਚੀਨ ਜ਼ਿੰਮੇਵਾਰ ਹੈ ਸਾਡੀਆਂ ਜਾਨਾਂ ਦਾ। ਕੈਨੇਡਾ ਦੇ ਲੋਕ ਟੈਕਸ ਭਰ ਭਰ ਕੇ ਜਾਨਾਂ ਦੀ ਸੁਰਖਿਅੱਤਾਂ ਦੀ ਵਾਗਡੋਰ ਸਰਕਾਰਾਂ ਹੱਥ ਇਸ ਲਈ ਦਿੰਦੇ ਹਨ ਕਿ ਉਹ ਦੇਸ਼ ਨੂੰ ਵਧੀਆ ਤਰੀਕੇ ਨਾਲ਼ ਚਲਾਉਣ ਤੇ ਉਹਨਾਂ ਦੇ ਜਾਨ ਮਾਲ ਦੀ ਰਾਖੀ ਵੀ ਕਰਨ। ਜੇ ਸਾਡੇ ਦੇਸ਼ ਵਿੱਚ ਗੈਰਕਾਨੂੰਨੀ ਤੌਰ ਤੇ ਡਰੱਗ ਬਾਹਰੋਂ ਦਾਖ਼ਲ ਹੋ ਰਹੀ ਹੈ, ਇਹ ਵੀ ਸਰਕਾਰਾਂ ਦੀ ਨਾਕਾਮੀ ਦਾ ਸਿੱਟਾ ਹੈ ਕਿ ਉਹ ਇਸ ਨੂੰ ਆਉਣੋਂ ਰੋਕ ਕਿਵੇਂ ਨਹੀਂ ਸਕਦੇ?

ਕੈਨੇਡਾ ਦੇ ਸਿਹਤ ਸੰਭਾਲ ਦੇ ਸਿਸਟਮ ਨੂੰ ਚੰਗਾ ਮੰਨਿਆ ਜਾਂਦਾ ਸੀ ਪਰ ਇਸ ਦੀ ਹਾਲਤ ਵੀ ਦਿਨੋ ਦਿਨ ਖਸਤਾ ਹੋ ਰਹੀ ਹੈ। ਇਸ ਦਾ ਮੁੱਖ ਕਾਰਣ ਵੀ ਅੰਦਾਜ਼ਾ ਲਾ ਸਕਦੇ ਹਾਂ ਕਿ ਡਰੱਗ ਓਵਰਡੋਜ਼ ਦੀਆਂ ਆਉਣ ਵਾਲੀਆਂ ਐਮਰਜੈਂਸੀ ਟੈਲੀਫੋਨ 911 ਕਾਲਾਂ ਤੋਂ। ਜਦੋਂ ਇਹ ਸਮੱਸਿਆ ਸ਼ੁਰੂ ਦੇ ਸਾਲਾਂ ਵਿੱਚ 2016 ਵਿੱਚ 496,604 ਟੈਲੀਫ਼ੋਨ ਕਾਲਾਂ ਆਈਆਂ। ਫਿਰ ਘਟਣ ਦੀ ਬਜਾਇ 2017 ਵਿੱਚ 517,301, 2018 ਵਿੱਚ 520,103, 2019 ਵਿੱਚ 530,801, 2020 ਵਿੱਚ 524,870, 2021 ਵਿੱਚ 554,639, 2022 ਵਿੱਚ 546,007, 2023 ਵਿੱਚ 586,622 ਕਾਲਾਂ ਆਈਆਂ। ਪਿਛਲੇ ਸਾਲ ਨਾਲੋਂ ਇਹ ਵਾਧਾ 25% ਵਧਿਆ ਹੈ। ਔਸਤਨ 3500 ਕਾਲਾਂ ਹਰ ਮਹੀਨੇ ਆਉਂਦੀਆਂ ਹਨ ਤੇ ਇੱਕ ਦਿਨ ਵਿੱਚ ਔਸਤਨ 116 ਕਾਲਾਂ। ਪਿਛਲੇ ਸਾਲ 2023 ਵਿੱਚ 21

ਜੂਨ ਨੂੰ ਇੱਕ ਦਿਨ ਵਿੱਚ 221 ਕਾਲਾਂ ਆਈਆਂ। ਸਭ ਤੋਂ ਵੱਧ ਜੁਲਾਈ ਮਹੀਨੇ ਵਿੱਚ 3944 ਫੋਨ ਆਏ। ਜੇ ਇਕੱਲੀ ਡਰੱਗ ਓਵਰਡੋਜ਼ ਨਾਲ ਐਨੀਆਂ ਕਾਲਾਂ ਆਉਂਦੀਆਂ ਹਨ, ਉਹਨਾਂ ਦੀ ਐਮਰਜੈਂਸੀ ਵੀ ਜ਼ਿਆਦਾ ਹੈ, ਡਾਕਟਰ ਵੀ ਐਮਰਜੈਂਸੀ ਵਾਲ਼ੇ ਮਰੀਜ਼ਾਂ ਨੂੰ ਪਹਿਲਾਂ ਦੇਖਣ ਲਈ ਵਿਅਸਤ ਹੋਣਗੇ। ਉਦੋਂ ਫਿਰ ਬਾਕੀ ਬਿਮਾਰੀਆਂ ਵਾਲ਼ੇ ਮਰੀਜ਼ਾਂ ਦੀ ਪੁੱਛ ਪੜਤਾਲ ਯਕੀਨਨ ਘਟੇਗੀ। ਹਸਪਤਾਲਾਂ ਵਿੱਚ ਭੀੜਾਂ ਦੇਖ ਕੇ ਲੱਗਦਾ ਹੈ ਕਿ ਜਿੰਨੀ ਇੱਥੇ ਲੋਕਾਂ ਦੀ ਜਨਸੰਖਿਆ ਵਧੀ ਹੈ ਉਸ ਮੁਤਾਬਕ ਹਸਪਤਾਲਾਂ ਵਿੱਚ ਸੇਵਾਵਾਂ ਨਾਮਾਤਰ ਵਧੀਆਂ ਹਨ। ਮਾਨਸਿਕ ਪੀੜਾ ਦੇ ਮਰੀਜ਼ਾਂ ਨੂੰ ਹਸਪਤਾਲਾਂ ਵਿੱਚ ਬਹੁਤ ਘੱਟ ਦਾਖ਼ਲ ਕੀਤਾ ਜਾਂਦਾ ਹੈ। ਡਾਕਟਰਾਂ ਦੇ ਦਫ਼ਤਰਾਂ ਦੀਆਂ ਭੀੜਾਂ ਦੱਸਦੀਆਂ ਹਨ ਕਿ ਡਾਕਟਰਾਂ ਦੀ ਵੀ ਬਹੁਤ ਘਾਟ ਹੈ। ਹਰ ਟੈਸਟ ਲਈ ਲੰਮੀ ਉਡੀਕ ਕਰਨੀ ਪੈਂਦੀ ਹੈ। ਇਸ ਕਰਕੇ ਹੀ ਕੈਨੇਡਾ ਦਾ ਸਿਹਤ ਮੰਤਰਾਲਾ ਜਿਸ ਨੂੰ ਦੁਨੀਆਂ ਵਿੱਚ ਕਦੇ ਉੱਤਮ ਮੰਨਿਆ ਜਾਂਦਾ ਸੀ ਹੁਣ ਸਭ ਨਾਲੋਂ ਵੱਧ ਬਦਨਾਮ ਹੋ ਰਿਹਾ ਹੈ। ਇਹ ਇਸ ਲਈ ਹੈ ਕਿ ਪਿਛਲੇ ਸਮੇਂ ਵਿੱਚ ਸਰਕਾਰਾਂ ਨੇ ਜੋ ਦੋ ਚੀਜ਼ਾਂ ਦੇਸ਼ ਦੇ ਸ਼ਹਿਰੀਆਂ ਲਈ ਮਹੱਤਵਪੂਰਣ ਹਨ ਇੱਕ ਐਜੂਕੇਸ਼ਨ ਤੇ ਦੂਸਰੀ ਸਿਹਤ ਸੰਭਾਲ, ਇਹਨਾਂ ‘ਤੇ ਸਭ ਤੋਂ ਵੱਧ ਕੱਟ ਤੇ ਕੱਟ ਲਾਏ ਹਨ। ਸਰ੍ਹੀ ਸ਼ਹਿਰ ਵਿੱਚ ਉਹੀ ਸੰਨ 1959 ਦਾ ਬਣਿਆ ਹਸਪਤਾਲ ਹੈ ਜੇ ਕੋਈ ਜ਼ਿਆਦਾ ਐਮਰਜੈਂਸੀ ਹੁੰਦੀ ਹੈ ਤਾਂ ਉਦੋਂ ਹੀ ਰੋਇਲ ਕਲੰਬੀਅਨ ਜਾਂ ਵੈਨਕੂਵਰ ਦੇ ਹਸਪਤਾਲਾਂ ਵਿੱਚ ਮਰੀਜ਼ਾਂ ਨੂੰ ਸ਼ਿਫਟ ਕੀਤਾ ਜਾਂਦਾ ਹੈ।

ਅੰਤ ਵਿੱਚ ਕਹਿ ਸਕਦੇ ਹਾਂ ਕਿ ਜੋ ਲੋਕ ਇਸ ਦਲਦਲ ਵਿੱਚ ਖੁੱਭ ਰਹੇ ਹਨ, ਉਹ ਮਾਨਸਿਕ ਤੌਰ ‘ਤੇ ਬਿਮਾਰ ਹਨ, ਉਹਨਾਂ ਨੂੰ ਸਮਾਜ ਤੇ ਸਰਕਾਰ ਵਲੋਂ ਬਹੁਤ ਹੀ ਹਮਦਰਦੀ ਵਾਲਾ ਵਰਤਾਓ ਕਰਕੇ ਵਿਉਂਤਵੱਧ ਤਰੀਕੇ ਨਾਲ਼ ਇਨ੍ਹਾਂ ਦਾ ਇਲਾਜ ਹੋਣਾ ਚਾਹੀਦਾ ਹੈ ਤਾਂ ਕਿ ਇਹ ਆਪਣੇ ਆਪ ਨੂੰ ਨੀਵਾਂ ਨਾ ਮਹਿਸੂਸ ਕਰਨ। ਜਿਵੇਂ ਸਰੀਰਕ ਅੰਗਾਂ ਦੀ ਟੁੱਟ ਭੱਜ ਦਾ ਇਲਾਜ ਜੋ ਦੂਸਰਿਆਂ ਨੂੰ ਦਿਸਦਾ ਹੈ, ਕੀਤਾ ਜਾਂਦਾ ਹੈ ਉਸੇ ਤਰ੍ਹਾਂ ਇਹ ਦਿਮਾਗੀ ਤੌਰ ‘ਤੇ ਬਿਮਾਰ ਵਿਅਕਤੀਆਂ ਦੇ ਇਲਾਜ ਦਾ ਖਾਸ ਖ਼ਿਆਲ ਰੱਖਣਾ ਚਾਹੀਦਾ ਹੈ। ਜਿਹੜੇ ਲੋਕ ਵੱਧ ਖ਼ਤਰੇ (High Risk) ਜਾਂ ਪਹਿਲਾਂ ਹੀ ਡਰੱਗ ਵਰਤ ਰਹੇ ਹਨ ਉਹਨਾਂ ਨੂੰ ਇਸ ਦੇ ਬਾਰੇ ਦੱਸਣਾ ਬਹੁਤ ਜ਼ਰੂਰੀ ਹੈ। ਆਮ ਲੋਕਾਂ ਵਿੱਚ, ਸਕੂਲਾਂ ਵਿੱਚ ਤੇ ਸਟਰੀਟਾਂ ਤੇ ਡਰੱਗ ਬਾਰੇ ਜਾਣਕਾਰੀ ਦੇਣ ਲਈ Harm reduction ਲਈ ਡਰੱਗ ਟੈਸਟ ਸਟਰਿੱਪਸ ਤੇ ਨਾਰਕੈਨ ਕਿਟਸ ਸਰਕਾਰ ਵਲੋਂ ਮੁਹੱਈਆ ਕਰਵਾਉਣੀਆਂ ਚਾਹੀਦੀਆਂ ਹਨ ਅਤੇ ਸਓਡਏਰ_ਸਏ ਲਈ ਵੀ ਉਪਰਾਲੇ ਕਰਨੇ ਚਾਹੀਦੇ ਹਨ ਕਿ ਇਹਨਾਂ ਨੂੰ ਵਰਤਣਾ ਕਿਵੇਂ ਹੈ। ਹੋਰ supervised injection sites,

treatment center, treatment programme, counselling and resources ਦੀ ਗਿਣਤੀ ਵਧਾਉਣੀ ਚਾਹੀਦੀ ਹੈ ਅਤੇ ਇਹ ਸਭ ਸੌਖੇ ਤਰੀਕੇ ਨਾਲ਼ ਲੋਕਾਂ ਦੀ ਪਹੁੰਚ ਦੇ ਨੇੜੇ ਹੋਣੇ ਚਾਹੀਦੇ ਹਨ। ਜਿਵੇਂ ਕਿ ਕਈ ਟਰੀਟਮੈਂਟ ਸੈਂਟਰਾਂ ਦੀ ਸ਼ਰਤ ਹੈ ਕਿ ਵਿਅਕਤੀ ਨੂੰ 30 ਦਿਨ ਡਰੱਗ ਫਰੀ ਹੋਣਾ ਚਾਹੀਦਾ ਹੈ, ਫਿਰ ਉਹ ਦਾਖ਼ਲ ਕਰਦੇ ਹਨ। ਇਸ ਸ਼ਰਤ ਤੇ ਕਾਇਮ ਰਹਿਣਾ ਬਹੁਤ ਹੀ ਔਖਾ ਹੈ ਕਿਉਂਕਿ ਇਸ ਲੱਤ ਵਾਲੇ ਵਿਅਕਤੀ ਦੀ ਅਗਰ ਹੋਰ ਸਪੋਰਟ ਨਹੀ ਹੈ ਉਹ ਕਿਵੇਂ ਆਪਣੀ ਇੱਛਾ ਸ਼ਕਤੀ ਨੂੰ ਐਨੇ ਸਮੇਂ ਲਈ ਕੰਟਰੋਲ ਕਰ ਸਕਦਾ ਹੈ। ਅਜਿਹੇ ਵਿਅਕਤੀ ਨੂੰ 24 ਜਾਂ 72 ਘੰਟੇ ਦੇ ਵਿੱਚ ਵਿੱਚ ਸਪੋਰਟ ਮਿਲਣੀ ਚਾਹੀਦੀ ਹੈ। ਇੱਥੇ ਹੋਰ ਟਰੀਟਮੈਂਟ ਸੈਂਟਰ ਖੋਲ੍ਹਣੇ ਚਾਹੀਦੇ ਹਨ ਅਤੇ ਹੋਰ ਬੈੱਡ ਵੀ ਵਧਾਉਣੇ ਚਾਹੀਦੇ ਹਨ। ਬੀ. ਸੀ. ਵਿੱਚ ਕਾਫ਼ੀ ਸਾਰੇ ਪ੍ਰਾਈਵੇਟ ਟਰੀਟਮੈਂਟ ਸੈਂਟਰ ਹਨ ਪਰ ਉਹ ਬਹੁਤ ਮਹਿੰਗੇ ਹਨ ਜੋ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ।

ਮੇਰੇ ਨਿੱਜੀ ਵਿਚਾਰ ਹਨ ਕਿ ਜਿਨ੍ਹਾਂ ਚਿਰ ਡਰੱਗ ਨੂੰ ਕਾਨੂੰਨੀ ਨਹੀਂ ਬਣਾਇਆ ਜਾਵੇਗਾ, ਉਨ੍ਹਾਂ ਚਿਰ ਇਸ ਸਮੱਸਿਆ ਤੋਂ ਬਚਿਆ ਨਹੀਂ ਜਾ ਸਕਦਾ ਕਿਉਂਕਿ ਡਰੱਗ ਲੋਕ ਸਦੀਆਂ ਤੋਂ ਖਾਂਦੇ ਆਏ ਹਨ ਤੇ ਖਾਂਦੇ ਰਹਿਣਗੇ। ਬੂਟਿਆਂ ਤੋਂ ਮਿਲਣ ਵਾਲੀ ਡਰੱਗ ਖ਼ਤਰਨਾਕ ਨਹੀਂ ਹੁੰਦੀ। ਇਹ ਤਾਂ ਮਿਲਾਵਟ ਵਾਲ਼ੀ ਜ਼ਹਿਰੀਲੀ ਡਰੱਗ ਹੈ ਜੋ ਚੋਰੀ ਮਿਲ ਰਹੀ ਹੈ। ਜੇ ਸਰਕਾਰ ਡਰੱਗ ਆਪ ਵੇਚੇ ਤਾਂ ਉਹ ਉਸ ਦੀ ਕੁਆਲਿਟੀ ਤੇ ਕੁਆਂਟਿਟੀ ਦਾ ਖ਼ਿਆਲ ਰੱਖੇਗੀ। ਖ੍ਰੀਦਣ ਵਾਲ਼ਾ ਵੀ ਦੇਖ ਕੇ ਖ੍ਰੀਦੇਗਾ। ਸਰਕਾਰ ਨੂੰ ਇਸ ਤੋਂ ਜੋ ਇਨਕੰਮ ਹੋਵੇਗੀ ਉਸ ਨਾਲ਼ ਲੋਕਾਂ ਵਿੱਚ ਪ੍ਰਚਾਰ ਕਰਕੇ ਇਸ ਆਫ਼ਤ ਤੋਂ ਬਚਿਆ ਜਾ ਸਕਦਾ ਹੈ ਤੇ ਮਨੁੱਖੀ ਜਾਨਾਂ ਜੋ ਹਰ ਰੋਜ਼ 6 ਜਾਂ 7 ਇਕੱਲੇ ਬੀ ਸੀ ਵਿੱਚ ਭੰਗ ਦੇ ਭਾਣੇ ਜਾਂਦੀਆਂ ਹਨ, ਬਚਾਈਆਂ ਜਾ ਸਕਦੀਆਂ ਹਨ। ਆਮ ਲੋਕਾਂ ਨੂੰ ਸੰਕਟ ਗ੍ਰਸਤ ਤੇ ਹਾਦਸਾ ਗ੍ਰਸਤ ਲੋਕਾਂ ਨਾਲ਼ ਮਿਲ ਕੇ ਇਕੱਠੇ ਹੋ ਕੇ ਪਹਿਲਕਦਮੀ ਨਾਲ਼ ਇੱਕ ਸਮਝ ਬਣਾ ਕੇ ਸਰਕਾਰਾਂ ‘ਤੇ ਦਬਾਅ ਪਾਉਣਾ ਚਾਹੀਦਾ ਹੈ ਕਿ ਉਹ ਇਸ ਗੈਰਕਾਨੂੰਨੀ ਮਿਲਣ ਵਾਲ਼ੀ ਡਰੱਗ ਦਾ ਜਲਦੀ ਤੋਂ ਜਲਦੀ ਹੱਲ ਲੋਕਾਂ ਵਿੱਚ ਪੇਸ਼ ਕਰਨ। ਸਾਨੂੰ ਵੀ ਮੰਡੀ ਵਿੱਚ ਆਈ ਹਰ ਚੀਜ਼ ਨੂੰ ਜੀ ਆਇਆਂ ਕਹਿਣ ਤੋਂ ਪਹਿਲਾਂ ਆਪਣੀ ਸਮਝ ਤੋਂ ਕੰਮ ਲੈਣਾ ਚਾਹੀਦਾ ਹੈ।

□□□

# ਬਸਤੀਵਾਦੀ ਹਾਕਮਾਂ, ਕੈਨੇਡੀਅਨ ਸਰਕਾਰਾਂ ਤੇ ਧਰਮਾਂ ਦਾ ਅਣਮਨੁੱਖੀ ਵਰਤਾਰਾ

(ਕੈਮਲੂਪਸ ਦੇ ਰਿਹਾਇਸ਼ੀ ਸਕੂਲ ਦੇ ਦੁਖਾਂਤ ਸਬੰਧੀ)

28 ਮਈ, 2021 ਕੈਨੇਡਾ ਦੇ ਇਤਿਹਾਸ ਵਿੱਚ ਕਾਲੇ ਅੱਖ਼ਰਾਂ ਵਿੱਚ ਲਿਖਿਆ ਜਾਣ ਵਾਲ਼ਾ ਉਹ ਭਿਆਨਕ ਦਿਹਾੜਾ ਸੀ, ਜਿਸ ਦਿਨ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸ਼ਹਿਰ ਕੈਮਲੂਪਸ ਦੇ ਇੱਕ ਸਾਬਕਾ ਰੈਜ਼ੀਡੈਂਸ਼ੀਅਲ ਸਕੂਲ ਜੋ 1890 ਵਿੱਚ ਖੁੱਲ੍ਹਿਆ ਤੇ 1969 ਤੱਕ ਚਲਦਾ ਰਿਹਾ ਸੀ, ਜਿਸ ਵਿੱਚੋਂ ਇੱਥੋਂ ਦੇ ਮੂਲ ਨਿਵਾਸੀਆਂ ਦੇ ਤਿੰਨ ਸਾਲ ਤੋਂ ਲੈ ਕੇ 18 ਸਾਲ ਦੀ ਉਮਰ ਦੇ ਸਕੂਲ ਪੜ੍ਹਦੇ ਬੱਚਿਆਂ ਦੇ ਪਿੰਜਰ ਮਿਲੇ ਹਨ। ਇਹ ਇੱਕ ਅਤਿ ਦੁਖਦਾਇਕ ਗੱਲ ਹੈ ਕਿ ਮਨੁੱਖੀ ਹੱਕਾਂ ਦੇ ਅਲੰਬਰਦਾਰ ਕਹਾਉਂਦੇ ਦੇਸ਼ ਦੇ ਮੱਥੇ ‘ਤੇ ਐਡਾ ਘਿਨਾਉਣਾ ਕਲੰਕ ਜੋ ਬਹੁਤੀ ਪੁਰਾਣੀ ਗੱਲ ਵੀ ਨਹੀਂ ਪਰ ਕੋਝੇ ਰੂਪ ਵਿੱਚ ਲੱਗ ਗਿਆ ਹੈ। ਸਭਿਅਕ ਦੇਸ਼ ਜੋ ਦੁਨੀਆਂ ਵਿੱਚ ਆਪਣੀ ਪੈਂਠ ਬਣਾ ਕੇ ਚੱਲਦੇ ਹਨ ਉੱਥੇ ਅਜਿਹੀਆਂ ਗੱਲਾਂ ਬੇਸ਼ੱਕ ਓਪਰੀਆਂ ਤਾਂ ਲੱਗਦੀਆਂ ਹਨ ਪਰ ਸੱਚ ਇਹ ਹੈ ਕਿ ਦੁਨੀਆਂ ‘ਤੇ ਉਸਰਿਆ ਬਰਤਾਨਵੀ ਸਾਮਰਾਜੀ ਢਾਂਚਾ ਉੱਥੋਂ ਦੇ ਲੋਕਾਂ ਦੀ ਤਬਾਹੀ ਦਾ ਮੁਜੱਸਮਾ ਹੀ ਰਿਹਾ ਹੈ। ਜਿਸ ਦੀਆਂ ਪਰਤਾਂ ਦਿਨ ਬਦਿਨ ਕਿਸੇ ਨਾ ਕਿਸੇ ਰੂਪ ਵਿੱਚ ਲੋਕਾਂ ਸਾਹਮਣੇ ਆਉਂਦੀਆਂ ਹੀ ਰਹਿੰਦੀਆਂ ਹਨ। ਇਹ ਘਿਨਾਉਣਾ ਅਪਰਾਧ ਤਾਂ ਧਰਮ ਦੀ ਦੁਹਾਈ ਦੇਣ ਵਾਲੇ ਕੈਥੋਲਿਕ ਚਰਚ ਦੇ ਮੁਖੀਆਂ ਤੇ ਬਸਤੀਵਾਦੀ ਸਰਕਾਰ ਦੀ ਮਿਲੀ ਭੁਗਤ ਦੇ ਜਾਂਗਲੀਪੁਣੇ ਦਾ ਸਬੂਤ ਹਨ, ਜੋ ਮੂਲ ਵਾਸੀਆਂ ਦੇ ਬੱਚਿਆਂ ਨੂੰ ਜਾਂਗਲੀਪੁਣੇ ‘ਚੋਂ ਬਾਹਰ ਕੱਢ ਕੇ ਸਭਿਅਕ ਮਨੁੱਖ ਬਣਾਉਣ ਦੇ ਢੌਂਗ ਹੇਠ ਨੰਨੀਆਂ ਜਾਨਾਂ ਦੀ ਬਲੀ ਲੈ ਰਹੇ ਸਨ। ਕਿਹਾ ਜਾਂਦਾ ਹੈ ਕਿ ਜੇ ਕਿਸੇ ਨਸਲ ਨੂੰ ਖ਼ਤਮ ਕਰਨਾ ਹੋਵੇ ਤਾਂ ਉਹਨਾਂ ਨੂੰ ਉਹਨਾਂ ਦੀ ਭਾਸ਼ਾ, ਬੋਲੀ ਤੇ ਸਭਿਆਚਾਰ ਨਾਲੋਂ ਤੋੜ ਦਿਓ ਤਾਂ ਉਹ ਆਪਣੇ ਆਪ ਖ਼ਤਮ ਹੋ ਜਾਣਗੇ ਜਿਸ ਦੀ ਜ਼ਿੰਦਾ ਮਿਸਾਲ ਅੱਜ ਸਾਡੇ ਸਾਹਮਣੇ ਹੈ ਕਿ ਸਕੂਲੀ ਬੱਚਿਆਂ ਨੂੰ ਵੱਖਵਾਦੀ ਯੋਜਨਾਬੱਧ ਤਰੀਕੇ ਨਾਲ਼ ਮਾਪਿਆਂ, ਬੋਲੀ ਤੇ ਸਭਿਆਚਾਰ ਨਾਲੋਂ ਹੀ ਨਹੀਂ ਤੋੜਿਆ ਸਗੋਂ ਉਹਨਾਂ ਦਾ ਨਸਲੋਂ ਨਬੂਦ ਕਰਕੇ ਧਰਤੀ ਵਿੱਚ ਦੱਬ ਦਿੱਤਾ। ਸੋਚਿਆ ਜਾਵੇ ਕਿ ਇਹ ਬੱਚੇ ਇੱਕ ਦਿਨ ਤਾਂ ਨਹੀਂ ਮਾਰੇ ਗਏ ਹੋਣਗੇ, ਸਗੋਂ ਇਹਨਾਂ ਦੇ ਜ਼ੁਲਮਾਂ ਦੀ ਦਾਸਤਾਨ ਕਿਹੋ ਜਿਹੀ ਖ਼ਤਰਨਾਕ ਹੋਵੇਗੀ, ਜੋ ਹਰ ਰੋਜ਼

ਆਪਣੀ ਹੋਣੀ ਨਾਲ਼ ਟੱਕਰਦੇ ਹੋਣਗੇ। ਸੋਚ ਕੇ ਵੀ ਕੰਬਣੀ ਛਿੜਦੀ ਹੈ ਕਿ ਤਿੰਨ ਸਾਲ ਦੇ ਬੱਚੇ ਦਾ ਕੀ ਕਸੂਰ ਹੋਵੇਗਾ? ਉਹ ਇਸਾਈ ਧਰਮ ਦੇ ਪੈਰੋਕਾਰਾਂ ਦੇ ਨਿਰਦਈਪੁਣੇ ਦੀ ਵਹਿਸ਼ੀ ਜ਼ਿਹਨੀਅਤ ਇੱਕ ਸਕੂਲ ਦੀ ਦਾਸਤਾਨ ਨਹੀਂ ਲੱਗਦੀ ਕਿਉਂਕਿ ਜਿਹੜੇ ਵਿਦਿਆਰਥੀ ਇਹਨਾਂ ਸਕੂਲਾਂ ਵਿੱਚੋਂ ਪੜ੍ਹ ਕੇ ਬਾਹਰ ਵੀ ਆਏ ਉਹਨਾਂ ਦੀਆਂ ਲਿਖੀਆਂ ਕਿਤਾਬਾਂ ਉਹਨਾਂ 'ਤੇ ਹੋਏ ਜ਼ੁਲਮਾਂ ਦੀ ਸ਼ਾਹਦੀ ਭਰਦੀਆਂ ਹਨ।ਹੁਣ ਹੋਰ ਸਕੂਲਾਂ ਬਾਰੇ ਪਤਾ ਲਾਉਣ ਦੀਆਂ ਕੋਸ਼ਿਸ਼ਾਂ ਵੀ ਜਾਰੀ ਕੀਤੀਆਂ ਜਾ ਰਹੀਆਂ ਹਨ। ਇਹ ਤਾਂ ਅੱਜ ਦੀ ਗੱਲ ਹੈ ਦੁੱਖ ਇਸ ਗੱਲ ਦਾ ਹੈ ਕਿ ਉਸ ਸਮੇਂ ਹੋ ਰਹੇ ਇਹਨਾਂ ਜ਼ੁਲਮਾਂ ਨੂੰ ਸਰਕਾਰਾਂ ਕਿਵੇਂ ਅੱਖੋਂ ਪਰੋਖੇ ਕਰਦੀਆਂ ਰਹੀਆਂ ਹੋਣਗੀਆਂ। ਕੋਈ ਵੀ ਜ਼ਿੰਮੇਵਾਰ ਨੁਮਾਇੰਦੇ ਨੇ ਇਹਨਾਂ ਲੋਕਾਂ ਦੀ ਅਵਾਜ਼ ਸੁਣੀ ਹੀ ਨਹੀਂ ਸਗੋਂ ਇਹਨਾਂ ਨੂੰ ਘਟੀਆ ਸਮਝ ਕੇ ਹਾਸ਼ੀਏ ਦੇ ਉਸ ਪਾਰ ਹੀ ਧੱਕਿਆ ਜਾਂਦਾ ਰਿਹਾ ਹੈ। ਇਹ ਲੋਕ ਇਸ ਬਦਸਲੂਕੀ ਦਾ ਸ਼ਿਕਾਰ ਕਿਵੇਂ ਬਣੇ? ਇਸ ਬਾਰੇ ਇਤਿਹਾਸ ਨੂੰ ਹੰਘਾਲਣਾ ਪਵੇਗਾ।

ਕੈਨੇਡਾ ਦਾ ਇਤਿਹਾਸ ਬਹੁਤਾ ਪੁਰਾਣਾ ਨਹੀਂ ਮਿਲਦਾ। ਇਹ ਤਾਂ ਜਦੋਂ ਕੋਲੰਬਸ ਘੁੰਮਦਾ ਫਿਰਦਾ 1492 ਵਿੱਚ ਅਮਰੀਕਾ ਪਹੁੰਚਦਾ ਹੈ ਤੇ ਸਮੁੰਦਰੋਂ ਪਾਰ ਇਹ ਧਰਤੀ ਲੱਭ ਲੈਂਦਾ ਹੈ ਜਿਹੜੀ ਖਣਿਜ ਪਦਾਰਥਾਂ ਨਾਲ਼ ਭਰੀ ਪਈ ਹੈ। ਉਸ ਤੋਂ ਬਾਅਦ ਯੂਰਪੀਅਨ ਲੋਕਾਂ ਦਾ ਇੱਥੇ ਆਉਣਾ ਜਾਣਾ ਸ਼ੁਰੂ ਹੋਇਆ। ਕੈਨੇਡਾ ਦੀ ਧਰਤੀ 'ਤੇ ਆਉਣ ਵਾਲ਼ਾ ਪਹਿਲਾ ਯੂਰਪੀਅਨ ਜੋਹਨ ਕੇਬਟ 24 ਜੂਨ 1497 ਨੂੰ ਇੱਥੇ ਪਹੁੰਚਿਆ। ਪਹਿਲਾਂ ਪਹਿਲ ਉਹ ਵਿਉਪਾਰ ਦੇ ਬਹਾਨੇ ਜਿਵੇਂ ਲੋਕਾਂ ਤੋਂ ਜੰਗਲੀ ਜਾਨਵਰਾਂ ਦੀ ਫਰ ਲੈ ਜਾਣੀ ਤੇ ਉਹਨਾਂ ਨੂੰ ਲੋਹੇ ਦੇ ਯੰਤਰਾਂ ਨਾਲ਼ ਵਟਾਂਦਰਾਂ ਕਰ ਲੈਣਾ। ਮੂਲ ਨਿਵਾਸੀਆਂ ਨੂੰ ਵੀ ਇਹਨਾਂ ਯੰਤਰਾਂ ਨਾਲ਼ ਸ਼ਿਕਾਰ ਕਰਨਾ ਸੌਖਾ ਲੱਗਿਆ ਤੇ ਸੁਤੇ ਸੁਭਾਅ ਹੀ ਉਹ ਇਸ ਖ਼ਲਜਗਣ ਵਿੱਚ ਧੱਸਦੇ ਚਲੇ ਗਏ। ਸਮਾਂ ਪਾ ਕੇ ਯੂਰਪੀਅਨ ਜਿਵੇਂ ਦੁਨੀਆਂ ਭਰ ਵਿੱਚ ਫੈਲਦੇ ਗਏ ਤੇ ਹਰ ਥਾਂ ਆਪਣੇ ਬਿਜ਼ਨਿਸ ਸੈਟਲ ਕਰਦੇ ਗਏ ਤੇ ਧਰਤੀ 'ਤੇ ਕਬਜ਼ਾ ਵੀ ਕਰਦੇ ਗਏ, ਇੱਥੇ ਵੀ ਉਹਨਾਂ ਇਵੇਂ ਹੀ ਕੀਤਾ। ਇੱਥੋਂ ਦੇ ਵਸ਼ਿੰਦੇ ਥੋੜ੍ਹੇ ਸਨ ਤੇ ਰਹਿੰਦੇ ਵੀ ਸਮੁੰਦਰ ਕੰਢੇ ਛੋਟੇ ਛੋਟੇ ਕਬੀਲਿਆਂ ਵਿੱਚ ਸਨ। ਇਹਨਾਂ ਲੋਕਾਂ ਦਾ ਮੁੱਖ ਕਿੱਤਾ ਮੱਛੀ ਫੜ੍ਹਨਾ ਸੀ। ਮੱਛੀ ਜਾਂ ਜਾਨਵਰਾਂ ਦੇ ਸ਼ਿਕਾਰ ਜਾਂ ਫਲਾਂ ਆਦਿ ਨਾਲ਼ ਖਾਣ ਅਤੇ ਜਾਨਵਰਾਂ ਦੀ ਖੱਲ ਪਹਿਨ ਕੇ ਗੁਜ਼ਾਰਾ ਕਰਨ ਨਾਲ਼ ਇਹਨਾਂ ਦਾ ਆਤਮ ਨਿਰਭਰਤਾ ਦਾ ਮਸਲਾ ਹੱਲ ਹੁੰਦਾ ਸੀ। ਇਹਨਾਂ ਦੀਆਂ ਲੋੜਾਂ ਸੀਮਤ ਸਨ ਤੇ ਲੋਕ ਅਰਾਮ ਦੀ ਜ਼ਿੰਦਗੀ ਜਿਉਂ ਰਹੇ ਸਨ। ਯੂਰਪੀਅਨਾਂ ਨੇ ਸੱਤਾ ਦੀ ਪ੍ਰਾਪਤੀ ਤੇ ਲਾਲਚ ਦੀ ਹੱਦ ਤੋਂ ਪਾਰ ਜਾ ਕੇ ਇਹਨਾਂ ਨੂੰ ਨਵੇਂ ਨਵੇਂ ਸਬਜ਼ਬਾਗ਼ ਦਿਖਾ ਕੇ,

ਲਾਲਚ ਦੇ ਕੇ, ਔਰਤਾਂ ਨਾਲ਼ ਸਬੰਧ ਬਣਾ ਕੇ, ਬੱਚੇ ਪੈਦਾ ਕਰਕੇ, ਭਰਮਾ ਕੇ ਇਸ ਧਰਤੀ 'ਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ।

ਬਸਤੀਵਾਦੀ ਬ੍ਰਿਟਿਸ਼ ਸਰਕਾਰ ਜਿਸ ਨੇ ਸਾਰੇ ਦੇਸ਼ਾਂ 'ਤੇ ਕਬਜ਼ਾ ਕਰਨ ਲਈ ਆਪਣੀ ਨਸਲਵਾਦੀ ਨੀਤੀ ਦੇ ਤਹਿਤ ਆਪਣੇ ਆਪ ਨੂੰ ਸਭ ਤੋਂ ਉੱਤਮ ਗਰਦਾਨਕੇ ਦੂਜਿਆਂ ਨੂੰ ਨੀਵਾਂ ਤੇ ਘਟੀਆ ਦਰਸਾਉਣ ਲਈ ਉਹਨਾਂ ਨੂੰ ਆਪਣੇ ਵਰਗਾ ਵਧੀਆ ਬਣਾਉਣ ਲਈ 20 ਵੀਂ ਸਦੀ ਦੇ ਅਖ਼ੀਰਲੇ ਦਹਾਕਿਆਂ ਵਿੱਚ ਮੂਲ ਨਿਵਾਸੀਆਂ ਦੇ ਬੱਚਿਆਂ ਨੂੰ ਅੰਗਰੇਜ਼ੀ ਦੀ ਸਿੱਖਿਆ ਤੇ ਰਹਿਣ ਸਹਿਣ ਦੇ ਤਰੀਕੇ ਸਿਖਾਉਣ ਦੀ ਜ਼ਿੰਮੇਵਾਰੀ ਸਮਝਦੇ ਹੋਏ ਇਸਾਈ ਮਿਸ਼ਨਰੀਆਂ ਨੂੰ ਰੈਜ਼ੀਡੈਂਸ਼ੀਅਲ ਸਕੂਲਾਂ ਦੇ ਜ਼ਰੀਏ ਇਹਨਾਂ ਦੀ ਸਰਪ੍ਰਸਤੀ ਸੰਭਾਲ ਦਿੱਤੀ। ਇਹ ਰਿਹਾਇਸ਼ੀ 139 ਸਕੂਲ ਖੋਲ੍ਹੇ ਗਏ ਤੇ ਮੂਲ ਨਿਵਾਸੀਆਂ ਦੇ 150,000 ਬੱਚੇ ਸਕੂਲਾਂ ਵਿੱਚ ਜਬਰੀ ਦਾਖ਼ਲ ਕੀਤੇ ਗਏ ਸਨ, ਜਿਨ੍ਹਾਂ ਦੀ ਉਮਰ 3 ਸਾਲ ਤੋਂ 18 ਸਾਲ ਤੱਕ ਹੁੰਦੀ ਸੀ। ਇਹਨਾਂ ਸਕੂਲਾਂ ਨੂੰ ਸਰਕਾਰ ਫੰਡ ਦਿੰਦੀ ਸੀ। ਇਸ ਤੋਂ ਇਲਾਵਾ ਵੀ ਬਿਨ੍ਹਾ ਸਰਕਾਰੀ ਮੱਦਦ ਤੋਂ ਵੀ ਬਹੁਤ ਸਕੂਲ ਖੋਲ੍ਹੇ ਗਏ ਸਨ। ਇਹਨਾਂ ਰਿਹਾਇਸ਼ੀ ਸਕੂਲਾਂ ਵਿੱਚ ਕੈਨੇਡਾ ਦੇ ਆਦਿਵਾਸੀਆਂ ਦੇ ਸਾਰੇ ਫਸਟ ਨੇਸ਼ਨ, ਮੇਟੀਜ਼ ਤੇ ਇਨਯੂਇਟ ਕਬੀਲਿਆਂ ਦੇ ਬੱਚਿਆਂ ਨੂੰ ਮਾਪਿਆਂ ਤੋਂ ਦੂਰ ਬੇਸ਼ੱਕ ਸਭਿਅਕ ਤੇ ਯੂਰਪੀਅਨਾਂ ਦੇ ਵਿੱਚ ਅਭੇਦ ਕਰਨ ਲਈ ਰੱਖਿਆ ਗਿਆ ਸੀ ਪਰ ਉੱਥੇ ਉਹਨਾਂ ਨੂੰ ਇਸਾਈ ਮੱਤ ਦੀ ਧਾਰਮਿਕ ਸਿੱਖਿਆ ਜਾਂ ਸਕੂਲ ਨੂੰ ਚਲਾਉਣ ਲਈ ਹੀ ਕੰਮ ਕਰਵਾਏ ਜਾਂਦੇ ਸਨ। ਜਿਵੇਂ ਮੁੰਡਿਆਂ ਤੋਂ ਖੇਤੀ ਦਾ ਕੰਮ, ਲੱਕੜੀ ਅਤੇ ਲੋਹੇ ਆਦਿ ਦੇ ਕੰਮ ਤੇ ਕੁੜੀਆਂ ਤੋਂ ਸਿਲਾਈ, ਕਢਾਈ, ਖਾਣਾ ਬਣਾਉਣਾ, ਕੱਪੜੇ ਧੋਣਾ ਤੇ ਸਫ਼ਾਈ ਦਾ ਕੰਮ ਕਰਵਾਇਆ ਜਾਂਦਾ ਸੀ। ਜਦੋਂ ਬੱਚੇ ਇਹਨਾਂ ਸਕੂਲਾਂ ਵਿੱਚ ਦਾਖ਼ਲ ਹੁੰਦੇ ਤਾਂ ਪਹਿਲਾ ਕੰਮ ਉਹਨਾਂ ਦਾ ਨਾਂ ਬਦਲ ਦਿੱਤਾ ਜਾਂਦਾ ਸੀ ਜਿਸ ਦੀ ਵਜ੍ਹਾ ਕਰਕੇ ਅੱਜ ਮਾਰੇ ਗਏ ਬੱਚਿਆਂ ਦੀ ਪਛਾਣ ਨਹੀਂ ਹੋ ਰਹੀ। ਕਈ ਸਕੂਲਾਂ ਵਿੱਚ ਉਹ ਸਾਰੇ ਸਾਲ ਵਿੱਚੋਂ 1-2 ਮਹੀਨਿਆਂ ਜਾਂ ਹਫ਼ਤਿਆਂ ਲਈ ਹੀ ਘਰ ਜਾ ਸਕਦੇ ਸਨ। ਜੇ ਕਦੇ ਮਾਪੇ ਉਹਨਾਂ ਨੂੰ ਮਿਲਣ ਆਉਂਦੇ ਤਾਂ ਉਹਨਾਂ ਤੇ ਸਖ਼ਤੀ ਕੀਤੀ ਜਾਂਦੀ ਕਿ ਉਹ ਸਿਰਫ਼ ਆਪਣੇ ਮਾਪਿਆਂ ਨਾਲ਼ ਅੰਗਰੇਜ਼ੀ ਵਿੱਚ ਹੀ ਗੱਲ ਕਰ ਸਕਦੇ ਸਨ, ਉੱਧਰ ਮਾਪਿਆਂ ਨੂੰ ਅੰਗਰੇਜ਼ੀ ਨਹੀਂ ਸੀ ਆਉਂਦੀ ਤੇ ਦੋਨੋਂ ਧਿਰਾਂ ਰੋਂਦੇ ਕਰਲਾਉਂਦੇ ਹੀ ਮੁੜ ਜਾਂਦੇ। ਜੇ ਉਹ ਕਬੀਲੇ ਦੀ ਭਾਸ਼ਾ ਬੋਲਦੇ ਤਾਂ ਉਹਨਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਂਦੀਆਂ। ਉਹ ਇੱਕੋ ਸਕੂਲ ਵਿੱਚ ਪੜ੍ਹਦੇ ਆਪਣੇ ਭੈਣਾਂ ਭਰਾਵਾਂ ਨੂੰ ਵੀ ਨਹੀਂ ਸੀ ਮਿਲ ਸਕਦੇ ਜੇ ਕਿਤੇ ਗੱਲ ਕਰਨ ਦੀ ਕੁਤਾਹੀ ਹੋ ਜਾਂਦੀ ਤਾਂ ਮੰਜਿਆਂ ਨਾਲ ਬੰਨ੍ਹ ਦਿੱਤਾ ਜਾਂਦਾ, ਮਾਤ ਭਾਸ਼ਾ ਬੋਲਣ ਤੇ ਜੀਭ ਵਿੱਚ ਸੂਈਆਂ ਮਾਰੀਆਂ ਜਾਂਦੀਆਂ, ਭੁੱਖੇ ਰੱਖਣਾ, ਕੁੱਟਣਾ, ਮਾਰਨਾ, ਬਿਮਾਰੀ

ਦੀ ਹਾਲਤ ਵਿੱਚ ਵੀ ਸਖ਼ਤ ਕੰਮ ਕਰਵਾਉਣੇ। ਇਸ ਸਮੇਂ ਦੇ ਦੌਰਾਨ ਟੀ.ਬੀ. ਤੇ ਫਲੂ ਵਰਗੀਆਂ ਭਿਆਨਕ ਬਿਮਾਰੀਆਂ ਦੀ ਵੈਕਸੀਨ ਜੋ ਅੱਜ ਜਾਨਵਰਾਂ 'ਤੇ ਟੈਸਟ ਕੀਤੀ ਜਾਂਦੀ ਹੈ ਉਦੋਂ ਇਹਨਾਂ ਵਿਦਿਆਰਥੀਆਂ 'ਤੇ ਹੀ ਟੈਸਟ ਕੀਤੀ ਜਾਂਦੀ ਸੀ ਜਿਸ ਦੇ ਰਿਜਲਟ ਵਿੱਚ ਅਨੇਕਾਂ ਹੀ ਬੱਚੇ ਮਰ ਜਾਂਦੇ ਸਨ।

ਸਰਕਾਰੀ ਸਿਹਤ ਇੰਸਪੈਕਟਰ ਪੀ. ਐੱਚ. ਬਰਾਈਸ ਨੇ 1907 ਵਿੱਚ ਰਿਪੋਰਟ ਕੀਤਾ ਸੀ ਕਿ ਮੂਲ ਨਿਵਾਸੀ ਸਿਹਤਮੰਦ ਬੱਚੇ ਜੋ ਰੈਜ਼ੀਡੈਂਸ਼ੀਅਲ ਸਕੂਲਾਂ ਵਿੱਚ ਜਬਰੀ ਲਿਆਂਦੇ ਗਏ ਸਨ ਉਹਨਾਂ ਦੀ ਉੱਥੇ ਆ ਕੇ 24% ਦੀ ਮੌਤ ਹੋ ਗਈ ਹੈ ਜੋ ਕਈ ਸਕੂਲਾਂ ਵਿੱਚ ਇਸ ਤੋਂ ਵੀ ਵੱਧ ਕੇ 47% ਤੇ 75% ਵੀ ਹੋਈ ਪਰ ਜੋ ਬੱਚੇ ਬਿਮਾਰ ਹੋਣ 'ਤੇ ਘਰਾਂ ਨੂੰ ਭੇਜੇ ਗਏ ਤੇ ਉਹ ਜਾਣ ਸਾਰ ਮਰ ਗਏ, ਉਹ ਇਹਨਾਂ ਵਿੱਚ ਸ਼ਾਮਲ ਨਹੀਂ ਹਨ। ਇਸ ਰਿਪੋਰਟ ਨੂੰ ਉਦੋਂ ਜਨਤਕ ਨਹੀਂ ਕੀਤਾ ਗਿਆ ਸਗੋਂ 1922 ਵਿੱਚ ਜਾ ਕੇ ਇਹ ਪਬਲਿਸ਼ ਹੋਈ ਸੀ। ਇਹਨਾਂ ਸਕੂਲਾਂ ਵਿੱਚ ਬੱਚਿਆਂ ਦੀਆਂ ਮੌਤਾਂ ਤਸ਼ੱਦਦ, ਕੁਪੋਸ਼ਣ, ਬਲਾਤਕਾਰ, ਮਾਪਿਆਂ ਦੇ ਹੇਰਵੇ, ਅੱਗ ਵਿੱਚ ਝੁਲਸ ਕੇ ਤੇ ਸਕੂਲੋਂ ਭੱਜਣ ਸਮੇਂ ਬਰਫ਼ ਵਿੱਚ ਜੰਮ ਕੇ ਤੇ ਭਿਆਨਕ ਮਹਾਂਮਾਰੀਆਂ ਦੇ ਦੌਰਾਨ ਹੋਈਆਂ ਦੱਸੀਆਂ ਜਾ ਰਹੀਆਂ ਹਨ। ਜੂਨ 2015 ਵਿੱਚ ਟਰੁਥ ਐਂਡ ਰੀਕੌਨਸਿਲੀਏਸ਼ਨ ਕਮਿਸ਼ਨ ਆਫ਼ ਕੈਨੇਡਾ ਨੇ ਰਿਪੋਰਟ ਕੀਤਾ ਕਿ ਤਕਰੀਬਨ 6000 ਤੋਂ 25000 ਤੱਕ  ਬੱਚੇ ਇਹਨਾਂ ਸਕੂਲਾਂ ਵਿੱਚ ਮਾਰੇ ਗਏ ਹੋ ਸਕਦੇ ਹਨ ਪਰ ਅਜੇ ਅੰਕੜੇ ਅਧੂਰੇ ਹਨ। 4037 ਦੀ ਪੁਸ਼ਟੀ ਹੋਈ ਹੈ ਪਰ ਇਹਨਾਂ ਵਿੱਚੋਂ ਤੀਜਾ ਹਿੱਸਾ ਬੱਚਿਆਂ ਦੇ ਨਾਂਵਾਂ ਦਾ ਨਹੀਂ ਪਤਾ ਲੱਗ ਸਕਿਆ, ਚੌਥੇ ਹਿੱਸੇ ਦੀ ਕੋਈ ਲਿੰਗਕ ਪਛਾਣ ਨਹੀਂ ਤੇ ਅੱਧੇ ਮਰਨ ਵਾਲਿਆਂ ਦੇ ਕਾਰਣ ਦਾ ਨਹੀਂ ਪਤਾ ਲੱਗਿਆ ਕਿ ਉਹ ਕਿਵੇਂ ਮਰੇ ਸਨ। 80,000 ਤੋਂ ਵੱਧ ਜੋ ਇਸ ਸਕੂਲੀ ਤਸ਼ੱਦਦ ਦਾ ਸ਼ਿਕਾਰ ਬਣੇ ਤੇ ਜਿਨ੍ਹਾਂ ਨੇ ਇਸ ਸਭਿਆਚਾਰਕ ਨਸਲਕੁਸ਼ੀ ਦੀਆਂ ਕਹਾਣੀਆਂ ਆਪਣੀਆਂ ਹੱਡਬੀਤੀਆਂ ਲੋਕਾਂ ਨਾਲ ਸਾਂਝੀਆਂ ਕੀਤੀਆਂ ਹਨ। ਉਹ ਅਜੇ ਵੀ ਅਤੀਤ ਦਾ ਅਮਾਨਵੀ ਤਸ਼ੱਦਦ ਮੋਢਿਆਂ ਉੱਤੇ ਚੁੱਕ ਕੇ ਜੀਅ ਰਹੇ ਹਨ। ਟੀ. ਆਰ. ਸੀ. ਨੇ ਇਹ ਵੀ ਦੱਸਿਆ ਕਿ ਉਨ੍ਹਾਂ ਨੇ 6750 ਪੀੜ੍ਹਤ ਜਾਂ ਉਹਨਾਂ ਦੇ ਪਰਿਵਾਰਾਂ ਨੂੰ ਇੰਟਰਵਿਊਆਂ ਰਾਹੀਂ ਡਾਕੂਮੈਂਟ ਵੀ ਕੀਤਾ ਹੈ। ਕਹਿ ਸਕਦੇ ਹਾਂ ਕਿ ਉੱਥੇ ਹਰ ਤਰ੍ਹਾਂ ਦੇ ਸਰੀਰਕ, ਮਾਨਸਿਕ, ਜਿਨਸੀ ਸ਼ੋਸ਼ਣ ਤੇ ਦਿਮਾਗ਼ੀ ਤਸੀਹੇ ਦਿੱਤੇ ਜਾਂਦੇ ਸਨ ਜਿਸ ਨਾਲ਼ ਇਹ ਨਿਰਾਸ਼ ਬੱਚੇ ਸਕੂਲ ਤੋਂ ਬਾਹਰ ਨਿਕਲ਼ ਕੇ ਵੀ ਪੜ੍ਹਨ ਵੱਲ ਉੱਕਾ ਹੀ ਨਾ ਜਾਂਦੇ ਕਿਉਂਕਿ ਉਹਨਾਂ ਦੇ ਬਚਪਨ ਦੀ ਨੀਂਹ ਮਾਪਿਆਂ ਤੋਂ ਦੂਰ ਸਕੂਲਾਂ ਦੇ ਨਾਂ ਤੇ ਕਸਾਈਖਾਨਿਆਂ ਵਿੱਚ ਰੱਖੀ ਜਾਂਦੀ ਸੀ। ਬਚਪਨ ਵਿੱਚ ਸਹੇ ਜ਼ੁਲਮ ਉਹਨਾਂ 'ਤੇ ਅਜਿਹਾ ਅਸਰ ਕਰਦੇ ਕਿ ਬਾਅਦ

ਵਿੱਚ ਵੀ ਉਹ ਜਰਾਇਮ ਪੇਸ਼ਾਵਰ ਹੋ ਨਿਬੜਦੇ ਸਨ ਜਿਵੇਂ ਕਿ ਅੰਕੜੇ ਦਰਸਾ ਰਹੇ ਹਨ ਕਿ ਸਭ ਤੋਂ ਵੱਧ ਇਹਨਾਂ ਲੋਕਾਂ ਵਿੱਚ ਹਿੰਸਕ ਲੜਾਈ ਝਗੜੇ ਹੁੰਦੇ ਹਨ।

ਕੈਨੇਡਾ ਵਿੱਚ ਮੂਲ ਨਿਵਾਸੀਆਂ ਦੇ ਦੁਖਾਂਤ ਦਾ ਸਿਰਫ਼ ਇਹੀ ਪੰਨਾ ਨਹੀਂ ਹੈ ਸਗੋਂ ਇਹਨਾਂ ਨਾਲ ਵੱਖਵਾਦੀ, ਨਸਲਵਾਦੀ ਰਵੱਈਆ ਅਪਣਾ ਕੇ, ਸ਼ਹਿਰਾਂ ਨਾਲੋਂ ਤੋੜ ਕੇ, ਇਹਨਾਂ ਦੀ ਐਡੀ ਵੱਡੀ ਧਰਤੀ ਤੋਂ ਵਾਂਝਿਆਂ ਕਰਕੇ ਸਿਰਫ਼ 0.2% ਰੀਜ਼ਰਵ ਥਾਂਵਾਂ ਤੇ ਡੱਕ ਦਿੱਤਾ ਗਿਆ ਹੈ। ਇਹਨਾਂ ਦਾ ਜ਼ੱਦੀ ਮੁੱਖ ਕਿੱਤਾ ਮੱਛੀ ਫੜ੍ਹਨਾ ਤੇ ਸ਼ਿਕਾਰ ਕਰਨਾ ਸੀ ਉਹ ਵੀ ਕਾਨੂੰਨ ਬਣਾ ਕੇ ਸੀਮਤ ਕਰ ਦਿੱਤਾ ਕਿ ਸਿਰਫ਼ ਇਹਨਾਂ ਥਾਵਾਂ ਤੋਂ ਹੀ ਤੁਸੀਂ ਸ਼ਿਕਾਰ ਤੇ ਮੱਛੀ ਫੜ੍ਹ ਸਕਦੇ ਹੋ। ਹੁਣ ਇਹਨਾਂ ਦੀਆਂ ਬਹੁਤ ਸਾਰੀਆਂ ਉਪ-ਬੋਲੀਆਂ ਤਾਂ ਖ਼ਤਮ ਹੀ ਹੋ ਗਈਆਂ ਹਨ ਤੇ ਉਂਜ ਵੀ ਸਿਰਫ਼ 4% ਲੋਕ ਹੀ ਆਪਣੀਆਂ ਭਾਸ਼ਾਵਾਂ ਬੋਲਦੇ ਰਹਿ ਗਏ ਹਨ ਜਿਨ੍ਹਾਂ ਦੀ ਗਿਣਤੀ 260,550 ਦੱਸੀ ਜਾ ਰਹੀ ਹੈ। ਲੋਕਾਂ ਨਾਲ਼ ਅੰਨ੍ਹੇ ਵਿਤਕਰੇ ਦੀ ਵਜ੍ਹਾ ਕਰਕੇ ਜ਼ੁਲਮ ਦੀ ਦਰ ਵੀ ਇਹਨਾਂ ਵਿੱਚ ਜ਼ਿਆਦਾ ਹੈ ਜਿਸ ਦੇ ਸਿੱਟੇ ਵਜੋਂ ਕੈਨੇਡਾ ਦੀਆਂ ਜੇਲ੍ਹਾਂ ਵਿੱਚ 30% ਤੋਂ ਵੀ ਜ਼ਿਆਦਾ ਕੈਦੀ, ਮੂਲ ਨਿਵਾਸੀ ਹਨ। ਇਸ ਸਮੇਂ ਕੈਨੇਡਾ ਵਿੱਚ ਡਰੱਗ ਓਵਰਡੋਜ਼ ਦਾ ਪ੍ਰਕੋਪ ਬਹੁਤ ਜ਼ਿਆਦਾ ਹੈ ਉਸ ਵਿੱਚ ਵੀ ਮੂਲ ਨਿਵਾਸੀਆਂ ਦੀ ਮਰਨ ਦਰ ਸਭ ਤੋਂ ਵੱਧ ਹੈ।ਸੀ. ਟੀ. ਵੀ. ਨਿਊਜ਼ ਚੈਨਲ ਮੁਤਾਬਕ ਬੇਸ਼ੱਕ ਸਕੂਲ ਬੰਦ ਹੋ ਗਏ ਪਰ ਹੁਣ ਵੀ ਮੂਲ ਵਾਸੀਆਂ ਦੇ 14 ਸਾਲ ਤੋਂ ਘੱਟ ਉਮਰ ਦੇ ਬੱਚੇ 52.2% ਫੋਸਟਰ ਕੇਅਰ ਘਰਾਂ ਵਿੱਚ ਰਹਿੰਦੇ ਹਨ ਜਾਣਿ ਕਿ ਕੁੱਲ 28,665 ਵਿੱਚੋਂ 14,970 ਬੱਚੇ। ਹੁਣ ਕਾਨੂੰਨ ਮੁਤਾਬਕ ਬੱਚਿਆਂ ਨੂੰ ਮਾਪਿਆਂ ਕੋਲੋਂ ਖੋਹ ਲਿਆ ਜਾਂਦਾ ਹੈ ਕਿ ਤੁਸੀਂ ਵਧੀਆ ਪ੍ਰਵਰਿਸ਼ ਨਹੀਂ ਕਰ ਸਕਦੇ ਪਰ ਫੋਸਟਰ ਮਾਪਿਆਂ ਨੂੰ ਕਿਤੇ ਜ਼ਿਆਦਾ ਤਨਖ਼ਾਹ ਜਾਂ ਫੰਡਿੰਗ ਦਿੱਤੀ ਜਾਂਦੀ ਹੈ। ਜਦੋਂ ਪਰਿਵਾਰਾਂ ਦੀਆਂ ਨਸਲਾਂ ਦੀ ਜ਼ਿਹਨੀਅਤ ਵਿੱਚ ਗ਼ਰੀਬੀ ਤੇ ਗ਼ੁਲਾਮੀ ਦੀ ਨੀਂਹ ਦਾ ਐਨੀ ਪ੍ਰਪੱਕਤਾ ਨਾਲ ਟੀਕਾਕਰਣ ਕਰ ਦਿੱਤਾ ਗਿਆ ਹੈ ਉਸ ਵਿੱਚੋਂ ਕੱਢਣ ਦੀ ਬਜਾਇ ਡਰੱਗਾਂ ਵਿੱਚ ਧੱਕ ਦਿੱਤਾ ਜਾਂਦਾ ਹੈ। ਉਹਨਾਂ ਦੀ ਮਜ਼ਬੂਰੀ ਸਮਝਣ ਦੀ ਬਜਾਇ ਕਸੂਰਵਾਰ ਠਹਿਰਾ ਦਿੱਤਾ ਜਾਂਦਾ ਹੈ ਪਰ ਉਹਨਾਂ ਨੂੰ ਬਣਦੀ ਮੱਦਦ ਨਹੀਂ ਦਿੱਤੀ ਜਾਂਦੀ। 2016 ਦੇ ਸਰਕਾਰੀ ਅੰਕੜਿਆਂ ਮੁਤਾਬਕ ਦੁੱਖ ਦੀ ਗੱਲ ਹੈ ਕਿ ਕੈਨੇਡਾ ਦੀ ਕੁੱਲ ਜਨਸੰਖਿਆ ਵਿੱਚੋਂ ਲੋਕ 10% ਗਰੀਬੀ ਰੇਖਾ ਤੋਂ ਥੱਲੇ ਰਹਿ ਰਹੇ ਹਨ ਪਰ ਮੂਲ ਵਾਸੀਆਂ ਦੇ ਬੱਚੇ 40% ਗਰੀਬੀ ਰੇਖਾ ਤੋਂ ਥੱਲੇ ਪਲ਼ ਰਹੇ ਹਨ। "ਦਾ ਗਾਰਡੀਅਨ" ਵਿੱਚ 7 ਸਤੰਬਰ, 2020 ਨੂੰ ਛਪੀ ਰਿਪੋਰਟ ਮੁਤਾਬਕ ਪਿਛਲੇ 30 ਸਾਲਾਂ ਵਿੱਚ 4000 ਤੋਂ ਵੀ ਵੱਧ ਮੂਲਵਾਸੀ ਔਰਤਾਂ ਮਾਰੀਆਂ ਗਈਆਂ ਜਾਂ ਅਲੋਪ ਹਨ ਤੇ ਇਹਨਾਂ ਔਰਤਾਂ ਨਾਲ ਹੋਣ ਵਾਲੇ ਬਲਾਤਕਾਰ ਕੇਸਾਂ ਦੀ ਗਿਣਤੀ ਕਿਤੇ ਵੱਧ ਹੈ। ਯਾਦ ਕਰਨਾ ਬਣਦਾ ਹੈ ਕਿ ਕੁੱਝ

ਸਾਲ ਪਹਿਲਾਂ ਬੀ.ਸੀ. ਦੇ ਸ਼ਹਿਰ ਕੋਕਿਟਲਮ ਦੇ ਸੂਰ ਫਾਰਮ ਦਾ ਮਾਲਕ ਕਿੰਨੀਆਂ ਹੀ ਔਰਤਾਂ ਨਾਲ ਬਲਾਤਕਾਰ ਕਰਦਾ ਰਿਹਾ ਤੇ ਬਾਅਦ ਵਿੱਚ ਮਾਰ ਕੇ ਸੂਰਾਂ ਨੂੰ ਮਾਸ ਖਵਾਉਂਦਾ ਰਿਹਾ, ਇਹ ਵੀ ਅੱਤ ਘਿਨਾਉਣੀ ਗੱਲ ਸੀ। 1980ਵਿਆਂ ਵਿੱਚ ਕੈਨੇਡੀਅਨ ਲੀਗਲ ਸਿਸਟਮ ਨੇ ਮੂਲ ਵਾਸੀ ਪੀੜਤਾਂ ਦੁਆਰਾ ਲਾਏ ਗਏ ਇਲਜ਼ਾਮਾਂ ਨੂੰ ਨੋਟਿਸ ਵਿੱਚ ਲਿਆਂਦਾ ਜਿਨ੍ਹਾਂ ਵਿੱਚ 38000 ਸੈਕਸ਼ੂਅਲ, ਸਰੀਰਕ ਤੇ ਮਾਨਸਿਕ ਸ਼ੋਸ਼ਣ ਦੇ ਕੇਸ ਦਾਖ਼ਲ ਕੀਤੇ ਗਏ ਸਨ ਜਿਨ੍ਹਾਂ ਵਿਚੋਂ 50 ਤੋਂ ਵੀ ਘੱਟ ਨੂੰ ਸਜ਼ਾਵਾਂ ਹੋਈਆਂ। ਇਹ ਸਾਰੇ ਕੇਸ ਪਾਦਰੀਆਂ, ਸਰਕਾਰ ਤੇ ਕੈਥੋਲਿਕ ਚਰਚ ਕੈਨੇਡਾ ਦੇ ਖਿਲਾਫ਼ ਦਰਜ਼ ਕੀਤੇ ਗਏ ਸਨ। ਅੱਜ ਵੀ ਸੁਣਨ ਵਿੱਚ ਆਉਂਦਾ ਹੈ ਰਿਜ਼ਰਵਾਂ ਵਿੱਚ ਸੁੱਖ ਸਹੂਲਤਾਂ ਨਹੀਂ ਹਨ ਤੇ ਲੋਕਾਂ ਦਾ ਗੁਜ਼ਾਰਾ ਵੀ ਮੁਸ਼ਕਲ ਨਾਲ਼ ਹੁੰਦਾ ਹੈ। ਉਹਨਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਯਤਨ ਨਹੀਂ ਕੀਤੇ ਜਾ ਰਹੇ ਸਗੋਂ ਉਹਨਾਂ ਥਾਵਾਂ ਤੇ ਸ਼ਰਾਬ ਜਾਂ ਕੋਕ ਵੱਧ ਮਿਲਦਾ ਹੈ, ਸਾਫ਼ ਪਾਣੀ ਅਤੇ ਸਫ਼ਾਈ ਲਈ ਉਹ ਦਰ-ਬਦਰ ਭਟਕਦੇ ਹਨ।

13 ਸਤੰਬਰ, 2007 ਨੂੰ ਯੂਨਾਈਟਡ ਨੇਸ਼ਨਜ਼ ਵਲੋਂ ਘੋਸ਼ਣਾ ਕੀਤੀ ਗਈ ਸੀ ਕਿ ਦੁਨੀਆਂ ਭਰ ਦੇ ਆਦਿ ਵਾਸੀ ਲੋਕਾਂ ਨੂੰ ਉਹਨਾਂ ਦੇ ਮੁੱਢਲੇ ਹੱਕ ਜਿਹੜੇ ਨਿੱਜੀ ਜਾਂ ਸਾਂਝੇ ਹੋਣ ਉਹ ਮਿਲਣੇ ਚਾਹੀਦੇ ਹਨ ਜਿਵੇਂ ਸਿੱਖਿਆ, ਰੁਜ਼ਗਾਰ, ਸਿਹਤ ਸਹੂਲਤਾਂ, ਭਾਸ਼ਾ, ਬੋਲੀ, ਹੋਂਦ ਅਰਥਾਤ ਪਛਾਣ ਆਦਿ। ਜਿੱਥੇ ਬਹੁਤ ਸਾਰੇ ਦੇਸ਼ਾਂ ਨੇ ਇਸਦੇ ਹੱਕ ਵਿੱਚ ਵੋਟ ਪਾਈ, ਉੱਥੇ ਅਫ਼ਸੋਸ ਹੈ ਕਿ ਕੈਨੇਡਾ ਨੇ ਵੀ ਆਪਣੇ ਤਿੰਨ ਸਾਥੀਆਂ ਸਮੇਤ ਮਿਲ ਕੇ ਅਮਰੀਕਾ, ਨਿਊਜ਼ੀਲੈਂਡ ਤੇ ਆਸਟ੍ਰੇਲੀਆ ਨੇ ਵਿਰੋਧ ਵਿੱਚ ਵੋਟ ਪਾਈ ਸੀ। ਅਜੇ ਤਾਂ ਹੱਕ ਮਿਲਣੇ ਦੀ ਗੱਲ ਚੱਲੀ ਸੀ ਜਦੋਂ ਹੱਕ ਦੇਣ ਦੀ ਗੱਲ ਹੋਵੇਗੀ ਤਾਂ ਇਹ ਸਰਕਾਰਾਂ ਕਿਸ ਤਰ੍ਹਾਂ ਦਾ ਪ੍ਰਤੀਕਰਮ ਦੇਣਗੀਆਂ, ਯਕੀਨ ਨਹੀਂ ਕਰ ਸਕਦੇ। ਬਾਅਦ ਵਿੱਚ ਕੈਨੇਡਾ ਨੇ 2016 ਵਿੱਚ ਇਸ ਘੋਸ਼ਣਾ ਵਿੱਚ ਸ਼ਾਮਲ ਹੋਣ ਦੀ ਹਾਮੀ ਭਰੀ ਸੀ। ਇਹ ਲੋਕ ਜਿਨ੍ਹਾਂ ਦੀ ਧਰਤੀ ਨੂੰ ਹਥਿਆ ਕੇ ਸਰਕਾਰਾਂ ਵੱਡੇ ਵੱਡੇ ਦਾਅਵੇ ਕਰਦੀਆਂ ਹਨ ਉਹਨਾਂ ਨੂੰ ਤਾਂ ਇਹਨਾਂ ਲੋਕਾਂ ਦੇ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ। ਅੱਜ ਤੱਕ ਮੂਲ ਨਿਵਾਸੀ ਲੋਕਾਂ ਨਾਲ਼ ਜੋ ਵੀ ਬਸਤੀਵਾਦੀ ਹਕੂਮਤਾਂ ਵਲੋਂ ਯੋਜਨਾਬੱਧ ਤਰੀਕੇ ਨਾਲ਼ ਚਾਹੇ ਰੈਜ਼ੀਡੈਂਸ਼ੀਅਲ ਸਕੂਲਾਂ ਦੀ ਗੱਲ ਹੋਵੇ ਜਾਂ ਜ਼ਮੀਨਾਂ ਖੋਹ ਕੇ ਰਿਜ਼ਰਵਾਂ ਵਿੱਚ ਧੱਕਣ ਦੀ ਜਾਂ ਸੁੱਖ ਸਹੂਲਤਾਂ ਤੋਂ ਵਾਂਝੇ ਕਰਕੇ ਨਾ ਬਰਾਬਰੀ ਤੇ ਨਸਲਵਾਦੀ ਰਵੱਈਏ ਦੀ, ਤਾਂ ਹੀ ਭਰਪਾਈ ਹੋ ਸਕਦੀ ਹੈ ਅਗਰ ਅੱਜ ਵੀ ਉਹਨਾਂ ਨੂੰ ਉਹਨਾਂ ਦਾ ਬਣਦਾ ਮਾਣ ਸਤਿਕਾਰ ਦਿੱਤਾ ਜਾਵੇ ਤੇ ਉਹਨਾਂ 'ਤੇ ਹੋ ਰਹੇ ਜ਼ੁਲਮਾਂ ਦੀ ਕਹਾਣੀ ਨੂੰ ਖ਼ਤਮ ਕੀਤਾ ਜਾਵੇ ਤੇ ਆਮ ਸ਼ਹਿਰੀਆਂ ਵਾਂਗ ਹਰ ਵਸਤ ਦੇ ਮਾਲਕ ਉਹ ਆਪ ਹੋਣ ਤੇ ਦੋਮ ਦਰਜ਼ੇ ਨੂੰ ਖ਼ਤਮ ਕੀਤਾ ਜਾਵੇ। ਉਹਨਾਂ ਦੇ ਪਿੰਡਾਂ ਤੱਕ ਸਭ

ਸਹੂਲਤਾਂ ਪਹੁੰਚਾਉਣ ਲਈ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਨਾ ਕਿ ਪੈਸਾ ਕੁੱਝ ਲੋਕਾਂ ਤੱਕ ਹੀ ਪਹੁੰਚਾਇਆ ਜਾਵੇ। ਮੂਲ ਨਿਵਾਸੀਆਂ ਵਲੋਂ ਸਾਂਝੇ ਤੌਰ ਤੇ ਉਹਨਾਂ ਵਲੋਂ ਦਿੱਤੇ ਫੈਸਲਿਆਂ ਤੇ ਫੁੱਲ ਚੜ੍ਹਾਏ ਜਾਣੇ ਚਾਹੀਦੇ ਹਨ।

ਕੈਨੇਡਾ ਅਜਿਹਾ ਦੇਸ਼ ਹੈ ਜਿੱਥੇ ਬਾਹਰੋਂ ਆ ਕੇ ਲੋਕ ਰਹਿ ਰਹੇ ਹਨ ਉਨ੍ਹਾਂ ਨੂੰ ਇੱਥੋਂ ਦੇ ਇਤਿਹਾਸ ਬਾਰੇ ਪਤਾ ਹੋਣਾ ਚਾਹੀਦਾ ਹੈ ਕਿ ਇਹ ਧਰਤੀ ਦੇ ਲੋਕ ਜਿਨ੍ਹਾਂ ਦਾ ਮਾਣ ਹੋਣਾ ਚਾਹੀਦਾ ਸੀ, ਉਹ ਹਮੇਸ਼ਾਂ ਵਿਤਕਰਾ ਸਹਿੰਦੇ ਹੋਏ ਤਸ਼ੱਦਦ ਦਾ ਪਾਤਰ ਹੀ ਕਿਵੇਂ ਬਣੇ ਰਹੇ ਹਨ ? ਅਜੇ ਵੀ ਉਹਨਾਂ ਕੋਲ ਸਕੂਲਾਂ, ਹਸਪਤਾਲਾਂ, ਪਾਣੀ, ਵਧੀਆ ਖ਼ੁਰਾਕ ਤੇ ਸਫ਼ਾਈ ਦਾ ਪ੍ਰਬੰਧ ਕਿਉਂ ਨਹੀਂ ਹੈ? ਉਹਨਾਂ ਦੇ ਆਪਣੇ ਮੁਢਲੇ ਹੱਕ, ਆਜ਼ਾਦੀ ਤੇ ਸਰਕਾਰ ਬਣਾਉਣ ਦਾ ਅਧਿਕਾਰ ਕਿਉਂ ਨਹੀਂ ਹੈ ? ਇਹਨਾਂ ਬੱਚਿਆਂ ਦੇ ਦੁੱਖ ਵਿੱਚ ਸ਼ਰੀਕ ਹੋਣ ਦਾ ਮਤਲਬ, ਸਹੀ ਅਰਥਾਂ ਵਿੱਚ ਤਾਂ ਹੋਵੇਗਾ ਅਗਰ ਇਹਨਾਂ ਭਾਈਚਾਰਿਆਂ ਨੂੰ ਮੁਢਲੇ ਹੱਕ ਦਿਵਾਉਣ ਦੇ ਅਸੀਂ ਆਪ ਭਾਗੀਦਾਰ ਬਣੀਏ। ਕਿਹਾ ਜਾ ਰਿਹਾ ਹੈ ਕਿ ਇਹ ਕੈਨੇਡਾ ਦੇ ਇਤਿਹਾਸ ਦਾ ਕਾਲ਼ਾ ਪੰਨਾ ਹੈ ਪਰ ਨਹੀਂ, ਇਹ ਸਿਰਫ਼ 25-30 ਸਾਲ ਪੁਰਾਣੀਆਂ ਗੱਲਾਂ ਹਨ ਇਤਿਹਾਸ ਨਹੀਂ। ਸਗੋਂ ਅੱਜ ਦੇ ਮੌਜੂਦਾ ਕੈਨੇਡਾ ਦੀ ਅਸਲੀ ਤਸਵੀਰ ਹੈ ਜਿੱਥੇ ਇਹ ਵਿਤਕਰੇ ਅੱਜ ਵੀ ਜਿਉਂ ਦੀ ਤਿਉਂ ਹਨ। ਹੁਣ ਸਰਕਾਰਾਂ ਵਲੋਂ ਮਾਫ਼ੀਆਂ ਮੰਗੀਆਂ ਜਾ ਰਹੀਆਂ ਹਨ, ਮਾਫ਼ੀਆਂ ਦਾ ਤਾਂ ਹੀ ਫ਼ਾਇਦਾ ਹੈ ਅਗਰ ਇਹਨਾਂ ਗ਼ਲਤੀਆਂ ਨੂੰ ਮੁੜ ਤੋਂ ਕਦੇ ਦੁਹਰਾਇਆ ਨਾ ਜਾਵੇ। ਕੈਥੋਲਿਕ ਚਰਚ ਜੇ ਅੱਜ ਮਾਫ਼ੀ ਵੀ ਨਹੀਂ ਮੰਗ ਰਹੀ ਤਾਂ ਇਸ ਤੋਂ ਸਾਫ਼ ਹੈ ਕਿ ਉਹ ਧਰਮ ਦੇ ਨਾਂ 'ਤੇ ਹੋਣ ਵਾਲੇ ਕੁਕਰਮ ਨੂੰ ਹਮੇਸ਼ਾਂ ਜਾਰੀ ਰੱਖਣ ਵਿੱਚ ਯਕੀਨ ਕਰਦੇ ਹਨ ਅਤੇ ਆਪ ਸਹੀ ਹੋਣ ਦਾ ਦਾਅਵਾ ਕਰਦੇ ਹਨ। ਸ਼ਰਮ ਦੀ ਗੱਲ ਹੈ ਕਿ 21ਵੀਂ ਸਦੀ ਜੋ ਵਿਗਿਆਨ ਦੇ ਢਾਂਚੇ ਦੀ ਦੇਣ ਹੈ ਇਸ ਵਿੱਚ ਅਜੇ ਵੀ ਲੋਕ ਧਰਮਾਂ ਦੇ ਸੰਗਲਾਂ ਵਿੱਚ ਜਕੜੇ ਪਏ ਹਨ ਤੇ ਲੋਕਾਂ ਨੂੰ ਵਰਗਲ਼ਾ ਕੇ, ਫੁਸਲ਼ਾ ਕੇ, ਧਰਮਾਂ ਦਾ ਚੋਲ਼ਾ ਪਵਾ ਕੇ ਆਪਸ ਵਿੱਚ ਲੜਾ ਰਹੇ ਹਨ। ਚਰਚ ਦਾ ਮੁਖੀ ਪੋਪ ਬੇਕਸੂਰ ਬੱਚਿਆਂ ਦੇ ਕਤਲ ਤੇ ਹਿਰਦੇਵੇਧਕ ਘਟਨਾ ਨੂੰ ਅੰਜ਼ਾਮ ਦੇ ਕੇ ਹੋਈ ਗਲਤੀ ਨੂੰ ਗਲਤੀ ਕਹਿਣ ਵਿੱਚ ਸ਼ਰਮ ਮਹਿਸੂਸ ਕਰ ਰਿਹਾ ਹੈ। ਬਰਤਾਨਵੀ ਬਸਤੀਵਾਦੀਆਂ ਤੇ ਕੈਨੇਡੀਅਨ ਸਰਕਾਰਾਂ ਵਲੋਂ ਚੀਨੀਆਂ, ਜਪਾਨੀਆਂ, ਭਾਰਤੀਆਂ, ਯਹੂਦੀਆਂ ਤੇ ਹੋਰ ਘੱਟ ਗਿਣਤੀ ਜਿਨ੍ਹਾਂ ਨੇ ਇਸ ਦੇਸ਼ ਦੀ ਤਰੱਕੀ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ। ਸਮੇਂ ਸਮੇਂ 'ਤੇ ਉਹਨਾਂ ਨਾਲ਼ ਵੀ ਵਧੀਕੀਆਂ ਕੀਤੀਆਂ ਤੇ ਇੱਥੋਂ ਬਾਹਰ ਕੱਢਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ, ਉਹਨਾਂ ਤੋਂ ਵੀ ਹੁਣ ਮਾਫ਼ੀਆਂ ਮੰਗੀਆਂ ਜਾ ਰਹੀਆਂ ਹਨ। ਅਸਲ ਵਿੱਚ ਬ੍ਰਿਟਿਸ਼ ਹਕੂਮਤ ਨੇ ਜੋ ਨਸਲਵਾਦ ਦਾ ਬੀਜ ਲੋਕਾਂ ਦੇ ਮਨਾਂ ਵਿੱਚ ਬੀਜਿਆ ਸੀ ਉਹ ਅਜੇ ਵੀ ਕਿਤੇ ਨਾ

ਕਿਤੇ, ਸਮੇਂ ਸਮੇਂ ਤੇ ਪੁੰਗਰ ਹੀ ਰਿਹਾ ਹੈ, ਇਹ ਰਹੇਗਾ ਵੀ ਜਿਨ੍ਹਾਂ ਚਿਰ ਸਰਕਾਰਾਂ ਵਲੋਂ ਅਣਸੁਣੀ, ਅਣਦੇਖੀ ਕੀਤੀ ਜਾ ਰਹੀ ਹੈ ਤੇ ਮਨੁੱਖਤਾਵਾਦੀ ਕਦਰਾਂ ਕੀਮਤਾਂ 'ਤੇ ਕੰਮ ਨਹੀਂ ਕੀਤਾ ਜਾ ਰਿਹਾ। ਇਸ ਦਾ ਹੀ ਕਾਰਣ ਹੈ ਕਿ ਟੋਰਾਂਟੋ ਦੇ ਨੇੜੇ ਲੰਡਨ ਵਿੱਚ ਇੱਕ ਮੁਸਲਿਮ ਪਰਿਵਾਰ ਨੂੰ ਨਸਲਵਾਦੀ ਗੋਰੇ ਵਲੋਂ ਪਿਕ ਅੱਪ ਟਰੱਕ ਥੱਲੇ ਕੁਚਲ ਕੇ ਮਾਰ ਦੇਣਾ। ਇਹੋ ਜਿਹੇ ਕਾਰਨਾਮਿਆਂ ਤੇ ਦੁੱਖ ਪ੍ਰਗਟ ਕਰਕੇ ਸਮੱਸਿਆ ਹੱਲ ਨਹੀਂ ਹੋਣੀ ਸਗੋਂ ਇਸ ਨਸਲਘਾਤ ਦੀ ਜੜ੍ਹ ਪੁੱਟਣ ਲਈ ਯੋਗ ਕਦਮ ਤੇ ਲਗਾਤਾਰ ਕੰਮ ਹੋਣਾ ਚਾਹੀਦਾ ਹੈ। ਆਸ ਕਰਦੇ ਹਾਂ ਕਿ ਅੱਜ ਸਾਰੇ ਲੋਕ ਇਕਜੁੱਟ ਹੋ ਕੇ ਕੈਨੇਡੀਅਨ ਢਾਂਚੇ ਵਿੱਚ ਹੋਈ ਨਾਬਰਾਬਰੀ, ਅਣਮਨੁੱਖੀ ਜਬਰ ਦੀ ਦਾਸਤਾਨ ਲਈ ਇਨਸਾਫ਼ ਦੀ ਲੜਾਈ ਇੱਕਜੁੱਟ ਹੋ ਕੇ ਲੜਨ ਤਾਂ ਕਿ ਇਹ ਜ਼ੁਲਮੀ ਇਤਿਹਾਸ ਕਦੇ ਦੁਹਰਾਇਆ ਨਾ ਜਾ ਸਕੇ। ਇਸ ਜ਼ੁਲਮ ਦੀਆਂ ਪੈੜਾਂ ਦਾ ਖੁਰਾਖੋਜ ਮਿਟਾਉਣ ਤੇ ਮੂਲ ਨਿਵਾਸੀਆਂ ਦੇ ਅੱਲੇ ਜ਼ਖ਼ਮਾਂ ਤੇ ਮਲ੍ਹਮ ਲਾਉਣ ਲਈ ਉਹਨਾਂ ਨੂੰ ਉਹਨਾਂ ਦੇ ਬਣਦੇ ਹੱਕ ਤੇ ਇਨਸਾਫ਼ ਦਿੱਤਾ ਜਾਵੇ ਬੱਸ ਇਹੀ ਦਿਲੀ ਕਾਮਨਾ ਹੈ।

□□□

# ਅਜੋਕੀ ਗਾਇਕੀ ਸਭਿਆਚਾਰ ਜਾਂ ਨਿਘਾਰ

ਸਾਹਿਤ ਸਾਡੀ ਸੱਭਿਅਤਾ ਦੀ ਪ੍ਰਤੀਨਿੱਧਤਾ ਕਰਦਾ ਹੈ। ਇਹ ਉਹ ਸ਼ੀਸ਼ਾ ਹੈ, ਜਿਸ ਵਿਚੋਂ ਦੀ ਤੱਕਿਆਂ ਸਾਡਾ ਜੀਵਨ ਤੇ ਇਸ ਦੇ ਸਾਰੇ ਪੱਖਾਂ ਦਾ ਹੂ-ਬ-ਹੂ ਝਲਕਾਰਾ ਪੈਂਦਾ ਹੈ। ਸਾਹਿਤ ਵਿੱਚ ਕਵਿਤਾ ਜਾਂ ਗੀਤ ਦੀ ਵਿਸ਼ੇਸ਼ ਥਾਂ ਇਸ ਲਈ ਹੈ ਕਿ ਸਾਹਿਤ ਦੇ ਰੂਪਾਂ ਵਿਚੋਂ ਸਭ ਤੋਂ ਪਹਿਲਾਂ ਕਵਿਤਾ ਦਾ ਜਨਮ ਹੋਇਆ। ਜਦੋਂ ਅਜੇ ਆਦਿ ਮਨੁੱਖ ਦੀ ਦਿਮਾਗ਼ੀ ਸੂਝ ਦਾ ਵਿਕਾਸ ਨਹੀਂ ਸੀ ਹੋਇਆ ਤਾਂ ਉਸ ਨੇ ਦਿਲ ਦੇ ਹਾਵਾਂ-ਭਾਵਾਂ ਨੂੰ ਪ੍ਰਗਟਾਉਣ ਦੇ ਲਈ ਕਵਿਤਾ ਦੇ ਰੂਪ ਨੂੰ ਹੋਂਦ ਵਿੱਚ ਲਿਆਂਦਾ। ਇਸ ਲਈ ਮੁੱਢੋਂ-ਸੁੱਢੋਂ ਹੀ ਕਵਿਤਾ ਅਤੇ ਲੋਕਾਈ ਦਾ ਆਪਸ ਵਿੱਚ ਗੂੜ੍ਹਾ ਸਬੰਧ ਹੈ।ਕਵਿਤਾ ਲੋਕਾਂ ਦੇ ਭਾਵਾਂ ਵਿੱਚੋਂ ਹੀ ਉਪਜਦੀ ਹੈ। ਕਵਿਤਾ ਜਾਂ ਗੀਤ ਦਾ ਅਕਾਰ ਛੋਟਾ ਹੋਣ ਕਰ ਕੇ ਇਹ ਲੋਕਾਂ ਦੇ ਬਹੁਤ ਨੇੜੇ ਹੈ। ਜਨ-ਸਾਧਾਰਣ ਵੀ ਇਹ ਦੇ ਨੇੜੇ ਰਹਿ ਕੇ ਸੁਣ ਤੇ ਗਾ ਸਕਦੇ ਹਨ।

ਕਿਸੇ ਵੀ ਵਸਤੂ ਦਾ ਕੋਈ ਵੀ ਰੂਪ ਦੋ ਤਰ੍ਹਾਂ ਲੋਕਾਂ ਸਾਹਵੇਂ ਪੇਸ਼ ਹੁੰਦਾ ਹੈ। ਇੱਕ ਚੰਗਾ ਪੱਖ ਤੇ ਦੂਸਰਾ ਮਾੜਾ। ਸੋ ਲੋਕਾਂ ਵਿੱਚ ਆਉਣ ਵਾਲ਼ਾ ਸਾਹਿਤ ਵੀ ਦੋ ਤਰ੍ਹਾਂ ਦਾ ਹੁੰਦਾ ਹੈ-ਲੋਕ ਪੱਖੀ ਸਾਹਿਤ ਤੇ ਲੋਕ ਵਿਰੋਧੀ ਸਾਹਿਤ। ਇਸੇ ਤਰ੍ਹਾਂ ਕਵਿਤਾ ਜਾਂ ਗੀਤ ਦੇ ਵੀ ਦੋ ਰੂਪ ਹੁੰਦੇ ਹਨ- ਲੋਕ ਪੱਖੀ ਗੀਤ ਤੇ ਲੱਚਰ ਗੀਤ। ਲੋਕ ਪੱਖੀ ਗੀਤ, ਉਹ ਗੀਤ ਹਨ ਜਿਨ੍ਹਾਂ ਵਿੱਚ ਕਵੀ ਆਪਣੀਆਂ ਕਿਰਤਾਂ ਦੁਆਰਾ ਲੋਕਾਂ ਦੀ ਸੋਚ ਨੂੰ ਸਮਾਜਿਕ, ਆਰਥਿਕ, ਸਭਿਆਚਾਰਕ ਅਤੇ ਕਿਰਿਆਤਮਕ ਵਿਕਾਸ ਦੀ ਦਿਸ਼ਾ ਵਿੱਚ ਸੇਧਤ ਕਰਨ ਲਈ ਕਰਮਸ਼ੀਲ ਹੁੰਦਾ ਹੈ।

ਦੂਸਰਾ ਪੱਖ ਉਹਨਾਂ ਗੀਤਾਂ ਦਾ ਹੈ ਜੋ ਅਸੀਂ ਵਿਆਹ ਆਦਿ ਦੇ ਮੌਕੇ ‘ਤੇ ਪਾਰਟੀਆਂ ਵਿੱਚ, ਹਾਲਾਂ ਵਿੱਚ, ਟੀ. ਵੀ., ਕੰਪਿਊਟਰਾਂ ਤੇ ਘਰਾਂ ਵਿੱਚ ਆਮ ਸੁਣਦੇ ਹਾਂ। ਇਹ ਸਮਾਜ ਵਿੱਚ ਅਜ਼ਾਦ ਟਪੂਸੀਆਂ ਮਾਰਨ ਵਾਲੇ ਸਾਹਿਤਕਾਰ ਘਟੀਆ ਤੇ ਲੱਚਰ ਸਾਹਿਤ ਦੇ ਪਹਿਲੇ ਲੇਖਕ ਹਨ ਜਿਹੜੇ ਕਿ ਜਮਾਤੀ ਪੱਖੋਂ ਸਮਾਜ ਦੀਆਂ ਲਹੂ ਪੀਣੀਆਂ ਜੋਕਾਂ ਦੀ ਸੇਵਾ ਵਿੱਚ ਲਿਖਦੇ ਹਨ ਤੇ ਇਹ ਲੁਟੇਰੀਆਂ ਜਮਾਤਾਂ ਦੀ ਪੁਰਾਤਨ ਵਿਚਾਰਧਾਰਾ ਨੂੰ ਕਾਇਮ ਰੱਖਦੇ ਹਨ। ਇਹ ਗੀਤ ਲੋਕਾਂ ਦੇ ਯਥਾਰਥ ਨੂੰ ਛੱਡ ਕੇ ਕਾਮ ਉਕਸਾਊ ਜਜ਼ਬਿਆਂ ਨੂੰ ਉਤਸ਼ਾਹਤ ਕਰਦੇ ਹਨ ਅਤੇ ਪੂਰਣ ਰੂਪ ਵਿੱਚ ਸਮਾਜ ਦੇ ਉਲਟ ਭੁਗਤਦੇ ਹਨ। ਕਾਵਿ ਟੋਟੇ ਵਿੱਚ ਦੇਖੋ, ਕਵੀ ਕਹਿੰਦਾ ਹੈ:-

ਫੁੱਲਾਂ ਦੇ ਗੁਲਦਸਤੇ ਵਰਗੀ ਨਾਰ ਤੇਰੀ ਦਾ ਚਾਅ ਵੇ,
ਤੈਨੂੰ ਬੁੱਕਦਾ ਵੇਖਣਾ ਹੋ ਕੇ ਸ਼ਰਾਬੀ ਆ ਵੇ।

ਜਾਂ

ਜੇ ਮੈਨੂੰ ਮੇਰਾ ਯਾਰ ਬੁਲਾਵੇ
ਅੱਧੀ ਰਾਤ ਨਹਿਰੋਂ ਪਾਰ ਬੁਲਾਵੇ
-----------------
ਪੈਰ ਜੁੱਤੀ ਨਾ ਪਾਵਾਂ।

ਜਾਂ

ਆ ਨੀ ਬਹਾਨਾ ਲਾ ਕੇ ਸੈਰ ਦਾ ਘਰੋਂ
ਮਿੱਤਰਾਂ ਨੂੰ ਮੁੱਖੜਾ ਦਿਖਾਉਣ ਦੇ ਲਈ।

ਉਪਰੋਕਤ ਕਾਵਿ ਟੋਟੇ ਦੱਸਦੇ ਹਨ ਕਿ ਔਰਤਾਂ ਦੀ ਮਾਨਸਿਕਤਾ ਇੰਨੀ ਗਿਰ ਗਈ ਹੈ ਕਿ ਉਹ ਝੂਠ ਬੋਲ ਕੇ, ਚੋਰੀ ਬਹਾਨੇ ਲਾ ਕੇ, ਆਪਣੇ ਮਾਪਿਆਂ ਦੀ ਇੱਜ਼ਤ ਦਾਓ 'ਤੇ ਲਾ ਕੇ ਘਟੀਆ ਤੋਂ ਘਟੀਆ ਕੰਮ ਕਰਨ ਲਈ ਰਾਜ਼ੀ ਹਨ ਅਤੇ ਉਹ ਨਸ਼ਈ ਪਤੀ ਜਾਂ ਪ੍ਰੇਮੀ ਨੂੰ ਨਸ਼ੇ ਦੀਆਂ ਹਾਲਤਾਂ ਵਿੱਚ ਦੇਖਣ ਲਈ ਉਤਸੁਕ ਹਨ। ਜਦਕਿ ਇਹੋ ਜਿਹੀਆਂ ਕੁੱਝ ਕੁ ਉਂਗਲਾਂ ਤੇ ਗਿਣੀਆਂ ਜਾਣ ਵਾਲ਼ੀਆਂ ਲਵੀ ਉਮਰ ਦੀਆਂ, ਅਨਪੜ੍ਹ, ਗੁੰਮਰਾਹ, ਨਾਬਾਲਗ਼ ਕੁੜੀਆਂ ਤਾਂ ਹੋ ਸਕਦਾ ਹੈ ਕਿ ਆਪਣੇ ਰਾਹੋਂ ਕੁੱਝ ਸਮੇਂ ਲਈ ਭਟਕ ਜਾਣ ਜਾਂ ਭਟਕਾਈਆਂ ਜਾਣ ਪਰ ਅਸਲੀਅਤ ਵਿੱਚ ਕੋਈ ਵੀ ਕੁੜੀ ਅਜਿਹਾ ਕਰਨ ਲਈ ਜਾਂ ਸ਼ਰਾਬੀ ਪਤੀ ਦੀਆਂ ਜ਼ਿਆਦਤੀਆਂ ਸਹਿਣ ਲਈ ਤਿਆਰ ਨਹੀਂ ਹੁੰਦੀ। ਉਂਝ ਹਕੀਕਤ ਵਿੱਚ ਦੇਖਿਆ ਜਾਂਦੈ ਕਿ ਜਦੋਂ ਬੇਚੈਨ ਪਤੀ ਘਰ ਦੀਆਂ ਜ਼ਿੰਮੇਵਾਰੀਆਂ ਨੂੰ ਭੁਲਾਉਣ ਲਈ ਸ਼ਰਾਬ ਪੀ ਲੈਂਦਾ ਹੈ ਅਤੇ ਅੱਕ ਕੇ ਕਈ ਵਾਰ ਪਤਨੀ ਤੇ ਕੁੱਟ ਮਾਰ ਕਰਦਾ ਹੈ ਇਸ ਲਈ ਪਤਨੀ ਦੀ ਹਮੇਸ਼ਾਂ ਦੁਆ ਹੁੰਦੀ ਹੈ ਕਿ ਅਜਿਹੀ ਘੜੀ ਕਦੀ ਨਾ ਆਵੇ।

ਵੇਖ ਹਾਣ ਦੀ ਘਰ ਵਿੱਚ ਫਿਰਦੀ ਆਪਾਂ ਲਈ ਬੁਸ਼ਕਾਰ,
ਕਹਿੰਦੀ ਸੀ ਜਿਹੜੀ ਜੀਜਾ ਗਈ ਬਣ ਜੀਜੇ ਦੀ ਨਾਰ।

ਇਹਨਾਂ ਗੀਤਾਂ ਵਿੱਚ ਜੀਜੇ-ਸਾਲੀ, ਦਿਉਰ-ਭਰਜਾਈ, ਜੇਠ-ਭਰਜਾਈ ਆਦਿ ਦੇ ਰਿਸ਼ਤਿਆਂ ਨੂੰ ਕਿੰਨਾ ਗਲਤ ਰੂਪ ਦਿੱਤਾ ਜਾਂਦਾ ਹੈ। ਜਦੋਂ ਕਿ ਇਹ ਸਾਰੇ ਰਿਸ਼ਤਿਆਂ ਵਿੱਚ ਕਿੰਨੀ ਨੇੜਲੀ ਸਾਂਝ ਹੁੰਦੀ ਹੈ ਪਰ ਇਸ ਲੱਚਰ ਸਾਹਿਤ ਦੇ ਰਾਹੀਂ ਆਮ ਆਦਮੀ 'ਤੇ ਇਨ੍ਹਾਂ ਬੋਲਾਂ ਦਾ ਕੀ ਅਸਰ ਹੁੰਦਾ ਹੋਵੇਗਾ। ਉਹ ਔਰਤ ਜਿਹੜੀ ਅਜੇ ਤੱਕ ਗ਼ੁਲਾਮੀ ਦੀਆਂ ਬਰੂਹਾਂ ਪਾਰ ਨਹੀਂ ਕਰ ਸਕੀ, ਗੀਤਾਂ ਵਿੱਚ ਸ਼ਰੇਆਮ ਲਲਕਾਰਦੀ ਨਜ਼ਰ ਆਉਂਦੀ ਹੈ। ਆਲ਼ੇ ਦੁਆਲ਼ੇ ਨਜ਼ਰ ਜ਼ਰੂਰ

ਮਾਰੋ ਕਿ ਇਹ ਔਰਤ ਕਿੱਥੇ ਵਸਦੀ ਹੈ? ਜਾਂ ਫਿਰ ਇੱਥੇ ਅਸੀਂ ਕਿੰਨੀਆਂ ਕੁ ਅਜਿਹੀਆਂ ਔਰਤਾਂ ਦੇਖਦੇ ਹਾਂ ਕਿ ਜੋ ਆਪਣੇ ਪਤੀ ਦੀਆਂ ਅਜਿਹੀਆਂ ਹਰਕਤਾਂ ਨੂੰ ਚੰਗਾ ਸਮਝਦੀਆਂ ਹਨ।

"ਇੱਕ ਛੜਾ ਲੈ ਗਿਆ ਫੜਕੇ,
ਦੱਸਾਂ ਕੀ ਗੱਲਾਂ ਗੂਹੜੀਆਂ।"

ਇਹੋ ਜਿਹੀਆਂ ਕਿੰਨੀਆਂ ਕੁ ਕੁੜੀਆਂ ਹਨ ਜਿਹਨਾਂ ਨੂੰ ਛੜੇ ਫੜ੍ਹ ਕੇ ਲੈ ਜਾਂਦੇ ਹਨ ਅਤੇ ਉਹ ਸਟੇਜ ਤੋਂ ਐਲਾਨ ਕਰਦੀਆਂ ਹਨ। ਇਸਤਰੀ ਜਾਤੀ ਲਈ ਕਿੰਨੀ ਸ਼ਰਮਨਾਕ ਗੱਲ ਹੈ ਜਦ ਕਿ ਭਾਰਤ ਵਰਗੇ ਦੇਸ਼ ਵਿੱਚ ਇਸਤਰੀ ਨੂੰ ਚਾਰ ਦਿਵਾਰੀ ਵਿੱਚ ਕੈਦ ਰੱਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਹ ਗੱਲ ਇਹੀ ਦਸ ਵੀਹ ਸਟੇਜ ਤੋਂ ਕਹਿਣ ਵਾਲੀਆਂ ਕੁੜੀਆਂ ਤਾਂ ਹੋ ਸਕਦੀਆਂ ਹਨ ਪਰ ਆਮ ਸਾਧਾਰਣ ਕੁੜੀਆਂ ਨਹੀਂ।

"ਨਸ਼ੇ ਦੀਏ ਬੰਦ ਬੋਤਲੇ,
ਤੇਰੇ ਝੂਲ਼ਦੇ ਕੰਨਾਂ ਦੇ ਬਾਲ਼ੇ,
ਤੈਨੂੰ ਪੀਣਗੇ ਨਸੀਬਾਂ ਵਾਲ਼ੇ।"

ਜਾਂ

"ਮੈਂ ਸ਼ਰਬਤ ਦੀ ਬੋਤਲ,
ਮੈਨੂੰ ਗੱਟ ਗੱਟ ਕਰਕੇ ਪੀ ਮਿੱਤਰਾ।"

ਜਾਂ

"ਨੀ ਇੱਕੋ ਪੈੱਗ ਲਾ ਲੈਣਦੇ,
ਸੌਖੀ ਜਾਨ ਨਿਕਲੂ ਮੁਟਿਆਰੇ।"

ਅੱਜ ਦੇ ਜ਼ਮਾਨੇ ਵਿੱਚ ਜਿੱਥੇ ਔਰਤ ਮਰਦ ਦੇ ਬਰਾਬਰ ਕੰਮ ਕਰ ਰਹੀ ਹੈ। ਇਸ ਤੋਂ ਇਲਾਵਾ ਘਰੇਲੂ ਕੰਮ ਤੇ ਬੱਚੇ ਪਾਲਣਾ ਵੀ ਉਸ ਦੀ ਜ਼ੁੰਮੇਵਾਰੀ ਹੈ। ਉਸ ਸਮੇਂ ਔਰਤ ਨੂੰ ਸਿਰਫ਼ ਬੇਜਾਨ ਸ਼ਰਾਬ ਦੀ ਬੋਤਲ ਵਰਗੇ ਅਲੰਕਾਰ ਵਰਤਣੇ ਯੋਗ ਹਨ? ਜੇ ਉਹ ਇੱਕ ਸ਼ਰਾਬ ਦੀ ਬੋਤਲ ਹੈ ਤਾਂ ਫਿਰ ਗ੍ਰਹਿਸਤ ਦੀ ਗੱਡੀ ਦੇ ਇੱਕ ਪਹੀਏ ਦੀ ਕੀਮਤ ਸਿਰਫ਼ ਤੇ ਸਿਰਫ਼ 25 ਤੋਂ 100 ਡਾਲਰ ਹੀ ਤਾਂ ਹੈ? ਚਾਹੁੰਦੇ ਅਸੀਂ ਇਹ ਹਾਂ ਕਿ ਔਰਤ ਨੂੰ ਮਰਦ ਦੇ ਬਰਾਬਰ ਹੱਕ ਮਿਲਣ ਪਰ ਇੱਥੇ ਇਸ ਨੂੰ ਮਰਦ ਨਾਲੋਂ ਨਿਖੇੜ ਕੇ ਪਹਿਲੇ ਰੀਤੀ-ਰਿਵਾਜਾਂ ਅਨੁਸਾਰ ਮਰਦ ਦੀ ਜੁੱਤੀ, ਬੱਚੇ ਜੰਮਣ ਦੀ ਮਸ਼ੀਨ ਜਾਂ ਮਨੋਰੰਜਨ ਦਾ ਸਾਧਨ ਦੱਸਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

"ਦੋਨੋਂ ਪਾਸੇ ਮੈਂ ਫਸ ਗਈ,
ਤੈਨੂੰ ਕੀ ਕਹਿ ਕੇ ਛੁੱਟ ਜਾਵਾਂ।"

ਜਾਂ

"ਆਟੇ ਵਾਂਗੂੰ ਗੁੰਨਤੀ,
ਬਿਗ਼ਾਨੇ ਪੁੱਤ ਨੇ।"

ਜਾਂ

"ਵੇਖੀ ਕੁੜੀ ਸਾਹਮਣੇ ਖੜੋਤੀ ਹਾਣ ਦੀ,
ਸਿੱਖਦੀ ਸੀ ਜਾਚ ਅੱਖੀਆਂ ਲੜਾਣ ਦੀ,
ਸਾਡੇ ਭਾ ਦੀ ਟਿੱਬਿਆਂ ਤੇ ਘਟਾ ਵਰ੍ਹ ਗਈ
ਅੱਖ ਦੇ ਇਸ਼ਾਰੇ ਉੱਤੇ ਹਾਂ ਕਰ ਗਈ----।"

ਜਾਂ

"ਕਦੇ ਕੋਲ ਬੁਲਾਵੇ, ਮੈਨੂੰ ਸੀਨੇ ਲਾਵੇ
ਕਰਦਾ ਸੀ ਮੈਂ ਵੇਟ ਕੁੜੀ ਦਾ,
ਲੱਕ ਟਵੰਟੀ ਏਟ ਕੁੜੀ ਦਾ,
ਫੋਰਟੀ ਸੈਵਨ ਵੇਟ ਕੁੜੀ ਦਾ।"

ਕਿੰਨੀਆਂ ਅਸ਼ਲੀਲ ਗੱਲਾਂ ਹਨ। ਜਦੋਂ ਗਾਣੇ ਟੀ. ਵੀ., ਵੀਡਿਓ ਤੇ ਚਲਦੇ ਹਨ ਤਾਂ ਪਰਿਵਾਰ ਇਕੱਠੇ ਬੈਠ ਕੇ ਨਹੀਂ ਦੇਖ ਸਕਦੇ। ਕੁੜੀਆਂ ਨੂੰ ਇੱਕ ਬਾਰਬੀ ਡੌਲ਼ ਬਣਾ ਕੇ ਪੇਸ਼ ਕੀਤਾ ਜਾਂਦਾ ਹੈ, ਗੀਤਾਂ ਵਿੱਚ ਉਹ ਦੇਖਣ ਨੂੰ ਕਿਹੋ ਜਿਹੀ ਲਗਦੀ ਹੈ ਨਾ ਕਿ ਉਸ ਦੇ ਗੁਣ ਤੇ ਸਮਾਜ ਪ੍ਰਤੀ ਉਸ ਦੀ ਸੂਝ ਕੀ ਹੈ ? ਇੰਨਾ ਕਾਮ ਉਕਸਾਊ ਗੱਲਾਂ ਨਾਲ਼ ਲੋਕਾਂ ਨੂੰ ਅਤਿਅੰਤ ਗੁੰਮਰਾਹ ਕੀਤਾ ਜਾਂਦਾ ਹੈ। ਚੜ੍ਹਦੀਆਂ ਜਵਾਨੀਆਂ ਨੂੰ ਵਰਗ਼ਲਾਉਣ ਦੇ ਲਈ ਇਹ ਸੋਹਣਾ ਰੂਪ ਪੇਸ਼ ਕਰਦੇ ਹਨ ਕਿ ਜਿਹੜੇ ਜਵਾਨ ਦਿਲਾਂ ਵਿੱਚ ਕੁੱਝ ਕਰਨ ਦੀ ਸਮਰੱਥਾ ਹੈ ਉਹ ਇਨ੍ਹਾਂ ਲੱਚਰ ਗੀਤਾਂ ਵਿੱਚ ਉਲ਼ਝ ਕੇ ਰਹਿ ਜਾਣ ਅਰਥਾਤ ਉਹ ਆਪਣੀ ਮੰਜ਼ਲ ਬਾਰੇ ਤੇ ਲੋਕਾਂ ਬਾਰੇ ਬਿਲਕੁਲ ਵੀ ਨਾ ਸੋਚ ਸਕਣ।

"ਤੇਰੇ ਭਾਈਆਂ ਨਾਲ ਪੈ ਗਿਆ ਏ ਵੈਰ ਨੀ।
ਮੈਨੂੰ ਲੱਗਦੈ ਹੁਣ ਸਾਲ਼ਿਆਂ ਦੀ ਖੈਰ ਨੀ।
ਉਹ ਵੀ ਜੇ ਗੰਡਾਸੇ ਬਿੱਲੋ ਚੰਡੀ ਫਿਰਦੇ,
ਗੱਡੀ ਮੇਰੀ ਵਿੱਚ ਗੰਨ ਵੀ ਪੁਰਾਣੀ ਰਹਿੰਦੀ ਆ।
ਊਂ ਮਿੱਤਰਾਂ ਦੀ ਬੰਬੀ ਉੱਤੇ ਹਰ ਵੇਲੇ,
ਵੈਲੀਆਂ ਦੀ ਢਾਹਣੀ ਰਹਿੰਦੀ ਆ।"

ਗੀਤ ਸਪੱਸ਼ਟ ਕਰਦਾ ਹੈ ਕਿ ਮੁੰਡੇ ਹੱਥਾਂ ਵਿੱਚ ਹਥਿਆਰ ਲੈ ਕੇ ਸਿਰਫ਼ ਸ਼ੁਦਾਈ ਜਾਂ ਹਿੰਸਕ ਹੋਏ ਫਿਰਦੇ ਹਨ, ਉਹਨਾਂ ਨੂੰ ਕਿਸੇ ਰਿਸ਼ਤੇ-ਨਾਤਿਆਂ ਦੀ ਕੋਈ ਪ੍ਰਵਾਹ ਨਹੀਂ।

"ਮਾਪੇ ਸੋਚਦੇ ਕਿ ਸਾਡਾ ਮੁੰਡਾ ਕਰਦਾ ਪੜ੍ਹਾਈਆਂ,
ਮੁੰਡਾ ਐਤਕੀਂ  ਵੀ ਬੀ. ਏ. ਵਿੱਚੋਂ ਫੇਲ੍ਹ ਹੋ ਗਿਆ।"

ਜਾਂ

"ਦਸਵੀਂ ਦੇ ਵਿੱਚ ਬਦਮਾਸ਼ੀ ਸ਼ੁਰੂ ਕਰ ਲਈ,
ਮੈਥ ਵਾਲੀ ਮੈਡਮ ਦੀ ਯਾਰੋ ਬਾਹੋਂ ਫੜ ਲਈ,
ਕਹਿੰਦੀ ਕਾਕਾ ਤੈਨੂੰ ਕੁਸ਼ ਪੜ੍ਹਨਾ ਨੀ ਆਉਂਦਾ,
ਤੇਰੇ ਹੱਥਾਂ 'ਚੋਂ ਪੜ੍ਹਾਈ ਦੀ ਲਕੀਰ ਮਰਗੀ।
ਜੱਟਾਂ ਨੂੰ ਪੜ੍ਹਾਈ ਹੁੰਦੀ ਜ਼ਹਿਰ ਵਰਗੀ।"

ਅੱਜ ਦੀ ਪੀੜ੍ਹੀ ਨੂੰ ਸਾਇੰਸ ਦੇ ਇਸ ਯੁੱਗ ਵਿੱਚ ਨਵੀਆਂ ਤੋਂ ਨਵੀਆਂ ਕਾਢਾਂ ਕੱਢ ਕੇ ਮਨੁੱਖੀ ਜੀਵਨ ਨੂੰ ਉਚੇਰਾ ਤੇ ਸੁਹਿਰਦ ਬਣਾਉਣ ਲਈ ਉਪਰਾਲਿਆਂ ਦੀ ਲੋੜ ਹੈ ਉੱਥੇ ਇਹਨਾਂ ਗੀਤਾਂ ਵਿੱਚ ਮੁੰਡੇ ਆਪਣਾ ਸਮਾਂ ਕੁੜੀਆਂ ਦੇ ਮਗਰ ਫਿਰਕੇ, ਜਾਂ ਬਦਮਾਸ਼ੀਆਂ ਕਰਕੇ ਜਾਇਆ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ ਅਤੇ ਦਕਿਆਨੂਸੀ ਗੱਲਾਂ ਨੂੰ ਨਕਾਰਨ ਦੀ ਬਜਾਇ ਉਹਨਾਂ ਦੀ ਪੜ੍ਹਾਈ ਦੀਆਂ ਲਕੀਰਾਂ ਹੱਥਾਂ ਵਿੱਚ ਲਿਖੀਆਂ ਹਨ। ਦੱਸਿਆ ਜਾਂਦਾ ਹੈ ਕਿ ਮਿਹਨਤ ਜਾਂ ਜੀਵਨ ਦੇ ਅਸਲੀ ਆਦਰਸ਼ਾਂ ਨੂੰ ਅੱਖੋਂ ਪਰੋਖੋ ਕਰਨ ਦੀ ਇਜ਼ਾਜਤ ਹੈ।'ਜੱਟਾਂ ਨੂੰ ਪੜ੍ਹਾਈ ਹੁੰਦੀ ਜ਼ਹਿਰ ਵਰਗੀ' ਗੀਤਕਾਰ ਕੀ ਕਹਿਣਾ ਚਾਹੁੰਦਾ ਹੈ, ਸਮਝ ਤੋਂ ਬਾਹਰ ਹੈ।

"ਗੇੜਾ ਪਿੰਡ ਤੋਂ ਵੱਡੇ ਵੈਲੀ ਲਾ ਗਏ,
ਗੈਰਹਾਜ਼ਰੀ ਦਾ ਫ਼ਾਇਦਾ ਹੀ ਉਠਾ ਗਏ,
ਬਈ ਚੌਂਕ 'ਚ ਕਰਾਂਗੇ ਡੱਕਰੇ,
ਜਦੋਂ ਜਿੱਥੇ ਟੱਕਰੇ, ਬਈ ਟੱਕਰੇ।"

ਜਾਂ

"ਡੱਬ 'ਚ ਰਿਵਾਲਵਰ ਰੱਖਦਾ,
ਹਾਏ ਨੀ ਮੁੰਡਾ ਭਰ ਕੇ,
ਹਾਏ ਨੀ ਮੁੰਡਾ ਭਰ ਕੇ।"

ਜਾਂ

"ਕੋਈ ਖੜ੍ਹਾ ਦੁਨਾਲ਼ੀ ਲੈ ਕੇ, ਕੋਈ ਜਿਪਸੀ ਕਾਲ਼ੀ ਲੈ ਕੇ,
ਗੰਨ ਗੋਲ਼ੀਆਂ ਦੇ ਨਾਲ਼ ਫੁੱਲ, ਮੇਰੇ ਹੱਥਾਂ ਦੇ ਵਿੱਚ ਫੁੱਲ
ਉਹਨਾਂ ਕੋਲ ਹਥਿਆਰ ਬੜੇ ਨੇ, ਫੱਤੋ ਦੇ ਯਾਰ ਬੜੇ ਨੇ।"

ਇਹੋ ਜਿਹੇ ਅਨੇਕਾਂ ਹੀ ਗੀਤ ਜਿਹਨਾਂ ਵਿੱਚ ਵੈਲੀ ਹੋਣਾ, ਬੱਕਰੇ ਬੁਲਾਉਣਾ ਡਾਲਰਾਂ ਨਾਲ਼ ਜੇਬਾਂ ਭਰ ਕੇ ਦਿਖਾਵਾ ਕਰਨਾ, ਰਿਵਾਲਵਰ, ਦੁਨਾਲ਼ੀਆਂ ਲੈ ਕੇ ਗੁੰਡਿਆਂ ਦੀ ਦਿੱਖ ਬਣਾ ਕੇ, ਕਾਲ਼ੀਆਂ ਜਿਪਸੀਆਂ ਉੱਤੇ, ਕੁੰਢੀਆਂ ਮੁੱਛਾਂ ਨੂੰ ਵੱਟ ਦਿੰਦੇ ਹੋਏ, ਕੇਸ ਕਚਹਿਰੀਆਂ ਕੁੜੀਆਂ ਪਿੱਛੇ ਸ਼ੁਦਾਈ ਉਹਨਾਂ ਨੂੰ ਘਰੋਂ ਕੱਢਣ ਦੀ ਜੁਗਤ ਹੀ ਦੱਸਦੇ ਹਨ। ਉਂਜ ਤਾਂ ਕਈ ਵਾਰ ਮਾੜਚੂ ਜਿਹਾ ਮੁੰਡਾ ਸਟੇਜ ਤੋਂ ਇਹੋ ਜਿਹੇ ਗੀਤ ਗਾ ਰਿਹਾ ਹੁੰਦਾ ਹੈ ਪਰ ਇਹ ਭਾਰੇ-ਭਾਰੇ ਸ਼ਬਦ ਬੋਲ ਕੇ ਲਵੀ ਉਮਰੇ ਨੌਜਵਾਨ ਮੁੰਡੇ ਆਪਣੇ ਆਪ ਨੂੰ ਵੈਲੀ ਸਮਝਣ ਲਗਦੇ ਹਨ ਕਿਉਂਕਿ ਮਨੁੱਖੀ ਫ਼ਿਤਰਤ ਇਹੋ ਜਿਹੀ ਹੈ ਕਿ ਅਸੀਂ ਜੋ ਕੁੱਝ ਦੇਖਦੇ ਤੇ ਸੁਣਦੇ ਹਾਂ, ਉਹ ਸਾਰਾ ਕੁਝ ਅਸੀਂ ਆਪਣੇ 'ਤੇ ਲਾਗੂ ਕਰਦੇ ਹੋਏ ਆਪਣੇ ਹਲਾਤਾਂ ਮੁਤਾਬਕ ਆਪਣੇ ਆਪ ਨੂੰ ਉਸ ਵਿੱਚ ਗਹਿਗੱਚ ਕਰ ਲੈਣਾ ਚਾਹੁੰਦੇ ਹਾਂ।

"ਕਾਲ਼ੀ ਨਾਗਣੀ, ਕਾਲ਼ੀ ਨਾਗਣੀ,
ਜੇ ਮਿਲੇ ਭੋਰਾ ਜੱਟ ਨੂੰ,
ਦੁਨੀਆਂ ਈ ਮੋਢੇ ਉੱਤੇ ਚੱਕ ਲਈ ਦੀ।"

ਜਾਂ

"ਅਜ਼ਮਾ ਕੇ ਦੇਖ ਲੈ ਨਸ਼ੇ ਸਾਰੇ,

ਜਾਂ

ਐਨਾ ਵੀ ਨਾ ਡੋਪ ਸ਼ੋਪ ਮਾਰਿਆ ਕਰੋ।"

ਜਾਂ

"ਜੱਟ ਪੀ ਕੇ ਪੀ-ਪੀ ਹੋ ਗਿਆ।"

ਜਾਂ

"ਜਦੋਂ ਮੂੰਹ ਨੂੰ ਘੁੱਟ ਲਾਈ ਹੋਵੇ ਜੱਟ ਦੀ,
ਉਸ ਵੇਲੇ ਹੁੰਦੀ ਆ ਚੜ੍ਹਾਈ ਜੱਟ ਦੀ।"

ਜਦੋਂ ਅਸੀਂ ਉੱਪਰ ਦਿੱਤੀ ਵੰਨਗੀ ਨੂੰ ਸੁਣਦੇ ਹਾਂ ਜਾਂ ਟੀ. ਵੀ., ਇੰਟਰਨੈੱਟ, ਯੂ-ਟਿਊਬ ਆਦਿ 'ਤੇ ਦੇਖਦੇ ਹਾਂ ਕਿ ਕੁੜੀਆਂ ਜਾਂ ਮੁੰਡੇ ਕਿਵੇਂ ਨਸ਼ਿਆਂ ਦੇ ਵਿੱਚ ਗੜੁੱਚ, ਅੱਧਨੰਗੇ ਕਿੰਨਾ ਭੱਦਾ ਨਾਚ ਨੱਚਦੇ ਹਨ ਤੇ ਇਨ੍ਹਾਂ ਗਾਣਿਆਂ ਵਿੱਚ ਕੋਈ ਵੀ ਅਜਿਹਾ ਨਸ਼ਾ ਨਹੀਂ, ਜਿਸ ਦਾ ਵਰਨਣ ਨਾ ਕੀਤਾ

ਜਾਂਦਾ ਹੋਵੇ। ਜਿਨ੍ਹਾਂ ਲੋਕਾਂ ਨੂੰ ਇਹਨਾਂ ਬਾਰੇ ਪਤਾ ਵੀ ਨਹੀਂ, ਉਹਨਾਂ ਨੂੰ ਵੀ ਇਹਨਾਂ ਦੀ ਭਰਭੂਰ ਜਾਣਕਾਰੀ ਇਸ ਅਸ਼ਲੀਲ ਸਾਹਿਤ ਤੋਂ ਮਿਲ ਸਕਦੀ ਹੈ।

"ਤੈਨੂੰ ਘੇਰ ਕੇ ਗਲ਼ੀ ਦੇ ਵਿੱਚ ਵੱਢਣਾ,
ਕਹਿੰਦੇ ਮੇਰੇ ਵੀਰ ਮਿੱਤਰਾ।"
--------------
"ਤੇਰੇ ਵੀਰਾਂ ਦਾ ਜਲੂਸ ਜੇ ਨਾ ਕੱਢਿਆ
ਮਜ਼ਬੀ ਦਾ ਪੁੱਤ ਨਾ ਕਹੀਂ।"

ਜਾਂ

"ਅੱਜ ਨੱਚਣਾ ਚਮਾਰਾਂ ਨੇ ਐ ਨੱਚਣਾ।"

ਜਾਂ

"ਹੱਥ ਲੈ ਕੇ ਹਥਿਆਰ, ਜਦ ਨਿਕਲੇ ਚਮਾਰ,
ਫਿਰ ਦੇਖਿਓ ਪਟਾਕਾ ਕਿਵੇਂ ਪਊ ਮਿੱਤਰੋ,
ਅੱਜ ਵੇਖਦੇ ਆਂ ਪੰਗਾ ਕੌਣ ਲਊ ਮਿੱਤਰੋ।"

ਇਹੋ ਜਿਹਾ ਸਾਹਿਤ ਅੱਤ ਦਰਜੇ ਦਾ ਘਟੀਆ ਸਾਬਤ ਹੁੰਦਾ ਹੈ ਜੋ ਜੱਟਵਾਦ, ਚਮਾਰ ਜਾਂ ਹੋਰ ਜਾਤਾਂ ਦੀਆਂ ਗੱਲਾਂ ਕਰਦਾ ਹੈ। ਉਹ ਲੋਕਾਂ ਨੂੰ ਜਾਤਾਂ-ਗੋਤਾਂ ਵਿੱਚ ਵੰਡ ਕੇ, ਪਾੜ ਕੇ ਉਹਨਾਂ ਨੂੰ ਆਪਸ ਵਿੱਚ ਲੜਾਉਂਦਾ ਹੈ ਅਤੇ ਲੋਕਾਂ ਦੇ ਅਸਲੀ ਮਕਸਦ ਤੋਂ ਦੂਰ ਲਿਜਾਣਾ ਚਾਹੁੰਦਾ ਹੈ। ਐਹੋ ਜਿਹੇ ਲੇਖਕ ਲੋਕਾਂ ਨੂੰ ਇਹ ਦੱਸਣ ਦੀ ਬਜਾਇ ਕਿ ਜਾਤ-ਗੋਤ ਕੁਝ ਨਹੀਂ ਹੁੰਦੇ ਸਗੋਂ ਜਾਤਾਂ ਤਾਂ ਦੋ ਹਨ ਇੱਕ ਅਮੀਰ ਜਾਤ ਤੇ ਦੂਸਰੀ ਗ਼ਰੀਬ ਜਾਤ ਜਾਂ ਕਹਿ ਲਉ ਇੱਕ ਅਮੀਰ ਜਮਾਤ ਤੇ ਦੂਜੀ ਗ਼ਰੀਬ ਜਮਾਤ। ਲੜਾਈ ਤਾਂ ਗ਼ਰੀਬ ਜਮਾਤ ਨੂੰ ਅਮੀਰ ਜਮਾਤ ਨਾਲ ਵਿੱਢਣੀ ਚਾਹੀਦੀ ਹੈ ਜਿਹੜੇ ਉਸ ਦੀ ਕਿਰਤ ਕਮਾਈ ਨੂੰ ਆਪਣੀ ਐਸ਼ੋ-ਇਸ਼ਰਤ ਰਾਹੀਂ ਉਸ ਦੀ ਜ਼ਿੰਦਗੀ ਨੂੰ ਹਾਲੋਂ ਬੇਹਾਲ ਕਰ ਰਹੇ ਹਨ। ਇਹੋ ਜਿਹੇ ਸਾਹਿਤਕਾਰ ਗਾਹੇ-ਵਗਾਹੇ ਪੂੰਜੀਵਾਦ ਦੀ ਸੇਵਾ ਵਿੱਚ ਲੱਗੇ ਹੋਏ ਹਨ।

"ਸੁਣ ਨੀ ਚੁੜੇਲੇ ਰੱਤ ਪੀਣ ਵਾਲ਼ੀਏ,
ਨਰਕਾਂ ਨੂੰ ਜਾਵੇਂ ਜਮਾਂ ਦੀਏ ਸਾਲ਼ੀਏ,
ਨੀ ਤੂੰ ਲੈਲਾ ਵਾਂਗੂੰ ਮਾਸ ਸਾਡਾ ਨੋਚਿਆ,
ਭੋਰਾ ਨਾ ਕਸਰ ਛੱਡ ਗਈ,
ਕੀੜੇ ਪੈਣਗੇ ਮਰੇਗੀਂ ਸੱਪ ਲੜ ਕੇ,
ਜੇ ਮਿੱਤਰਾਂ ਦੀ ਹਾ ਲੱਗ ਗਈ।"

ਜਾਂ

"ਰੰਨ ਮਿੱਤ ਕਿਸੇ ਦੀ ਨਾ
ਭਾਵੇਂ ਵੇਖ ਲਉ ਅਜ਼ਮਾ ਕੇ।"

ਪਤਾ ਨਹੀਂ ਗੀਤਕਾਰ ਨੇ ਇਹ ਲਿਖਣ ਲੱਗਿਆਂ ਆਪਣੀ ਮਾਂ, ਭੈਣ, ਧੀ ਜਾਂ ਪਤਨੀ ਬਾਰੇ ਬਿਲਕੁਲ ਨਹੀਂ ਸੋਚਿਆ ਹੋਵੇਗਾ? ਕੀ ਇੱਕ ਔਰਤ ਰੱਤ ਪੀਣੀ ਚੁੜੇਲ ਹੈ? ਜਾਂ ਜਮਾਂ ਦੀ ਸਾਲ਼ੀ ਹੈ? ਜਾਂ ਉਹ ਮਰਦ ਦਾ ਮਾਸ ਨੋਚਦੀ ਹੈ? ਉਸ ਦੇ ਕੀੜੇ ਪੈਣੇ ਚਾਹੀਦੇ ਹਨ? ਜਾਂ ਸੱਪ ਲੜ ਜਾਣੇ ਚਾਹੀਦੇ ਹਨ ? ਕੀ ਉਸ ਨੇ ਔਰਤ ਦੀ ਸੰਵੇਦਨਸ਼ੀਲਤਾ, ਸਹਿਣਸ਼ੀਲਤਾ, ਪਿਆਰ ਦੀ ਰੂਹਾਨੀਅਤ ਬਾਰੇ ਕਦੇ ਵੀ ਨਹੀਂ ਸੋਚਿਆ? ਕੀ ਉਸ ਨੇ ਔਰਤ ਦੇ ਹਲਾਤਾਂ, ਸਮਾਜਕ ਬੰਧਨਾਂ, ਮਜ਼ਬੂਰੀਆਂ ਬਾਰੇ ਸੋਚ ਕੇ ਇਹ ਸਭ ਲਿਖਿਆ ਹੈ? ਜਾਂ ਔਰਤ ਨੂੰ ਸਦੀਆਂ ਤੋਂ ਦੱਬੀ ਕੁਚਲੀ ਸਮਝ ਕੇ ਉਸ 'ਤੇ ਇਸ ਤਰ੍ਹਾਂ ਦੀ ਚਿੱਕੜ ਉਛਾਲੀ ਕੀਤੀ ਹੈ? ਕੀ ਇਹ ਸਹੀ ਹੈ? ਕੀ ਬਿਲਕੁਲ ਇਹੋ ਜਿਹੀਆਂ ਔਰਤਾਂ ਹੁੰਦੀਆਂ ਹਨ? ਇਹ ਲੇਖਕ ਅਸਲੀਅਤ ਤੋਂ ਲਾਂਭੇ ਹਨ। ਕੀ ਜੰਗ ਵਿੱਚ ਲੜਨ ਵਾਲੀ ਰਾਣੀ ਝਾਂਸੀ ਲਕਸ਼ਮੀ ਬਾਈ, ਮਾਤਾ ਸਾਹਿਬ ਕੌਰ, ਮਾਈ ਭਾਗੋ, ਭਗਵਤੀ ਚਰਨ ਦੀ ਪਤਨੀ ਦੁਰਗਾ ਦੇਵੀ ਜਿਸ ਨੇ ਭਗਤ ਸਿੰਘ ਦਾ ਸਾਥ ਦਿੱਤਾ ਸੀ, ਕੀ ਉਹ ਔਰਤਾਂ ਨਹੀਂ ਸਨ? ਕੀ ਇਹ ਲੇਖਕ ਉਹਨਾਂ ਬਹਾਦਰ ਔਰਤਾਂ ਨੂੰ ਅੱਖੋਂ-ਪਰੋਖੇ ਕਰਕੇ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਨਹੀਂ ਪਾ ਰਹੇ? ਕੀ ਉਹ ਔਰਤਾਂ ਨਹੀਂ ਸਨ ਜੋ ਆਪਣੇ ਪ੍ਰੇਮੀਆਂ ਲਈ (ਹੀਰ, ਸੋਹਣੀ, ਸੱਸੀ ਆਦਿ) ਆਪਣੇ ਪਿਆਰ ਤੋਂ ਜਾਨ ਕੁਰਬਾਨ ਕਰ ਗਈਆਂ? ਇਹਨਾਂ ਔਰਤਾਂ ਨੂੰ ਭੁਲਾਉਣਾ ਸਾਡੀ ਇੱਕ ਵੱਡੀ ਭੁੱਲ ਹੈ।

ਸਵਾਲ ਇਹ ਉਠਦਾ ਹੈ ਕਿ ਇਹੋ ਜਿਹਾ ਸਾਹਿਤ ਲਿਖਿਆ ਕਿਉਂ ਜਾਂਦਾ ਹੈ? ਇਸ ਦਾ ਕਾਰਣ ਇਹ ਹੈ ਕਿ ਜਿਹੜੀ ਧਿਰ ਸਮਾਜਕ ਪ੍ਰਬੰਧ 'ਤੇ ਕਾਬਜ਼ ਹੁੰਦੀ ਹੈ ਉਹ ਜਿਹੋ ਜਿਹਾ ਸਭਿਆਚਾਰ ਚਾਹੁੰਦੀ ਹੈ, ਉਸ ਨੂੰ ਪੈਦਾ ਕਰਕੇ ਆਪਣੇ ਪੱਖ ਵਿੱਚ ਖੜ੍ਹਾ ਕਰਨ ਲਈ ਹਰ ਤਰ੍ਹਾਂ ਦੇ ਸਾਧਨਾਂ ਨਾਲ ਪ੍ਰਚਾਰ ਕਰਕੇ ਪੈਸੇ ਦੇ ਜ਼ੋਰ 'ਤੇ ਉਹ ਉਹਨਾਂ ਲੇਖਕਾਂ ਨੂੰ ਸਿੱਧੇ ਜਾਂ ਅਸਿੱਧੇ ਢੰਗ ਨਾ਼ਲ ਮੱਦਦ ਕਰਦੀ ਰਹਿੰਦੀ ਹੈ। ਬਾਹਰਲੇ ਦੇਸ਼ਾਂ ਵਿੱਚ ਵੀ ਹਜ਼ਾਰਾਂ ਹੀ ਸਭਿਆਚਾਰ ਦੇ ਨਾਂ 'ਤੇ ਨੱਚਣ ਗਾਉਣ ਦੇ ਸਕੂਲ ਖੋਲ੍ਹੇ ਜਾ ਰਹੇ ਹਨ ਜਦਕਿ ਬੱਚਿਆਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਉਹ ਕਿਹੋ ਜਿਹੇ ਸ਼ਬਦਾਂ 'ਤੇ ਨੱਚ ਰਹੇ ਹਨ, ਉਹ ਤਾਂ ਸਿਰਫ਼ ਤਾਲ 'ਤੇ ਨੱਚ ਰਹੇ ਹੁੰਦੇ ਹਨ।

ਸ਼ਹੀਦ ਭਗਤ ਸਿੰਘ ਨੇ ਆਪਣੇ ਲੇਖ "ਸਾਹਿਤ ਤੇ ਲੋਕ ਚੇਤੰਨਤਾ" ਵਿੱਚ ਕਿਹਾ ਹੈ ਕਿ, "ਜਿਸ ਦੇਸ਼ ਦੇ ਸਾਹਿਤ ਦਾ ਵਹਾਅ ਜਿਸ ਪਾਸੇ ਵਗਦਾ ਹੈ, ਠੀਕ ਉਸੇ ਪਾਸੇ ਉਹ ਦੇਸ਼ ਵੀ ਵੱਧ ਰਿਹਾ ਹੁੰਦਾ ਹੈ। ਕਿਸੇ ਵੀ ਜਾਤੀ ਦੀ ਉੱਨਤੀ

ਲਈ, ਉੱਚ ਕੋਟੀ ਦੇ ਸਾਹਿਤ ਦੀ ਲੋੜ ਹੁੰਦੀ ਹੈ। ਜਿਉਂ ਜਿਉਂ ਦੇਸ਼ ਦਾ ਸਾਹਿਤ ਉੱਚਾ ਉਠਦਾ ਹੈ, ਤਿਉਂ ਤਿਉਂ ਦੇਸ਼ ਤਰੱਕੀ ਕਰਦਾ ਜਾਂਦਾ ਹੈ।"

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਪੰਜਾਬ ਦੇ ਸਾਹਿਤ ਦਾ ਵਹਾਅ ਨਸ਼ਿਆਂ, ਹਥਿਆਰਾਂ, ਅਸ਼ਲੀਲਤਾ, ਜਾਤੀਵਾਦ, ਕਾਮ ਉਕਸਾਊ ਜਜ਼ਬਿਆਂ, ਰਿਸ਼ਤਿਆਂ ਪ੍ਰਤੀ ਜਾਲ਼ਸਾਜ਼ੀ, ਬੇਹੁਰਮਤੀ, ਅੰਧਵਿਸ਼ਵਾਸੀ, ਲੋਕ ਵਿਰੋਧੀ, ਬਿਮਾਰ ਮਾਨਸਿਕਤਾ, ਨੰਗੇਜ਼ ਤੇ ਵਿਸ਼ਵਮੰਡੀ ਦੀ ਦੌੜ ਵਿੱਚ ਰੁੜ੍ਹਿਆ ਜਾ ਰਿਹਾ ਹੈ। ਇਹ ਨਹੀਂ ਹੈ ਕਿ ਵਧੀਆ ਗੀਤ ਲਿਖੇ ਨਹੀਂ ਗਏ ਜਾਂ ਜਾ ਰਹੇ। ਇਹ ਤਾਂ ਇਤਿਹਾਸ ਗਵਾਹ ਹੈ ਕਿ ਪੰਜਾਬੀ ਸਾਹਿਤਕਾਰਾਂ ਨੇ ਹਮੇਸ਼ਾਂ ਗ਼ਰੀਬ ਤੇ ਮਜ਼ਲੂਮ ਮਨੁੱਖਤਾ ਦਾ ਸਾਥ ਦਿੱਤਾ ਹੈ ਚਾਹੇ ਉਹ ਭਗਤੀ ਲਹਿਰ ਦੇ ਕਵੀ ਕਬੀਰ, ਰਵੀਦਾਸ, ਗੁਰੂ ਨਾਨਕ ਜਾਂ ਗੁਰੂ ਗੋਬਿੰਦ ਸਿੰਘ ਜਿਨ੍ਹਾਂ ਨੇ ਹਮੇਸ਼ਾਂ ਭਾਈ ਲਾਲੋਆਂ ਦਾ ਸਾਥ ਦਿੱਤਾ ਤੇ ਮਲਕ ਭਾਗੋਆਂ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਹੈ। ਉਸ ਤੋਂ ਬਾਅਦ ਗ਼ਦਰ ਲਹਿਰ ਦੇ ਗ਼ਦਰੀ ਬਾਬਿਆਂ ਵਲੋਂ ਦੇਸ਼ ਨੂੰ ਅਜ਼ਾਦ ਕਰਾਉਣ ਲਈ ਬਹੁਤ ਹੀ ਜੋਸ਼ੀਲੇ ਤੇ ਅਰਥ ਭਰਭੂਰ ਗੀਤ ਜੋ ਲੋਕਾਂ ਦੀ ਅਜ਼ਾਦੀ ਤੇ ਅਗਾਂਹਵਧੂ ਜਜ਼ਬਿਆਂ ਨੂੰ ਉਤਸ਼ਾਹਤ ਕਰਦੇ ਸਨ, ਲਿਖੇ ਗਏ। ਉਸ ਵੇਲ਼ੇ ਲੋਕਾਂ ਦਾ ਵਹਾਅ ਅਜ਼ਾਦੀ ਦਾ ਸੁਫ਼ਨਾ ਸੀ, ਅੱਜ ਵੀ ਇਹ ਸਤਰਾਂ ਭੁੱਲਣੀਆਂ ਮੁਸ਼ਕਲ ਹਨ:-

"ਹਿੰਦ ਵਾਸੀਓ ਰੱਖਣਾ ਯਾਦ ਸਾਨੂੰ
ਕਿਤੇ ਦਿਲੋਂ ਨਾ ਕਦੇ ਭੁਲਾ ਦੇਣਾ।"

ਜਾਂ

"ਸੇਵਾ ਦੇਸ਼ ਦੀ ਜ਼ਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ
ਜਿੰਨ੍ਹਾਂ ਦੇਸ਼ ਸੇਵਾ ਵਿੱਚ ਪੈਰ ਪਾਇਆ,
ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ।"

ਉਸ ਤੋਂ ਬਾਅਦ ਪ੍ਰੋ. ਮੋਹਣ ਸਿੰਘ, ਬਾਵਾ ਬਲਵੰਤ, ਧਨੀ ਰਾਮ ਚਾਤ੍ਰਿਕ ਆਦਿ ਵਰਗੇ ਕਵੀਆਂ ਨੇ ਲੋਕ ਪੱਖੀ ਸਾਹਿਤ ਲਿਖ ਕੇ ਰਹਿੰਦੀ ਦੁਨੀਆਂ ਤੱਕ ਆਪਣੀ ਜਗ੍ਹਾ ਬਣਾਈ ਹੈ। 60-80ਵਿਆਂ ਦੇ ਦੌਰ ਵਿੱਚ ਨਕਸਲਬਾੜੀ ਲਹਿਰ ਦੇ ਪ੍ਰਭਾਵ ਹੇਠ ਬਹੁਤ ਸਾਰਾ ਸਾਹਿਤ ਰਚਿਆ ਗਿਆ। ਉਹਨਾਂ ਵਿੱਚੋਂ ਵਰਨਣਯੋਗ ਸੰਤ ਰਾਮ ਉਦਾਸੀ ਦੇ ਲਿਖੇ ਬੋਲ ਅੱਜ ਵੀ ਲੋਕਾਂ ਦੀਆਂ ਜ਼ੁਬਾਨਾਂ ਤੇ ਉਵੇਂ ਦੇ ਉਵੇਂ ਉਕਰੇ ਪਏ ਹਨ। ਜਿਵੇਂ:-

"ਗਲ਼ ਲੱਗ ਕੇ ਸੀਰੀ ਦੇ ਜੱਟ ਰੋਵੇ
ਬੋਹਲਾਂ ਵਿੱਚੋਂ ਨੀਰ ਵਗਿਆ।

ਲਿਆ ਤੰਗਲੀ ਨਸੀਬਾਂ ਨੂੰ ਫਰੋਲ਼ੀਏ
ਤੂੜੀ ਵਿੱਚੋਂ ਪੁੱਤ ਜੱਗਿਆ।"

ਇਸ ਗੀਤ ਵਿੱਚ ਜੱਟ ਤੇ ਸੀਰੀ ਦੇ ਦੁੱਖਾਂ ਸੁੱਖਾਂ ਦੀ ਸਾਂਝ ਨੂੰ ਦਰਸਾਇਆ ਗਿਆ ਹੈ ਅੱਜ ਦੇ ਵਿਪਰੀਤ ਆਹਮੋ ਸਾਹਮਣੇ ਚਮਾਰ ਜਾਂ ਜੱਟ ਦੁਨਾਲ਼ੀਆਂ ਲੈ ਕੇ ਨਹੀਂ ਖੜ੍ਹੇ।

"ਦਬਾ ਦਬ ਚੱਲ ਮੇਰੇ ਬੈਲਾਂ ਦੀਏ ਜੋੜੀਏ ਨੀ
ਬੀਜਣੇ ਨੇ ਅਸੀਂ ਹਥਿਆਰ।
ਮੁੜ੍ਹਕੇ ਦਾ ਵੱਤਰ ਮੈਂ ਮਸਾਂ ਹੈ ਸੰਭਾਲ਼ਿਆ ਨੀ
ਪਵੇ ਨਾ ਚੁਮਾਸਿਆਂ ਦੀ ਮਾਰ।"

ਜਾਂ

"ਅਸੀਂ ਤੋੜੀਆਂ ਗੁਲਾਮੀ ਦੀਆਂ ਕੜੀਆਂ,
ਬੜੇ ਹੀ ਅਸੀਂ ਦੁੱਖੜੇ ਜਰੇ।
ਆਖਣਾ ਸਮੇਂ ਦੀ ਸਰਕਾਰ ਨੂੰ,
ਉਹ ਗਹਿਣੇ ਸਾਡਾ ਦੇਸ਼ ਨਾ ਧਰੇ।"

ਗੱਲ ਤਾਂ ਇੱਥੇ ਵੀ ਹਥਿਆਰਾਂ ਦੀ ਕੀਤੀ ਗਈ ਹੈ ਪਰ ਇਹ ਹਥਿਆਰ ਲੋਕਾਂ ਨੂੰ ਵੱਢਣ ਟੁੱਕਣ ਲਈ ਨਹੀਂ ਸਗੋਂ ਮਾੜੇ ਪ੍ਰਬੰਧ ਦੇ ਖਿਲਾਫ਼ ਲਾਮਬੰਦੀ ਦਾ ਸੁਨੇਹਾ ਹੈ ਅਤੇ ਸਮੇਂ ਦੀ ਸਰਕਾਰ ਨੂੰ ਘੁਰਕੀ ਵੀ ਹੈ।

"ਹੱਸ ਹੱਸ ਤੋਰਦੇ ਤੂੰ ਡੋਲੀ ਮੇਰੀ ਬਾਬਲਾ ਵੇ,
ਕਿਹੜੀ ਗੱਲੋਂ ਰਿਹਾ ਏਂ ਤੂੰ ਝੂਰ।
ਧਰਤੀ ਤਿਹਾਈ ਜਿਉਂ ਪਸੀਨਾ ਮੰਗੇ ਕਾਮਿਆਂ ਦਾ,
ਮਾਂਗ ਮੇਰੀ ਮੰਗਦੀ ਸੰਧੂਰ।"

ਜਾਂ

"ਜੰਮੀਂ ਨਾ ਨੀ ਮਾਏ ਸਾਨੂੰ ਇਹੋ ਜਿਹੇ ਪਿੰਡ,
ਜਿੱਥੇ ਸੱਧਰਾਂ ਤੇ ਸੰਗਲ ਰਵੇ।
ਜਿੱਥੇ ਮੇਰੇ ਵੀਰ ਦੀਆਂ ਕੱਚੀਆਂ ਤਰੇਲ੍ਹੀਆਂ ਦਾ,
ਚੱਪਾ ਟੁੱਕ ਮੁੱਲ ਨਾ ਪਵੇ।"

ਜਾਂ

"ਪੁੱਤ ਬਣਕੇ ਕਮਾਊਂ ਘਰ ਤੇਰੇ,
ਚਿੱਤ ਨਾ ਡੁਲਾਈਂ ਬਾਬਲਾ,

ਮੇਰੇ ਬੰਦਿਆਂ ਤੋਂ ਵੱਧ ਵੇਖੀਂ ਜੇਰੇ,
ਚਿੱਤ ਨਾ ਡੁਲਾਈਂ ਬਾਬਲਾ।"

ਇਨ੍ਹਾਂ ਗੀਤਾਂ ਵਿੱਚ ਜਿੱਥੇ ਆਮ ਮਨੁੱਖ ਦੀਆਂ ਜ਼ਿੰਦਗੀ ਦੀਆਂ ਲੋੜਾਂ-ਥੋੜ੍ਹਾਂ ਅਤੇ ਅਮੀਰ ਜਮਾਤ ਦੀਆਂ ਵਧੀਕੀਆਂ ਰਾਹੀਂ ਕੀਤੀ ਜਾਂਦੀ ਲੁੱਟ-ਚੋਂਘ ਨੂੰ ਦਰਸਾਇਆ ਹੈ। ਉੱਥੇ ਪਰਿਵਾਰਕ ਰਿਸ਼ਤਿਆਂ ਵਿੱਚ ਇੱਕ ਦੂਜੇ ਦਾ ਸਾਥ ਤੇ ਪਿਆਰ ਦੀ ਭਾਵਨਾ ਇੱਕ ਮੂੰਹ ਬੋਲਦੀ ਤਸਵੀਰ ਹੈ।

ਇਸੇ ਹੀ ਦੌਰ ਦੇ ਕਵੀ ਪਾਸ਼ ਨੇ ਕੁਝ ਕੁ ਗੀਤ ਹੀ ਲਿਖੇ ਪਰ ਉਹ ਕਦੇ ਵੀ ਲੋਕਾਂ ਨੂੰ ਭੁੱਲੇ ਨਹੀਂ ਹਨ।

"ਪੈਰਾਂ ਦੀਏ ਮਿੱਟੀਏ, ਪਹਾੜ ਬਣ ਜਾਈਂ,
ਕੱਖਾਂ ਦੀਏ ਕੁੱਲੀਏ, ਮਿਨਾਰ ਬਣ ਜਾਈਂ,
ਆਪਣੀ ਕਮਾਈ ਸਾਂਭ ਰੱਖ ਨੀ।
ਕਿਰਤੀ ਦੀਏ ਕੁੱਲੀਏ,
ਲੱਖ ਲੱਖ ਦਾ ਏ ਤੇਰਾ ਕੱਖ ਨੀ।
ਕਿਰਤੀ ਦੀਏ ਕੁੱਲੀਏ।"

ਜਾਂ

"ਸੋਨੇ ਦੀ ਸਵੇਰ ਜਦੋਂ ਆਊ ਹਾਣੀਆ,
ਨੱਚੇਗਾ ਅੰਬਰ ਭੂਮੀ ਗਾਊ ਹਾਣੀਆ।"

ਪਰ ਇਹ ਗੀਤਕਾਰਾਂ ਨੂੰ ਜਿਨ੍ਹਾਂ ਨੇ ਲੋਕ-ਪੱਖੀ ਸਾਹਿਤ ਲਿਖਿਆ ਉਹਨਾਂ ਦੀ ਕਲਮ ਰੂਪੀ ਅਵਾਜ਼ ਨੂੰ ਖ਼ਤਮ ਕਰਨ ਲਈ ਸਮੇਂ ਦੀਆਂ ਸਰਕਾਰਾਂ ਵਲੋਂ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਤੰਗ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ ਅਰਥਾਤ ਉਹਨਾਂ ਦੇ ਸਾਹਿਤਕ ਪਿੜ ਵਿੱਚ ਅਨੇਕ ਤਰ੍ਹਾਂ ਦੀਆਂ ਰੁਕਾਵਟਾਂ ਖੜ੍ਹੀਆਂ ਕੀਤੀਆਂ ਜਾਂਦੀਆਂ ਹਨ, ਜਿਵੇਂ ਜੇਲ੍ਹਾਂ ਵਿੱਚ ਡੱਕਿਆ ਜਾਣਾ, ਜ਼ਿੰਦਗੀ ਤੋਂ ਵਾਂਝੇ ਕੀਤਾ ਜਾਣਾ ਜਾਂ ਫਿਰਕੂ ਤਾਕਤਾਂ ਤੋਂ ਕਤਲ ਕਰਵਾਉਣਾ (ਜਿਵੇਂ ਪਾਸ਼ ਅਤੇ ਜੈਮਲ ਪੱਡਾ ਆਦਿ ਨੂੰ)। ਅੱਖਾਂ ਵਿੱਚ ਤੇਜ਼ ਰੌਸ਼ਨੀ ਪਾ ਕੇ ਅੱਖਾਂ ਦੀ ਜੋਤ ਗਵਾ ਦੇਣਾ।(ਜਿਵੇਂ ਸੰਤ ਰਾਮ ਉਦਾਸੀ ਦੀ) ਉਹਨਾਂ ਦੇ ਦਿਮਾਗ਼ ਤੇ ਸੱਟਾਂ ਮਾਰੀਆਂ ਜਾਂਦੀਆਂ ਹਨ ਕਿ ਉਹ ਲੋਕ-ਪੱਖੀ ਸਾਹਿਤ ਲਿਖਣ ਦੀ ਜ਼ੁਅਰਤ ਨਾ ਕਰਨ। ਪਰ ਫਿਰ ਵੀ ਬਹੁਤ ਵਧੀਆ ਸਾਹਿਤ ਲਿਖਿਆ ਵੀ ਜਾ ਰਿਹਾ ਹੈ ਪਰ ਸਾਡੇ ਲੋਕਾਂ ਦੇ ਹੱਥ ਹੈ ਕਿ ਅਸੀਂ ਉਸ ਨੂੰ ਸਮਾਜ ਦੇ ਰੂ-ਬ-ਰੂ ਕਿਵੇਂ ਕਰਨਾ ਹੈ।

ਅਸੀਂ ਦੋਨੋਂ ਤਰ੍ਹਾਂ ਦੇ ਗੀਤਾਂ ਨੂੰ ਸਾਹਮਣੇ ਰੱਖ ਕੇ ਸੋਚਣਾ ਹੈ ਕਿ ਸਾਨੂੰ ਜ਼ਿੰਦਗੀ 'ਚ ਅੱਗੇ ਵਧਣ ਲਈ ਕਿਹੋ ਜਿਹੇ ਗੀਤਾਂ ਦੀ ਲੋੜ ਹੋਣੀ ਚਾਹੀਦੀ ਹੈ।

ਜਦੋਂ ਇਹੋ ਜਿਹੇ ਗਾਉਣ ਵਾਲੇ ਗਾਉਣਾ ਸ਼ੁਰੂ ਕਰਦੇ ਹਨ ਤਾਂ ਰੱਬ ਦੇ ਨਾਂ 'ਤੇ ਇੱਕ ਗੀਤ ਗਾ ਕੇ ਉਸ ਤੋਂ ਖੁਲ੍ਹ-ਦਿਲੀ ਨਾਲ ਲੱਚਰ ਗੀਤ ਗਾਉਣ ਦੀ ਆਗਿਆ ਲੈ ਲੈਂਦੇ ਹਨ। ਜਦੋਂ ਰੱਬ ਨੇ ਪ੍ਰਵਾਨਗੀ ਦੇ ਦਿੱਤੀ ਤਾਂ ਆਪਾਂ ਉਸ ਦਾ ਵਿਰੋਧ ਕਿਵੇਂ ਕਰ ਸਕਦੇ ਹਾਂ ? ਬੇਸ਼ੱਕ ਇਹ ਗੀਤ ਘਟੀਆ ਹਨ ਪਰ ਇਹਨਾਂ ਨੂੰ ਸੁਣਨ ਵੇਲ਼ੇ ਲੋਕਾਂ ਦੀ ਗਿਣਤੀ ਦੁੱਗਣੀ-ਤਿੱਗਣੀ ਹੁੰਦੀ ਹੈ ਤੇ ਲੋਕ ਹਜ਼ਾਰਾਂ ਰੁਪਿਆ ਇਹਨਾਂ ਗਾਉਣ ਵਾਲਿਆਂ ਦੇ ਉੱਤੋਂ ਵਾਰ ਸੁੱਟਦੇ ਹਨ। ਇਹ ਕਿਉਂ ? ਤੇ ਇਸਦੇ ਪਿੱਛੇ ਕੀ ਹੈ ? ਇਹ ਕੁਝ ਜਮਾਤਾਂ ਦੀ ਗਿਣੀ ਮਿੱਥੀ ਸਾਜ਼ਸ਼ ਜਾਪਦੀ ਹੈ ਜਿਨ੍ਹਾਂ ਵਲ਼ੋਂ ਲੋਕਾਂ ਨੂੰ ਸਿੱਧੇ ਜਾਂ ਅਸਿੱਧੇ ਢੰਗ ਨਾਲ਼ ਲੁੱਟਣ ਲਈ ਕਈ ਤਰ੍ਹਾਂ ਦੇ ਹੱਥਕੰਡੇ ਵਰਤੇ ਜਾਂਦੇ ਹਨ ਜਿਵੇਂ ਜਵਾਨ ਦਿਲਾਂ ਦੀ ਸੋਚ ਨੂੰ ਦਬਾਉਣ ਲਈ ਇਹ ਲੱਚਰਪੁਣੇ ਦਾ ਸ਼ਿਕਾਰ ਬਣਾਉਣਾ ਕਿਉਂਕਿ ਨੌਜਵਾਨ ਪੀੜ੍ਹੀ ਉਹਨਾਂ ਦੀਆਂ ਹਰਕਤਾਂ ਵੱਲ ਉਂਗਲ਼ ਨਾ ਕਰ ਸਕਣ। ਸਮਾਜ ਦੀਆਂ ਲੁਟੇਰੀਆਂ ਜਮਾਤਾਂ ਦੀ ਜਕੜ ਨੂੰ ਹੋਰ ਮਜ਼ਬੂਤ ਕਰਨ ਲਈ ਲੋਕਾਂ ਨੂੰ ਜ਼ਿੱਲਤ ਭਰੇ ਭਰਿਸ਼ਟ ਲੱਚਰ ਸਾਹਿਤ ਰਾਹੀਂ ਖੱਸੀ ਤੇ ਨਿਰਾਸ਼ਾ ਭਰੇ ਮਾਹੌਲ ਵਿੱਚ ਧੱਕਣ ਦਾ ਜੋਰ ਲਾਇਆ ਜਾ ਰਿਹਾ ਹੈ। ਕੈਸਟ ਕਲਚਰ ਪੈਦਾ ਕੀਤਾ ਜਾ ਰਿਹਾ ਹੈ। ਇਹੀ ਕਾਰਣ ਹੈ ਕਿ ਲੁਟੇਰੀਆਂ ਜਮਾਤਾਂ ਵਲੋਂ ਗੀਤਾਂ ਦੇ ਅਜਿਹੇ ਲੇਖਕਾਂ ਨੂੰ ਵਿਸ਼ੇਸ਼ ਸਰਟੀਫਿਕੇਟਾਂ ਅਤੇ ਇਨਾਮਾਂ ਰਾਹੀਂ ਇਨ੍ਹਾਂ ਦੀਆਂ ਝੋਲ਼ੀਆਂ ਭਰੀਆਂ ਜਾਂਦੀਆਂ ਹਨ।ਇਹਨਾਂ ਦੇ ਘਟੀਆ ਤੋਂ ਘਟੀਆ ਗੀਤਾਂ ਨੂੰ ਰਿਕਾਰਡ ਕਰਵਾਇਆ ਜਾਂਦਾ ਹੈ। ਇਹਨਾਂ ਨੂੰ ਧੰਨ ਦੇ ਨਾਲ਼ ਮਾਲੋ-ਮਾਲ ਕੀਤਾ ਜਾਂਦਾ ਹੈ, ਹਰ ਪਾਸਿਉਂ ਮਾਨਤਾ ਦਿੱਤੀ ਜਾਂਦੀ ਹੈ। ਅੱਜ ਕੱਲ੍ਹ ਸਰਕਾਰਾਂ ਨੇ ਅਗਰ ਕੋਈ ਰਾਜਨੀਤਿਕ ਇਕੱਠ ਕਰਨਾ ਹੈ ਜਾਂ ਕੋਈ ਟੂਰਨਾਮੈਂਟ ਕਰਵਾਉਣਾ ਹੈ ਤਾਂ ਸਰਕਾਰਾਂ ਆਪਣੇ ਇਕੱਠ ਨੂੰ ਵਧਾਉਣ ਲਈ ਇਹਨਾਂ ਲੱਚਰ ਗੀਤਾਂ ਦੇ ਗਾਇਕਾਂ ਨੂੰ ਸਟੇਜ ਤੋਂ ਲੋਕਾਂ ਦੀ ਸੋਚ ਨੂੰ ਖੁੰਢਾ ਕਰਨ ਦੇ ਹੱਥਕੰਡੇ ਵਰਤਦੀਆਂ ਹਨ। ਅਸੀਂ ਲੋਕ ਇਹਨਾਂ ਨੂੰ ਮਨੋਰੰਜਨ ਦਾ ਸਾਧਨ ਸਮਝ ਕੇ ਚੁੱਪ ਬੈਠੇ ਰਹਿੰਦੇ ਹਾਂ। ਇਹ ਨਹੀਂ ਸੋਚਦੇ ਕਿ ਇਸ ਦਾ ਸਾਡੀ ਨੌਜਵਾਨ ਪੀੜ੍ਹੀ 'ਤੇ ਕਿੰਨਾ ਗਲਤ ਅਸਰ ਪੈ ਰਿਹਾ ਹੈ। ਕਈ ਵਾਰ ਤਾਂ ਇਹ ਲੱਗਦਾ ਹੈ ਭਾਰਤ ਤਾਂ ਸਿਰਫ਼ ਨੱਚਣ ਗਾਉਣ ਦੇ ਰਾਹ ਹੀ ਤੁਰ ਪਿਆ ਹੈ, ਇੱਕ ਇੱਕ ਪਿੰਡ ਵਿੱਚ ਪਤਾ ਨਹੀਂ ਕਿੰਨੇ ਗਾਉਣ ਵਾਲੇ ਤੁਰੇ ਫਿਰਦੇ ਹਨ ਅਤੇ ਨਾਲ਼ ਥੋੜ੍ਹੇ ਥੋੜ੍ਹੇ ਪੈਸਿਆਂ 'ਤੇ ਅਨੇਕਾਂ ਹੀ ਕੁੜੀਆਂ ਬਿਕਿਨੀਆਂ ਪਾ ਕੇ ਨੱਚਣ ਲਈ ਤਿਆਰ ਹਨ। ਪਿੰਡਾਂ ਵਿੱਚ ਬਹੁਤੇ ਮੁੰਡੇ ਜ਼ਮੀਨਾਂ ਵੇਚ ਕੇ ਕੈਸਟ ਰਿਕਾਰਡ ਕਰਾਉਣ ਦੇ ਚੱਕਰ ਵਿੱਚ ਸਾਰੀ ਜ਼ਮੀਨ ਗਿਰਵੀ ਰੱਖ ਕੇ ਘਰਾਂ ਦੇ ਘਰ ਉਜਾੜ ਰਹੇ ਹਨ।

ਅੱਜ ਦੇ ਲੇਖਕ ਕੋਲ਼ ਸਿਰਫ਼ ਦੋ ਹੀ ਰਸਤੇ ਹਨ ਜਾਂ ਤਾਂ ਉਹ ਆਮ ਜਨਤਾ ਨਾਲ਼ ਮਿਲ਼ ਕੇ ਸਮਾਜ ਦੀ ਪ੍ਰਗਤੀ ਦਾ ਦੂਤ ਬਣ ਸਕਦਾ ਹੈ ਅਤੇ ਆਪਣੇ

ਗੌਰਵਮਈ ਇਤਿਹਾਸ ਦੀ ਪ੍ਰੰਪਰਾ ਨੂੰ ਕਾਇਮ ਰੱਖ ਸਕਦਾ ਹੈ ਜਾਂ ਫਿਰ ਪੂੰਜੀਵਾਦੀ ਵਿਚਾਰਧਾਰਾ ਨਾਲ਼ ਮਿਲ਼ ਕੇ, ਨਿੱਜਵਾਦ ਦੀ ਪੌੜੀ 'ਤੇ ਖੜ੍ਹ ਕੇ ਮਨੁੱਖਤਾ ਦੇ ਸਰਬਨਾਸ਼ ਦਾ ਪੈਗੰਬਰ ਵੀ ਬਣ ਸਕਦਾ ਹੈ। ਇਹ ਤਾਂ ਲੇਖਕ ਨੇ ਆਪ ਚੁਣਨਾ ਹੈ ਕਿ ਉਸ ਨੇ ਕਿਹੜਾ ਰਾਹ ਅਪਣਾਉਣਾ ਹੈ ਕਿਉਂਕਿ ਲੇਖਕ ਵੀ ਸਮਾਜ ਦਾ ਹਿੱਸਾ ਹੈ ਉਹ ਆਪਣੇ ਆਪ ਨੂੰ ਇਸ ਤੋਂ ਅਲੱਗ ਕਰਕੇ ਨਹੀਂ ਰੱਖ ਸਕਦਾ ਸੋ ਉਸ ਨੂੰ ਕਿਸੇ ਇੱਕ ਧਿਰ ਨਾਲ਼ ਤਾਂ ਖੜ੍ਹਨਾ ਹੀ ਪਵੇਗਾ।

ਅੰਤ ਵਿੱਚ ਇਸ ਵਿਆਖਿਆ ਤੋਂ ਸਾਡਾ ਇੱਥੇ ਸਮੁੱਚਾ ਫਰਜ਼ ਬਣਦਾ ਹੈ ਕਿ ਜੇ ਅਸੀਂ ਆਪਣੀ ਨੌਜਵਾਨ ਪੀੜ੍ਹੀ, ਸਾਡੇ ਭਵਿੱਖ ਦੇ ਵਾਰਸਾਂ ਨੂੰ ਇਨ੍ਹਾਂ ਘਟੀਆ ਅਲਾਮਤਾਂ ਤੋਂ ਦੂਰ ਰੱਖਣਾ ਹੈ ਤਾਂ ਅਸੀਂ ਲੱਚਰ ਸਾਹਿਤ ਜੋ ਸਾਨੂੰ ਜ਼ਲੀਲ ਕਰ ਰਿਹਾ ਹੈ, ਉਸ ਦਾ ਵਿਰੋਧ ਕਰੀਏ ਅਤੇ ਸਾਡੇ ਲੋਕ ਗੀਤਾਂ ਅਤੇ ਲੋਕ ਪੱਖੀ ਕਵੀਆਂ ਜਾਂ ਗੀਤਕਾਰਾਂ ਦੇ ਗੀਤਾਂ ਨੂੰ ਸਟੇਜਾਂ ਤੇ ਬਹੁਤਾਤ ਵਿੱਚ ਲਿਆਈਏ ਅਤੇ ਉਹਨਾਂ ਨੂੰ ਸਾਰੇ ਪੱਖਾਂ ਤੋਂ ਉਤਸ਼ਾਹਤ ਕਰੀਏ। ਅਸਲੀਅਤ ਵਿੱਚ ਲੋਕਾਂ ਨਾਲ਼ ਜੁੜਿਆ ਸਾਹਿਤਕਾਰ ਉਹ ਹੈ ਜੋ ਕਿ ਆਪਣੀ ਧਰਤੀ ਦੀ ਗੱਲ ਕਰਦੈ, ਆਪਣੇ ਲੋਕਾਂ ਦੀ ਮੁਕਤੀ ਦੀ ਗੱਲ ਕਰਦੈ, ਲੋਕਾਂ ਦੀ ਮੰਦਹਾਲੀ, ਸਮਾਜ ਵਿੱਚ ਫੈਲਾਈ ਜਾ ਰਹੀ ਅੰਧਵਿਸ਼ਵਾਸੀ ਅਤੇ ਪਿੱਛੇ ਖਿੱਚੂ ਰੀਤੀ ਰਿਵਾਜਾਂ ਦਾ ਪਰਦਾ ਫਾਸ਼ ਕਰਦੈ, ਜਗੀਰੂ ਤੇ ਭਰਿਸ਼ਟ ਲੱਚਰ ਸਾਹਿਤ ਵਿਰੁੱਧ ਅਵਾਜ਼ ਉੱਚੀ ਕਰਦੈ। ਆਉ ਅਜਿਹੇ ਲੇਖਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਸਾਥ ਦੇਈਏ ਅਤੇ ਲੱਚਰ ਸਾਹਿਤ ਦੇ ਲੇਖਕਾਂ ਦਾ ਹੁੱਕਾ ਪਾਣੀ ਬੰਦ ਕਰੀਏ ਤੇ ਆਪਣੀ ਗੁੰਮਰਾਹ ਹੋਈ ਨੌਜਵਾਨ ਪੀੜ੍ਹੀ ਨੂੰ ਆਪਣਾ ਅਮੀਰ ਵਿਰਸਾ ਸੰਭਾਲਣ ਲਈ ਆਪਣਾ ਬਣਦਾ ਹਿੱਸਾ ਪਾਈਏ ਤਾਂ ਕਿ ਉਹ ਅਣਖ ਤੇ ਗੈਰਤ ਦੀ ਜ਼ਿੰਦਗੀ ਨੂੰ ਅਪਣਾਉਣ ਨਾ ਕਿ ਸਿਰਫ਼ ਇਨ੍ਹਾਂ ਦੀ ਅਸ਼ਲੀਲਤਾ 'ਤੇ ਅੱਖਾਂ ਤੇ ਕੰਨ ਬੰਦ ਕਰਕੇ ਨੱਚੀ ਜਾਣ।

□□□

# .ਲੱਚਰ ਗਾਇਕੀ ਨੂੰ ਨੱਥ ਪਾਉਣਾ ਸਮੇਂ ਦੀ ਲੋੜ

"ਮੈਨੂੰ ਦੱਸੋ ਤੁਹਾਡੇ ਦੇਸ਼ ਦੀ ਜਵਾਨੀ ਅਤੇ ਲੋਕਾਂ ਦੇ ਮੂੰਹ ਤੇ ਕਿਸ ਤਰ੍ਹਾਂ ਦੇ ਗੀਤ ਹਨ, ਮੈਂ ਤੁਹਾਡੇ ਦੇਸ਼ ਦਾ ਭਵਿੱਖ ਦੱਸ ਸਕਦਾ ਹਾਂ।"

**(ਈਦੋਵੂ ਕੋਇਨਿਕਨ)**

ਉਪਰ ਲਿਖੇ ਸ਼ਬਦ ਈਦੋਵੂ ਕੋਇਨਿਕਨ ਅਫ਼ਰੀਕਨ ਮੂਲ਼ ਦੇ ਲੇਖਕ ਜੋ ਹਮੇਸ਼ਾਂ ਲੋਕਾਂ ਨੂੰ ਗਹਿਰੀ ਅੱਖ ਨਾਲ਼ ਦੇਖਣ, ਪਰਖਣ ਤੇ ਸਮਝਣ ਲਈ ਸਮਰੱਥਵਾਨ ਹੈ, ਉਸ ਨੇ ਕਹੇ ਹਨ। ਅੱਜ ਜਦੋਂ ਸਾਰੀ ਦੁਨੀਆਂ 'ਤੇ ਖ਼ਾਸ ਕਰ ਪੰਜਾਬ ਜਾਂ ਬਾਹਰ ਕੈਨੇਡਾ ਵਸਦੇ ਪੰਜਾਬੀਆਂ ਦੀਆਂ ਹਾਲਤਾਂ ਜਾਂ ਗੀਤਾਂ ਦੇ ਨਾਲ਼ ਵਿਗੜ ਰਹੇ ਆਚਰਣ ਜਾਂ ਸਭਿਆਚਾਰ ਤੇ ਬੁਰੇ ਪ੍ਰਭਾਵਾਂ ਨੇ ਸਾਨੂੰ ਬੁਰੀ ਤਰ੍ਹਾਂ ਝੰਜੋੜਿਆ ਹੈ ਤਦ ਹੀ ਅਸੀਂ ਇਹਨਾਂ ਸ਼ਬਦਾਂ ਦੇ ਸਨਮੁੱਖ ਖੜ੍ਹੇ ਹਾਂ ਅਤੇ ਸੋਚਣ ਲਈ ਮਜ਼ਬੂਰ ਹੋਏ ਹਾਂ। ਮੈਂ ਇਹਨਾਂ ਸ਼ਬਦਾਂ ਦੀ ਅੱਜ ਦੀ ਸੱਚਾਈ ਅਤੇ ਸਾਡੀ ਜਵਾਨੀ 'ਤੇ ਗੀਤਾਂ ਦੁਬਾਰਾ ਪੈ ਰਹੇ ਪ੍ਰਭਾਵਾਂ ਬਾਰੇ ਗੱਲ ਕਰਾਂਗੀ।

ਅੱਜ ਸ਼ੋਸ਼ਲ ਮੀਡੀਏ ਦਾ ਦੌਰ ਹੈ ਜਿਸ ਵਿੱਚ ਮਨੁੱਖ ਦੇਸ਼ਾਂ-ਵਿਦੇਸ਼ਾਂ, ਹੱਦਾਂ-ਸਰਹੱਦਾਂ ਦੀ ਬੰਦਿਸ਼ ਤੋਂ ਬਿਨਾਂ ਇੱਕ ਦੂਜੇ ਦੀ ਪਲ ਪਲ ਦੀ ਖ਼ਬਰ ਸਾਂਝੀ ਕਰ ਰਿਹਾ ਹੈ ਜਿਸ ਨਾਲ਼ ਦੁਨੀਆਂ ਦੇ ਕਿਸ ਹਿੱਸੇ ਵਿੱਚ ਕੀ ਵਾਪਰ ਰਿਹਾ ਹੈ ਸਕਿੰਟਾਂ ਵਿੱਚ ਪਤਾ ਲੱਗ ਜਾਂਦਾ ਹੈ। ਇਸ ਦੇ ਨਾਲ਼ ਬਹੁਤਾ ਕੁੱਝ ਮਨੁੱਖ ਦੇ ਹਿਤ ਵਿੱਚ ਜਾਂਦਾ ਹੈ ਪਰ ਫਿਰ ਵੀ ਚੰਗੇ ਦੇ ਨਾਲ਼ ਨਾਲ਼ ਮਾੜਾ ਵੀ ਉਵੇਂ ਹੀ ਲੋਕਾਂ ਵਿੱਚ ਚਲਾ ਜਾਂਦਾ ਹੈ। ਅਸੀਂ ਇੱਥੇ ਸਾਹਿਤ ਜਾਂ ਸਾਹਿਤ ਦੀ ਵੰਨਗੀ ਗੀਤਾਂ ਦੀ ਗੱਲ ਕਰਦੇ ਹਾਂ ਜਿਸ ਦਾ ਸ਼ੋਸ਼ਲ ਮੀਡੀਏ ਦੀ ਦੁਰਵਰਤੋਂ ਨਾਲ਼ ਲੱਚਰ ਗੀਤਾਂ ਦੇ ਰੂਪ ਵਿੱਚ ਬਹੁਤ ਕੁੱਝ ਲੋਕਾਂ ਵਿੱਚ ਸੁੱਟਿਆ ਜਾ ਰਿਹਾ ਹੈ ਜੋ ਨੌਜਵਾਨ ਪੀੜ੍ਹੀ ਦੇ ਸੰਵੇਦਨਸ਼ੀਲ ਮਨਾਂ 'ਤੇ ਸਹਿਜੇ ਹੀ ਅਸਰ ਕਰਦਾ ਹੈ। ਦੁੱਖ ਦੀ ਗੱਲ ਉਦੋਂ ਹੁੰਦੀ ਹੈ ਜਦੋਂ ਕੁੱਝ ਲੋਕ ਆਪਣੇ ਨਿੱਜੀ ਮੁਫ਼ਾਦਾਂ ਲਈ ਨੌਜਵਾਨ ਪੀੜ੍ਹੀ ਨੂੰ ਨਿਸ਼ਾਨਾ ਬਣਾ ਕੇ ਗੁੰਮਰਾਹ ਕਰਦੇ ਹਨ ਉਸ ਨੂੰ ਚੰਗੀ ਪੜ੍ਹਾਈ, ਚੰਗੀ ਮਾਨਸਿਕ ਤੇ ਸਰੀਰਕ ਸਿਹਤ ਅਤੇ ਚੰਗਾ ਰਹਿਣ-ਸਹਿਣ ਨਾ ਦੇ ਕੇ ਸਗੋਂ ਮਨੁੱਖਤਾ ਦੀਆਂ ਦੁਸ਼ਮਣ ਅਲਾਮਤਾਂ ਵਿੱਚ ਉਲ਼ਝਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਕੋਝੀ ਸਿਆਸਤ ਤੇ ਸ਼ਰਾਰਤ ਨਾਲ਼ ਆਉਣ ਵਾਲ਼ੀ ਫ਼ਸਲ ਵਿੱਚ ਅਜਿਹੀ ਕਾਂਗਿਆਰੀ ਦਾ ਬੀਜ-ਬੀਜ ਦਿੰਦੇ ਹਨ ਕਿ ਉਹ ਸਭ ਨੂੰ ਹੀ ਥੋੜ੍ਹਾ ਜਾਂ ਬਹੁਤਾ ਮਾਰ ਕਰ ਹੀ

ਜਾਂਦੀ ਹੈ। ਜਦੋਂ ਸਿਆਸਤਦਾਨ ਇਨ੍ਹਾਂ ਗੱਲਾਂ ਦੇ ਭਾਗੀਦਾਰ ਬਣ ਜਾਣ ਤਾਂ ਸੰਵੇਦਨਸ਼ੀਲ, ਸੋਚਵਾਨ ਤੇ ਸੂਝਵਾਨ ਲੋਕਾਂ ਦਾ ਅਜਿਹੇ ਮੁੱਦਿਆਂ 'ਤੇ ਗੰਭੀਰਤਾ ਨਾਲ਼ ਗੱਲ ਕਰਨਾ ਬਹੁਤ ਜ਼ਰੂਰੀ ਹੋ ਜਾਂਦਾ ਹੈ।

ਅਸੀਂ ਪੰਜਾਬੀ ਲੋਕ ਭਾਰਤ ਤੋਂ ਹਜ਼ਾਰਾਂ ਮੀਲ ਦੂਰ ਆ ਕੇ ਆਪਣੀਆਂ ਸਮਾਜੀ ਕਦਰਾਂ-ਕੀਮਤਾਂ ਜੋ ਕਿਸੇ ਕਾਰਣ ਕਰ ਕੇ ਛੁੱਟ ਰਹੀਆਂ ਸਨ ਬੇਸ਼ੱਕ ਉਹ ਕਾਰਣ ਆਰਥਿਕ ਸਨ ਜਾਂ ਸਮਾਜਿਕ ਫਿਰ ਵੀ ਅਸੀਂ ਕਿਸੇ ਨਾ ਕਿਸੇ ਤਰ੍ਹਾਂ ਆਪ ਜਾਂ ਆਪਣੇ ਬੱਚਿਆਂ ਨੂੰ ਉਸ ਨਾਲ਼ ਜੋੜਨਾ ਚਾਹੁੰਦੇ ਹਾਂ ਜਿਵੇਂ ਕਿ ਆਪਣਾ ਪੰਜਾਬੀ ਵਿਰਸਾ। ਕੁੱਝ ਸਮਾਂ ਪਹਿਲਾਂ ਜਦੋਂ ਅਸੀਂ ਦੇਖਿਆ ਕਿ ਸਾਡੇ ਬੱਚੇ ਪੰਜਾਬੀ ਭੁੱਲਦੇ ਜਾ ਰਹੇ ਹਨ ਤਦ ਸਾਡੇ ਲੋਕਾਂ ਨੇ ਪੰਜਾਬੀ ਬੋਲੀ ਨੂੰ ਜ਼ਿੰਦਾ ਰੱਖਣ ਲਈ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਇਹ ਬਹੁਤ ਚੰਗੇ ਉਪਰਾਲੇ ਸਨ। ਇਸ ਵਜ੍ਹਾ ਕਰਕੇ ਹੀ ਕੈਨੇਡਾ ਦੇ ਵੱਡੇ ਸ਼ਹਿਰਾਂ ਵਿੱਚ ਕਹਿੰਦੇ ਹਨ ਕਿ ਪੰਜਾਬੀਆਂ ਨੇ ਦੂਜੇ ਤੀਜੇ ਪੰਜਾਬ, ਪਰਦੇਸਾਂ ਵਿੱਚ ਆ ਕੇ ਵਸਾ ਲਏ ਹਨ ਇਹ ਕਾਫ਼ੀ ਹੱਦ ਤੱਕ ਸੱਚ ਹੈ। ਕੈਨੇਡਾ ਵਿੱਚ ਪੰਜਾਬੀ ਤੀਜੇ ਨੰਬਰ ਤੇ ਬੋਲੀ ਜਾਣ ਵਾਲ਼ੀ ਬੋਲੀ ਹੈ ਜਿਸ ਕਰ ਕੇ ਇਸ ਦੇ ਫ਼ਾਇਦੇ ਵੀ ਬਹੁਤ ਹਨ ਹੁਣ ਸਾਡੇ ਬੱਚੇ ਪੰਜਾਬੀ ਪੜ੍ਹ, ਲਿਖ ਤੇ ਸਿੱਖ ਵੀ ਰਹੇ ਹਨ ਕਿਉਂਕਿ ਕਿ ਉਹਨਾਂ ਨੂੰ ਜੋਬਾਂ ਵਿੱਚ ਵੀ ਵੱਧ ਭਾਸ਼ਾਵਾਂ ਆਉਣ ਕਰ ਕੇ ਜੋਬ ਮਿਲਣ ਵਿੱਚ ਅਸਾਨੀ ਹੁੰਦੀ ਹੈ। ਬਹੁਤੀ ਵਾਰੀ ਪਹਿਲ ਦੇ ਅਧਾਰ 'ਤੇ ਜੌਬ ਮਿਲਦੀ ਹੈ।

ਸਾਡੇ ਘਰਾਂ ਵਿੱਚ ਪੰਜਾਬ ਤੋਂ ਦਾਦਾ-ਦਾਦੀ, ਨਾਨਾ-ਨਾਨੀ ਆਏ ਹੋਏ ਹਨ। ਉਹ ਪੰਜਾਬੀ ਬੋਲਦੇ ਹਨ ਇਸ ਕਰਕੇ ਤਕਰੀਬਨ ਬਹੁਤੇ ਬੱਚਿਆਂ ਨੂੰ ਟੁੱਟੀ ਫੁੱਟੀ ਪੰਜਾਬੀ ਬੋਲਣੀ ਆਉਂਦੀ ਵੀ ਹੈ ਤੇ ਸਮਝਣੀ ਤਾਂ ਕਾਫ਼ੀ ਆ ਜਾਂਦੀ ਹੈ। ਅਸੀਂ ਪਿਛਲੇ ਕੁੱਝ ਸਮੇਂ ਤੋਂ ਇਹ ਵੀ ਜ਼ੋਰ ਲਾ ਰਹੇ ਹਾਂ ਕਿ ਬੱਚਿਆਂ ਨੂੰ ਆਪਣੇ ਸਭਿਆਚਾਰ ਨਾਲ਼ ਜੋੜਨਾ ਹੈ। ਅਸੀਂ ਇਨ੍ਹਾਂ ਨੂੰ ਗਿੱਧੇ ਭੰਗੜੇ ਸਿਖਾਉਣੇ ਸ਼ੁਰੂ ਕਰ ਦਿੱਤੇ। ਹਰ ਨੁੱਕਰ ਤੇ ਅਕੈਡਮੀਆਂ ਸ਼ੁਰੂ ਹੋ ਗਈਆਂ ਹਨ। ਆਪਣੇ ਵਿਰਸੇ ਜਾਂ ਸਭਿਆਚਾਰ ਨਾਲ਼ ਜੋੜਦੇ ਜੋੜਦੇ ਕਈ ਵਾਰ ਅਸੀਂ ਗੀਤਾਂ ਵਿੱਚ ਚੱਲਣ ਵਾਲ਼ੇ ਗੀਤਾਂ ਦੇ ਬੋਲਾਂ ਵੱਲ ਧਿਆਨ ਹੀ ਨਹੀਂ ਕਰਦੇ ਕਿ ਬੱਚੇ ਕਿਹੋ ਜਿਹੇ ਗੀਤਾਂ 'ਤੇ ਨੱਚ ਰਹੇ ਹਨ। ਉਹਨਾਂ 'ਤੇ ਇਸ ਦਾ ਕੀ ਪ੍ਰਭਾਵ ਪਵੇਗਾ ? ਐਕੇਡਮੀਆਂ ਨੇ ਵੀ ਇਸ ਨੂੰ ਬਿਜ਼ਨਿਸ ਦਾ ਜ਼ਰੀਆ ਹੀ ਬਣਾਇਆ ਹੋਇਆ ਹੈ। ਛੋਟੇ ਹੁੰਦੇ ਜਦੋਂ ਉਨ੍ਹਾਂ ਨੂੰ ਸ਼ਬਦਾਂ ਦੇ ਅਰਥ ਨਹੀਂ ਪਤਾ ਹੁੰਦਾ ਉਦੋਂ ਉਹ ਸਿਰਫ਼ ਬੀਟ 'ਤੇ ਨੱਚਦੇ ਹਨ, ਵੱਡੇ ਹੋ ਕੇ ਆਪਣੀਆਂ ਕਾਰਾਂ ਵਿੱਚ ਉਹ ਉਹੀ ਘਟੀਆ ਕਿਸਮ ਦੇ ਗੀਤ ਸੁਣਦੇ ਹਨ। ਜੇ ਇਹ ਗੱਲਾਂ ਸੁਣਨ ਜਾਂ ਕਹਿਣ ਵਿੱਚ ਸੀਮਤ ਹੋਣ ਤਾਂ ਬਰਦਾਸ਼ਤ ਹੋ ਸਕਦੀਆਂ ਹਨ ਪਰ ਜਦੋਂ ਉਹ ਗਾਣਾ ਸੁਣਦੇ ਹਨ, "ਮਿੱਤਰਾਂ ਨੂੰ ਸ਼ੌਂਕ ਹੈ

ਗੋਲ਼ੀਆਂ ਚਲਾਉਣ ਦਾ" ਜਾਂ "ਮਿੱਤਰਾਂ ਨੂੰ ਸ਼ੌਂਕ ਹਥਿਆਰਾਂ ਦਾ" ਤਾਂ ਉਹ ਫਿਰ ਹੱਥ ਵਿੱਚ ਪਿਸਤੌਲ ਵੀ ਰੱਖਣ ਲੱਗਦੇ ਹਨ, ਗੋਲ਼ੀਆਂ ਵੀ ਚਲਦੀਆਂ ਹਨ ਤੇ ਗੈਂਗਵਾਰ ਵਰਗੀਆਂ ਅਲਾਮਤਾਂ ਨੌਜਵਾਨ ਪੀੜ੍ਹੀ ਦਾ ਖੌਅ ਬਣ ਜਾਂਦੀਆਂ ਹਨ। "18ਵੇਂ 'ਚ ਮੁੰਡਾ ਬਦਨਾਮ ਹੋ ਗਿਆ" ਵਰਗੇ ਗੀਤ ਪੁੰਗਰਦੀ ਸੋਚ ਨੂੰ ਖੋਰਾ ਲਾਉਣ ਵਾਲ਼ੇ ਹਨ। ਕਿਤੇ ਗੀਤਕਾਰ ਗੀਤਾਂ ਵਿੱਚ ਇਹ ਲਿਖਣ ਕਿ 18ਵੇਂ ਵਿੱਚ ਕਰਤਾਰ ਸਰਾਭੇ ਨੇ ਆਪਣੇ ਦੇਸ਼, ਕੌਮ ਦੀ ਖ਼ਾਤਰ ਫਾਂਸੀ ਦਾ ਰੱਸਾ ਗਲ਼ ਵਿੱਚ ਪਾ ਕੇ ਦੇਸ਼ ਨੂੰ ਫ਼ਰੰਗੀਆਂ ਤੋਂ ਅਜ਼ਾਦ ਕਰਾਉਣ ਲਈ ਨੀਂਹ ਪੱਕੀ ਕੀਤੀ ਸੀ ਤਾਂ ਸਮਾਜ ਦਾ ਮੂੰਹ ਮੁਹਾਂਦਰਾ ਹੀ ਹੋਰ ਹੋਵੇਗਾ। ਸਾਡੇ ਲੇਖਕਾਂ ਨੂੰ ਬਹੁਤ ਜ਼ਿਆਦਾ ਪੜ੍ਹਨ ਦੀ ਲੋੜ ਹੈ, ਉਨ੍ਹਾਂ ਨੂੰ ਆਪ ਹੀ ਨਹੀਂ ਪਤਾ ਹੁੰਦਾ ਕਿ ਅਸੀਂ ਕਿਸ ਵਿਰਸੇ ਦੇ ਵਾਰਸ ਹਾਂ। ਫੜ-ਫੜ ਕਰਦੀ ਲਰਜ਼ਦੀ ਜਵਾਨੀ ਦੇ ਸਾਹਮਣੇ ਜਦੋਂ ਉਹ "ਬੁਲਟ ਤਾਂ ਰੱਖਿਆ ਪਟਾਕੇ ਪਾਉਣ ਨੂੰ" ਸੁਣਦੇ ਹਨ ਤਾਂ ਉਹ ਪਟਾਕੇ ਪਾ ਕੇ ਦੇਖਣੇ ਵੀ ਚਾਹੁੰਦੇ ਹਨ। "ਦਾਰੂ, ਦਾਰੂ ਚੱਲ ਜੂ, ਪਰ ਚਿੱਟੇ ਤੋਂ ਪ੍ਰਹੇਜ਼ ਚਾਹੀਦਾ" ਵਰਗੇ ਗੀਤ ਨਸ਼ਿਆਂ ਦੀ ਤਸਕਰੀ ਵਿੱਚ ਵਾਧਾ ਕਰਦੇ ਹਨ। ਨਸ਼ਾ ਕਿਸੇ ਕਿਸਮ ਦਾ ਵੀ ਹੋਵੇ ਉਸ ਦੀ ਗ਼ਲਤ ਵਰਤੋਂ ਹਮੇਸ਼ਾਂ ਹੀ ਨੁਕਸਾਨਦੇਹ ਹੁੰਦੀ ਹੈ। ਜਵਾਨੀ ਨੂੰ ਇਸ ਤੋਂ ਬਚਾਅ ਕੇ ਰੱਖਣ ਦੀ ਲੋੜ ਹੈ, ਅਗਾਂਹਵਧੂ ਵਧੀਆ ਗੀਤ ਗਾ ਕੇ ਵੀ ਜ਼ਿੰਦਗੀ ਵਿੱਚ ਮਿਲ਼ੇ ਅਣਮੁੱਲੇ ਮੌਕਿਆਂ ਨੂੰ ਖੁਸ਼ੀਆਂ ਨਾਲ਼ ਭਰ ਸਕਦੇ ਹਾਂ।

ਇਹੀ ਨਹੀਂ ਕਿ "ਲੱਕ ਟਵੰਟੀ ਏਟ ਕੁੜੀ ਦਾ, ਫੌਰਟੀ ਸੈਵਨ ਵੇਟ ਕੁੜੀ ਦਾ" ਵਰਗੇ ਗਾਣਿਆਂ 'ਤੇ ਬੱਚੇ ਹੀ ਨਹੀਂ ਨੱਚ ਰਹੇ। ਸਗੋਂ 50-50, 60-60 ਸਾਲ ਦੇ ਬਜ਼ੁਰਗ ਜੋੜੇ ਵੀ ਬੇਵਾਕੀ ਨਾਲ਼ ਬਿਨ੍ਹਾਂ ਸੋਚੇ ਸਮਝੇ, ਸ਼ਰਾਬ ਦੇ ਦੋ ਦੋ ਪੈੱਗ ਲਾ ਕੇ ਆਪਣੀਆਂ ਧੀਆਂ, ਭੈਣਾਂ, ਮਾਵਾਂ ਤੇ ਬੱਚੀਆਂ ਦੇ ਲੱਕਾਂ ਵੱਲ ਇਸ਼ਾਰੇ ਕਰ ਕਰ ਕੇ ਨੱਚੀ ਜਾਂਦੇ ਹਨ। ਮੈਨੂੰ ਕਈ ਵਾਰ ਲੋਕਾਂ ਨੂੰ ਇਹ ਸਵਾਲ ਕਰਨ ਦਾ ਮੌਕਾ ਮਿਲਿਆ ਤਾਂ ਜਵਾਬ ਸੀ ਕਿ ਅਸੀਂ ਫ਼ਨ (ਖੁਸ਼ੀ ਮਨਾਉਣ) ਕਰਨ ਆਏ ਹਾਂ, ਇਸ ਵੇਲ਼ੇ ਇਹੋ ਜਿਹੀਆਂ ਗੰਭੀਰ ਗੱਲਾਂ ਨਹੀਂ ਕਰੀਦੀਆਂ। ਪਰ ਕੈਨੇਡਾ ਦੀ ਐਨੀ ਰੁਝੇਵੇਂ ਭਰੀ ਜ਼ਿੰਦਗੀ ਵਿੱਚ ਸਾਡੇ ਕੋਲ਼ ਕਦੋਂ ਸਮਾਂ ਹੈ ਕਿ ਅਸੀਂ ਗੰਭੀਰ ਮੁੱਦਿਆਂ 'ਤੇ ਗੱਲਾਂ ਕਰਨ ਦਾ। ਜੇ ਵਿਚਾਰਾਂ ਨਹੀਂ ਕਰ ਰਹੇ ਤਦੇ ਹੀ ਅਸੀਂ ਇਨ੍ਹਾਂ ਲੱਚਰ ਗਾਣਿਆਂ ਦਾ ਪ੍ਰਭਾਵ ਸਾਡੇ ਬੱਚਿਆਂ 'ਤੇ ਦੇਖ ਰਹੇ ਹਾਂ। ਇਹ ਕੁੱਝ ਕੁ ਗੀਤ ਨਹੀਂ ਇਹ ਤਾਂ ਦਿਨੋ ਦਿਨ ਢੇਰਾਂ ਦੇ ਢੇਰ ਮਾਰਕਿਟ ਵਿੱਚ ਪਰੋਸੇ ਜਾ ਰਹੇ ਹਨ। ਮੈਂ ਤਾਂ ਕੁੱਝ ਉਦਾਹਰਣਾਂ ਹੀ ਦਿੱਤੀਆਂ ਹਨ। ਬਹੁਤ ਸਾਰੇ ਅਜਿਹੇ ਗੀਤ ਹਨ ਜੋ ਰਿਸ਼ਤਿਆਂ ਦੀ ਅਹਿਮੀਅਤ ਨੂੰ ਮਲੀਆਮੇਟ ਕਰਕੇ ਸਾਡੇ ਅਮੀਰ ਸਭਿਆਚਾਰ ਦਾ ਕਤਲ ਕਰ ਰਹੇ ਹਨ। ਇਨ੍ਹਾਂ ਵਿੱਚ ਹਿੰਸਾ, ਗੰਨ ਕਲਚਰ, ਡਰੱਗ ਅਤੇ ਗੈਂਗਾਂ ਦਾ ਬੋਲਬਾਲਾ ਹੋਣ ਕਰਕੇ ਹੀ ਸਾਡੇ ਬੱਚੇ ਇਹ ਅਪਣਾ ਰਹੇ

ਹਨ। ਜਾਤੀਵਾਦ ਨੂੰ ਉਭਾਰਨ ਲਈ ਇਨ੍ਹਾਂ ਵਿੱਚ ਜੱਟਾਂ ਨੂੰ ਵੈਲੀ ਜਾਂ ਖਾੜਕੂ ਜਾਂ ਹੱਥਾਂ ਵਿੱਚ ਹਥਿਆਰ ਲੈ ਕੇ ਕਤਲ ਕਰਨ ਵਾਲ਼ਾ ਜਾਂ ਲੜਾਈਆਂ ਕਰਦਾ ਜੱਟ ਹੀ ਪੇਸ਼ ਕੀਤਾ ਜਾਂਦਾ ਹੈ। ਜਦ ਕਿ ਦੂਸਰੇ ਪਾਸੇ ਕਰਜ਼ੇ ਦਾ ਸਤਾਇਆ ਜੱਟ ਹਰ ਰੋਜ਼ ਖੁਦਕਸ਼ੀਆਂ ਦੇ ਰਾਹ ਤੁਰਿਆ ਹੈ। ਇਹ ਸੱਚਾਈ ਨੂੰ ਅੱਖੋਂ ਪਰੋਖੇ ਕਰ ਕੇ ਝੂਠ ਦਾ ਮੁਲੰਮਾ ਚਾੜ੍ਹਨ ਵਾਲ਼ੀ ਗੱਲ ਹੈ। ਇਨ੍ਹਾਂ ਗਾਣਿਆਂ ਵਿੱਚ ਔਰਤ ਸਿਰਫ਼ ਤੇ ਸਿਰਫ਼ ਇੱਕ ਮਾਸ਼ੂਕਾ ਹੀ ਨਜ਼ਰ ਆਉਂਦੀ ਹੈ ਅਰਥਾਤ ਔਰਤ ਦੇ ਅਸਲੀ ਅਸਤਿਤਵ ਤੋਂ ਹੱਟ ਕੇ ਔਰਤ ਲਈ ਘਟੀਆ ਕਿਸਮ ਦੀ ਭਾਸ਼ਾ ਦਾ ਪ੍ਰਯੋਗ ਕੀਤਾ ਜਾਂਦਾ ਹੈ ਜੋ ਸਮੁੱਚੀ ਔਰਤ ਜਾਤੀ ਦੇ ਵਿਰੁੱਧ ਭੁਗਤਦੀ ਹੈ।

ਜੇ ਪੰਜਾਬੀ ਸਭਿਆਚਾਰ ਵਿੱਚ ਇਹ ਕੁੱਝ ਆ ਗਿਆ ਹੈ ਤਾਂ ਈਦੋਵੂ ਦੇ ਸ਼ਬਦਾਂ ਮੁਤਾਬਕ ਸਾਡਾ ਸਮਾਜ ਗਿਰਾਵਟ ਵੱਲ ਜਾ ਰਿਹਾ ਹੈ ਅਤੇ ਗੀਤਾਂ ਵਾਲਾ ਕਲਚਰ ਸਟੇਜਾਂ, ਕੈਸਟਾਂ ਜਾਂ ਇਲੈਕਟ੍ਰੋਨਿਕ ਡੀਵਾਈਸਜ਼ 'ਤੇ ਹੀ ਨਹੀਂ ਸਗੋਂ ਸਾਡੇ ਬੂਹਿਆਂ ਦੇ ਅੰਦਰ ਵੀ ਆ ਗਿਆ ਹੈ। ਸਵਾਲ ਪੈਦਾ ਹੁੰਦਾ ਹੈ ਕਿ ਇਹ ਆਇਆ ਕਿਵੇਂ ਤੇ ਇਸ ਨੂੰ ਲਿਆਉਣ ਵਾਲੇ ਕੌਣ ਹਨ? ਸਭ ਤੋਂ ਪਹਿਲਾਂ ਸਾਡੀਆਂ ਸਰਕਾਰਾਂ ਜਿਨ੍ਹਾਂ ਨੂੰ ਸਮਾਜ ਦੀ ਪਾਈ ਪਾਈ ਦੀ ਇਨਫਰਮੇਸ਼ਨ ਹਰ ਵਕਤ ਪਹੁੰਚਦੀ ਹੈ ਕੀ ਉਹਨਾਂ ਨੂੰ ਇਹ ਪਤਾ ਨਹੀਂ ਲੱਗਦਾ ਕਿ ਇਨ੍ਹਾਂ ਗੀਤਾਂ ਦਾ ਅਸਰ ਸਾਡੀ ਨੌਜਵਾਨ ਪੀੜ੍ਹੀ 'ਤੇ ਪੈ ਰਿਹਾ ਹੈ? ਸਾਡੇ ਬੱਚਿਆਂ ਦਾ ਡਰੱਗਜ਼ ਜਾਂ ਗੈਂਗਵਾਰ ਵਿੱਚ ਜਾਣ ਦਾ ਕਿਤੇ ਇੱਕ ਕਾਰਣ ਇਹ ਵੀ ਤਾਂ ਨਹੀਂ। ਦੂਸਰਾ ਉਹ ਲੇਖਕ ਜੋ ਆਪਣੀ ਕੁੱਝ ਦਿਨ ਦੀ ਪ੍ਰਸਿੱਧੀ ਨੂੰ ਮੁੱਖ ਰੱਖ ਕੇ ਇਹੋ ਜਿਹਾ ਅਸ਼ਲੀਲ, ਹਿੰਸਕ, ਫੁਕਰਪੁਣੇ ਵਾਲਾ, ਜਾਤਾਂ ਜਾਂ ਔਰਤ ਵਿਰੋਧੀ ਸਾਹਿਤ ਰਚ ਰਹੇ ਹਨ, ਉਹ ਜ਼ਿੰਮੇਵਾਰ ਹਨ। ਇਸ ਦੇ ਨਾਲ਼ ਹੀ ਸਾਡੀਆਂ ਸਾਹਿਤਕ ਜਥੇਬੰਦੀਆਂ ਜੋ ਸਿਰਫ਼ ਤੇ ਸਿਰਫ਼ ਪ੍ਰਧਾਨਗੀਆਂ ਦੇ ਚੱਕਰਾਂ ਵਿੱਚ ਚੋਣਾਂ ਦੇ ਮੈਦਾਨੇ ਜੰਗ ਦੀਆਂ ਤਿਆਰੀਆਂ ਲਈ ਸਾਰਾ ਸਾਲ ਤਿਆਰ-ਬਰ-ਤਿਆਰ ਰਹਿੰਦੀਆਂ ਹਨ ਤੇ ਇਸ ਕਿਸਮ ਦੇ ਵਰਤਾਰੇ ਵੱਲ ਪਿੱਠ ਕਰਕੇ ਖੜ੍ਹੀਆਂ ਰਹਿੰਦੀਆਂ ਹਨ। ਉਸ ਤੋਂ ਬਾਅਦ ਜੋ ਗਾਇਕ ਬਿਨ੍ਹਾਂ ਸੋਚੇ ਸਮਝੇ ਇਹ ਲੱਚਰ ਗੀਤ ਗਾ ਕੇ ਦਿਨਾਂ ਵਿੱਚ ਨੌਜਵਾਨ ਪੀੜ੍ਹੀ ਵਿੱਚ ਛਾ ਜਾਣਾ ਚਾਹੁੰਦੇ ਹਨ। ਚੌਥੇ ਹਨ ਪੈਸੇ ਵਾਲੇ ਲੋਕ ਜੋ ਇਨ੍ਹਾਂ ਦੇ ਸ਼ੋਅ ਕਰਾ ਕੇ ਦੇਸ਼ ਵਿੱਚ ਵਿਆਹਾਂ ਸ਼ਾਦੀਆਂ 'ਤੇ ਵਿਦੇਸ਼ਾਂ ਵਿੱਚ ਹੋਰ ਪੈਸੇ ਕਮਾਉਣ ਲਈ ਇਨ੍ਹਾਂ ਨੂੰ ਸੰਪੌਂਸਰ ਕਰ ਕੇ ਬੁਲਾਉਂਦੇ ਹਨ ਤੇ ਲੋਕਾਂ ਦਾ ਦਿਲ ਪ੍ਰਚਾਵਾ ਕਰਨ ਲਈ ਲੱਚਰ ਗੀਤਾਂ ਦਾ ਸਹਾਰਾ ਲੈਂਦੇ ਹਨ। ਪੰਜਵੀਆਂ ਹਨ ਉਹ ਰਿਕਾਰਡਿੰਗ ਕੰਪਨੀਆਂ ਜੋ ਇਹੋ ਜਿਹੇ ਗੀਤਾਂ ਦੀਆਂ ਵੀਡਿਓ ਰਿਕਾਰਡ ਕਰਦੀਆਂ ਹਨ ਜੋ ਕਿ ਪੂਰਾ ਪਰਿਵਾਰ ਫੈਮਲੀ ਰੂਮ ਵਿੱਚ ਬੈਠ ਕੇ ਦੇਖ ਨਹੀਂ ਸਕਦਾ। ਛੇਵਾਂ ਹੈ ਸਾਡਾ ਵਿਕਾਊ ਮੀਡੀਆ ਜੋ ਬਿਨ੍ਹਾਂ ਸੋਚੇ ਸਮਝੇ ਦਿਨ ਰਾਤ ਰੇਡਿਓ, ਟੀ.ਵੀ.

ਚੈਨਲਾਂ ਤੇ ਇਨ੍ਹਾਂ ਨੂੰ ਪ੍ਰਮੋਟ ਕਰਦਾ ਹੈ ਅਤੇ ਚੈਨਲਾਂ 'ਤੇ ਇਨ੍ਹਾਂ ਗਾਇਕਾਂ ਨੂੰ ਇੰਟਰਵਿਊ ਕਰਨ ਦੇ ਬਹਾਨੇ ਉਹਨਾਂ ਦੀ ਹਾਂ ਵਿੱਚ ਹਾਂ ਮਿਲ਼ਾ ਕੇ ਇਸ ਗੰਦੇ ਗੀਤਾਂ ਲਈ ਭਾਈਵਾਲ ਬਣਦਾ ਹੈ। ਸਾਡੀਆਂ ਬਹੁਤ ਸਾਰੀਆਂ ਸਾਹਿਤ ਸਭਾਵਾਂ ਐਹੋ ਜਿਹੇ ਗੀਤਾਂ ਵਾਲਿਆਂ ਨੂੰ ਸੱਦ ਕੇ ਸਨਮਾਨਤ ਕਰਦੀਆਂ ਹਨ ਜਾਂ ਉਹਨਾਂ ਦੇ ਰੂ-ਬਰੂ ਕਰਵਾਏ ਜਾਂਦੇ ਹਨ। ਇਹਨਾਂ ਸਾਰਿਆਂ ਨੂੰ ਕੋਈ ਫ਼ਰਕ ਨਹੀਂ ਕਿ ਕੀ ਹੋ ਰਿਹਾ ਹੈ?

ਸਾਡੀਆਂ ਸਰਕਾਰਾਂ ਇਨ੍ਹਾਂ ਵੱਲ ਤਵੱਜੋ ਨਹੀਂ ਦੇਣਗੀਆਂ ਕਿਉਂਕਿ ਉਹਨਾਂ ਨੂੰ ਤਾਂ ਸਾਰਾ ਕੁੱਝ ਇਹੋ ਜਿਹਾ ਚਾਹੀਦਾ ਹੈ ਕਿ ਜੋ ਲੋਕਾਂ ਦੀ ਤੀਬਰ ਤੇ ਸੁਚੇਤ ਬੁੱਧੀ ਨੂੰ ਸੁ਼ਲਾ ਸਕੇ ਅਤੇ ਖਾਸ ਕਰਕੇ ਨੌਜਵਾਨ ਪੀੜ੍ਹੀ ਜਿਸ ਨੇ ਆਪਣੇ ਹੱਕਾਂ ਦੀ ਗੱਲ ਬੇਝਿਜਕ ਹੋ ਕੇ ਕਰਨੀ ਹੈ। ਉਹ ਨੂੰ ਇਹੋ ਜਿਹੇ ਘਟੀਆ ਗੀਤਾਂ ਵਿੱਚ ਉਲ਼ਝਾ ਦਿਉ। ਇਹ ਸਾਰੀਆਂ ਧਿਰਾਂ ਲੋਕਾਂ ਨੂੰ ਕਸੂਰਵਾਰ ਕਹਿੰਦੀਆਂ ਹਨ ਕਿਉਂਕਿ ਅਸੀਂ ਉਹਨਾਂ ਵੱਲ ਉਂਗਲ ਨਹੀਂ ਕਰਦੇ। ਉਹ ਉਲਟਾ ਸਗੋਂ ਲੋਕਾਂ ਨੂੰ ਕਹਿੰਦੇ ਹਨ ਕਿ ਤੁਸੀਂ ਨਾ ਸੁਣੋ। ਜਿਹੜੇ ਸੁਣਦੇ ਹਨ ਉਹ ਕਸੂਰਵਾਰ ਹਨ। ਸਾਡੇ ਲਈ ਸਵਾਲ ਹੈ ਕਿ ਜਿਹੜੇ ਲੋਕ ਰਲ਼ ਮਿਲ਼ ਕੇ ਇਨ੍ਹਾਂ ਲੱਚਰ ਗੀਤਾਂ ਤੋਂ ਅੰਨ੍ਹਾਂ ਪੈਸਾ ਕਮਾ ਰਹੇ ਹਨ ਕੀ ਉਹ ਕਸੂਰਵਾਰ ਨਹੀਂ ? ਹਾਂ ਅਸੀਂ ਕਸੂਰਵਾਰ ਹਾਂ ਕਿਉਂਕਿ ਸਾਡਾ ਏਕਾ ਨਹੀਂ ਹੈ। ਅਸੀਂ ਇਕੱਠੇ ਹੋ ਕੇ ਇਨ੍ਹਾਂ ਦੇ ਗਲ਼ ਨਹੀਂ ਪੈਂਦੇ, ਇਨ੍ਹਾਂ ਦੇ ਵੀਜੇ ਬੰਦ ਨਹੀਂ ਕਰਵਾਉਂਦੇ। ਆਪਣੀ ਅਵਾਜ਼ ਬੁਲੰਦ ਨਹੀਂ ਕਰਦੇ। ਅਸੀਂ ਇਨ੍ਹਾਂ ਲੋਕਾਂ ਨੂੰ ਮਨਆਈਆਂ ਕਰਨ ਦਿੰਦੇ ਹਾਂ। ਇਨ੍ਹਾਂ ਦਾ ਬਾਈਕਾਟ ਨਹੀਂ ਕਰਦੇ। ਸਮਾਜ ਦੇ ਵਿੱਚ ਹੋ ਰਹੇ ਗਲਤ ਕੰਮਾਂ 'ਤੇ ਉਂਗਲ ਨਹੀਂ ਧਰਦੇ, ਜਿਹੜੇ ਸਾਡੇ ਆਪਸੀ ਭਾਈਚਾਰਕ ਰਿਸ਼ਤਿਆਂ ਨੂੰ ਤਾਰੋ ਤਾਰ ਕਰ ਰਹੇ ਹਨ।

ਜਿਹੜੇ ਲੋਕਾਂ ਨੇ ਇਸ ਗਾਇਕੀ ਦੇ ਵਿਰੁੱਧ ਅਵਾਜ਼ ਉਠਾਈ ਹੈ ਜਿਵੇਂ ਪੰਜਾਬ ਵਿੱਚ "ਇਸਤਰੀ ਜਾਗ੍ਰਿਤੀ ਮੰਚ" ਦੇ ਸੰਘਰਸ਼ ਦੀ ਹਮਾਇਤ ਕਰਨੀ ਬਣਦੀ ਹੈ। ਇਸ ਦੇ ਨਾਲ਼ ਨਾਲ਼ ਕੈਲਗਰੀ ਦੀਆਂ ਦੋ ਸੰਸਥਾਵਾਂ 'ਪ੍ਰੋਗਰੈਸਿਵ ਕਲਚਰਲ ਐਸੋਸ਼ੀਏਸ਼ਨ, ਕੈਲਗਰੀ' ਅਤੇ 'ਸਿੱਖ ਵਿਰਸਾ ਇੰਟਰਨੈਸ਼ਨਲ' ਨੇ ਵੀ ਕੁੱਝ ਸਮੇਂ ਤੋਂ ਇਨ੍ਹਾਂ ਦੇ ਖਿਲਾਫ਼ ਕੰਮ ਕਰਨਾ ਸ਼ੁਰੂ ਕੀਤਾ ਹੈ। ਸਰ੍ਹੀ ਦੇ 'ਪ੍ਰੋਗਰੈਸਿਵ ਆਰਟ ਕਲੱਬ' ਵਲੋਂ ਵੀ ਆਪਣੇ ਤਰੀਕੇ ਨਾਲ਼ ਇਸ ਦਾ ਵਿਰੋਧ ਸ਼ੁਰੂ ਕੀਤਾ ਗਿਆ ਹੈ ਕਿ ਇਹੋ ਜਿਹੇ ਲੱਚਰ ਗੀਤਾਂ ਦੇ ਸਾਹਮਣੇ ਲੋਕ ਗੀਤਾਂ ਦਾ ਬਦਲ ਪੇਸ਼ ਕੀਤਾ ਜਾਵੇ। ਜਿਵੇਂ ਸਾਡੇ ਗਿੱਧੇ ਭੰਗੜਿਆਂ ਵਿੱਚ ਪੈਣ ਵਾਲ਼ੀਆਂ ਬੋਲੀਆਂ ਨੂੰ ਲੋਕਾਂ ਦੇ ਦੁੱਖਾਂ ਸੁੱਖਾਂ ਨਾਲ਼ ਜੋੜ ਕੇ, ਕੈਨੇਡੀਅਨ ਸਮਾਜ ਦਾ ਹਿੱਸਾ ਬਣਾ ਕੇ, ਇੱਕ ਵਧੀਆ ਸਭਿਆਚਾਰ ਪੇਸ਼ ਕੀਤਾ ਜਾਵੇ। ਸਾਨੂੰ ਇਹੋ ਜਿਹੇ ਢੰਗ ਤਰੀਕੇ ਅਪਣਾਉਣੇ ਪੈਣਗੇ ਤਾਂ ਕਿ ਨੌਜਵਾਨੀ ਵਿੱਚ ਪੈ ਰਹੇ ਅਜਿਹੇ ਨਿਘਾਰ ਨੂੰ ਰੋਕਿਆ

ਜਾ ਸਕੇ। ਇਹ ਤਾਂ ਸੀ ਜੋ ਲੱਚਰ ਗੀਤਾਂ ਦੇ ਸਭਿਆਚਾਰ ਬਾਰੇ ਵਿਚਾਰ ਵਟਾਂਦਰਾਂ ਪਰ ਇਸ ਸਮਾਜ ਵਿੱਚ ਬਹੁਤ ਕੁੱਝ ਵਧੀਆ ਵੀ ਹੋ ਰਿਹਾ ਹੈ, ਉਹਨਾਂ ਨੂੰ ਸ਼ਾਬਾਸ਼ੇ ਕਹਿਣਾ ਵੀ ਬਣਦਾ ਹੈ ਜੋ ਲੇਖਕ ਵਧੀਆ ਲਿਖ ਰਹੇ ਹਨ ਅਤੇ ਗਾਇਕ ਵਧੀਆ ਗੀਤ ਗਾ ਰਹੇ ਹਨ। ਉਹ ਹਮੇਸ਼ਾਂ ਹੀ ਲੋਕਾਂ ਦੇ ਦਿਲਾਂ 'ਤੇ ਰਾਜ ਕਰਦੇ ਰਹਿਣਗੇ, ਜਿਨ੍ਹਾਂ ਨੇ ਇਸ ਸਮਾਜ ਨੂੰ ਵਧੀਆ ਬਣਾਉਣ ਲਈ ਆਪਣਾ ਯੋਗਦਾਨ ਪਾਇਆ ਹੈ। ਉਹਨਾਂ ਦੀ ਕਲਮ ਸਦਾ ਸਲਾਮਤ ਰਹੇ ਤੇ ਸਮਾਜ ਦੇ ਹਿਤਾਂ ਵਿੱਚ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕਰੇ।

□□□

# ਕੈਨੇਡਾ ਦੇ ਪੰਜਾਬੀ ਰੰਗਮੰਚ ਦਾ ਇਤਿਹਾਸ, ਚਣੌਤੀਆਂ ਤੇ ਸੰਭਾਵਨਾਵਾਂ

ਸਾਹਿਤ ਦੇ ਕਵਿਤਾ, ਕਹਾਣੀ, ਨਾਵਲ, ਵਾਰਤਕ ਆਦਿ ਰੂਪਾਂ ਵਿਚੋਂ ਨਾਟਕ ਤੇ ਇਕਾਂਗੀ ਦਾ ਨਿਵੇਕਲਾ ਰੂਪ ਹੈ ਕਿਉਂਕਿ ਜਿੱਥੇ ਸਾਹਿਤ ਦੇ ਬਾਕੀ ਰੂਪਾਂ ਨੂੰ ਪੜ੍ਹ ਤੇ ਸੁਣ ਸਕਦੇ ਹਾਂ ਪਰ ਇਸ ਨੂੰ ਅੱਖਾਂ ਨਾਲ਼ ਹੂ-ਬਹੂ ਤੁਰਦਾ, ਫਿਰਦਾ, ਹੱਸਦਾ, ਖੇਡਦਾ, ਤੜਫਦਾ, ਪ੍ਰੇਰਤ ਕਰਦਾ, ਅਰਥਾਤ ਮਨੁੱਖ ਦੇ ਹਰ ਹਾਵ ਭਾਵ ਨੂੰ ਦੇਖ ਤੇ ਮਹਿਸੂਸ ਕੀਤਾ ਜਾ ਸਕਦਾ ਹੈ। ਮੈਨੂੰ ਲੱਗਦਾ ਹੈ ਕਿ ਨਾਟਕ ਮੰਚਨ ਸਮੇਂ ਲੇਖਕ, ਨਿਰਦੇਸ਼ਕ, ਅਦਾਕਾਰ ਤੇ ਦਰਸ਼ਕ ਦਾ ਇੱਕ ਆਪਸੀ ਸੰਵਾਦ ਚੱਲ ਰਿਹਾ ਹੁੰਦਾ ਹੈ ਜੋ ਮਨੁੱਖ ਦੀ ਚੇਤਨਾ ਵਿੱਚ ਤਬਦੀਲੀ ਲਿਆਉਣ ਲਈ ਕੰਮ ਕਰ ਰਿਹਾ ਹੁੰਦਾ ਹੈ। ਪੰਜਾਬੀ ਰੰਗਮੰਚ ਦਾ ਅਧਾਰ ਹਮੇਸ਼ਾਂ ਹੀ ਮਨੋਰੰਜਨ ਦੇ ਨਾਲ਼ ਨਾਲ਼ ਸਮਾਜਿਕ, ਆਰਥਿਕ, ਸਭਿਆਚਾਰਕ, ਧਾਰਮਿਕ ਤੇ ਰਾਜਸੀ ਸਮੱਸਿਆਵਾਂ ਤੇ ਉਂਗਲ ਕਰਨਾ ਰਿਹਾ ਹੈ। ਕੈਨੇਡਾ ਵਿੱਚ ਰੰਗਮੰਚ ਦਾ ਇਤਿਹਾਸ ਜ਼ਿਆਦਾ ਪੁਰਾਣਾ ਨਹੀਂ ਇਸ ਦੀ ਸ਼ੁਰੂਆਤ 50 ਸਾਲ ਪਹਿਲਾਂ ਸੰਨ 1972 ਵਿੱਚ ਪ੍ਰੋ. ਬਲਵੀਰ ਸਿੰਘ ਦੇ ਨਾਟਕ 'ਤੀਜੀ ਪਾਸ' ਨਾਲ਼ ਪੰਜਾਬ ਕਲਚਰਲ ਐਸੋਸੀਏਸ਼ਨ ਦੀ ਪਹਿਲ ਕਦਮੀ ਨਾਲ਼ ਵੈਨਕੂਵਰ ਦੀ ਧਰਤੀ ਤੇ ਹੋਈ ਸੀ। ਇਸ ਪਹਿਲੇ ਪੜਾਅ ਦੌਰਾਨ ਅਨੇਕਾਂ ਹੀ ਵੱਖਰੀ ਵੱਖਰੀ ਕਿਸਮ ਦੇ ਨਾਟਕਾਂ ਦੀਆਂ ਪੇਸ਼ਕਾਰੀਆਂ ਲਗਾਤਾਰ ਵੈਨਕੂਵਰ ਦੇ ਏਰੀਏ ਵਿੱਚ 1987 ਤੱਕ ਚਲਦੀਆਂ ਰਹੀਆਂ। ਕੈਨੇਡਾ ਦੇ ਦੂਸਰੇ ਪਾਸੇ ਉਨਟਾਰੀਓ ਵਿੱਚ ਨਾਟਕ ਮੰਚਣ ਦੀ ਸ਼ੁਰੂਆਤ ਲੱਗਭੱਗ 20 ਸਾਲ ਬਾਅਦ 1992 ਵਿੱਚ ਜਸਪਾਲ ਢਿੱਲੋਂ ਦੀ ਨਿਰਦੇਸ਼ਨਾ ਹੇਠ ਦਵਿੰਦਰ ਦਮਨ ਦੇ ਨਾਟਕ 'ਛਿਪਣ ਤੋਂ ਪਹਿਲਾਂ' ਨਾਲ਼ ਹੋਈ। ਹੁਣ ਤਕਰੀਬਨ ਕੈਨੇਡਾ ਦੇ ਸਾਰੇ ਵੱਡੇ ਸ਼ਹਿਰਾਂ ਵਿੱਚ ਨਾਟਕ ਕਿਸੇ ਨਾ ਕਿਸੇ ਰੂਪ ਵਿੱਚ ਲਗਾਤਾਰ ਹੋ ਰਹੇ ਹਨ।

ਕੈਨੇਡਾ ਦੀ ਧਰਤੀ 'ਤੇ ਤਿੰਨ ਤਰ੍ਹਾਂ ਦੇ ਨਾਟਕ ਖੇਡੇ ਜਾਂਦੇ ਰਹੇ ਹਨ। ਪਹਿਲੇ ਉਹ ਜਿਨ੍ਹਾਂ ਨੂੰ ਕੋਈ ਬਿਜ਼ਨਿਸਮੈਨ ਸੰਪੌਂਸਰ ਕਰ ਦਿੰਦਾ ਹੈ ਤੇ ਪੂਰੀ ਨਾਟਕ ਟੀਮ ਇੰਡੀਆ ਤੋਂ ਆਉਂਦੀ ਹੈ ਤੇ ਨਾਟਕ ਕਰ ਕੇ ਚਲੀ ਜਾਂਦੀ ਹੈ। ਜਿਨ੍ਹਾਂ ਵਿੱਚ ਜ਼ਿਆਦਾ ਹਾਸੇ ਠੱਠੇ ਵਾਲੇ ਨਾਟਕ ਹੁੰਦੇ ਹਨ ਜਿਵੇਂ ਗੁਰਚੇਤ ਚਿੱਤਰਕਾਰ, ਵੀਨੂੰ ਢਿੱਲੋਂ ਜਾਂ ਭਗਵੰਤ ਮਾਨ ਆਦਿ। ਦੂਸਰੀ ਤਰ੍ਹਾਂ ਦੇ ਨਾਟਕ ਜਿਹੜੇ ਨਾਟਕਕਾਰ ਤੇ

ਨਿਰਦੇਸ਼ਕ ਆਉਂਦੇ ਤੇ ਇੱਥੋਂ ਦੀਆਂ ਟੀਮਾਂ ਨਾਲ਼ ਮਿਲ ਕੇ ਨਾਟਕ ਤਿਆਰ ਕਰਦੇ ਜਿਵੇਂ ਗੁਰਸ਼ਰਨ ਭਾਜੀ, ਅਜਮੇਰ ਔਲਖ, ਹਰਕੇਸ਼ ਚੌਧਰੀ, ਸੁਰਿੰਦਰ ਸ਼ਰਮਾ, ਦਵਿੰਦਰ ਦਮਨ, ਡਾ. ਸਤੀਸ਼ ਵਰਮਾ, ਹਰਚਰਨ ਸਿੰਘ, ਆਤਮਜੀਤ, ਸੇਮੂਅਲ ਜੌਹਨ, ਪਾਲੀ ਭੁਪਿੰਦਰ ਸਿੰਘ, ਹਰਵਿੰਦਰ ਦੀਵਾਨਾ, ਅਨੀਤਾ ਸ਼ਬਦੀਸ਼, ਡਾ ਸਾਹਿਬ ਸਿੰਘ ਆਦਿ। ਇਸ ਕਿਸਮ ਦੇ ਨਾਟਕ ਪੰਜਾਬ ਦੀ ਧਰਤੀ ਦੇ ਮਨੁੱਖ ਦੀਆਂ ਸਮੱਸਿਆਵਾਂ ਤੇ ਅਮੀਰ ਇਤਿਹਾਸਕ ਵਿਰਸੇ ਨੂੰ ਲੈ ਕੇ ਖੇਡੇ ਜਾਂਦੇ ਰਹੇ ਹਨ, ਜਿਨ੍ਹਾਂ ਵਿੱਚ ਸਮਾਜਿਕ ਤਬਦੀਲੀ ਦੀ ਬਾਤ ਦਾ ਜਿਕਰ ਹੁੰਦਾ ਰਿਹਾ ਹੈ। ਇੱਥੋਂ ਦੇ ਲੋਕ ਉਹ ਨਾਟਕਾਂ ਨੂੰ ਇਸ ਲਈ ਦੇਖਣ ਜਾਂਦੇ ਹਨ ਤੇ ਪਸੰਦ ਕਰਦੇ ਹਨ ਕਿਉਂਕਿ ਉਹ ਉਹਨਾਂ ਦੀ ਮਾਤਭੂਮੀ ਨਾਲ ਸਬੰਧਤ ਹੁੰਦੇ ਹਨ ਤੇ ਮੋਹ ਦੀਆਂ ਤੰਦਾਂ ਵਿੱਚ ਉਲਝੇ ਬਿਗ਼ਾਨੀ ਧਰਤੀ ਤੇ ਬੈਠੇ, ਆਪਣਿਆਂ ਦੇ ਦੁੱਖਾਂ ਸੁੱਖਾਂ ਦੇ ਭਾਗੀਦਾਰ ਬਣਨਾ ਚਾਹੁੰਦੇ ਹਨ।

ਤੀਸਰੀ ਤਰ੍ਹਾਂ ਦੇ ਨਾਟਕ ਜਿਨ੍ਹਾਂ ਦੀ ਗੱਲ ਮੈਂ ਕਰਨਾ ਚਾਹੁੰਦੀ ਹਾਂ ਜੋ ਇੱਥੋਂ ਦੇ ਲੇਖਕਾਂ ਨੇ ਇੱਥੋਂ ਦੀਆਂ ਮੁਸ਼ਕਲਾਂ ਦੇ ਮੱਦੇ ਨਜ਼ਰ ਲਿਖੇ ਤੇ ਮੰਚਨ ਕੀਤੇ ਹਨ, ਉਹਨਾਂ ਦੀ ਸ਼ੁਰੂਆਤ 1977 ਵਿੱਚ ਅਜਮੇਰ ਰੋਡੇ ਦੇ ਲਿਖੇ ਪਹਿਲੇ ਪੰਜਾਬੀ ਨਾਟਕ 'ਦੂਜਾ ਪਾਸਾ' ਨਾਲ ਸ਼ੁਰੂ ਹੁੰਦੀ ਹੈ। ਇਸ ਦੌਰ ਵਿੱਚ ਡਾ. ਸਾਧੂ ਬਿਨਿੰਗ, ਸੁਖਵੰਤ ਹੁੰਦਲ, ਅਜਮੇਰ ਰੋਡੇ, ਸੁਰਜੀਤ ਕਲਸੀ ਦੇ ਨਾਂ ਮੁੱਖ ਰੂਪ ਵਿੱਚ ਤੇ ਇੱਕਾ ਦੁੱਕਾ ਨਾਟਕ ਮੱਖਣ ਟੁੱਟ, ਅੰਜੂ ਹੁੰਦਲ, ਜਗਦੀਸ਼ ਬਿਨਿੰਗ, ਹਰਜ਼ੀ ਸਾਂਗਰਾ, ਪਿੰਦੀ ਗਿੱਲ ਤੇ ਸਰਬਜੀਤ ਧਾਲੀਵਾਲ ਆਦਿ ਦੇ ਨਾਂ ਨਾਟਕਕਾਰ ਦੇ ਰੂਪ ਵਿੱਚ ਸਾਡੇ ਸਾਹਮਣੇ ਆਉਂਦੇ ਹਨ। ਇਹਨਾਂ ਦੇ ਨਾਟਕ ਨਸਲਵਾਦ, ਮਜ਼ਦੂਰਾਂ ਦਾ ਸ਼ੋਸ਼ਣ, ਪੰਜਾਬੀ ਬਜ਼ੁਰਗਾਂ ਅਤੇ ਔਰਤਾਂ ਦਾ ਦੁਖਾਂਤ, ਇੰਮੀਗ੍ਰੇਸ਼ਨ ਦੀਆਂ ਸਮੱਸਿਆਵਾਂ, ਕਾਮਾਗਾਟਾਮਾਰੂ ਤੇ ਪੀੜ੍ਹੀ ਪਾੜੇ ਵਰਗੇ ਵਿਸ਼ਿਆਂ 'ਤੇ ਅਧਾਰਤ ਸਨ। ਜਿਨ੍ਹਾਂ ਵਿੱਚੋਂ ਬਹੁਤਿਆਂ ਦਾ ਮੰਚਣ ਤਕਰੀਬਨ ਕੈਨੇਡਾ ਦੇ ਸ਼ਹਿਰਾਂ ਵੈਨਕੂਵਰ, ਵਿਕਟੋਰੀਆ, ਵਿਲੀਅਮਜ਼ ਲੇਕ, ਐਬਸਫੋਰਡ, ਮਿਸ਼ਨ, ਐਡਮਿੰਟਨ, ਕੈਲਗਰੀ, ਵਿਨੀਪੈੱਗ ਆਦਿ ਵਿੱਚ ਹੋਇਆ।

ਇਸ ਤੋਂ ਬਾਅਦ ਕਾਫ਼ੀ ਗੈਪ ਨਾਲ ਬ੍ਰਿਟਿਸ਼ ਕਲੰਬੀਆ ਵਿੱਚ 2005 ਵਿੱਚ ਗੁਰਦੀਪ ਭੁੱਲਰ ਨੇ ਪਰਮਿੰਦਰ ਕੌਰ ਸਵੈਚ ਦੇ ਲਿਖੇ ਨਾਟਕ 'ਭਲਾ ਮੈਂ ਕੌਣ' ਨਾਲ ਫਿਰ ਤੋਂ ਨਾਟਕ ਮੰਚਨ ਕਰਨੇ ਸ਼ੁਰੂ ਕੀਤੇ। ਹੁਣ ਬ੍ਰਿਟਿਸ਼ ਕੁਲੰਬੀਆ ਵਿੱਚ ਗੁਰਦੀਪ ਆਰਟਸ ਅਕੈਡਮੀ, ਤਰਕਸ਼ੀਲ ਕਲਚਰਲ ਸੁਸਾਇਟੀ ਆਫ਼ ਕੈਨੇਡਾ, ਪ੍ਰੋਗਰੈਸਿਵ ਆਰਟਸ ਕਲੱਬ ਸਰ੍ਹੀ ਤੇ ਥੇਸਪਿਸ ਆਰਟਸ ਕਲੱਬ ਸਰ੍ਹੀ, ਅਲਬਰਟਾ ਵਿੱਚ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮਿੰਟਨ, ਪੰਜਾਬੀ ਆਰਟ ਐਸੋਸੀਏਸ਼ਨ ਅਲਬਰਟਾ, ਪੰਜਾਬੀ ਹੈਰੀਟੇਜ਼ ਥੀਏਟਰ ਸੁਸਾਇਟੀ ਆਫ਼ ਅਲਬਰਟਾ ਤੇ

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਮੈਨੀਟੋਬਾ ਵਿੱਚ ਪੰਜਾਬੀ ਸਾਹਿਤ ਤੇ ਸਭਿਆਚਾਰਕ ਸਭਾ ਵਿਨੀਪੈਗ ਅਤੇ ਇਸੇ ਤਰ੍ਹਾਂ ਉਨਟਾਰੀਓ ਪੰਜਾਬੀ ਥੀਏਟਰ ਐਂਡ ਆਰਟਸ, ਪੰਜਾਬੀ ਆਰਟਸ ਐਸੋਸੀਏਸ਼ਨ ਟੋਰਾਂਟੋ, ਚੇਤਨਾ ਕਲਚਰਲ ਸੈਂਟਰ, ਹੈਰੀਟੇਜ਼ ਆਰਟਸ ਐਂਡ ਥੀਏਟਰ ਸੁਸਾਇਟੀ ਆਫ਼ ਯੁਨਾਈਟਡ ਪ੍ਰੋਡਕਸ਼ਨਜ਼ ਅਤੇ ਨੌਰਥ ਅਮੇਰੀਕਨ ਤਰਕਸ਼ੀਲ ਸੁਸਾਇਟੀ ਉਨਟਾਰੀਓ ਆਦਿ ਸਾਰੀਆਂ ਜਥੇਬੰਦੀਆਂ ਲਗਾਤਾਰਤਾ ਨਾਲ ਨਾਟਕ ਅਰਥਾਤ ਰੰਗਮੰਚ ਨੂੰ ਅੱਗੇ ਤੋਰ ਰਹੀਆਂ ਹਨ।

ਦੂਜੇ ਦੌਰ ਦੇ ਨਾਟਕਕਾਰ ਪਰਮਿੰਦਰ ਕੌਰ ਸਵੈਚ, ਕੁਲਵਿੰਦਰ ਖੈਹ੍ਰਾ, ਨਾਹਰ ਔਜਲਾ, ਉਂਕਾਰਪ੍ਰੀਤ ਸਿੰਘ, ਪਰਮਜੀਤ ਗਿੱਲ, ਹੀਰਾ ਰੰਧਾਵਾ, ਜਸਪਾਲ ਡਿੱਲੋਂ, ਹਰਕੰਵਲ ਸਾਹਿਲ, ਅਜਮੇਰ ਰੋਡੇ, ਅਨਮੋਲ ਕੌਰ, ਰਾਜਵੰਤ ਕੌਰ ਮਾਨ, ਮੇਜਰ ਮਾਂਗਟ  ਆਦਿ ਨੇ ਲਿਖੇ ਅਤੇ ਕਈ ਤਾਂ ਅਜੇ ਵੀ ਬਹੁਤ ਸ਼ਿੱਦਤ ਨਾਲ ਨਾਟਕ ਲਿਖ ਰਹੇ ਹਨ। ਇਨ੍ਹਾਂ ਦੇ ਲਿਖੇ ਨਾਟਕਾਂ ਦੇ ਵਿਸ਼ੇ ਇਤਿਹਾਸਕ, ਰਾਜਨੀਤਕ, ਆਰਥਿਕ, ਸਮਾਜਿਕ, ਧਾਰਮਿਕ ਤੇ ਸਭਿਆਚਾਰਕ ਸਮੱਸਿਆਵਾਂ ਤੇ ਕੇਂਦਰਤ ਹਨ। ਇਹਨਾਂ ਵਿੱਚ ਪਰਵਾਸੀ ਪੰਜਾਬੀਆਂ ਦੀਆਂ ਗੰਭੀਰ ਸਮੱਸਿਆਵਾਂ ਦਾ ਬਾਖੂਬੀ ਵਰਨਣ ਹੈ ਜਿਵੇਂ ਨਸਲਵਾਦ, ਪ੍ਰਵਾਸ ਦੀਆਂ ਮੁਸ਼ਕਲਾਂ, ਰਿਸ਼ਤਿਆਂ ਦੀ ਟੁੱਟ ਭੱਜ, ਕੈਨੇਡਾ ਆਉਣ ਦੇ ਢਕਵੰਜ, ਸਭਿਆਚਾਰਕ ਵਿੱਥਾਂ, ਪੀੜ੍ਹੀ-ਪਾੜਾ, ਡਰੱਗ ਜਾਂ ਗੈਂਗਵਾਰ ਦੀ ਸਮੱਸਿਆ, ਖੱਪਤ ਸਭਿਆਚਾਰ, ਸਿਆਸੀ ਘਾਲ਼ੇ ਮਾਲ਼ੇ, ਬਜ਼ੁਰਗਾਂ, ਬੱਚਿਆਂ ਤੇ ਔਰਤਾਂ ਦੀਆਂ ਸਮੱਸਿਆਵਾਂ, ਮੁੱਲ ਵਿਕਾਊ ਰਿਸ਼ਤੇ, ਜੋਤਸ਼ੀ ਪਖੰਡੀਆਂ ਵਲੋਂ ਹੁੰਦੀ ਲੁੱਟ ਖਸੁੱਟ, ਸਮਾਜਿਕ-ਸਭਿਆਚਾਰਕ ਕੀਮਤਾਂ ਵਿੱਚ ਗਿਰਾਵਟ, ਦੋਨੋਂ ਥਾਵਾਂ ਦੇ ਇਤਿਹਾਸ ਨਾਲ਼ ਸਬੰਧਤ ਵਿਸ਼ਿਆਂ ਨੂੰ ਲੈ ਕੇ ਨਾਟਕ ਲਿਖੇ ਗਏ ਹਨ। ਰਵਿੰਦਰ ਰਵੀ ਤੇ ਖੋਜੀ ਕਾਫ਼ਿਰ ਦੇ ਨਾਟਕ ਕੈਨੇਡਾ ਦੀ ਧਰਤੀ ‘ਤੇ ਨਹੀਂ ਖੇਡੇ ਗਏ, ਬਾਕੀ ਸਾਰੇ ਲੇਖਕਾਂ ਨੇ ਆਪਣੇ ਨਾਟਕਾਂ ਦਾ ਮੰਚਨ ਕਰਨ ਦਾ ਯਤਨ ਕੀਤਾ ਹੈ। ਇਹਨਾਂ ਵਿੱਚ ਕਈ ਵੱਡੇ ਨਾਟਕ, ਇਕਾਂਗੀ ਤੇ ਸਕਿੱਟਾਂ ਦੇ ਰੂਪ ਵਿੱਚ ਮਿਲਦੇ ਹਨ ਜੋ ਇੱਥੋਂ ਦੇ ਸਮੇਂ ਦੀ ਘਾਟ ਕਰਕੇ ਬਹੁਤੀ ਵਾਰ ਇਹ ਵੀ ਆਪਣੇ ਅਕਸ ‘ਤੇ ਪੂਰੇ ਉੱਤਰਦੇ ਹਨ।ਬੇਸ਼ੱਕ ਅਸੀਂ ਕੁੱਝ ਨਾਟਕਕਾਰਾਂ ਦਾ ਵੇਰਵਾ ਦਿੱਤਾ ਹੈ ਪਰ ਫਿਰ ਵੀ ਪੰਜਾਬੀ ਵਿੱਚ ਇੱਥੇ ਬਹੁਤ ਘੱਟ ਨਾਟਕ ਲਿਖਿਆ ਜਾ ਰਿਹਾ ਹੈ। ਪੰਜਾਬ ਰਹਿੰਦੇ ਲੇਖਕਾਂ ਦੇ ਹੀ ਬਹੁਤੇ ਨਾਟਕ ਖੇਡੇ ਜਾਂਦੇ ਹਨ।

ਉਪਰੋਕਤ ਜਾਣਕਾਰੀ ਤੋਂ 50 ਸਾਲਾਂ ਦੇ ਕੈਨੇਡਾ ਵਿੱਚ ਹੋਣ ਵਾਲੇ ਰੰਗਮੰਚ ਤੇ ਨਾਟਕਕਾਰਾਂ ਬਾਰੇ ਮੈਂ ਸੀਮਤ ਜਾਣਕਾਰੀ ਦਿੱਤੀ ਹੈ। ਇਸ ਪਿੱਛੇ ਹੋਣ ਵਾਲੇ ਸੰਘਰਸ਼ ਦੀ ਦਾਸਤਾਂ ਵੀ ਸਮੇਂ ਮੁਤਾਬਕ ਵੱਖਰੇ ਵੱਖਰੇ ਪੜਾਵਾਂ ਵਿੱਚ ਚਲਦੀ ਰਹੀ

ਹੈ। ਪਰਦੇਸਾਂ ਵਿੱਚ ਆ ਕੇ ਸਭ ਤੋਂ ਪਹਿਲਾਂ ਹਰ ਵਿਅਕਤੀ ਨੜ੍ਹਿੰਨਵੇਂ ਦੇ ਚੱਕਰ ਵਿੱਚ ਰੋਟੀ ਰੋਜ਼ੀ ਲਈ ਦਿਨ ਰਾਤ ਕਈ ਸਾਲ ਹੱਥ ਪੈਰ ਮਾਰਦਾ ਰਹਿੰਦਾ ਹੈ। ਪੂੰਜੀਵਾਦੀ ਦੇਸ਼ਾਂ ਨੇ ਦਿਨ ਰਾਤ ਦੇ ਕੰਮਾਂ ਕਾਰਾਂ ਵਿੱਚ ਮਨੁੱਖ ਦੁਆਲੇ ਮੰਡੀ ਦਾ ਐਨਾ ਜਾਲ਼ ਵਿਛਾਇਆ ਹੈ ਕਿ ਵਿਹਲ ਵਰਗੀ ਸ਼ੈਅ ਤਾਂ ਸਾਡੇ ਪ੍ਰਦੇਸੀਆਂ ਦੀ ਡਿਕਸ਼ਨਰੀ ਵਿੱਚੋਂ ਗਾਇਬ ਹੀ ਕਰ ਦਿੱਤੀ ਗਈ ਹੈ ਪਰ ਫਿਰ ਵੀ ਬਹੁਤੇ 10-15 ਸਾਲ ਬਾਅਦ ਆਪਣੇ ਅੰਦਰ ਦੱਬੇ ਜ਼ਜਬਿਆਂ ਨੂੰ ਸ਼ਬਦਾਂ ਜਾਂ ਲਫ਼ਜ਼ਾਂ ਦਾ ਰੂਪ ਦਿੰਦੇ ਰਹੇ ਹਨ। ਇੱਥੇ ਪਹਿਲਾਂ ਪਹਿਲ ਤਾਂ ਪੰਜਾਬੀ ਸਾਹਿਤ ਮਿਲਣਾ ਹੀ ਅਸੰਭਵ ਸੀ। ਪੰਜਾਬੀ ਨਾਟਕ ਤੇ ਸ਼ੁਰੂ ਤੋਂ ਹੀ ਖੱਬੇ ਪੱਖੀ ਵਿਚਾਰਧਾਰਾ ਦੇ ਪ੍ਰਭਾਵ ਦਾ ਪਲੜਾ ਭਾਰੂ ਰਿਹਾ ਹੈ, ਭਾਵੇਂ ਨਾਟਕਕਾਰ ਹੋਵੇ ਜਾਂ ਨਿਰਦੇਸ਼ਕ। ਇੱਥੇ ਵੀ ਉਹੀ ਵਿਚਾਰਧਾਰਾ ਵਾਲੇ ਲੋਕ ਸਿਸਟਮ ਦੀਆਂ ਕੁਰੀਤੀਆਂ ‘ਤੇ ਉਂਗਲ ਰੱਖਦੇ ਹੋਏ ਇਸ ਸਮਾਜ ਨੂੰ ਸਹੀ ਸੇਧ ਦੇਣ ਦੇ ਉਪਰਾਲੇ ਰੰਗਮੰਚ ਰਾਹੀਂ ਕਰਦੇ ਰਹੇ ਹਨ। ਉਹਨਾਂ ਦੀ ਸੋਚ ਵਿੱਚ ਵਿਚਾਰਧਾਰਕ ਪ੍ਰਤੀਬੱਧਤਾ ਹੋਣ ਕਰਕੇ ਜੋ ਇੰਡੀਆ ਤੋਂ ਥੋੜ੍ਹਾ ਬਹੁਤ ਸਿੱਖ ਕੇ ਆਉਂਦੇ ਸਨ ਅਤੇ ਟੀਮ ਦੇ ਸੁਝਾਵਾਂ ਅਤੇ ਆਪਣੀ ਕਾਬਲੀਅਤ ਨਾਲ਼ ਹੀ ਨਾਟਕ ਦਾ ਮੰਚਣ ਕਰਦੇ ਰਹੇ ਹਨ, ਉਹਨਾਂ ਨੇ ਕੋਈ ਫਾਰਮਲ ਸਿਖਿਆ ਨਹੀਂ ਸੀ ਲਈ ਹੁੰਦੀ ਪਰ ਉਹ ਫਿਰ ਵੀ ਸਬਰ ਤੇ ਸਿਰੜ ਦੇ ਨਾਲ਼ ਇਸ ਵਿੱਚ ਲਗਾਤਾਰਤਾ ਬਣਾਈ ਰੱਖ ਰਹੇ ਹਨ।

ਨਾਟਕ ਮੰਚਨ ਸਮੇਂ ਸਭ ਤੋਂ ਵੱਡੀ ਮੁਸ਼ਕਲ ਆਰਥਿਕ ਵਸੀਲਿਆਂ ਦੀ ਬਹੁਤ ਘਾਟ ਹੁੰਦੀ ਹੈ। ਉਹਨਾਂ ਕੋਲ ਸਮੇਂ ਦੀ ਘਾਟ ਹੀ ਨਹੀਂ ਸਗੋਂ ਸਮੁੱਚੀ ਟੀਮ ਦੇ ਸਮੇਂ ਦੀ ਬਹੁਤ ਮੁਸ਼ਕਲ ਆਉਂਦੀ ਹੈ ਕਿਉਂਕਿ ਕਿਸੇ ਨੇ ਕਿਸੇ ਵੇਲ਼ੇ ਕੰਮ ਕਰਨਾ ਹੁੰਦਾ ਹੈ ਤੇ ਕਿਸੇ ਨੇ ਕਿਸੇ ਵੇਲ਼ੇ। ਇਕੱਠੀਆਂ ਰਿਹਰਸਲਾਂ ਕਰਨੀਆਂ ਮੁਸ਼ਕਲ ਹੁੰਦੀਆਂ ਹਨ। ਇਸ ਕਰਕੇ ਹੀ ਬਹੁਤ ਸਾਰੇ ਕਲਾਕਾਰ ਜੋ ਨਾਟਕ ਕਰਨਾ ਵੀ ਚਾਹੁੰਦੇ ਹਨ, ਸਮੇਂ ਦਾ ਮੇਲ ਨਾ ਹੋਣ ਕਰਕੇ ਕਰ ਹੀ ਨਹੀਂ ਸਕਦੇ ਆਪਣੀਆਂ ਰੀਝਾਂ ਮਾਰ ਕੇ ਸਿਰ ਪੰਜਾਲੀ ਥੱਲੇ ਦੇ ਕੇ ਰੋਟੀ ਰੋਜ਼ੀ ਦੇ ਵਸੀਲੇ ਵਿੱਚ ਹੀ ਜੁਟੇ ਰਹਿੰਦੇ ਹਨ। ਜਾਂ ਜਿਹੜੇ ਕੁੱਝ ਲਿਖਣ ਦੀ ਚੇਸ਼ਟਾ ਰੱਖਦੇ ਹਨ, ਉਹ ਕਵਿਤਾ ਜਾਂ ਕਹਾਣੀ ਲਿਖ ਕੇ ਹੀ ਆਪਣਾ ਝੱਸ ਪੂਰਾ ਕਰੀ ਜਾ ਰਹੇ ਹਨ ਕਿਉਂਕਿ ਮੰਚਨ ਕਰਨ ਵਿੱਚ ਵੀ ਬਹੁਤ ਦਿੱਕਤਾਂ ਆਉਂਦੀਆਂ ਹਨ ਜਿਵੇਂ ਸਾਜੋ-ਸਮਾਨ ਇਕੱਠਾ ਕਰਨਾ, ਥੀਏਟਰ ਨਾ ਮਿਲਣਾ ਜਾਂ ਬਹੁਤ ਮਹਿੰਗਾ ਮਿਲਣਾ, ਟਿਕਟਾਂ ਵੇਚਣ ਦੀ ਪ੍ਰੇਸ਼ਾਨੀ। ਪਹਿਲਾਂ ਪਹਿਲ ਤਾਂ ਲੋਕ ਟਿਕਟ ਖ੍ਰੀਦ ਕੇ ਨਾਟਕ ਦੇਖਣ ਨਹੀਂ ਸੀ ਆਉਂਦੇ।

ਕੈਨੇਡਾ ਵਿੱਚ ਸਾਰੇ ਸ਼ਹਿਰ ਇੱਕ ਦੂਜੇ ਤੋਂ ਬਹੁਤ ਦੂਰ ਹਨ ਇਸ ਕਰਕੇ ਇੱਕ ਵਾਰੀ ਤਿਆਰ ਕੀਤਾ ਨਾਟਕ ਉਸ ਏਰੀਏ ਵਿੱਚ ਵੱਧ ਤੋਂ ਵੱਧ ਦੋ ਤਿੰਨ

ਵਾਰ ਕੀਤਾ ਜਾ ਸਕਦਾ ਹੈ ਉਸ ਤੋਂ ਬਾਅਦ ਨਹੀਂ ਕਿਉਂਕਿ ਦੂਸਰੇ ਸ਼ਹਿਰਾਂ ਨੂੰ ਜਾਣਾ ਬਹੁਤ ਮਹਿੰਗਾ ਪੈਂਦਾ ਹੈ। ਜਹਾਜ਼ ਰਾਹੀਂ ਜਾਣਾ ਟਿਕਟਾਂ ਮਹਿੰਗੀਆਂ ਹੁੰਦੀਆਂ ਹਨ ਤੇ ਕਾਰਾਂ ਤੇ ਜਾਣਾ ਹੋਵੇ ਤਾਂ ਤਿੰਨ ਚਾਰ ਦਿਨ ਜਾਂ ਜ਼ਿਆਦਾ ਵੀ ਦਿਨ ਲੱਗਦੇ ਹਨ। ਸਾਰੇ ਕਲਾਕਾਰ ਵਲੰਟੀਅਰ ਕੰਮ ਕਰਦੇ ਹਨ ਤੇ ਖ਼ਰਚੇ ਵੀ ਆਪਣੀਆਂ ਜੇਬਾਂ ਵਿੱਚੋਂ ਪੈਸੇ ਪਾ ਕੇ ਕਰਦੇ ਹਨ, ਬਹੁਤੀ ਵਾਰ ਉਹ ਆਪਣੀਆਂ ਕੰਮ ਦੀਆਂ ਦਿਹਾੜੀਆਂ ਛੱਡ ਕੇ ਨਹੀਂ ਜਾ ਸਕਦੇ, ਜਿੱਥੇ ਉਹਨਾਂ ਦੀ ਇਨਕਮ ਵਿੱਚ ਘਾਟਾ ਪਵੇਗਾ ਉੱਥੇ ਉਹ ਆਪਣੇ ਕੰਮ ਤੋਂ ਕੱਢੇ ਵੀ ਜਾ ਸਕਦੇ ਹਨ। ਨਾਟਕ ਮੰਡਲੀਆਂ ਕੋਲ ਕਲਾਕਾਰਾਂ ਨੂੰ ਦੇਣ ਲਈ ਫੰਡ ਹੀ ਨਹੀਂ ਹੁੰਦੇ। ਓਨਟਾਰੀਓ ਵਿੱਚ ਜ਼ਿਆਦਾ ਨਾਟਕ ਟੀਮਾਂ ਕੰਮ ਕਰ ਰਹੀਆਂ ਹਨ ਕਿਉਂਕਿ ਉੱਥੇ ਲੋਕ ਫੈਕਟਰੀਆਂ ਵਿੱਚ ਕੰਮ ਕਰਦੇ ਹਨ, ਅੱਠ ਘੰਟੇ ਦੀ ਡਿਊਟੀ ਦੇ ਕੇ ਬਾਅਦ ਵਿੱਚ ਰਿਹਰਸਲ ਕਰਨ ਦਾ ਸਮਾਂ ਹੁੰਦਾ ਹੈ ਪਰ ਵੈਨਕੂਵਰ ਦੇ ਇਲਾਕੇ ਵਿੱਚ ਲੋਕਾਂ ਦੇ ਛੋਟੇ ਛੋਟੇ ਆਪਣੇ ਬਿਜ਼ਨਸ ਹਨ, ਉਹ ਵੱਧ ਤੋਂ ਵੱਧ ਘੰਟੇ ਆਪਣੇ ਕੰਮਾਂ ਤੇ ਲਾਉਂਦੇ ਹਨ, ਇਸ ਕਰਕੇ ਇੱਥੇ ਥਿਏਟਰ ਕਰਨਾ ਕਾਫ਼ੀ ਮੁਸ਼ਕਲ ਹੋ ਜਾਂਦਾ ਹੈ। ਦਰਸ਼ਕਾਂ ‘ਤੇ ਵੀ ਸਮੇਂ, ਸਥਾਨ ਤੇ ਮੌਸਮ ਦਾ ਬਹੁਤ ਪ੍ਰਭਾਵ ਪੈਂਦਾ ਹੈ। ਜਿਵੇਂ ਵੈਨਕੂਵਰ ਦੇ ਇਲਾਕੇ ਵਿੱਚ ਅਗਰ ਬੈਰੀਆਂ ਦਾ ਸੀਜ਼ਨ ਹੋਵੇ ਤਾਂ ਦਰਸ਼ਕ ਇਕੱਠੇ ਕਰਨੇ ਮੁਸ਼ਕਲ ਹਨ।

ਨਾਟਕ ਦੇ ਮੰਚਨ ਸਮੇਂ ਇਸ ਦੇ ਤਕਨੀਕੀ ਪੱਖ ਬਾਰੇ ਵੀ ਗੱਲ ਕਰਨੀ ਜ਼ਰੂਰੀ ਬਣਦੀ ਹੈ ਜਿਵੇਂ ਵੇਸ਼-ਭੂਸ਼ਾ, ਰੋਸ਼ਨੀ, ਸੈੱਟ ਦੀ ਸਜਾਵਟ ਤੇ ਅਵਾਜ਼। ਪਹਿਲਾਂ ਪਹਿਲ ਇਸ ਸਭ ਕਾਸੇ ਲਈ ਬਹੁਤ ਦਿੱਕਤਾਂ ਆਉਂਦੀਆਂ ਸਨ ਪਰ ਹੁਣ ਜੇ ਨਾਟਕ ਕਰਨ ਵਾਲਾ ਥਿਏਟਰ ਮਿਲ ਜਾਂਦਾ ਹੈ (ਨਾ ਕਿ ਕੋਈ ਬੈਂਕੁਇਟ ਹਾਲ) ਤਾਂ ਤਕਨੀਕੀ ਯੁੱਗ ਹੋਣ ਕਰਕੇ ਨਾਟਕ ਨੇ ਇਸ ਪੱਖ ਤੋਂ ਬਹੁਤ ਤਰੱਕੀ ਕੀਤੀ ਹੈ।ਦੂਸਰਾ ਅੱਜ ਕੱਲ ਬਹੁਤ ਸਾਰੇ ਥੀਏਟਰ ਦੇ ਵਿਦਿਆਰਥੀ ਯੂਨੀਵਰਸਿਟੀਆਂ ਵਿੱਚ ਡਿਗਰੀਆਂ ਕਰ ਕੇ ਆ ਰਹੇ ਹਨ। ਉਹ ਹੁਣ ਨਵੇਂ ਨਵੇਂ ਤੁਜ਼ਰਬੇ ਦਰਸ਼ਕ ਨੂੰ ਆਪਣੇ ਨਾਲ਼ ਜੋੜਨ ਲਈ ਸਾਂਝੇ ਕਰ ਰਹੇ ਹਨ ਜਿਵੇਂ ਸਾਡੀ ਟੀਮ ਦੇ ਡਾਇਰੈਕਟਰ ਡਾ. ਜਸਕਰਨ ਸਿੰਘ ਤੇ ਟੋਰਾਂਟੋ ਤੋਂ ਗੁਰਚਰਨ ਸਿੰਘ ਦਾ ਨਾਂ ਵਰਨਣਯੋਗ ਹੈ। ਖੁੱਲ੍ਹੀ ਮੰਡੀ ਦੀ ਆਮਦ ਨਾਲ਼ ਹੁਣ ਸਭ ਕਿਸਮ ਦਾ ਸਾਜੋ ਸਮਾਨ ਵੀ ਮਿਲਣ ਲੱਗ ਪਿਆ ਹੈ ਪਰ ਮਹਿੰਗਾ ਹੋਣ ਕਰਕੇ ਕਈ ਵਾਰ ਇਹ ਘਾਟਾਂ ਜਿਉਂ ਦੀਆਂ ਤਿਉਂ ਬਣੀਆਂ ਰਹਿ ਜਾਂਦੀਆਂ ਹਨ।

ਪ੍ਰਵਾਸੀ ਪੰਜਾਬੀ ਨਾਟਕ ਤੇ ਰੰਗਮੰਚ ਦਾ ਸਫ਼ਰ ਹਮੇਸ਼ਾਂ ਚੱਲਦਾ ਰਿਹਾ ਹੈ ਬੇਸ਼ੱਕ ਇਸ ਦੀ ਰਫ਼ਤਾਰ ਧੀਮੀ ਹੋਵੇ ਪਰ ਫਿਰ ਵੀ ਇਸ ਵਿੱਚ ਬਣੀ ਲਗਾਤਾਰਤਾ ਪੰਜਾਬੀ ਸਾਹਿਤ ਦੀ ਇਸ ਸਿਨਫ਼ ਨੂੰ ਵਿਦੇਸ਼ਾਂ ਵਿੱਚ ਵੀ ਜ਼ਿੰਦਾ ਰੱਖ ਰਹੀ ਹੈ।ਉਂਜ ਹੁਣ ਕਾਫ਼ੀ ਸੰਭਾਵਨਾਵਾਂ ਵਧ ਰਹੀਆਂ ਹਨ ਕਿਉਂਕਿ ਹੁਣ ਪੰਜਾਬੀਆਂ ਦੀ ਗਿਣਤੀ

ਵਧਣ ਨਾਲ਼ ਦਰਸ਼ਕਾਂ ਦੀ ਗਿਣਤੀ ਵੀ ਵਧ ਰਹੀ ਹੈ। ਸਾਹਿਤ ਦੀ ਇਸ ਵੰਨਗੀ ਵਿੱਚ ਅਦਾਕਾਰੀ, ਸੰਗੀਤ, ਵੇਸ਼-ਭੂਸ਼ਾ, ਮੰਚ ਸੈੱਟ, ਰੌਸ਼ਨੀਆਂ, ਮੇਅਕੱਪ, ਹਾਵ-ਭਾਵ, ਦਰਸ਼ਕ, ਤਾੜੀਆਂ ਜੁੜੀਆਂ ਹੋਈਆਂ ਹੁੰਦੀਆਂ ਹਨ ਜੋ ਨਾਟਕਕਾਰ, ਨਿਰਦੇਸ਼ਕ, ਅਦਾਕਾਰ ਤੇ ਦਰਸ਼ਕ ਨੂੰ ਹਮੇਸ਼ਾਂ ਨਵੀਂ ਊਰਜਾ ਪ੍ਰਦਾਨ ਕਰਦੀਆਂ ਹਨ, ਇਸ ਕਰਕੇ ਹੀ ਨਾਟਕ ਬਿਗਾਨੀ ਧਰਤੀ ਤੇ ਆ ਕੇ ਲੱਖ ਮੁਸ਼ਕਲਾਂ ਦੇ ਬਾਵਜੂਦ ਵੀ ਜ਼ਿੰਦਾ ਰੱਖਿਆ ਜਾ ਰਿਹਾ ਹੈ। ਬੇਸ਼ੱਕ ਇੱਥੇ ਪਰਦੇਸਾਂ ਵਿੱਚ ਅਸੀਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਜ਼ਿਕਰ ਕੀਤਾ ਹੈ ਪਰ ਫਿਰ ਵੀ ਬਹੁਤ ਸਾਰੇ ਨੌਜਵਾਨ ਕਲਾਕਾਰ ਜਾਂ ਦਰਸ਼ਕ ਜੋ ਰੰਗ ਮੰਚ ਨੂੰ ਬਹੁਤ ਪਿਆਰ ਕਰਦੇ ਹਨ, ਆਸ ਕਰਦੇ ਹਾਂ ਕਿ ਉਹ ਰੰਗਮੰਚ ਵਿੱਚ ਬਹੁਤ ਸਾਰੀਆਂ ਨਵੀਂਆਂ ਸੰਭਾਵਨਾਵਾਂ ਪੈਦਾ ਕਰਨਗੇ ਤਾਂ ਕਿ ਪੰਜਾਬੀ ਰੰਗਮੰਚ ਆਉਣ ਵਾਲੇ ਸਾਲਾਂ ਵਿੱਚ ਉੱਚੀਆਂ ਬੁਲੰਦੀਆਂ ਨੂੰ ਛੋਹਵੇਗਾ।

□□□

# ਕੈਨੇਡਾ ਦਾ ਅਵਾਸ ਤੇ ਸਾਡੀ ਮਾਨਸਿਕਤਾ

ਕਾਫ਼ੀ ਦਿਨਾਂ ਤੋਂ ਪੰਜਾਬੀ ਮੀਡੀਆ ਬਹੁਤ ਸਰਗਰਮ ਨਜ਼ਰ ਆ ਰਿਹਾ ਹੈ ਤੇ ਹਰ ਇੱਕ ਇਸ ਗੱਲ ਲਈ ਤਰਲੋ ਮੱਛੀ ਹੈ ਕਿ ਕੈਨੇਡਾ ਪਹੁੰਚੀ 21 ਸਾਲਾ ਅੰਤਰਰਾਸ਼ਟਰੀ ਵਿਦਿਆਰਥਣ ਬੇਅੰਤ ਕੌਰ ਜਾਂ ਨੌਜਵਾਨ ਲਵਪ੍ਰੀਤ ਸਿੰਘ ਦੀ ਖ਼ੁਦਕਸ਼ੀ ਦੇ ਨਿਆਂ ਦਾ ਸਾਰਾ ਕਰੇਡਿਟ ਉਹ ਲੈ ਸਕਣ। ਇਸ ਵਿੱਚ ਚਾਹੇ ਮਾਮਲਾ ਲਵਪ੍ਰੀਤ ਸਿੰਘ ਦੀ ਮੌਤ ਦੀ ਹਮਦਰਦੀ ਦਾ ਹੋਵੇ ਜਾਂ ਬੇਅੰਤ ਕੌਰ ਨੂੰ ਡਿਪੋਰਟ ਕਰਨ ਦਾ ਹੋਵੇ। ਵਕੀਲ ਵੀ ਖੁੱਲ੍ਹ ਕੇ ਆਪਣੇ ਆਪਣੇ ਮਸ਼ਵਰੇ, ਬਿਨਾਂ ਖ਼ਰਚੇ ਦੇ ਕੇਸ ਲੜਨ ਨੂੰ ਪੱਬਾਂ ਭਾਰ ਹੋਏ ਬੈਠੇ ਹਨ, ਇਹ ਰਾਮ ਰੌਲ਼ਾ ਕਿੰਨਾ ਚਿਰ ਹੈ, ਕਹਿ ਨਹੀਂ ਸਕਦੇ। ਅਸੀਂ ਲੋਕ ਜੋ ਸ਼ੋਸ਼ਲ ਮੀਡੀਏ ਨੂੰ ਬਹੁਤ ਵੱਡਾ ਹਥਿਆਰ ਸਮਝਦੇ ਹਾਂ। ਇਸ ਉੱਤੇ ਜਾ ਕੇ ਹਰ ਕੋਈ ਆਪਣੇ ਆਪ ਨੂੰ ਜੱਜ ਸਮਝ ਰਿਹਾ ਹੈ ਤੇ ਆਪੋ ਆਪਣਾ ਫੈਸਲਾ ਵੀ ਦੇ ਰਿਹਾ ਹੈ, ਜਿਸ ਵਿੱਚ ਲਵਪ੍ਰੀਤ ਨਾਲ਼ ਹਮਦਰਦੀ ਦਿਖਾਈ ਜਾ ਰਹੀ ਹੈ। ਉੱਥੇ ਬੇਅੰਤ ਕੌਰ ਨੂੰ ਕਾਤਲ ਵੀ ਘੋਸ਼ਿਤ ਕੀਤਾ ਜਾ ਰਿਹਾ ਹੈ। ਉਸ ਨਾਲ਼ ਅਣਮਨੁੱਖੀ ਵਰਤਾਓ ਕਰਕੇ ਮਾਨਸਿਕ ਤੌਰ ਤੇ ਤੰਗ ਕੀਤਾ ਜਾ ਰਿਹਾ ਹੈ। ਹੋਰ ਬਹੁਤ ਸਾਰੇ ਨੌਜਵਾਨ ਮੈਦਾਨ ਵਿੱਚ ਆ ਗਏ ਹਨ ਕਿ ਉਹਨਾਂ ਨਾਲ਼ ਵੀ ਧੋਖਾ ਹੋਇਆ ਹੈ। ਇਹ ਸੌਦੇਬਾਜ਼ੀ ਦਾ ਵਰਤਾਰਾ ਬੇਸ਼ੱਕ ਕਿਸੇ ਨਾ ਕਿਸੇ ਰੂਪ ਵਿੱਚ ਬਹੁਤ ਸਾਲਾਂ ਤੋਂ ਚੱਲ ਰਿਹਾ ਹੈ ਪਰ ਹੁਣ ਲਵਪ੍ਰੀਤ ਦੀ ਮੌਤ ਸਦਕਾ ਸਭ ਨੂੰ ਆਪਣੇ ਘਾਟੇ ਵਾਧੇ ਨਜ਼ਰ ਆਉਣ ਲੱਗ ਪਏ ਹਨ। ਅੱਜ ਤੱਕ ਸੁੱਤਾ ਮੀਡੀਆ ਜੋ ਕੈਮਰਿਆਂ ਰਾਹੀਂ ਤੀਜਾ ਨੇਤਰ ਖੋਲ੍ਹ ਰਿਹਾ ਹੈ ਤਾਂ ਸਭ ਉਸ ਦੇ ਅੱਖਾਂ ਤੇ ਕੰਨਾਂ ਰਾਹੀਂ ਹੀ ਦੇਖਣਾ ਤੇ ਸੁਣਨਾ ਚਾਹੁੰਦੇ ਹਨ ਅਤੇ ਲੱਗਦੇ ਹੱਥ ਵਗਦੀ ਨਦੀ ਵਿੱਚ ਹੱਥ ਧੋਣ ਨੂੰ ਤਿਆਰ ਬੈਠੇ ਹਨ। ਮੈਂ ਵੀ ਕਈ ਦਿਨਾਂ ਤੋਂ ਦੇਖ ਰਹੀ ਸੀ ਕਿ ਇਹ ਇੱਕ ਨਿੱਜੀ ਮਾਮਲਾ ਕਿਵੇਂ ਦਿਨਾਂ ਵਿੱਚ ਹੀ ਸਰਵ ਵਿਆਪਕ ਬਣਦਾ ਜਾ ਰਿਹਾ ਹੈ। ਕੀ ਇਸ ਦਾ ਸਿਰਫ਼ ਇਹੀ ਪੱਖ ਹੈ ਜੋ ਸਾਡੇ ਸਾਹਮਣੇ ਆ ਰਿਹਾ ਹੈ? ਪਰ ਮੈਂ ਮਹਿਸੂਸ ਕਰਦੀ ਹਾਂ ਕਿ ਮੀਡੀਏ ਨੂੰ ਨਿਰਪੱਖ ਤੌਰ ਤੇ ਗੱਲ ਕਰਨੀ ਚਾਹੀਦੀ ਹੈ ਕਿ ਇਹ ਵਰਤਾਰਾ ਕਿਉਂ ਹੈ? ਕੀ ਕਾਰਣ ਹਨ? ਇਸ ਤੋਂ ਕਿਵੇਂ ਬਚਿਆ ਜਾਵੇ?

ਹਮੇਸ਼ਾਂ ਹੀ ਮਨੁੱਖ ਆਪਣੀ ਬਿਹਤਰ ਜ਼ਿੰਦਗੀ ਬਣਾਉਣ ਲਈ ਰੁਜ਼ਗਾਰ ਦੀ ਭਾਲ਼ ਵਿੱਚ ਸਿੱਧੇ-ਸਾਦੇ, ਓਭੜ-ਖੋਭੜ, ਜਾਇਜ਼-ਨਜਾਇਜ਼ ਹਰ ਵਸੀਲੇ ਯੁਗਾਂ ਤੋਂ ਵਰਤਦਾ ਆਇਆ ਹੈ। ਪਹਿਲਾਂ ਪਹਿਲ ਸਾਡੇ ਗ਼ਦਰੀ ਬਾਬੇ ਕੈਨੇਡਾ ਦੀ

ਧਰਤੀ ‘ਤੇ ਆਏ, ਉਹ ਵੀ ਉਦੋਂ ਜਦੋਂ ਆਪਣੇ ਦੇਸ਼ ਵਿੱਚ ਭੁੱਖ ਮਰੀ ਨਾਲ ਹਾਲਤਾਂ ਬਦ ਤੋਂ ਬਦਤਰ ਹੋ ਗਈਆਂ ਸਨ। ਉਸ ਸਮੇਂ ਉਹਨਾਂ ਨੂੰ ਬਾਹਰਲੇ ਦੇਸ਼ਾਂ ਵਿੱਚ ਨਸਲਵਾਦ ਦਾ ਸਾਹਮਣਾ ਕਰਨਾ ਪਿਆ, ਉਦੋਂ ਉਹ ਆਪਣੀ ਅਣਖ, ਇੱਜ਼ਤ ਤੇ ਹੋਂਦ ਨੂੰ ਬਰਕਰਾਰ ਰੱਖਣ ਲਈ ਵਾਪਸ ਵੀ ਗਏ ਤੇ ਅਜ਼ਾਦੀ ਦਾ ਸੰਘਰਸ਼ ਲੜਨ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ। ਉਹਨਾਂ ਦੇ ਮਨਾਂ ਵਿੱਚ ਭੁਲੇਖਾ ਸੀ ਕਿ ਅਸੀਂ ਗ਼ੁਲਾਮ ਹਾਂ ਤਾਂ ਕਰਕੇ ਨਰਕ ਭਰੀ ਜ਼ਿੰਦਗੀ ਹੰਢਾ ਰਹੇ ਹਾਂ। ਫਿਰ ਦੇਸ਼ ਅਜ਼ਾਦ ਹੋਇਆ ਹਾਕਮ ਗੋਰਿਆਂ ਤੋਂ ਕਾਲ਼ੇ ਆ ਗਏ ਪਰ ਹਾਲਤਾਂ ਵਿੱਚ ਕੋਈ ਫ਼ਰਕ ਨਾ ਪਿਆ। ਫਿਰ ਨੌਜਵਾਨਾਂ ਨੇ ਅਰਬ ਦੇਸ਼ਾਂ ਵਿੱਚ ਜਾ ਕੇ ਕਈ ਕਈ ਸਾਲ ਪੈਸਾ ਕਮਾਉਣ ਜਾਣਾ ਤੇ ਮੁੜ ਆਉਣਾ, ਇਹ ਸਿਲਸਿਲਾ ਲਗਾਤਾਰ ਅਜੇ ਤੱਕ ਵੀ ਚੱਲ ਰਿਹਾ ਹੈ। ਬਹੁਤ ਨੌਜਵਾਨ ਏਜੰਟਾਂ ਰਾਹੀਂ ਪਰਦੇਸ ਦੀ ਪੌੜੀ ਚੜ੍ਹਦੇ ਚੜ੍ਹਦੇ ਸਮੁੰਦਰ ਨੇ ਹੀ ਨਿਗਲ਼ ਲਏ ਤੇ ਮਾਪੇ ਸਾਰੀ ਉਮਰ ਉਡੀਕਦੇ ਰਹੇ। ਇਸ ਦਾ ਦੂਸਰਾ ਪੱਖ ਔਰਤਾਂ ਹਮੇਸ਼ਾਂ ਹੀ ਆਪਣੇ ਪਤੀ ਦੇ ਵਿਛੋੜੇ ਦੀਆਂ ਦਰਦਨਾਕ ਹਾਲਤਾਂ ਦਾ ਸਾਹਮਣਾ ਕਰਦੀਆਂ ਰਹੀਆਂ ਹਨ, ਕਿਸੇ ਨੇ ਉਹਨਾਂ ਬਾਰੇ ਸੋਚਣ ਦੀ ਕੋਈ ਖਾਹਸ਼ ਵੀ ਪੈਦਾ ਨਾ ਕੀਤੀ ਪਰ ਕਦੇ ਕਦਾਂਈ ਆਪਣੇ ਗਿੱਧੇ ਬੋਲੀਆਂ ਵਿੱਚ ਆਪਣੇ ਦੁੱਖ ਦਰਦ ਸਮੇਟ ਕੇ ਜ਼ਾਹਰ ਕਰਦੀਆਂ ਦਿੱਸਦੀਆਂ ਹਨ।

ਉਸ ਤੋਂ ਬਾਅਦ ਦਾ ਦੌਰ ਵਿਕਸਤ ਦੇਸ਼ਾਂ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਆਦਿ ਦਾ ਆਉਂਦਾ ਹੈ। ਜਿੱਥੇ ਲੋਕ ਅਰਬ ਦੇਸ਼ਾਂ ਵਿੱਚੋਂ ਧੱਕੇ-ਧੌਲ਼ੇ ਖਾਂਦੇ ਹੋਏ ਇੱਥੇ ਪਹੁੰਚੇ, ਬਹੁਤਿਆਂ ਨੇ ਇੱਥੇ ਪੱਕੇ ਹੋਣ ਲਈ ਕੱਚੇ-ਪੱਕੇ ਵਿਆਹ ਗੋਰੀਆਂ ਨਾਲ ਕਰਵਾਏ ਤੇ ਤਲਾਕ ਤੋਂ ਬਾਅਦ ਉਹ ਬੁੱਢੇ ਬਾਰੇ ਜਾ ਕੇ ਗ਼ਰੀਬ ਘਰਾਂ ਦੀਆਂ ਸੋਹਣੀਆਂ ਸਨੁੱਖ਼ੀਆਂ ਕਮ-ਉਮਰ ਕੁੜੀਆਂ ਨਾਲ਼ ਵਿਆਹ ਕਰਵਾਉਂਦੇ ਰਹੇ। ਮਾਪੇ ਜੋ ਆਪਣੇ ਹਾਣ ਦੇ ਮੁੰਡੇ (ਮਰਦ ਨੂੰ ਕਦੇ ਬੁੱਢਾ ਨਹੀਂ ਕਿਹਾ ਜਾਂਦਾ ਹੈ ਜਿਸ ਨੇ ਅਜੇ ਵਿਆਹ ਨਹੀਂ ਕੀਤਾ) ਨਾਲ਼ ਆਪਣੀ ਧੀ ਦਾ ਰਿਸ਼ਤਾ ਚਾਂਈ ਚਾਂਈ ਜੋੜ ਦਿੰਦੇ ਸਨ, ਉੱਥੇ ਉਹਨਾਂ ਨੂੰ ਦਾਜ (ਸਮਾਜਿਕ ਬੁਰਾਈ) ਦੇਣ ਤੋਂ ਵੀ ਰਾਹਤ ਮਿਲ ਜਾਂਦੀ ਸੀ। ਬਾਅਦ ਵਿੱਚ ਕੁੜੀ ਸਾਰੇ ਪਰਿਵਾਰ ਦੀ ਆਰਥਿਕ ਮੱਦਦ ਵੀ ਕਰ ਦਿੰਦੀ ਸੀ। ਬੇਸ਼ੱਕ ਕੁੜੀ ਇਹ ਰਿਸ਼ਤਾ ਨਾ ਵੀ ਚਾਹੇ ਤਾਂ ਵੀ ਅੱਖਾਂ ਵਿੱਚ ਸਜਾਏ ਸੁਫ਼ਨਿਆਂ ਦੀ ਬਲੀ ਦੇ ਕੇ ਕਲਫ਼ ਨਾਲ ਕਾਲ਼ੇ ਕੀਤੇ ਵਾਲ਼ਾਂ ਦੀ ਆੜ ਥੱਲੇ ਚੁਪ-ਚਾਪ ਡੋਲ਼ੀ ਵਿੱਚ ਬੈਠ ਜਾਂਦੀ ਸੀ ਕਿਉਂਕਿ ਉਸ ਦਾ ਕੀਤਾ ਉਜ਼ਰ ਮਰਦ ਜਾਤ ਦੇ ਖਿਲਾਫ਼ ਹੋਣਾ ਸੀ। ਉਸ ਬੁੱਢੇ ਦੀ ਮੌਤ ਤੋਂ ਬਾਅਦ ਉਸ ਨਾਲ਼ ਕੀ ਵਾਪਰਦਾ ਇਹ ਔਰਤ ਦੀ ਚੁੱਪੀ ਥੱਲੇ ਦੱਬ ਕੇ ਰਹਿ ਜਾਂਦਾ।

ਇੱਕ ਸਮੇਂ ਜਦੋਂ ਕੈਨੇਡਾ ਨੂੰ ਕਾਮਿਆਂ ਦੀ ਲੋੜ ਪਈ ਤਾਂ 60ਵਿਆਂ-70ਵਿਆਂ ਵਿੱਚ ਬਹੁਤ ਨੌਜਵਾਨ ਕੈਨੇਡਾ ਆਏ ਤੇ ਸੈੱਟ ਹੋ ਗਏ ਤੇ ਬਾਅਦ ਵਿੱਚ

ਉਹਨਾਂ ਦੇ ਪਰਿਵਾਰਾਂ ਨੂੰ ਆਉਣ ਦਾ ਹੀਲਾ ਵੀ ਬਣ ਗਿਆ। ਜਿਸ ਵਿੱਚ ਸਾਰੇ ਕੁਆਰੇ ਭੈਣ ਭਾਈ ਮਾਪਿਆਂ ਦੇ ਨਾਲ਼ ਆ ਸਕਦੇ ਸਨ। ਇਸ ਦਰਮਿਆਨ ਆਏ ਮੁੰਡੇ ਕੁੜੀਆਂ ਚਾਹੇ ਘੱਟ ਪੜ੍ਹੇ ਲਿਖੇ ਤੇ ਦਿੱਖ ਪੱਖੋਂ ਵੀ ਠੀਕ ਹੀ ਹੁੰਦੇ ਸਨ। ਉਨ੍ਹਾਂ ਦੇ ਰਿਸ਼ਤੇ ਕਰਨ ਵੇਲ਼ੇ ਕੈਨੇਡੀਅਨ ਸਟਿੱਕਰ ਸਦਕਾ ਜਿੱਥੇ ਕੁੜੀ ਨੂੰ ਚੰਗਾ ਖਾਂਦਾ ਪੀਂਦਾ ਪਰਿਵਾਰ ਬਿਨਾਂ ਦਹੇਜ ਤੋਂ ਮਿਲ ਜਾਂਦਾ। ਉੱਥੇ ਮੁੰਡਿਆਂ ਲਈ ਕੁੜੀਆਂ ਨੂੰ ਮੁੰਡਿਆਂ ਲਈ ਨੁਮਾਇਸ਼ ਵਾਗੂੰ ਹਾਜ਼ਰ ਕੀਤਾ ਜਾਂਦਾ, ਉਹ ਸਭ ਤੋਂ ਸੋਹਣੀ ਤੇ ਪੜ੍ਹੀ ਲਿਖੀ ਕੁੜੀ ਚਾਹੇ ਉਹ ਵਿਆਹੁਣਯੋਗ ਤੋਂ ਛੋਟੀ ਦੂਜੇ ਜਾਂ ਤੀਜੇ ਨੰਬਰ ਵਾਲੀ ਹੀ ਕਿਉਂ ਨਾ ਹੋਵੇ, ਜਿਸ ਉੱਤੇ ਉਹ ਹੱਥ ਰੱਖਦਾ, ਮਾਪੇ ਮਜ਼ਬੂਰੀ ਵਸ ਉਹ ਦਾ ਹੀ ਵਿਆਹ ਕਰ ਦਿੰਦੇ। ਵੱਡੀ ਜਿਸ ਨੂੰ ਦੇਖਣ ਗਏ ਹੁੰਦੇ, ਉਹ ਦੇ ਨਾਲ਼ ਕੀ ਬੀਤਦੀ ਹੋਵੇਗੀ, ਅਣਕਿਆਸੀ ਗੱਲ ਹੈ। ਇੱਥੇ ਹੀ ਬੱਸ ਨਹੀਂ ਉਹਨਾਂ ਤੋਂ ਕੈਸ਼ ਪੈਸਾ ਵੀ ਲਿਆ ਜਾਂਦਾ ਜੋ ਕੈਨੇਡਾ ਆ ਕੇ ਘਰ ਦੀ ਡਾਊਨ ਪੇਮੈਂਟ ਦਾ ਵਸੀਲਾ ਵੀ ਬਣਦਾ। ਉਦੋਂ ਵੀ ਕੁੜੀਆਂ ਮਾਪਿਆਂ ਵਲੋਂ ਸਿਰਫ਼ ਕੈਨੇਡਾ ਨੂੰ ਚੜ੍ਹਨ ਵਾਲੀ ਪੌੜੀ ਦਾ ਸਿਖ਼ਰਲਾ ਡੰਡਾ ਬਣਾ ਕੇ ਹੀ ਵਰਤੀਆਂ ਗਈਆਂ, ਜਿਸ ਪੌੜੀ ਰਾਹੀਂ ਉਹਨਾਂ ਦੇ ਵੀ ਆਰ- ਪਰਿਵਾਰ ਨੇ ਕੈਨੇਡਾ ਪਹੁੰਚਣਾ ਹੁੰਦਾ ਸੀ। ਪੜ੍ਹੀ-ਲਿਖੀ ਕੁੜੀ ਨੂੰ ਜੋਬ ਵੀ ਵਧੀਆ ਮਿਲ ਜਾਂਦੀ। ਕੁੜੀਆਂ ਆਪਣੇ ਮਾਪਿਆਂ ਦੀ ਉਡੀਕ ਤੱਕ ਸਹੁਰੇ ਘਰ ਦਾ ਹਰ ਜਬਰ ਸਹਿੰਦੀਆਂ ਤੇ ਬੱਚਿਆਂ ਦੀਆਂ ਮਾਂਵਾਂ ਬਣ ਕੇ ਆਪਣੀ ਜ਼ਿੰਦਗੀ ਦਾ ਸੁਨਹਿਰੀ ਹਿੱਸਾ ਉਸ ਘਰ ਦੀ ਚਾਰ-ਦੀਵਾਰੀ ਵਿੱਚ ਸੰਪੌਂਸਰਸ਼ਿੱਪ ਲਈ ਕੰਮ ਕਰਦੀਆਂ ਕਰਦੀਆਂ ਗੁਆ ਦਿੰਦੀਆਂ। ਕੁੱਝ ਅਜਿਹੇ ਕੇਸਾਂ ਨੂੰ ਮੈਂ ਜਾਣਦੀ ਹਾਂ ਕਿ ਮੁੰਡਿਆਂ ਨੇ ਕੁੜੀਆਂ ਦੇ ਮਾਪਿਆਂ ਤੋਂ ਸੰਪੌਂਸਰਸ਼ਿੱਪ ਫੀਸ ਮੰਗਵਾ ਕੇ ਵੀ ਸੰਪੌਂਸਰ ਨਾ ਕੀਤਾ ਤੇ ਉਹ ਬੇਵਸ ਹੋ ਕੇ ਰਹਿ ਗਈਆਂ।

ਫਿਰ ਅਖ਼ਬਾਰਾਂ ਦੀਆਂ ਸੁਰਖ਼ੀਆਂ ਨੇ ਵੱਟੇ-ਸੱਟਿਆਂ ਦੇ ਰਿਸ਼ਤਿਆਂ ਨਾਲ਼ ਆਪਣੇ ਲਾਲਚ ਨੂੰ ਮੁੱਖ ਰੱਖ ਕੇ ਮੁੰਡੇ ਕੁੜੀਆਂ ਦੇ ਗਲ਼ ਨਰੜ ਦਾ ਸਿਲਸਿਲਾ ਸ਼ੁਰੂ ਹੋਇਆ। ਇਸ ਵਿੱਚ ਵੀ ਚਾਹੇ ਮੁੰਡੇ ਸਨ ਜਾਂ ਕੁੜੀਆਂ ਜੋ ਇੱਕ ਦੂਜੇ ਨਾਲ਼ ਸਮਝ ਪੱਖੋਂ ਮੇਲ ਨਾ ਖਾਂਦੇ। ਉਹ ਰਿਸ਼ਤੇ ਸਿਰੇ ਨਾ ਚੜ੍ਹਦੇ, ਤਲਾਕ ਹੁੰਦੇ ਜਾਂ ਸਾਰੀ ਜ਼ਿੰਦਗੀ ਦੀ ਦਿਨ ਕਟੀ ਦਾ ਦਰਦ ਦਿਲ ਵਿੱਚ ਸਮੇਟ ਕੈਨੇਡਾ ਦੀ ਰੁਝੀ ਜ਼ਿੰਦਗੀ ਵਿੱਚ ਅਣਮੰਨੇ ਦਿਲ ਨਾਲ਼ ਇੱਕ ਮਿੱਕ ਹੋਣ ਦਾ ਯਤਨ ਕਰਦੇ ਰਹੇ ਹਨ। ਇਸ ਸਮੇਂ ਵਿੱਚ ਅਸੀਂ ਪੰਜਾਬੀ ਲੋਕ ਗੁਰੂ ਗਰੰਥ ਸਾਹਿਬ ਨੂੰ ਸਰਬੋਤਮ ਸ਼ਕਤੀ ਮੰਨਣ ਵਾਲ਼ਿਆਂ ਨੇ ਉਸ ਦੇ ਅਸ਼ੀਰਵਾਦ ਨਾਲ਼ ਭੈਣ-ਭਰਾ, ਤਾਏ-ਚਾਚੇ, ਭੂਆ-ਮਾਸੀ ਦੇ ਲੜਕੇ-ਲੜਕੀਆਂ, ਪਿਓ-ਧੀ ਵਰਗੇ ਪਵਿੱਤਰ ਰਿਸ਼ਤਿਆਂ ਨੂੰ ਕੁਚਲ ਕੇ, ਪਤੀ-ਪਤਨੀ ਦੇ ਫ਼ਰਜ਼ੀ ਵਿਆਹ ਕਰਕੇ ਕੈਨੇਡਾ ਪਹੁੰਚਣ ਵਿੱਚ ਢਿੱਲ ਨਹੀਂ ਕੀਤੀ, ਉਦੋਂ ਸਾਡੀਆਂ ਅਣਖਾਂ, ਗੈਰਤਾਂ ਰੋਟੀ-ਰੋਜ਼ੀ ਦੇ ਘਨੇੜੇ ਚੜ੍ਹ ਕੇ ਗਾਇਬ ਹੋ

ਜਾਂਦੀਆਂ ਰਹੀਆਂ ਹਨ। ਬੇਸ਼ੱਕ ਸਮੇਂ ਸਮੇਂ ਤੇ ਬਹੁਤ ਸਾਰੇ ਮੁੰਡੇ ਏਅਰਪੋਰਟ ਤੋਂ ਹੀ ਗਾਇਬ ਹੋ ਜਾਂਦੇ ਰਹੇ (ਕੋਈ ਕੋਈ ਕੁੜੀ ਵੀ ) ਤੇ ਸੱਦਣ ਵਾਲਾ ਸਾਥੀ ਕੁੱਝ ਨਾ ਕਰ ਸਕਦਾ। ਵਿੱਚ ਵਿਚਾਲੇ ਬਹੁਤ ਸਾਰੇ ਲੋਕ ਪੋਆਇੰਟ ਸਿਸਟਮ ਦੇ ਜ਼ਰੀਏ ਵੀ ਆਏ ਪਰ ਉਹਨਾਂ ਨੂੰ ਬਹੁਤ ਸਾਲ ਉਡੀਕ ਕਰਨੀ ਪੈਂਦੀ ਸੀ।

ਹੁਣ ਜਦੋਂ ਕੈਨੇਡਾ ਨੇ ਪਰਿਵਾਰਾਂ ਦੇ ਪਰਵਾਸ ਦਾ ਕੋਟਾ ਘਟਾ ਦਿੱਤਾ ਤੇ ਅਪਲੀਕੇਸ਼ਨਾਂ ਦਾ ਸਮਾਂ ਵਧਾ ਦਿੱਤਾ ਤੇ ਕੁਦਰਤੀ ਸੀ ਕਿ ਲੋਕ ਆਉਣੇ ਘੱਟ ਹੋ ਗਏ। ਇੱਥੋਂ ਦੀ ਪਾਪੂਲੇਸ਼ਨ ਘੱਟ ਹੋਣ ਕਰਕੇ ਇਹਨਾਂ ਦੀ ਜੰਮਣ ਦਰ ਬਹੁਤ ਘੱਟ ਹੈ ਸੋ ਇਹਨਾਂ ਨੂੰ ਕਾਮਿਆਂ ਦੀ ਹਮੇਸ਼ਾਂ ਲੋੜ ਰਹੀ ਹੈ। ਇਹ ਵਿਕਸਤ ਦੇਸ਼ਾਂ ਦੀਆਂ ਸਰਕਾਰਾਂ ਬਹੁਤਾ ਕੁੱਝ ਆਪਣੇ ਹਿੱਤ ਬਾਰੇ ਸੋਚਦੀਆਂ ਹਨ ਜਿਸ ਦਾ ਸਿੱਟਾ ਇਹ ਹੋਇਆ ਕਿ ਇਹਨਾਂ ਨੇ ਆਈਲੈਟਸ ਪਾਸ ਵਿਦਿਆਰਥੀਆਂ (ਇੱਥੋਂ ਦੀ ਮਜ਼ਦੂਰ ਕਲਾਸ ਵਿੱਚ ਅਭੇਦ ਹੋਣ ਜਿੰਨੀ ਅੰਗਰੇਜ਼ੀ ਪਾਸ ਤੇ ਬਚਪਨ ਵਿੱਚੋਂ ਨਿਕਲੇ ਜ਼ਿੰਦਗੀ ਦੀਆਂ ਖਾਹਸ਼ਾਂ ਦੇ ਸੁਫ਼ਨੇ ਸਜਾਉਣ ਵਾਲੀ ਉਮਰ ਦੇ ਬੱਚੇ) ਨੂੰ ਵੀਜ਼ੇ ਦੇਣੇ ਸ਼ੁਰੂ ਕਰ ਦਿੱਤੇ ਜਿਸ ਦਾ ਇਹਨਾਂ ਨੂੰ ਫ਼ਾਇਦਾ ਹੈ ਕਿ ਤਿੱਗਣੀਆਂ ਫੀਸਾਂ ਦੇ ਕੇ ਬੱਚੇ ਪੜ੍ਹਨ ਆਉਂਦੇ ਹਨ, ਆਪਣੇ ਬਲਬੂਤੇ ‘ਤੇ ਹੀ ਕੰਮ ਕਰ ਕੇ ਇੱਥੋਂ ਦੇ ਸਭਿਆਚਾਰ ਮੁਤਾਬਕ ਢਲ਼ ਜਾਂਦੇ ਹਨ, ਇਹਨਾਂ ਦੀ ਨਾ ਹਿੰਗ ਲੱਗੇ ਨਾ ਫਟਕੜੀ, ਪੜ੍ਹੇ ਲਿਖੇ ਮਜ਼ਦੂਰ ਰੈਸਟੋਰੈਂਟਾਂ ਆਦਿ ਵਿੱਚ ਕੰਮ ਕਰ ਕਰ ਕੇ ਜਿੱਥੇ ਇੱਥੋਂ ਦੀ ਆਰਥਿਕਤਾ ਨੂੰ ਚਾਰ ਚੰਨ ਲਾ ਰਹੇ ਹਨ ਉੱਥੇ ਇੱਥੋਂ ਦੇ ਵਕੀਲਾਂ, ਇੰਮੀਗਰੇਸ਼ਨ ਕੰਨਸਲਟੈਂਟਾਂ ਦਾ ਨਾਲ਼ ਦੀ ਨਾਲ਼ ਬਿਜ਼ਨਿਸ ਵੀ ਚਲਾ ਰਹੇ ਹਨ। ਜਦ ਨੂੰ ਉਹਨਾਂ ਨੇ ਇੱਥੋਂ ਦੀ ਪੀ. ਆਰ. ਲੈਣੀ ਹੈ ਉਦੋਂ ਨੂੰ ਪੜ੍ਹਨ ਦੀ ਉਮਰ ਚਲੀ ਜਾਂਦੀ ਤੇ ਉਹ ਕੰਮਾਂ ਕਾਰਾਂ ਵਿੱਚ ਉਲਝ ਕੇ ਮਜ਼ਦੂਰੀ ਕਰਨ ਜੋਗੇ ਰਹਿ ਜਾਂਦੇ ਹਨ। ਇਹ ਤਾਂ ਹੈ ਇੱਥੋਂ ਦੀਆਂ ਸਰਕਾਰਾਂ ਦੀ ਗੱਲ। ਦੂਸਰੀ ਸਾਡੇ ਲੋਕਾਂ ਲਈ ਇਹ ਇੱਥੇ ਆਉਣ ਦਾ ਬਹੁਤ ਵਧੀਆ ਤੇ ਸੌਖਾ ਜ਼ਰੀਆ ਹੈ ਜਿਸ ਵਿੱਚ ਬਹੁਤ ਸਾਰੇ ਵਿਦਿਆਰਥੀ ਆ ਵੀ ਰਹੇ ਹਨ ਤੇ ਸੈਟਲ ਵੀ ਹੋ ਰਹੇ ਹਨ। ਸਭ ਮੁਸ਼ਕਲਾਂ ਦੇ ਬਾਵਜੂਦ ਵੀ ਭਾਰਤ ਦੀਆਂ ਭੁੱਖਮਰੀ ਦੀਆਂ ਹਾਲਤਾਂ ਨਾਲੋਂ ਇੱਥੇ ਉਹ ਕੰਮ ਕਰਕੇ ਵਧੀਆ ਇੱਜ਼ਤ ਨਾਲ ਗੁਜ਼ਾਰਾ ਕਰ ਸਕਦੇ ਹਨ। ਇਸ ਸਿਸਟਮ ਵਿੱਚ ਸਾਡੇ ਲੋਕਾਂ ਨੇ ਜੋ ਸੌਦੇਬਾਜ਼ੀ ਦਾ ਘੁਣ ਅੰਦਰ ਪਾਲ਼ ਲਿਆ ਹੈ, ਉਹ ਇਹ ਨੂੰ ਖ਼ਰਾਬ ਕਰ ਰਿਹਾ ਹੈ।

ਜਦੋਂ ਅਸੀਂ ਅਜਿਹੇ ਵਿਸ਼ੇ ਜੋ ਸਮਾਜ ਨੂੰ ਗਿਰਾਵਟ ਦੀ ਪੱਧਰ ਤੇ ਲਿਜਾ ਰਹੇ ਹਨ ਤਾਂ ਇਹ ਦੇ ਕਾਰਣਾਂ ਬਾਰੇ ਜਾਨਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਇਸ ਦੇ ਕਾਰਣ ਸਮਾਜਿਕ, ਸਭਿਆਚਾਰਕ, ਆਰਥਿਕ ਤੇ ਧਾਰਮਿਕ ਹਨ। ਅਗਰ ਕਿਸੇ ਦੇਸ਼ ਦੇ ਵਾਸੀ ਨੂੰ ਆਪਣੇ ਹੀ ਦੇਸ਼ ਵਿੱਚ ਰਹਿਣ ਜੋਗੀ ਸਾਫ਼ ਸੁਥਰੀ ਥਾਂ,

ਸਾਦਾ ਤੇ ਸਾਫ਼ ਭੋਜਨ, ਚੰਗਾ ਵਾਤਾਵਰਣ, ਯੋਗ ਵਿਦਿਆ, ਡਾਕਟਰੀ ਸਹੂਲਤਾਂ ਤੇ ਰੁਜ਼ਗਾਰ ਹਾਸਲ ਹੋਵੇ ਤਾਂ ਕੋਈ ਵਿਅਕਤੀ ਆਪਣੀਆਂ ਜੜ੍ਹਾਂ ਤੋਂ ਅਲੱਗ ਨਹੀਂ ਹੋਣਾ ਚਾਹੁੰਦਾ ਪਰ ਸਾਡੇ ਭਾਰਤ ਦੇ ਲੋਕਾਂ ਦੀ ਤਰਾਸਦੀ ਹੈ ਕਿ ਉਨ੍ਹਾਂ ਦੀਆਂ ਜੋ ਪਹਿਲਾਂ ਥੋੜ੍ਹੀਆਂ ਬਹੁਤੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ ਸਨ ਉਹ ਦਿਨੋ ਦਿਨ ਘਟਦੀਆਂ ਜਾ ਰਹੀਆਂ ਹਨ ਤੇ ਲੋਕ ਕਰਜ਼ਾਈ ਹੋ ਰਹੇ ਹਨ। ਸਰਕਾਰੀ ਸਕੂਲ, ਕਾਲਜ ਬੰਦ ਹੋਣ ਦੀ ਕਗਾਰ ‘ਤੇ ਹਨ। ਹਸਪਤਾਲਾਂ ਵਿੱਚ ਦਵਾਈਆਂ ਦਾ ਕੋਈ ਪ੍ਰਬੰਧ ਨਹੀਂ। ਜੋ ਅਦਾਰੇ ਪਹਿਲਾਂ ਸਰਕਾਰੀ ਸਨ ਉਹ ਜਿਵੇਂ ਕਿ ਰੇਲਵੇ ਤੇ ਜੰਗਲ ਆਦਿ ਕਾਰਪੋਰੇਸ਼ਨਾਂ ਨੂੰ ਵੇਚ ਦਿੱਤੇ ਹਨ। ਪੜ੍ਹੇ ਲਿਖੇ ਬੱਚੇ ਪੀ.ਐੱਚ.ਡੀਆਂ ਕਰਕੇ ਖੇਤਾਂ ਵਿੱਚ ਝੋਨਾ ਜਾਂ ਸੜਕਾਂ ਤੇ ਰੇੜ੍ਹੀਆਂ ਲਾ ਕੇ ਗੁਜ਼ਾਰਾ ਕਰ ਰਹੇ ਹਨ। ਇਸ ਕਰਕੇ ਹੀ ਬਹੁ ਗਿਣਤੀ ਮਾਨਸਿਕ ਬਿਮਾਰੀਆਂ ਦੀ ਸ਼ਿਕਾਰ ਹੋ ਰਹੀ ਹੈ। ਤਾਂ ਹੀ ਕਿਸਾਨ ਮਜ਼ਦੂਰ, ਮੁਲਾਜ਼ਮ, ਵਿਦਿਆਰਥੀ, ਬੁੱਧੀਜੀਵੀ ਸਭ ਸੜਕਾਂ ਤੇ ਨਿਕਲੇ ਹਨ ਪਰ ਭਾਰਤ ਦੀ ਫਾਸ਼ੀਵਾਦੀ ਭਾਜਪਾ ਸਰਕਾਰ ਕਿਸੇ ਦੀ ਪ੍ਰਵਾਹ ਕਰੇ ਬਿਨ੍ਹਾਂ ਲੋਕਾਂ ਦੀ ਹੋਰ ਸੰਘੀ ਨੱਪਣ ਵਿੱਚ ਢਿੱਲ ਨਹੀਂ ਕਰ ਰਹੀ ਹੈ। ਉਹ ਦੇ ਤੋਂ ਮਜ਼ਬੂਰ ਲੋਕ ਬਾਹਰਲੇ ਦੇਸ਼ਾਂ ਨੂੰ ਭੱਜ ਰਹੇ ਹਨ। ਉਹ ਆਪਣੇ ਚੰਗੇ ਭਵਿੱਖ ਦੇ ਬਾਨਣੂੰ ਹਰ ਹਾਲਤ ਵਿੱਚ ਬੰਨ੍ਹਣੇ ਚਾਹੁੰਦੇ ਹਨ। ਲੋਕ ਸਿਰਫ਼ ਇਸ ਸਮੇਂ ਆਰਥਿਕ ਪੱਖੋਂ ਹੀ ਨਹੀਂ ਟੁਟ ਰਹੇ ਸਗੋਂ ਸਮਾਜਿਕ, ਸਭਿਆਚਾਰਕ ਤੇ ਧਾਰਮਿਕ ਤੰਦਾਂ ਵੀ ਲੀਰੋ ਲੀਰ ਹੁੰਦੀਆਂ ਨਜ਼ਰ ਆ ਰਹੀਆਂ ਹਨ। ਲੋਕਾਂ ਵਿੱਚ ਭਾਰਤੀ ਸਭਿਆਚਾਰ ਜੋ ਇੱਕ ਸਾਂਝੇ ਭਾਈਚਾਰੇ ਦੇ ਤੌਰ ‘ਤੇ ਇੱਕ ਦੂਜੇ ਦੇ ਦੁੱਖ ਸੁੱਖ ਵਿੱਚ ਵਿਚਰਦਾ ਸੀ, ਇਸ ਕਾਰਪੋਰੇਸ਼ਨਾਂ ਦੀ ਲੁੱਟ ਨੇ ਲੋਕਾਂ ਨੂੰ ਨਿੱਜ ਨਾਲ ਜੋੜ ਦਿੱਤਾ ਹੈ। ਲੋਕਾਂ ਨੂੰ ਆਰਥਿਕ ਹਾਲਤਾਂ ਨੇ ਪਾਣੀਓ ਪਤਲੇ ਕਰ ਦਿੱਤਾ ਹੈ। ਅਮੀਰ ਕਦਰਾਂ ਕੀਮਤਾਂ ਮਿੱਟੀ ਘੱਟੇ ਰੋਲ਼ ਦਿੱਤੀਆਂ ਹਨ। ਜੋ ਸਾਂਝੇ ਪਰਿਵਾਰਾਂ, ਪਿੰਡਾਂ-ਸ਼ਹਿਰਾਂ ਦਾ ਖੁਸ਼ਗਵਾਰ ਵਾਤਾਵਰਣ ਸੀ, ਉਹ ਹੁਣ ਭਾਲ਼ਿਆਂ ਵੀ ਨਹੀਂ ਲੱਭਦਾ। ਹਰ ਕੋਈ ਆਪਣੇ ਬਾਰੇ ਸੋਚਦਾ ਹੈ, ਪਹਿਲਾਂ ਭੈਣਾਂ, ਭਰਾਵਾਂ, ਰਿਸ਼ਤੇਦਾਰਾਂ, ਭਾਈਚਾਰੇ ਦੀਆਂ ਗੰਢਾਂ ਐਨੀਆਂ ਪੀਢੀਆਂ ਸਨ ਕਿ ਪਿੰਡ ਦੀ ਕੁੜੀ ਸਭ ਦੀ ਧੀ ਭੈਣ ਹੁੰਦੀ ਸੀ ਪਰ ਹੁਣ ਸਭ ਬਦਲ ਰਿਹਾ ਹੈ। ਪਿੰਡਾਂ, ਸ਼ਹਿਰਾਂ ਵਿੱਚ ਬਲਾਤਕਾਰ ਦੀਆਂ ਘਟਨਾਵਾਂ ਆਏ ਦਿਨ ਸੁਣਨ ਨੂੰ ਮਿਲਦੀਆਂ ਹਨ। ਡਰ ਦਾ ਮਾਹੌਲ ਹੈ ਇਸ ਕਰਕੇ ਮਾਪੇ ਸਾਰੇ ਹੀਲੇ ਵਸੀਲੇ ਕਰਕੇ ਬੱਚਿਆਂ ਨੂੰ ਉੱਥੋਂ ਬਾਹਰ ਕੱਢਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ।

ਵਿਆਹ ਜੋ ਇੱਕ ਪਿਆਰ ਦਾ ਅਜਿਹਾ ਪਵਿੱਤਰ ਬੰਧਨ ਹੈ ਜਿਸ ਵਿੱਚ ਦੋ ਰੂਹਾਂ, ਦੋ ਮਨੁੱਖਾਂ, ਦੋ ਪਰਿਵਾਰਾਂ ਤੇ ਸਾਰੇ ਭਾਈਚਾਰੇ ਦੀਆਂ ਸਾਂਝਾ ਦਾ ਮੇਲ ਹੁੰਦਾ ਹੈ ਜਿਸ ਵਿੱਚ ਸੱਚਾਈ ਤੇ ਇਮਾਨਦਾਰੀ ਦਾ ਹੋਣਾ ਲਾਜ਼ਮੀ ਹੁੰਦਾ ਹੈ। ਪਰ ਹਲਾਤਾਂ

ਦੀ ਕਰੂਰਤਾ ਨੇ ਇਸ ਵਿੱਚ ਧੋਖਾ, ਸ਼ੱਕ, ਸੌਦੇਬਾਜ਼ੀ, ਕੌਂਟਰੈਕਟ, ਜ਼ਮੀਨਾਂ, ਕਤਲ, ਕਰਜ਼ੇ, ਮਾਨਸਿਕ ਤਣਾਓ, ਖੁਦਕਸ਼ੀ ਵਰਗੇ ਸ਼ਬਦਾਂ ਨੂੰ ਜਨਮ ਦੇ ਦਿੱਤਾ ਹੈ। ਹੁਣ ਇਹਨਾਂ ਪਿਆਰ ਸਬੰਧਾਂ ਨੂੰ ਜੋੜਨ ਲਈ ਸੌਦੇਬਾਜ਼ੀਆਂ ਦੀ ਬਿਨਾ 'ਤੇ ਮਸ਼ੀਨੀ ਕਲ-ਪੁਰਜ਼ਿਆਂ ਵਾਂਗ ਦੋ ਬੱਚਿਆਂ ਨੂੰ ਇੱਕ ਦੂਜੇ ਨਾਲ ਜੜ ਦਿੱਤਾ ਜਾਂਦਾ ਹੈ ਤੇ ਵਿਆਹ ਦਾ ਨਾਂ ਦੇ ਦਿੱਤਾ ਜਾਂਦਾ ਹੈ। ਇਸ ਸਬੰਧ ਵਿੱਚ ਜਾਂ ਇਸ ਸੌਦੇਬਾਜ਼ੀ ਵਿੱਚ ਦੋਹਾਂ ਧਿਰਾਂ ਵਲੋਂ ਹੋਏ ਇਕਰਾਰ ਨੂੰ ਜ਼ਰੂਰੀ ਹੈ ਕਿ ਉਹ ਸਿਰੇ ਜ਼ਰੂਰ ਲਾਉਣ। ਪਰ ਐਨੀ ਛੋਟੀ ਉਮਰ ਦੇ ਬੱਚੇ ਜੋ ਅਜੇ ਵਿਆਹ ਦੀਆਂ ਜ਼ਿੰਮੇਵਾਰੀਆਂ ਨਿਭਾਹੁਣ ਦੇ ਯੋਗ ਵੀ ਨਹੀਂ ਹੁੰਦੇ, ਉਹਨਾਂ ਉੱਤੇ ਦੋ ਪਰਿਵਾਰਾਂ ਦਾ ਵਜ਼ਨ ਲੱਦ ਦਿੱਤਾ ਜਾਂਦਾ ਹੈ। ਉਹ ਬੱਚੇ ਜਿਨ੍ਹਾਂ ਨੂੰ ਚਾਹ ਦਾ ਕੱਪ ਮਾਂ ਬਿਸਤਰੇ ਵਿੱਚ ਦਿੰਦੀ ਹੈ ਉਹ ਥੋੜ੍ਹੇ ਦਿਨਾਂ ਬਾਅਦ ਕੈਨੇਡਾ ਪਹੁੰਚ ਕੇ ਵੇਲ਼ੇ ਕੁਵੇਲ਼ੇ ਕੰਮ ਦੀਆਂ ਸ਼ਿਫਟਾਂ, ਸਕੂਲ ਦੀ ਪੜ੍ਹਾਈ, ਹੋਮਵਰਕ, ਆਪਣਾ ਖਾਣਾ ਪਕਾਉਣਾ, ਬੱਸਾਂ ਦੇ ਧੱਕੇ, ਘਰਾਂ ਦੇ ਮਾਲਕਾਂ ਦਾ ਦੁਰ ਵਿਵਹਾਰ, ਭੂ-ਹੇਰਵਾ, ਇਕੱਲਤਾ, ਮਾਨਸਿਕ ਤਣਾਓ ਆਦਿ ਵਰਗੀਆਂ ਮੁਸ਼ਕਲਾਂ ਵਿੱਚੋਂ ਲੰਘ ਕੇ ਆਪਣੇ ਆਪ ਨੂੰ ਬਿਗ਼ਾਨੀ ਧਰਤੀ ਦੇ ਕਾਬਲ ਬਣਾਉਣਾ ਇਹ ਇਹਨਾਂ ਬੱਚਿਆਂ ਦੀ ਸੰਘਰਸ਼ਮਈ ਜ਼ਿੰਦਗੀ ਦਾ ਹਿੱਸਾ ਹੈ। ਇਹ ਪੰਜਾਬ ਬੈਠੇ ਮਾਪਿਆਂ ਜਾਂ ਜੀਵਨ ਸਾਥੀਆਂ ਨਾ਼ਲ ਗੱਲ ਨਹੀਂ ਕਰਦੇ ਤਾਂ ਕਿ ਉਹ ਦੂਰ ਬੈਠੇ ਪ੍ਰੇਸ਼ਾਨ ਨਾ ਹੋਣ। ਸੋਚਣ ਵਾ਼ਲੀ ਗੱਲ ਹੈ ਕਿ ਦੁਨੀਆਂ ਭਰ ਦਾ ਕਾਨੂੰਨ 16 ਸਾਲ ਦੀ ਉਮਰ ਤੱਕ ਬੱਚਿਆਂ ਨੂੰ ਨਾਬਾਲਗ਼ ਸਮਝਦਾ ਹੈ, ਉਸ ਨੂੰ ਕਤਲ ਦੀ ਸਜ਼ਾ ਵੀ ਨਹੀਂ ਦਿੱਤੀ ਜਾ ਸਕਦੀ ਪਰ ਦੋ ਸਾਲਾਂ ਵਿੱਚ ਅਸੀਂ ਸਮਝਦੇ ਹਾਂ ਕਿ ਉਸ ਨੇ ਜ਼ਿੰਦਗੀ ਨੂੰ ਬਹੁਤ ਸਮਝ ਲਿਆ ਹੋਵੇਗਾ ? ਜਿਹੜੇ ਪੰਜਾਬ ਵਿੱਚ ਬੈਠੇ ਮਾਪਿਆਂ ਦੇ ਸਿਰ 'ਤੇ ਜ਼ਿੰਮੇਵਾਰੀਆਂ ਤੋਂ ਬੇਖ਼ਬਰ ਬੱਚੇ ਆਈਲੈਟਸ ਪਾਸ ਨਹੀਂ ਕਰ ਸਕਦੇ, ਇਸ ਮਾਮਲੇ ਵਿੱਚ ਪਿੱਤਰਸੱਤਾ ਦੇ ਮੱਦਈ ਤੇ ਆਪੂੰ ਬਣੇ ਮੀਡੀਆ ਦੇ ਝੰਡਾਬਰਦਾਰ ਉਹਨਾਂ ਨੂੰ ਹੱਲਾ ਸ਼ੇਰੀ ਦੇ ਕੇ ਖੁਦਕਸ਼ੀ ਨੂੰ ਸ਼ਹੀਦੀ ਦਾ ਜਾਮਾ ਪਹਿਨਾ ਕੇ ਸਮਾਜ ਨੂੰ ਇੱਕ ਹੋਰ ਗਿਰਾਵਟ ਵਾਲਾ ਮੋੜ ਦੇ ਰਹੇ ਹਨ। ਜਿਹੜੀਆਂ ਖੁਦਕਸ਼ੀਆਂ ਕੈਨੇਡਾ ਪਹੁੰਚ ਕੇ ਬਹੁਤ ਸਾਰੇ ਬੱਚਿਆਂ ਨੇ ਕੀਤੀਆਂ ਹਨ, ਉਹਨਾਂ ਦਾ ਇਲਜ਼ਾਮ ਲਾਉਣ ਲਈ ਕਿਹੜੀਆਂ ਬੇਅੰਤਾਂ ਲੱਭੋਂਗੇ, ਇਹ ਸਵਾਲ ਹੈ? ਜਿਹੜਾ ਬੱਚਾ ਚਾਹੇ ਕੁੜੀ ਹੋਵੇ ਜਾਂ ਮੁੰਡਾ ਉਹ ਵਿਹਲਾ ਰਹਿ ਕੇ ਸਿਰਫ਼ ਇੱਕ ਟੈਸਟ ਪਾਸ ਨਹੀਂ ਕਰ ਸਕਦਾ ਉਹ ਜ਼ਿੰਦਗੀ ਦਾ ਸੰਘਰਸ਼ਮਈ ਟੈਸਟ ਕਦੇ ਪਾਸ ਨਹੀਂ ਕਰੇਗਾ, ਇਹ ਮਾਪਿਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਰਿਸ਼ਤੇ ਖ੍ਰੀਦੇ ਨਹੀਂ ਜਾਂਦੇ, ਬਣਾਏ ਜਾਂਦੇ ਹਨ, ਜੀਵੇ ਜਾਂਦੇ ਹਨ। ਕੁੱਝ ਇਵੇਂ ਦੇ ਬਣਾਏ ਰਿਸ਼ਤੇ ਸਿਰੇ ਵੀ ਚੜ੍ਹਦੇ ਹਨ ਜੋ ਆਪਸ ਵਿੱਚ ਅਡਜਸਟਮੈਂਟ ਕਰ ਲੈਂਦੇ ਹਨ, ਕੁੱਝ ਸਾਰੀ ਉਮਰ ਅਣਚਾਹੇ ਢੋਈ ਵੀ ਜਾਂਦੇ ਹਨ। ਇਹ ਅਣਜੋੜ ਰਿਸ਼ਤਿਆਂ ਦੀ ਨੀਂਹ

ਸੌਦਿਆਂ 'ਤੇ ਨਿਰਧਾਰਤ ਨਹੀਂ ਹੋਣੀ ਚਾਹੀਦੀ ਜਦ ਕਿ ਦੂਜੇ ਪਾਸੇ ਮਾਪੇ ਆਪਣੇ ਢਿੱਡੋਂ ਜੰਮੇ ਬੱਚਿਆਂ ਦੇ ਨਾਂ 'ਤੇ ਆਪਣੇ ਜਿਉਂਦੇ ਜੀਅ ਕਦੇ ਜ਼ਮੀਨ ਦਾ ਇੱਕ ਊਰਾ ਵੀ ਨਾਂ ਨਹੀਂ ਲਵਾਉਂਦੇ ਕਿਉਂਕਿ ਉਹਨਾਂ ਨੂੰ ਯਕੀਨ ਨਹੀਂ ਹੁੰਦਾ ਕਿ ਸਾਡੇ ਬੱਚੇ ਸਾਨੂੰ ਬੁਢਾਪੇ ਵਿੱਚ ਰੋਟੀ ਦੇ ਦੇਣਗੇ। ਪਰ ਉਹੀ ਬਿਗਾਨੇ ਧੀ ਜਾਂ ਪੁੱਤਰ 'ਤੇ ਜੇ ਯਕੀਨ ਕਰਦੇ ਹਨ ਤਾਂ ਦ੍ਰਿੜਤਾ ਨਾਲ਼ ਬੱਚਿਆਂ ਵਿੱਚ ਪਿਆਰ ਦੀ ਭਾਵਨਾ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਜੇ ਮੰਨ ਲਿਆ ਜਾਵੇ ਕਿ ਮੁੰਡਿਆਂ ਨਾਲ਼ ਧੋਖਾ ਜ਼ਿਆਦਾ ਹੋ ਰਿਹਾ ਹੈ ਇਸ ਦਾ ਕਾਰਣ ਉਹਨਾਂ ਨੂੰ ਜ਼ਿਆਦਾ ਲਾਡਲੇ ਰੱਖ ਕੇ ਇਹੀ ਜ਼ਮੀਨਾਂ ਦੀ ਮਾਲਕੀ ਨੇ ਖੋਖਲੇ ਰੱਖਣ ਵਿੱਚ ਹਾਅਦਾ ਨਾਹਰਾ ਮਾਰਿਆ ਹੈ। ਤਦੇ ਕੁੜੀਆਂ ਪੜ੍ਹਾਈ ਵਿੱਚ ਅੱਵਲ ਦਰਜ਼ੇ ਤੇ ਆ ਰਹੀਆਂ ਹਨ ਕਿਉਂਕਿ ਉਹਨਾਂ ਨੂੰ ਮਾਪਿਆਂ 'ਤੇ ਆਸ ਨਹੀਂ ਹੁੰਦੀ ਕਿ ਉਹ ਜ਼ਮੀਨ ਦਾ ਕੋਈ ਹਿੱਸਾ ਵੇਚ ਕੇ ਉਹ ਦੇ 'ਤੇ ਖ਼ਰਚ ਕਰ ਦੇਣਗੇ ਕਿਉਂਕਿ ਸਾਡੇ ਸਮਾਜ ਵਿੱਚ ਔਰਤ ਦੀ ਜਗ੍ਹਾ ਮਰਦ ਤੋਂ ਥੱਲੇ ਰੱਖੀ ਜਾਂਦੀ ਹੈ। ਪਿੱਤਰਸੱਤਾ ਦੀ ਹੈਂਕੜਬਾਜ਼ੀ ਨੂੰ ਤਾਂ ਮਸਾਂ ਮੁੱਦਾ ਮਿਲਿਆ ਹੈ ਕਿ ਔਰਤ ਜਾਤ ਦੀ ਕਿਵੇਂ ਬਦਖੋਹੀ ਕੀਤੀ ਜਾਵੇ। ਕੀ ਅੱਜ ਤੱਕ ਮਰਦਾਂ ਨੇ ਕੋਈ ਔਰਤਾਂ ਨਾਲ ਧੋਖਾ ਨਹੀਂ ਕੀਤਾ? ਜਿਹੜੀਆਂ ਦੋ ਦੋ ਬੱਚਿਆਂ ਦੀਆਂ ਮਾਵਾਂ ਆਪਣੇ ਪੇਕਿਆਂ ਦੇ ਘਰ ਭਾਈਆਂ ਭਰਜਾਈਆਂ ਦੇ ਸਾਰੀ ਉਮਰ ਛਿੱਤਰਾਂ 'ਤੇ ਰੋਟੀਆਂ ਖਾਂਦੀਆਂ ਹਨ, ਕਿਸੇ ਨੇ ਕਦੇ ਉਹਨਾਂ ਦੀ ਸਾਰ ਲਈ ਹੈ? ਜਿਹੜੇ ਕਈ ਕਈ ਵਿਆਹ ਕਰਾ ਕੇ ਕੁੜੀਆਂ ਉੱਥੇ ਛੱਡ ਕੇ ਆ ਜਾਂਦੇ ਨੇ ਤੇ ਇੱਥੇ ਘਰ ਪਤਨੀ ਤੇ ਬੱਚਿਆਂ ਦੇ ਬਾਪ ਹੁੰਦੇ ਹਨ, ਉਹਨਾਂ ਦੀ ਕਦੇ ਛਾਣਬੀਣ ਕੀਤੀ? ਪਰ ਹਾਂ ਉੱਥੇ ਵੀ ਇਹੀ ਕਿਹਾ ਜਾਂਦਾ ਹੋਵੇਗਾ ਕਿ ਇਹ ਦੇ ਵਿੱਚ ਹੀ ਕੁੜੀ ਦੀ ਹੀ ਗ਼ਲਤੀ ਹੋਵੇਗੀ ਤਾਂ ਹੀ ਛੱਡ ਗਿਆ। ਹਾਂ ਉਹ ਲੋਕ ਜੋ ਅੱਜ ਤੱਕ ਔਰਤ ਨੂੰ ਆਪਣੀ ਨਿੱਜੀ ਜਾਇਦਾਦ ਹੀ ਸਮਝਦੇ ਆਏ ਹਨ। ਸਮਝਦੇ ਹਨ ਕਿ ਇਹ ਤਾਂ ਜੂਏ ਵਿੱਚ ਕਦੇ ਦਰੋਪਦੀ ਬਣ ਵਿਕ ਸਕਦੀ ਹੈ ਤੇ ਜਿਸ ਨੂੰ ਕਦੇ ਸੀਤਾ ਬਣ ਕੇ ਅਗਨੀ ਪ੍ਰਿਖਿਆ ਪਾਸ ਕਰਨੀ ਪੈਂਦੀ ਹੈ, ਉਹ ਉਫ਼ ਨਹੀਂ ਸੀ ਕਰਦੀ ਪਰ ਉਹ ਇਹ ਭੁੱਲ ਗਏ ਕਿ ਇਸ ਵਾਰ ਕੁੜੀਆਂ ਨੂੰ ਉਹ ਕਿੱਥੇ ਭੇਜ ਰਹੇ ਹਨ? ਜਿੱਥੇ ਔਰਤ ਤੇ ਮਰਦ ਵਿੱਚ ਬਹੁਤਾ ਅੰਤਰ ਨਹੀਂ ਹੈ, ਸਾਡਾ ਹੀ ਅਖਾਣ ਹੈ ਨਾ, ਜਿਹੋ ਜਿਹਾ ਦੇਸ਼ ਉਹੋ ਜਿਹਾ ਭੇਸ। ਫਿਰ ਇਹ ਔਰਤ ਤੇ ਲਾਗੂ ਕਿਉਂ ਨਹੀਂ ਹੋਵੇਗਾ? ਸੋਚਣ ਵਾਲੀ ਗੱਲ ਹੈ। ਇਹ ਸਾਰੀਆਂ ਗੱਲਾਂ ਕਰਕੇ ਮੇਰਾ ਕੋਈ ਆਦਮੀ ਜਾਂ ਔਰਤ ਨੂੰ ਥੱਲੇ ਉੱਤੇ ਕਰਨ ਦੀ ਗੱਲ ਨਹੀਂ ਹੈ ਸਗੋਂ ਸਾਨੂੰ ਮਨੁੱਖਤਾ ਦਾ ਵਰਤਾਰਾ ਸਮਝਣ ਦੀ ਗੱਲ ਹੈ ਕਿ ਹਰ ਮਨੁੱਖ 'ਤੇ ਆਲ਼ਾ ਦੁਆਲ਼ਾ, ਪਿਆਰ ਸਬੰਧ, ਉਮਰ ਦਾ ਤਕਾਜ਼ਾ, ਆਰਥਿਕ, ਸਮਾਜਿਕ, ਸਭਿਆਚਾਰਕ ਕਦਰਾਂ ਕੀਮਤਾਂ ਦਾ ਅਸਰ ਪੈਂਦਾ ਹੈ ਇਸ ਕਰਕੇ ਇਸ ਵਿੱਚ ਉਹ ਮਰਦ ਜਾਂ ਔਰਤ

ਇਕੱਲਾ ਜ਼ਿੰਮੇਵਾਰ ਨਹੀਂ ਹੁੰਦਾ। ਅਸੀਂ ਲੋਕ ਜਿਨ੍ਹਾਂ ਨੇ ਇਹ ਜੂਆ ਖੇਡਿਆ ਹੁੰਦਾ ਹੈ ਅਸੀਂ ਖ਼ਰਚੇ ਪੈਸੇ ਦਾ ਮੁਨਾਫ਼ਾ ਜਲਦੀ ਤੋਂ ਜਲਦੀ ਲੈਣਾ ਚਾਹੁੰਦੇ ਹਾਂ, ਸੋ ਰਿਸ਼ਤਿਆਂ ਵਿੱਚ ਸਬਰ ਸੰਤੋਖ ਤੋਂ ਕੰਮ ਲੈ ਕੇ ਹੀ ਕਿਸੇ ਚੰਗੇ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ।

ਆਪਾਂ ਗੱਲ ਸ਼ੁਰੂ ਕੀਤੀ ਸੀ, ਟੀ ਵੀ ਚੈਨਲਾਂ ਦੀ ਤੇ ਸ਼ੋਸ਼ਲ ਮੀਡੀਏ ਦੀ, ਉਹਨਾਂ ਨੇ ਯੂ ਟਿਊਬ ਚੈਨਲਾਂ ਤੇ ਸ਼ਨਸ਼ਨੀਖੇਜ਼ ਕੈਪਸ਼ਨ ਬਣਾ ਬਣਾ ਕੇ ਬੇਅੰਤ ਨੂੰ ਡਿਪੋਰਟ ਤੇ ਲਵਪ੍ਰੀਤ ਨੂੰ ਇਨਸਾਫ਼ ਦੀ ਬਹਿਸ ਨੂੰ ਖੰਭਾਂ ਤੋਂ ਡਾਰਾਂ ਬਣਾਉਣ ਦੀ ਕੋਈ ਕਸਰ ਨਹੀਂ ਛੱਡੀ। ਡਿਪੋਰਟ ਕਰਨ ਦਾ ਫੈਸਲਾ ਕੈਨੇਡੀਅਨ ਕੋਰਟਾਂ ਨੇ ਕਰਨਾ ਹੈ, ਮੇਰਾ ਖ਼ਿਆਲ ਹੈ ਕਿ ਕੁੜੀ ਨੂੰ ਛੱਜ ਵਿੱਚ ਛੱਟ ਕੇ ਲਵਪ੍ਰੀਤ ਨੂੰ ਇਨਸਾਫ਼ ਤਾਂ ਦਵਾ ਹੀ ਦਿੱਤਾ ਹੈ ਕਿਉਂਕਿ ਤੁਸੀਂ ਇੰਨਾ ਕੁ ਹੀ ਕਰਨਾ ਚਾਹੁੰਦੇ ਸੀ। ਮੈਨੂੰ ਵੀ ਅਫ਼ਸੋਸ ਹੈ ਕਿ ਬੱਚੇ ਦੀ ਜਾਨ ਇੰਦਾਂ ਨਹੀਂ ਸੀ ਜਾਣੀ ਚਾਹੀਦੀ। ਪਰ ਹੁਣ ਸਮਝ ਨਹੀਂ ਆ ਰਹੀ ਕਿ ਜੇ ਕੁੜੀ ਡਿਪੋਰਟ ਹੋ ਕੇ ਪੰਜਾਬ ਦੀਆਂ ਗਲ਼ੀਆਂ ਵਿੱਚ ਰੁਲ਼ਦੀ ਨਜ਼ਰ ਆਵੇਗੀ ਤਾਂ ਪੰਜਾਬੀਆਂ ਦਾ ਮਾਣ ਨਾਲ਼ ਕਿਸ ਤਰ੍ਹਾਂ ਸਿਰ ਉੱਚਾ ਹੋਵੇਗਾ? ਜੇ ਚਲੋ ਕੁੜੀ ਵੀ ਖੁਦਕਸ਼ੀ ਕਰ ਲੈਂਦੀ ਹੈ ਤਾਂ ਸਮਾਜ ਦਾ ਸੁਧਾਰ ਹੋ ਜਾਵੇਗਾ? ਚੰਗਾ ਹੁੰਦਾ ਜੇ ਮੁੰਡੇ ਦੇ ਮਾਪੇ ਉਹਨੂੰ ਚੰਗੀ ਪ੍ਰਵਰਿਸ਼ ਦਿੰਦੇ ਕਿ ਮੁਸੀਬਤਾਂ ਨਾਲ ਟਾਕਰਾ ਕਿਵੇਂ ਕਰੀਦਾ ਹੈ, ਹਾਰ ਨਹੀਂ ਮੰਨਣੀ ਜਾਂ ਹੁਣ ਉਹ ਆਪਣੇ ਕਰਜ਼ਾ ਉਤਾਰਨ ਦੀ ਗੱਲ ਕਰਦੇ। ਕੀ ਇਹ ਧੋਖਾਧੜੀਆਂ ਵਾਲਾ ਪਹਿਲਾ ਮਾਮਲਾ ਹੈ? ਅਨੇਕਾਂ ਹੀ ਮੁੰਡਿਆਂ ਨੇ ਏਜੰਟਾਂ ਕੋਲ ਲੱਖਾਂ ਡਾਲਰ ਗੁਆਏ ਹਨ ਕਿਸੇ ਨੇ ਨੀ ਕਿਹਾ ਕਿ ਮੈਂ ਉਸ ਏਜੰਟ ਦੇ ਗੋਲ਼ੀ ਮਾਰ ਦੂੰ, ਸਭ ਚੁੱਪ ਕਰ ਕੇ ਆਪਣੇ ਕੰਮੀਂ ਲੱਗ ਕੇ ਬਹਿ ਗਏ। ਨਾ ਹੀ ਕੋਈ ਮੀਡੀਆ ਅੱਗੇ ਆਇਆ ਹੈ। ਬਹੁਤ ਸਾਰੀਆਂ ਕੁੜੀਆਂ ਜਾਂ ਮੁੰਡੇ ਜੋ ਅੱਜ ਕੁੜੀ ਦੇ ਖਿਲਾਫ਼ ਵੀਡਿਓ ਪਾ ਪਾ ਕੇ ਆਪਣੇ ਚੈਨਲਾਂ ਨੂੰ ਅਬਾਦ ਕਰਨਾ ਚਾਹੁੰਦੇ ਹਨ, ਉਹ ਜ਼ਰੂਰ ਆਪਣੇ ਅੰਦਰ ਝਾਤ ਮਾਰ ਕੇ ਦੇਖਣ ਕਿ ਲੋਕਾਂ ਦੀਆਂ ਇਹਨਾਂ ਹਾਲਤਾਂ, ਮੰਦਹਾਲੀ ਤੇ ਬਦਹਾਲੀ ਦਾ ਜ਼ਿੰਮੇਵਾਰ ਕੌਣ ਹੈ? ਜੋ ਲੋਕ ਸਮਾਜ ਵਿੱਚ ਪੈਸੇ ਦੀ ਕਾਣੀ ਵੰਡ ਕਰ ਰਹੇ ਹਨ, ਜਿਸ ਕਾਰਣ ਗ਼ਰੀਬੀ ਤੇ ਅਮੀਰੀ ਦਾ ਪਾੜਾ ਦਿਨੋ ਦਿਨ ਵਧ ਰਿਹਾ ਹੈ। ਉਹ ਕਾਰਪੋਰੇਸ਼ਨਾਂ ਜੋ ਸਾਰੇ ਸੰਸਾਰ ਤੇ ਕਬਜ਼ਾ ਕਰਨ ਜਾ ਰਹੀਆਂ ਹਨ, ਜਿਨ੍ਹਾਂ ਨੇ ਸਾਡੀ ਖੁਸ਼ਹਾਲ ਕਿਸਾਨੀ ਨੂੰ ਮੂਧੇ ਮੂੰਹ ਸਿੱਟਿਆ ਹੈ। ਐਨੀਆਂ ਟਾਹਰਾਂ ਮਾਰਨ ਵਾਲਾ ਗੈਰ ਜ਼ਿੰਮੇਵਾਰ ਮੀਡੀਆ ਜੋ ਬਿਨਾਂ ਕਿਸੇ ਪੜਤਾਲ ਦੇ ਦੋਸ਼ ਮੜ੍ਹ ਮੜ੍ਹ ਕੇ ਕੁੜੀ ਨੂੰ ਭੰਡ ਰਿਹਾ ਹੈ ਤੇ ਆਪਣਾ ਫੈਸਲਾ ਸੁਣਾ ਰਿਹਾ ਹੈ। ਜੇ ਉਹ ਐਨੀ ਹੀ ਹਿੰਮਤ ਕਿਸਾਨੀ ਸੰਘਰਸ਼ ਵਿੱਚ ਦਿੱਲੀ ਦੀਆਂ ਬਰੂੰਹਾਂ ਤੇ ਮਰ ਰਹੇ ਕਿਸਾਨਾਂ, ਹੱਕਾਂ ਲਈ ਲੜਦੇ ਆਧਿਆਪਕਾਂ, ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਲਈ ਲੜਦੇ

ਮਾਪਿਆਂ, ਯੁਨੀਵਰਸਿਟੀਆਂ ਦੇ ਖਾਲ਼ੀ ਹੋਣ ਦੇ ਖਦਸ਼ਿਆਂ, ਸਰਕਾਰੀ ਸਕੂਲਾਂ ਦੇ ਉਜਾੜੇ ਦੀਆਂ ਕਨਸੋਆਂ, ਜੇਲ੍ਹਾਂ ਵਿੱਚ ਡੱਕੇ ਬੁੱਧੀਜੀਵੀਆਂ, ਡਰੱਗਾਂ ਨਾਲ ਮਰ ਰਹੀ ਨੌਜਵਾਨੀ ਦੇ ਕਾਰਣਾਂ, ਫਾਸ਼ੀਵਾਦੀ ਸਰਕਾਰ ਦੀਆਂ ਧਰਮਾਂ, ਜਾਤਾਂ ਤੇ ਲੜਾਉਣ ਦੀਆਂ ਸਾਜਿਸ਼ਾਂ, ਕੋਵਿਡ ਮਹਾਂਮਾਰੀ ਵਿੱਚ ਕੁਪੋਸ਼ਣ ਦਾ ਸ਼ਿਕਾਰ ਲੋਕਾਈ, ਦੇਸ਼ ਨੂੰ ਕਾਰਪੋਰੇਸ਼ਨਾਂ ਹੱਥ ਵੇਚੇ ਜਾਣ ਦੀਆਂ ਨੀਤੀਆਂ ‘ਤੇ ਐਨੀ ਸੁਹਿਰਦਤਾ (ਜਿੰਨੀ ਸੁਹਿਰਦਤਾ ਇਸ ਨਿੱਜੀ ਮਸਲੇ ਵਿੱਚ ਦਿਖਾਈ ਹੈ) ਨਾਲ ਕੰਮ ਕਰਦਾ ਤਾਂ ਹੁਣ ਨੂੰ ਪੰਜਾਬ ਦੀਆਂ ਸਰਕਾਰਾਂ ਜਾਂ ਮੋਦੀ ਸਰਕਾਰ ਦਬਾਅ ਨਾਲ ਹੀ ਲੋਕਾਂ ਦੀਆਂ ਮੰਗਾਂ ਮੰਨ ਲੈਂਦੀ ਪਰ ਇਹ ਵਿਕਾਊ ਮੀਡੀਆ (ਕੁੱਝ ਕੁ ਨੂੰ ਛੱਡ ਕੇ) ਉਹ ਗੱਲ ਹੀ ਨਹੀਂ ਕਰਦਾ ਜੋ ਸਾਰੀ ਲੋਕਾਈ ਨੂੰ ਜੀਣ ਯੋਗ ਹਾਲਤਾਂ ਦੇ ਸਮਰੱਥ ਕਰੇ, ਇਹ ਤਾਂ ਸਾਰੀ ਦਿਹਾੜੀ ਲੀਡਰਾਂ ਦੀ ਆਪਸੀ ਨੋਕ ਝੋਕ ਜਾਂ ਲੋਕਾਂ ਦੇ ਨਿੱਜੀ ਮਸਲਿਆਂ ਨੂੰ ਉਛਾਲ ਉਛਾਲ ਕੇ ਸਵਾਦ ਲੈ ਰਿਹਾ ਹੈ ਤੇ ਲੋਕ ਵੀ ਮਜ਼ਾ ਲੈ ਰਹੇ ਹਨ, ਇੱਕ ਬੱਚੀ ਦੀਆਂ ਮਸਾਲੇ ਲੱਗੀਆਂ ਖ਼ਬਰਾਂ ਸੁਣ ਸੁਣ ਕੇ। ਇਹ ਸਾਡੇ ਸਮਾਜ ਦੀ ਗਿਰਾਵਟ ਦਾ ਨਮੂਨਾ ਹੈ ਸਾਨੂੰ ਸੁਚੇਤ ਹੋਣਾ ਚਾਹੀਦਾ ਤੇ ਕਾਰਣਾਂ ਨੂੰ ਸਮਝ ਕੇ ਹਾਂ-ਪੱਖੀ ਸਮਝ ਬਣਾਉਣੀ ਚਾਹੀਦੀ ਹੈ।ਸਰਕਾਰਾਂ ਸਾਨੂੰ ਆਪਸ ਵਿੱਚ ਉਲਝੇ ਦੇਖ ਖੁਸ਼ ਹੁੰਦੀਆਂ ਹਨ ਕਿਉਂਕਿ ਉਹਨਾਂ ਨੂੰ ਸਾਨੂੰ ਮੁੱਦਿਆਂ ਤੋਂ ਪਰੇ ਕਰਨ ਦੀ ਲੋੜ ਹੀ ਨਹੀਂ ਰਹਿੰਦੀ ਕਿਉਂਕਿ ਅਸੀਂ ਤਾਂ ਆਪਣੇ ਆਪ ਹੀ ਆਪਸ ਵਿੱਚ ਲੜ ਰਹੇ ਹਾਂ।

□□□

# ਅੰਤਰਰਾਸ਼ਟਰੀ ਵਿਦਿਆਰਥੀ – ਮੁਸ਼ਕਲਾਂ ਦਰ ਮੁਸ਼ਕਲਾਂ

ਜਦੋਂ ਤੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਭਾਰਤ ਤੋਂ ਖ਼ਾਸ ਕਰ ਪੰਜਾਬ ਤੋਂ ਵਿਦੇਸ਼ਾਂ ਵਿੱਚ ਬਹੁਤੀ ਗਿਣਤੀ ਵਿੱਚ ਪੜ੍ਹਨ ਆਉਣਾ ਸ਼ੁਰੂ ਕੀਤਾ ਹੈ। ਉਦੋਂ ਤੋਂ ਹੀ ਉਹ ਥੋੜ੍ਹਾ ਥੋੜ੍ਹਾ ਚਿਰ ਬਾਅਦ ਮੀਡੀਏ ਦੀਆਂ ਸੁਰਖ਼ੀਆਂ ਬਣਦੇ ਆ ਰਹੇ ਹਨ, ਪਰ ਹੁਣ ਇਹ ਸਿਖ਼ਰ ਤੇ ਪਹੁੰਚ ਚੁੱਕੀਆਂ ਹਨ। ਜਦੋਂ ਅਸੀਂ ਦੇਖ ਰਹੇ ਹਾਂ ਕਿ ਕੈਨੇਡਾ ਦੇ ਕਿਊਬੈੱਕ ਦੇ ਤਿੰਨ ਕਾਲਜਾਂ ਨੇ ਆਪਣੇ ਆਪ ਨੂੰ ਦੀਵਾਲੀਆ ਘੋਸ਼ਿਤ ਕਰਕੇ, ਵਿਦਿਆਰਥੀਆਂ ਨੂੰ ਡੂੰਘੀ ਮੰਝਧਾਰ ਵਿੱਚ ਛੱਡ ਕੇ ਉਹਨਾਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਹੈ ਤਾਂ ਇਸ ਤਰ੍ਹਾਂ ਧੋਖਾਧੜੀ ਦੀ ਹੱਦ ਟੁੱਟ ਗਈ ਹੈ। ਇਸੇ ਤਰ੍ਹਾਂ ਕੁੱਝ ਦਿਨ ਪਹਿਲਾਂ ਵਿਦਿਆਰਥੀਆਂ ਤੇ ਮਾਪਿਆਂ ਦੇ ਸਿਰ ਤੇ ਮੰਡਰਾਉਂਦੀ ਕੜਕਦੀ ਬਿਜਲੀ ਵਰਗੀ ਖ਼ਬਰ ਕਿ ਅੰਤਰਰਾਸ਼ਟਰੀ ਵਿਦਿਆਰਥਣਾਂ ਦੇਹ ਵਿਉਪਾਰ ਦੇ ਧੰਦੇ ਵਿੱਚ ਆਪਣੀ ਮਰਜ਼ੀ ਨਾਲ਼ ਜਾ ਰਹੀਆਂ ਹਨ ਜੋ ਪਹਿਲਾਂ ਅਖ਼ਬਾਰ ਦੀ ਸੁਰਖ਼ੀ ਬਣੀ ਤੇ ਬਾਅਦ ਵਿੱਚ ਸੋਸ਼ਲ ਮੀਡੀਏ ‘ਤੇ ਅੱਗ ਵਾਂਗ ਫੈਲੀ ਤੇ ਵਿਦਿਆਰਥਣਾਂ ਨੂੰ ਸ਼ੱਕ ਦੀ ਨਜ਼ਰ ਵਿੱਚ ਦੇਖਿਆ ਜਾਣ ਲੱਗਾ। ਇਹ ਪਹਿਲੀਆਂ ਖ਼ਬਰਾਂ ਨਹੀਂ ਹਨ, ਇਸ ਤੋਂ ਪਹਿਲਾਂ ਵੀ ਬਹੁਤ ਕੁੱਝ ਹੋਇਆ ਹੈ। ਇਸ ਤਰ੍ਹਾਂ ਦੀਆਂ ਦਿਲ ਕੰਬਾਊ ਖ਼ਬਰਾਂ ਤੋਂ ਬਾਅਦ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਇਹਨਾਂ ਸਮੱਸਿਆਵਾਂ ਦੀਆਂ ਜੜ੍ਹਾਂ ਨੂੰ ਟੋਲਣ ਦੀ ਕੋਸ਼ਿਸ਼ ਕਰੀਏ ਨਾ ਕਿ ਇਹਨਾਂ ਬੱਚਿਆਂ ਨੂੰ ਕਟਹਿਰੇ ਵਿੱਚ ਲਿਆ ਕੇ ਬਿਨਾਂ ਸੋਚੇ ਸਮਝੇ ਦੋਸ਼ੀ ਗਰਦਾਨ ਦੇਈਏ। ਇਹ ਜ਼ਰੂਰ ਦੇਖੀਏ ਕਿ ਨੁਕਸ ਕਿੱਥੇ ਹੈ? ਇਸ ਵਿਸ਼ੇ ਨੂੰ ਵਿਚਾਰਨ ਤੋਂ ਵੀ ਪਹਿਲਾਂ ਕੁੱਝ ਸਵਾਲ ਅਜਿਹੇ ਹਨ ਜੋ ਸਾਡੇ ਸਾਹਮਣੇ ਮੂੰਹ ਅੱਡੀ ਖੜ੍ਹੇ ਹਨ ਜੋ ਸਾਰੇ ਸਮਾਜ ਵਿੱਚ ਆ ਰਹੀ ਗਿਰਾਵਟ ਚਾਹੇ ਉਹ ਵਿਕਸਤ, ਅਣਵਿਕਸਤ ਜਾਂ ਵਿਕਾਸਸ਼ੀਲ ਦੇਸ਼ ਹੋਣ, ਸਭ ਵਿੱਚ ਦੇਖਣ ਨੂੰ ਮਿਲ ਰਹੀ ਹੈ। ਬੇਸ਼ੱਕ ਇਸ ਦੇ ਹੋਰ ਬਹੁਤ ਸਾਰੇ ਕਾਰਣ ਹਨ ਪਰ ਸਾਡਾ ਅੱਜ ਦਾ ਮੁੱਦਾ ਸਿਰਫ਼ ਤੇ ਸਿਰਫ਼ ਭਾਰਤ ਤੋਂ ਕੈਨੇਡਾ ਆ ਰਹੇ ਵਿਦਿਆਰਥੀਆਂ ਦਾ ਹੈ। ਬਹੁਤ ਸਾਰੇ ਸਵਾਲ ਪੈਦਾ ਹੋ ਰਹੇ ਹਨ ਕਿ ਵਿਦਿਆਰਥੀ ਬਾਹਰਲੇ ਦੇਸ਼ਾਂ ਨੂੰ ਕਿਉਂ ਆ ਰਹੇ ਹਨ? ਮਾਪੇ ਆਪਣੀ ਜ਼ਿੰਦਗੀ ਦੀ ਵਡਮੁੱਲੀ ਕਮਾਈ ਬੱਚਿਆਂ ਨੂੰ ਅੱਖੋਂ ਪਰੋਖੇ ਕਿਉਂ ਕਰ ਰਹੇ ਹਨ? ਉਹ ਆਪਣੀ ਜ਼ਿੰਦਗੀ ਦਾ ਸਰਮਾਇਆ ਜਾਂ ਜ਼ਮੀਨਾਂ ਵੇਚ ਕੇ ਬੱਚੇ ਕੈਨੇਡਾ ਕਿਉਂ ਭੇਜ ਰਹੇ ਹਨ? ਕੀ ਬੱਚੇ ਕੈਨੇਡਾ ਆ ਕੇ ਬਹੁਤ ਸੁਖੀ ਜ਼ਿੰਦਗੀ ਬਤੀਤ ਕਰ ਰਹੇ ਹਨ? ਕੀ ਉਹ ਇੱਥੇ ਆ ਕੇ ਜ਼ਿੰਦਗੀ ਦੀਆਂ ਮੁਸ਼ਕਲਾਂ ਤੋਂ ਦੂਰ ਕਿਨਾਰਾ ਕਰ ਜਾਂਦੇ

ਹਨ? ਕੈਨੇਡਾ ਸਰਕਾਰ ਨੇ ਕੀ ਬੱਚਿਆਂ ਦੇ ਫ਼ਾਇਦੇ ਲਈ, ਉਹਨਾਂ ਨੂੰ ਇੱਥੇ ਆਉਣ ਦੀ ਖੁੱਲ੍ਹ ਦੇ ਰੱਖੀ ਹੈ? ਸਰਕਾਰਾਂ ਦਾ ਇਸ ਵਿੱਚ ਅਸਲ ਰੋਲ ਕੀ ਹੈ? ਆਦਿ। ਇਸ ਤਰ੍ਹਾਂ ਦੇ ਹੋਰ ਬਹੁਤ ਪ੍ਰਸ਼ਨ ਹਨ ਜਿਨ੍ਹਾਂ 'ਤੇ ਆਪਾਂ ਗੱਲ ਕਰਾਂਗੇ।

ਪੰਜਾਬ ਵਿੱਚ ਜਦੋਂ ਬੱਚਾ ਢਾਈ ਸਾਲ ਦਾ ਹੋ ਜਾਂਦਾ ਹੈ ਤਾਂ ਮਾਪਿਆਂ ਨੂੰ ਉਸ ਨੂੰ ਸਕੂਲ ਭੇਜਣ ਦਾ ਫ਼ਿਕਰ ਹੀ ਨਹੀਂ ਪੈ ਜਾਂਦਾ ਸਗੋਂ ਦਸ ਕਿੱਲੋ ਵਜ਼ਨ ਉਹ ਦੇ ਮੋਢਿਆਂ 'ਤੇ ਰੱਖ ਕੇ ਪ੍ਰਾਈਵੇਟ ਸਕੂਲਾਂ ਵਿੱਚ ਅੰਨ੍ਹੀਆਂ ਫੀਸਾਂ ਦੇ ਕੇ ਸਿਰਫ਼ ਅੰਗ਼ਰੇਜ਼ੀ ਸਿਖਾਉਣ ਲਈ ਭੇਜਿਆ ਜਾਂਦਾ ਹੈ। ਜਦ ਕਿ ਬੱਚੇ ਦੀ ਜ਼ਿੰਦਗੀ ਦੇ ਪਹਿਲੇ ਪੰਜ ਸਾਲ ਆਪਣੀ ਮਾਂ ਬੋਲੀ ਨਾਲ ਆਪਣੇ ਮਾਪਿਆਂ ਦੀ ਛਤਰ ਛਾਇਆ ਥੱਲੇ ਵਧਣ ਫੁੱਲਣ ਲਈ ਚਾਹੀਦੇ ਹੁੰਦੇ ਹਨ। ਪਰ ਭਾਰਤ ਦੀਆਂ ਸਰਕਾਰਾਂ ਨੇ ਆਪਣੀ ਸਰਕਾਰੀ ਸਕੂਲਾਂ ਪ੍ਰਤੀ ਜ਼ਿੰਮੇਵਾਰੀ ਨੂੰ ਗ਼ਲੋਂ ਲਾਹ ਕੇ, ਮਨੁੱਖ ਦੀ ਖਾਣ-ਪੀਣ ਜਾਂ ਰਹਿਣ-ਸਹਿਣ ਦੀ ਮੁੱਢਲੀ ਲੋੜ ਦੀ ਤਰ੍ਹਾਂ ਗਿਆਨ ਹਾਸਲ ਕਰਨ ਦੀ ਲੋੜ ਦਾ ਅਜਿਹਾ ਬਜ਼ਾਰੀਕਰਣ ਕਰ ਦਿੱਤਾ ਹੈ ਕਿ ਹੁਣ ਪ੍ਰਾਈਵੇਟ ਵੱਡੇ ਛੋਟੇ ਸਕੂਲਾਂ ਵਿੱਚ ਮਹਿੰਗੀ ਸਸਤੀ ਪੜ੍ਹਾਈ ਵਿਕ ਰਹੀ ਹੈ। ਹਰ ਮਾਪਾ ਆਪਣੇ ਤਨੋਂ ਮਨੋਂ ਇਹ ਕੋਸ਼ਿਸ਼ ਕਰ ਰਿਹਾ ਹੈ ਕਿ ਸਾਡੇ ਬੱਚੇ ਨੂੰ ਅੰਗ਼ਰੇਜ਼ੀ ਆ ਜਾਵੇ ਤਾਂ ਕਿ ਆਈਲੈਟਸ ਦਾ ਇਮਤਿਹਾਨ ਦੇ ਕੇ ਬਾਹਰਲੇ ਦੇਸ਼ ਦਾ ਬੂਹਾ ਖੜਕਾ ਸਕੇ। ਉਸ ਦੇ ਵੀ ਕਾਰਣ ਹਨ ਕਿ ਅਗਰ ਉਥੇ ਮਾਪੇ ਔਖੇ ਸੌਖੇ ਬੱਚਿਆਂ ਨੂੰ ਪੜ੍ਹਾ ਵੀ ਲੈਣ ਫਿਰ ਵੀ ਰੁਜ਼ਗਾਰ ਨਹੀਂ ਮਿਲਦਾ, ਨਹੀਂ ਤਾਂ ਪੜ੍ਹਾਈ ਐਨੀ ਮਹਿੰਗੀ ਹੋ ਗਈ ਹੈ ਕਿ ਗ਼ਰੀਬ ਮਾਪਿਆਂ ਦੇ ਵਸ ਦਾ ਰੋਗ ਹੀ ਨਹੀਂ ਕਿ ਉਹ ਬੱਚਿਆਂ ਨੂੰ ਪੜ੍ਹਾ ਸਕਣ।

ਪਹਿਲਾਂ ਪਹਿਲਾਂ ਵਿਦਿਆਰਥੀ ਇੱਥੇ ਉਚੇਰੀ ਵਿਦਿਆ ਹਾਸਲ ਕਰਨ ਲਈ ਆਉਂਦੇ ਸਨ ਜਾਂ ਤਾਂ ਉਹ ਪੜ੍ਹ ਕੇ ਵਾਪਸ ਮੁੜ ਜਾਂਦੇ ਸਨ ਜਾਂ ਐਥੇ ਵਧੀਆ ਜੋਬਾਂ 'ਤੇ ਸੈਟਲ ਹੁੰਦੇ ਸਨ। ਹੁਣ ਵਿਦਿਆਰਥੀਆਂ ਦਾ ਸ਼ੋਸ਼ਣ ਤਾਂ ਉੱਥੇ ਖੁੱਲ੍ਹੇ ਆਈਲੈਟਸ ਸਕੂਲਾਂ ਤੋਂ ਬੈਂਡ ਲੈਣ ਲਈ ਹੀ ਸ਼ੁਰੂ ਹੋ ਜਾਂਦਾ ਹੈ। ਇਹ ਸਕੂਲ ਮਨ ਮਰਜ਼ੀ ਦੀਆਂ ਫੀਸਾਂ ਲੈ ਕੇ, ਬੈਂਡਾਂ ਦੇ ਦਾਅਵੇ ਕਰਕੇ ਵਿਦਿਆਰਥੀਆਂ ਦੀ ਲੁੱਟ ਕਰਦੇ ਹਨ। ਇਸ ਤੋਂ ਬਾਅਦ ਇੰਮੀਗ੍ਰੇਸ਼ਨ ਸਲਾਹਕਾਰ ਜੋ ਕੈਨੇਡਾ ਵਿੱਚ ਥਾਂ ਥਾਂ ਤੇ ਖੁੰਭਾਂ ਵਾਗੂੰ ਉੱਗੇ ਕਾਲਜਾਂ ਨਾਲ ਰਾਬਤਾ ਕਰਕੇ ਦੋ-ਦੋ ਜਾਂ ਤਿੰਨ-ਤਿੰਨ ਸਾਲ ਦੀਆਂ ਪਹਿਲਾਂ ਹੀ ਫੀਸਾਂ ਭਰਵਾ ਲੈਂਦੇ ਹਨ। ਮਾਪਿਆਂ ਜਾਂ ਬੱਚਿਆਂ ਨੂੰ ਇਹਨਾਂ ਸਕੂਲਾਂ ਕਾਲਜਾਂ ਬਾਰੇ ਉੱਕਾ ਹੀ ਜਾਣਕਾਰੀ ਨਹੀਂ ਹੁੰਦੀ ਪਰ ਰੀਸੋ ਰੀਸ ਚੂਹਾ ਦੌੜ ਵਿੱਚ ਉਹ ਇੱਕ ਦੂਜੇ ਤੋਂ ਅੱਗੇ ਪਿੱਛੇ ਭੱਜਦੇ ਹਨ। ਸਲਾਹਕਾਰਾਂ ਦੀ ਵੀ ਇਹੀ ਹੋੜ ਹੈ ਕਿ ਜੋ ਉਹਨਾਂ ਕੋਲ ਇੱਕ ਵਾਰ ਫਸ ਗਿਆ, ਉਹ ਨੂੰ ਕਿਵੇਂ ਨਾ ਕਿਵੇਂ, ਉਹ ਨੂੰ ਜਹਾਜ਼ੇ ਚੜ੍ਹਾ ਦੇਣ 'ਤੇ ਆਪਣੀਆਂ ਜੇਬਾਂ ਭਰ ਲੈਣ। ਉਹਨਾਂ ਨਾਲ ਬਾਅਦ ਵਿੱਚ ਕੀ ਵਾਪਰਦਾ ਹੈ ਉਹਨਾਂ ਦੀ ਕੋਈ ਜ਼ਿੰਮੇਵਾਰੀ ਨਹੀਂ। ਇਸ ਦਾ

ਹੀ ਸਿੱਟਾ ਹੈ ਕਿ ਜੋ ਕਿਊਬਿਕ ਵਿੱਚ ਤਿੰਨ ਕਾਲਜ ਬੈਂਕਰਪਟ ਹੋ ਗਏ ਹਨ ਜਿਸ ਵਿੱਚ 1173 ਦੇ ਕਰੀਬ 95% ਵਿਦਿਆਰਥੀ ਪੰਜਾਬ ਤੋਂ ਦਾਖ਼ਲ ਹੋਏ ਸਨ। ਜਿਨ੍ਹਾਂ ਵਿੱਚੋਂ 633 ਵਿਦਿਆਰਥੀ ਜੋ ਕੋਵਿਡ ਦੀ ਮਹਾਂਮਾਰੀ ਕਰਕੇ ਭਾਰਤ ਤੋਂ ਇੱਥੇ ਪਹੁੰਚ ਹੀ ਨਹੀਂ ਸਕੇ ਪਰ ਹਰ ਵਿਦਿਆਰਥੀ ਨੇ 15 ਹਜ਼ਾਰ ਡਾਲਰ ਫੀਸ ਦਾ ਭਰਿਆ ਸੀ। ਉਹ ਦਿਨ ਰਾਤ ਦੇ ਫ਼ਰਕ ਨੂੰ ਝੱਲਦੇ ਹੋਏ ਸਾਰੀ ਸਾਰੀ ਰਾਤ ਜਾਗ ਕੇ ਔਨ ਲਾਈਨ ਕਲਾਸਾਂ ਵੀ ਲਾਉਂਦੇ ਰਹੇ। ਉਹਨਾਂ ਦੇ ਵੀਜ਼ੇ ਵੀ ਰੀਜੈਕਟ ਕਰ ਦਿੱਤੇ ਗਏ ਅਤੇ ਡਾਲਰ ਵੀ ਰੀਫੰਡ ਨਹੀਂ ਕੀਤੇ ਜਾ ਰਹੇ। ਇਹਨਾਂ ਕਾਲਜਾਂ ਨੇ ਬੱਚਿਆਂ ਤੋਂ 6.4 ਮਿਲੀਅਨ ਡਾਲਰ ਇਕੱਠਾ ਕਰਕੇ ਆਪਣਾ ਝੱਗਾ ਚੱਕ ਦਿੱਤਾ ਹੈ। ਇਹਨਾਂ ਕਾਲਜਾਂ ਦੇ ਮਾਲਕਾਂ ਦਾ ਇਹ ਬਿਜ਼ਨਿਸ ਪਹਿਲਾਂ ਵੀ 2016 ਵਿੱਚ ਸੈਸਪੈਂਡ ਕੀਤਾ ਗਿਆ ਸੀ, ਪਰ ਸਰਕਾਰ ਨੇ ਇਹਨਾਂ ਨੂੰ ਦੁਬਾਰਾ ਬਿਜ਼ਨਿਸ ਲਾਇਸੰਸ ਦੀ ਮਨਜ਼ੂਰੀ ਦੇ ਕੇ ਸਟੂਡੈਂਟਾਂ ਨੂੰ ਬਲੀ ਦੇ ਬੱਕਰੇ ਬਣਾਇਆ ਹੈ। ਜਿਹੜੇ ਵਿਦਿਆਰਥੀ ਇੱਥੇ ਪਹੁੰਚ ਵੀ ਗਏ ਹਨ ਉਹਨਾਂ ਨੂੰ ਕਿਹਾ ਜਾ ਰਿਹਾ ਹੈ ਕਿ ਉਹ 150 ਦਿਨਾਂ ਦੇ ਵਿੱਚ ਵਿੱਚ ਹੋਰ ਕਾਲਜਾਂ ਦੀਆਂ ਫੀਸਾਂ ਭਰਕੇ ਉੱਥੇ ਦਾਖ਼ਲ ਹੋ ਸਕਦੇ ਹਨ। ਜਿਹੜੀਆਂ ਦੋ ਸਾਲਾਂ ਦੀਆਂ ਫੀਸਾਂ 28 ਤੋਂ 30 ਹਜ਼ਾਰ ਦੂਸਰੇ ਕਾਲਜ ਹੋਰ ਲੈਣਗੇ, ਉਹ ਹੁਣ ਕਿਹੜਾ ਖੂਹ ਪੱਟਣ। ਉਹਨਾਂ ਦੇ ਵਰਕ ਪਰਮਿਟ ਵੀ ਸਕੂਲਾਂ ਦੇ ਸਟੱਡੀ ਵੀਜ਼ੇ ਦੇ ਨਾਲ਼ ਹੀ ਖ਼ਤਮ ਹੋ ਗਏ ਹਨ, ਜੋ ਉਹ 20 ਘੰਟੇ ਕੰਮ ਕਰ ਸਕਦੇ ਸੀ, ਉਹ ਜਾਂਦੇ ਲੱਗੇ ਹਨ। ਜਦੋਂ ਇੱਕ ਰੇਡਿਓ ਹੋਸਟ ਨੇ ਮੌਜੂਦਾ ਐਮ. ਪੀ. ਨਾਲ ਇਸ ਮੁੱਦੇ ‘ਤੇ ਗੱਲ ਕੀਤੀ ਤਾਂ ਉਸ ਨੇ ਦੱਸਿਆ ਕਿ ਫੈਡਰਲ ਸਰਕਾਰ ਇਹ ਦੇ ਵਿੱਚ ਕੁੱਝ ਨਹੀਂ ਕਰ ਸਕਦੀ, ਇਹ ਪ੍ਰੋਵਿੰਨਸਜ਼ ਦਾ ਆਪਣਾ ਮਾਮਲਾ ਹੈ। ਸ਼ੱਕ ਉਦੋਂ ਪੈਦਾ ਹੁੰਦਾ ਹੈ ਕਿ ਇਹਨਾਂ ਕਾਲਜਾਂ ਦੀ ਇਨਫਰਮੇਸ਼ਨ ਤਾਂ ਕੈਨੇਡਾ ਦੀ ਵੈੱਬ ਸਾਈਟ ਕੈਨੇਡਾ ਡੌਟ ਸੀ ਏ (ਛਓਨਓਦਓ.ਚਓ) ‘ਤੇ ਹੀ ਪਾਈ ਗਈ ਸੀ ਜਿਸ ਤੋਂ ਇਹ ਵਿਦਿਆਰਥੀ ਚੈੱਕ ਕਰਕੇ ਦਾਖਲਾ ਲੈਂਦੇ ਹਨ। ਜੇ ਇਹ ਘਪਲੇ ਦੀ ਜ਼ਿੰਮੇਵਾਰ ਪ੍ਰੋਵਿੰਨਸ਼ੀਅਲ ਸਰਕਾਰ ਹੈ, ਜਿਸ ਨੇ ਮਨਜ਼ੂਰੀ ਤੋਂ ਪਹਿਲਾਂ ਇਹਨਾਂ ਦੀ ਛਾਣਬੀਣ ਨਹੀਂ ਕੀਤੀ ਤਾਂ ਉਹ ਅੱਗੇ ਆਵੇ। ਵਿਦਿਆਰਥੀ ਦੱਸ ਰਹੇ ਹਨ ਕਿ ਇਹ ਸੋਚੀ ਸਮਝੀ ਯੋਜਨਾ ਦੇ ਅਧੀਨ ਉਹਨਾਂ ਨਾਲ ਠੱਗੀ ਮਾਰੀ ਗਈ ਹੈ। ਚਾਰ-ਚਾਰ ਸਮੈਸਟਰਾਂ ਦੀਆਂ ਫੀਸਾਂ ਪਹਿਲਾਂ ਹੀ ਭਰਵਾ ਲਈਆਂ ਗਈਆਂ ਸਨ। ਇਹਨਾਂ ਕਾਲਜਾਂ ਦੀਆਂ ਬਿਲਡਿੰਗਾਂ ਦੇ ਦੋ-ਦੋ ਕਮਰੇ ਹਨ, ਨਾ ਲਾਇਬਰੇਰੀ, ਨਾ ਕੰਨਟੀਨ, ਨਾ ਹੀ ਸਕੂਲ ਦਾ ਕੋਈ ਪ੍ਰਬੰਧਕੀ ਢਾਂਚਾ ਤੇ ਨਾ ਕੋਈ ਪੱਕਾ ਟੀਚਰ।

ਇਸ ਮਸਲੇ ‘ਤੇ ਗੌਰ ਕਰਦਿਆਂ ਨਜ਼ਰੀਂ ਪੈਂਦਾ ਹੈ ਕਿ ਇਹ ਦੇਸ਼ ਜੋ ਕੁੱਝ ਸਾਲ ਪਹਿਲਾਂ ਇੱਥੇ ਵਾਧੂ ਚਿੜੀ ਨਹੀਂ ਸੀ ਫਟਕਣ ਦਿੰਦੇ ਉਹ ਐਨੇ ਦਿਆਲੂ

ਕਿਵੇਂ ਹੋ ਗਏ ? ਇਹਨਾਂ ਨੂੰ ਇਹ ਹੇਜ਼ ਕਿਉਂ ਜਾਗਿਆ ਕਿ ਜਿਹੜੇ 17-17 ਸਾਲ ਦੇ ਬੱਚਿਆਂ ਨੂੰ ਲੱਖਾਂ ਦੀ ਗਿਣਤੀ ਵਿੱਚ ਬੁਲਾ ਰਹੇ ਹਨ।ਇਹ ਗੱਲ ਤਾਂ ਸਾਨੂੰ ਅੱਖਾਂ ਮੀਚ ਕੇ ਮੰਨ ਲੈਣੀ ਚਾਹੀਦੀ ਹੈ ਕਿ ਪੂੰਜੀਵਾਦ ਦਾ ਮੁਢਲਾ ਕੰਮ ਮੁਨਾਫ਼ਾ ਤੇ ਸਿਰਫ਼ ਮੁਨਾਫ਼ਾ ਹੈ। ਇਸ ਦੇ ਮੱਦੇ ਨਜ਼ਰ ਹੀ ਇਸ ਸ਼ੋਸ਼ਣ ਦੀ ਸ਼ੁਰੂਆਤ ਹੁੰਦੀ ਹੈ ਕਿ ਲੈਰੀ ਉਮਰ ਦੇ ਇਹ ਬੱਚੇ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਕਰਨੀ ਹੈ, ਆਪਣੇ ਸੁਪਨੇ ਸਜਾਉਣੇ ਹਨ, ਸੁਪਨਿਆਂ ਨੂੰ ਜਗਦੇ ਮੱਘਦੇ ਰੱਖਣ ਲਈ ਵੱਡੀਆਂ ਪੁਲਾਘਾਂ ਪੁੱਟਣੀਆਂ ਹਨ, ਉਹਨਾਂ ਲਈ ਅਜਿਹਾ ਜਾਲ਼ ਵਿਛਾ ਦਿੱਤਾ ਹੈ ਕਿ ਚੋਗੇ ਦੀ ਭਾਲ਼ ਵਿੱਚ ਉਹ ਸਾਰੇ ਅਣਭੋਲ਼ ਹੀ ਫਸ ਰਹੇ ਹਾਂ। ਇਹ ਸਾਰਾ ਪੂੰਜੀਵਾਦੀ ਸਰਕਾਰਾਂ ਦਾ ਤਾਣਾ ਬਾਣਾ ਹੈ। ਪ੍ਰਸ਼ਨ ਹੈ ਕਿ ਭਾਰਤ ਦੀਆਂ ਸਰਕਾਰਾਂ ਆਪਣੇ ਭਵਿੱਖ ਨੂੰ ਕਿਉਂ ਵਿਦੇਸ਼ਾਂ ਵੱਲ ਧੱਕ ਰਹੀਆਂ ਹਨ ? ਹਾਂ ਅਗਰ ਉਹਨਾਂ ਨੂੰ ਉਹਨਾਂ ਦੀ ਜ਼ਿੰਮੇਵਾਰੀ ਦਾ ਅਹਿਸਾਸ ਕਰਾਉਣ ਲਈ ਕੋਈ ਨਹੀਂ ਹੋਵੇਗਾ ਕਿ ਭਾਰਤ ਵਿੱਚ ਸਕੂਲ, ਕਾਲਜ, ਯੂਨੀਵਰਸਿਟੀਆਂ ਬੰਦ ਕਿਉਂ ਹੋ ਰਹੇ ਹਨ ਤਾਂ ਉਹ ਕਾਰਪੋਰੇਸ਼ਨਾਂ ਦਾ ਢਿੱਡ ਖੁਲ੍ਹਦਿਲੀ ਨਾਲ ਭਰ ਸਕਣਗੇ। ਦੂਸਰਾ ਜੇ ਇਹ ਬੱਚੇ ਉੱਥੇ ਪੜ੍ਹਦੇ ਹਨ ਤਾਂ ਕੱਲ੍ਹ ਨੂੰ ਇਹ ਗਰਮ ਖ਼ੂਨ ਬੇਰੁਜ਼ਗਾਰ ਹੋ ਕੇ ਉਹਨਾਂ ਦੇ ਤਖ਼ਤ ਨੂੰ ਹੱਥ ਪਾਵੇਗਾ।ਹੁਣ ਉਹ ਸਿਰਫ਼ ਤੇ ਸਿਰਫ਼ ਮਾਪਿਆਂ 'ਤੇ ਜ਼ਿੰਮੇਵਾਰੀ ਸਿੱਟ ਕੇ ਸੁਰਖ਼ਰੂ ਹਨ ਕਿ ਬੱਚੇ ਜਾ ਰਹੇ ਨੇ ਤੇ ਮਾਪੇ ਭੇਜ ਰਹੇ ਨੇ, ਗੱਲ ਖ਼ਤਮ। ਸਵਾਲ ਹੈ ਕਿ ਅਸੀਂ ਸਰਕਾਰਾਂ ਕਿਉਂ ਚੁਣਦੇ ਹਾਂ? ਟੈਕਸ ਕਿਉਂ ਦਿੰਦੇ ਹਾਂ? ਕੀ ਉਹਨਾਂ ਦਾ ਰੋਲ ਸਿਰਫ਼ ਗੁਆਂਢੀ ਪਾਕਿਸਤਾਨ ਨਾਲ ਲੜਨ ਦਾ ਹੀ ਹੈ? ਆਪਣੇ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਕਿਸ ਨੇ ਮੁਹੱਈਆ ਕਰਾਉਣੀਆਂ ਹਨ? ਦੂਜਾ ਪਾਸਾ ਕੈਨੇਡਾ ਜਿੱਥੇ ਇੱਥੋਂ ਦੇ ਜੰਮਪਲ ਬੱਚੇ ਵਾਈਟ ਕਾਲਰ ਜੌਬ ਹੀ ਕਰਨਾ ਚਾਹੁੰਦੇ ਹਨ, ਮਜ਼ਦੂਰੀ ਨਹੀਂ, ਦੂਸਰਾ ਉਹ ਵਿਆਹ ਨਹੀਂ ਕਰਵਾ ਰਹੇ ਜਿਸ ਨਾਲ ਦਿਨੋਂ ਦਿਨ ਜਨਸੰਖਿਆ ਘਟ ਰਹੀ ਹੈ। ਉਸ ਨੂੰ ਪੂਰਾ ਕਰਨ ਲਈ ਇਹਨਾਂ ਨੂੰ ਅਵਾਸੀਆਂ ਦੀ ਸਖ਼ਤ ਲੋੜ ਹੈ। ਇਹਨਾਂ ਦੀ ਇਹ ਵੀ ਜ਼ਰੂਰਤ ਹੈ ਕਿ ਇੱਥੇ ਉਹ ਲੋਕ ਆਉਣ ਜੋ ਸਖ਼ਤ ਮਿਹਨਤ ਵੀ ਕਰਨ ਤੇ ਡਾਲਰਾਂ ਦੇ ਗੱਫੇ ਲਿਆ ਕੇ ਇੱਥੋਂ ਦੀ ਆਰਥਿਕਤਾ ਵਿੱਚ ਵਾਧਾ ਕਰ ਸਕਣ। ਪਹਿਲਾਂ ਪਰਿਵਾਰਾਂ ਨੂੰ ਆਉਣ ਦੀ ਖੁੱਲ੍ਹ ਹੁੰਦੀ ਸੀ। ਉਸ 'ਤੇ ਰੋਕ ਲਗਾਉਣ ਦਾ ਵੀ ਕਾਰਣ ਇਹੀ ਸੀ ਕਿ ਬਹੁਤੇ ਬਜ਼ੁਰਗ ਇੱਥੇ ਆ ਕੇ ਕੰਮ ਨਹੀਂ ਸੀ ਕਰ ਸਕਦੇ ਤੇ ਉਹਨਾਂ ਨੂੰ ਇਹ ਆਪਣੇ 'ਤੇ ਭਾਰ ਸਮਝਦੇ ਸਨ। ਫਿਰ ਸੁਪਰ ਵੀਜ਼ਾ ਸ਼ੁਰੂ ਕੀਤਾ ਜਿਸ ਵਿੱਚ ਇਹਨਾਂ 'ਤੇ ਮੈਡੀਕਲ ਦਾ ਕੋਈ ਖਰਚਾ ਨਹੀਂ, ਆਉਣ ਵਾਲਾ ਆਪ ਇਨਸ਼ੋਰੈਂਸ ਕਰਵਾਉਂਦਾ ਹੈ। ਇਸ ਵਿੱਚ ਇਹ ਹੋਰ ਫਾਇਦਾ ਹੋਇਆ ਕਿ ਅਣਗਿਣਤ ਲੋਕਾਂ ਨੇ ਇਨਸ਼ੋਰੈਂਸ ਦੀਆਂ ਦੁਕਾਨਾਂ ਖੋਲ੍ਹ ਰੱਖੀਆਂ ਹਨ। ਪਰਿਵਾਰਾਂ ਨੂੰ ਸੱਦਣ ਵਿੱਚ

ਦੇਰੀ ਦਾ ਮਤਲਬ ਵੀ ਬੱਚੇ ਕਈ ਕਈ ਸਾਲ ਵਾਧੂ ਇਨਕਮ ਦਿਖਾਉਣ ਲਈ ਵਾਧੂ ਕੰਮ ਕਰ ਕਰ ਕੇ ਟੈਕਸ ਨਾਲ਼ ਇਹਨਾਂ ਦੀਆਂ ਤਿਜ਼ੋਰੀਆਂ ਮਜ਼ਬੂਰੀ ਵਿੱਚ ਭਰਦੇ ਰਹਿੰਦੇ ਹਨ।

ਹੁਣ ਆਈ ਇਹਨਾਂ ਵਿਦਿਆਰਥੀਆਂ ਦੀ ਗੱਲ ਜੋ ਰਿਸ਼ਟ ਪੁਸ਼ਟ ਪੂਰੀ ਊਰਜਾ ਦੇ ਨਾਲ਼ ਤਿੱਗਣੀਆਂ ਚੌਗੁਣੀਆਂ ਫੀਸਾਂ ਦੇ ਕੇ ਇੱਥੇ ਆਉਂਦੇ ਹਨ।ਉਹ ਪਿੱਛੇ ਆਪਣੇ ਮਾਪਿਆਂ ਦੇ ਹਾਲ ਨੂੰ ਜਾਣਦੇ ਹਨ ਕਿ ਉਹਨਾਂ ਨੇ ਕਿੰਨੇ ਔਖੇ ਹੋ ਕੇ, ਕਰਜ਼ੇ ਲੈ ਕੇ, ਜਾਂ ਜ਼ਮੀਨਾਂ ਵੇਚ ਕੇ ਇਹ ਫੀਸਾਂ ਭਰੀਆਂ ਹਨ ਹੁਣ ਉਹਨਾਂ ਨੇ ਸਖ਼ਤ ਮਿਹਨਤ ਕਰ ਕੇ ਆਪਣੀ ਤੇ ਮਾਪਿਆਂ ਦੀ ਜ਼ਿੰਦਗੀ ਸੰਵਾਰਨੀ ਹੈ ਅਤੇ ਇਸ ਸਮਾਜ ਵਿੱਚ ਹੀ ਰਲ਼ਗੱਡ ਹੋਣਾ ਹੈ। ਜਿਨ੍ਹਾਂ ਨੇ ਇੰਨਾ ਖ਼ਰਚਾ ਕੀਤਾ ਹੈ ਉਹ ਕਦੇ ਵਾਪਸ ਜਾਣ ਜੋਗੇ ਤਾਂ ਨਹੀਂ ਰਹਿਣਗੇ, ਇਹ ਕੈਨੇਡਾ ਸਰਕਾਰ ਵੀ ਨਹੀਂ ਚਾਹੁੰਦੀ ਕਿਉਂਕਿ ਇਹ ਆਪਣੀ ਲੋੜ ਨੂੰ ਸੱਦ ਰਹੀ ਹੈ। ਪਹਿਲਾਂ ਇਹਨਾਂ ਨੇ ਆਰਥਿਕਤਾ ਵਿੱਚ ਹਿੱਸਾ ਪਾਇਆ, ਫਿਰ ਇਹਨਾਂ ਦੇ ਤੌਰ ਤਰੀਕੇ ਵੀ ਸਿੱਖ ਲਏ, ਪੱਕੇ ਹੋਣ ਲਈ ਟੈਕਸ ਵੀ ਭਰੇ, ਐਲ. ਐਮ. ਆਈਆਂ ਆਦਿ ਲਈ ਬਿਜ਼ਨਸਾਂ ਤੇ ਸਲਾਹਕਾਰਾਂ (ਏਜੰਟਾਂ) ਦੀਆਂ ਆਮਦਨਾਂ ਵਿੱਚ ਵਾਧਾ ਵੀ ਕੀਤਾ ਤੇ ਚੰਗੇ ਸ਼ਹਿਰੀ ਬਣਕੇ ਸਾਰੀ ਜ਼ਿੰਦਗੀ ਕੰਮ ਕਰਨਗੇ ਤੇ ਇਹਨਾਂ ਦੀ ਜਨ ਸੰਖਿਆ ਵਿੱਚ ਵਾਧਾ ਵੀ ਕਰਨਗੇ। ਕੈਨੇਡਾ ਦੇ ਨਜ਼ਰੀਏ ਤੋਂ ਤਾਂ ਪੌਂ ਬਾਰਾਂ ਹੋ ਗਈਆਂ ਪਰ ਇਹਨਾਂ ਨਾਲ ਕੀ ਬੀਤੀ ਕਿਸੇ ਨੂੰ ਇਲਮ ਨਹੀਂ ਹੈ। ਪਹਿਲਾਂ ਪਹਿਲ ਇਹ ਗੱਲ ਉੱਠੀ ਕਿ ਇਹਨਾਂ ਦੀ ਵਜ੍ਹਾ ਕਰਕੇ ਇੱਥੋਂ ਦੇ ਵਿਦਿਆਰਥੀਆਂ ਨੂੰ ਯੂਨੀਵਰਸਿਟੀਆਂ ਵਿੱਚ ਜਗ੍ਹਾ ਨਹੀਂ ਮਿਲ ਰਹੀ। ਜਦ ਕਿ ਇਹਨਾਂ ਦੀਆਂ ਸੀਟਾਂ ਕਾਲਜਾਂ ਵਿੱਚ ਰਾਖਵੀਂਆਂ ਰੱਖੀਆਂ ਜਾਂਦੀਆਂ ਹਨ। ਦੂਸਰਾ ਇਹ ਸੋਚ ਲੈਣਾ ਚਾਹੀਦਾ ਹੈ ਕਿ ਇੱਥੇ ਜਾਂ ਉੱਥੇ ਵਾਲ਼ਿਆਂ ਦੀ ਕਿਸੇ ਵੀ ਸਰਕਾਰਾਂ ਨੂੰ ਕੋਈ ਪ੍ਰਵਾਹ ਨਹੀਂ ਹੁੰਦੀ, ਜਨਤਾ ਸਿਰਫ਼ ਜਨਤਾ ਹੁੰਦੀ ਹੈ, ਕਿਤੋਂ ਦੀ ਵੀ ਹੋਵੇ। ਦੂਸਰਾ ਇਸ ਸਮੇਂ ਕੈਨੇਡਾ ਸਰਕਾਰਾਂ ਨੇ ਬਹੁਤ ਸਾਰੇ ਬਿਜ਼ਨਿਸ ਕਾਲਜਾਂ ਦੇ ਨਾਂ ਹੇਠ ਖੋਲ੍ਹੇ ਹਨ ਜੋ ਇੱਥੋਂ ਦੀ ਲੇਬਰ ਕਰਨ ਲਈ ਅੰਗਰੇਜ਼ੀ ਨਾ ਬੋਲਣ ਆਉਣ ਦੀ ਸਮੱਸਿਆ ਤੋਂ ਮੁਕਤ ਕਰਾਉਣ ਲਈ ਤੇ ਇੱਥੋਂ ਦੀ ਆਰਥਿਕਤਾ ਵਿੱਚ ਖੁਸ਼ਹਾਲੀ ਲਿਆਉਣ ਲਈ ਪੂਰੀ ਯੋਗਤਾ ਨਾਲ ਕੰਮ ਸਕਣ।

ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਲੋਹੜੇ ਦੀਆਂ ਫੀਸਾਂ ਦੀ ਹੀ ਨਹੀਂ ਸਗੋਂ ਰਹਿਣ-ਸਹਿਣ, ਖਾਣ-ਪੀਣ ਲਈ ਵੀ ਖ਼ਰਚਿਆਂ ਦੀ ਲੋੜ ਪੈਂਦੀ ਹੈ। ਉਹ ਬੱਚੇ ਬੇਸਮੈਂਟਾਂ ਜਾਂ ਘਰਾਂ ਵਿੱਚ ਮੁਰਗੀਆਂ ਵਾਗੂੰ ਕਿੰਨੇ ਕਿੰਨੇ ਤੜੇ ਰਹਿੰਦੇ ਹਨ, ਉਹਨਾਂ ਦੇ ਜੀਵਨ ਪੱਧਰ ਦਾ ਕਿਸੇ ਨੂੰ ਖ਼ਿਆਲ ਨਹੀਂ। ਉਹਨਾਂ 'ਤੇ ਹੀ ਦੋਸ਼ ਮੜ੍ਹ ਦਿੱਤਾ ਜਾਂਦਾ ਹੈ ਕਿ ਇਹਨਾਂ ਦੇ ਆਉਣ ਨਾਲ ਘਰਾਂ ਦੇ ਕਿਰਾਏ ਤੇ ਕੀਮਤਾਂ ਵਧ

ਗਈਆਂ ਹਨ। ਉਹ ਕੁਦਰਤੀ ਗੱਲ ਕਿ ਉਹਨਾਂ ਨੇ ਰਹਿਣਾ ਤਾਂ ਹੈ ਹੀ ਜਿੱਥੇ ਵੀ ਥਾਂ ਮਿਲਦੀ ਹੈ, ਉਹ ਮਜ਼ਬੂਰੀ ਨੂੰ ਮਹਿੰਗਾ ਰੈਣ ਬਸੇਰਾ ਵੀ ਕਰਦੇ ਹਨ। ਇਸ ਵਿੱਚ ਕਿਸ ਦਾ ਕਸੂਰ ਹੈ ਕਿ ਘਰਾਂ ਦੇ ਕਿਰਾਏ ਦੀਆਂ ਕੀਮਤਾਂ ਅਸਮਾਨੀਂ ਚੜ੍ਹ ਰਹੀਆਂ ਹਨ, ਉਸ ‘ਤੇ ਰੋਕ ਲਾਉਣਾ ਵੀ ਤਾਂ ਸਰਕਾਰ ਦਾ ਕੰਮ ਹੈ ਤੇ ਆ ਰਹੇ ਪ੍ਰਵਾਸੀਆਂ ਲਈ ਰਹਿਣ ਦਾ ਜੁਗਾੜ ਕਰਨਾ ਵੀ। ਇਸ ਦੇ ਉਲਟ ਕਮਿਊਨਿਟੀ ਦੋਫਾੜ ਹੋ ਕੇ ਆਪਣਾ ਨਜ਼ਲਾ ਸਟੂਡੈਂਟਾਂ ਤੇ ਝਾੜ ਦਿੰਦੀ ਹੈ, ਉਹ ਚਾਹੇ ਇਹ ਕਹਿਣ ਕਿ ਵਿਦਿਆਰਥੀਆਂ ਨੂੰ ਇੱਥੇ ਰਹਿਣਾ ਨੀਂ ਆਉਂਦਾ, ਜਾਂ ਇਹ ਸਫ਼ਾਈ ਨਹੀਂ ਕਰਦੇ, ਗੰਦ ਪਾਉਂਦੇ ਹਨ ਜਾਂ ਉੱਚੀ ਮਿਊਜ਼ਿਕ ਲਾ ਕੇ ਰੱਖਦੇ ਨੇ, ਜਾਂ ਲੜਾਈਆਂ ਕਰਦੇ ਨੇ। ਇੱਥੇ ਵਸਦੇ ਲੋਕ ਵੀ ਆਪਣੇ ਹੱਕਾਂ ਪ੍ਰਤੀ ਜਾਗਰੂਕ ਨਹੀਂ ਹਨ ਜਿਹੜੀ ਉਹਨਾਂ ਨੂੰ ਘਰਾਂ ਜਾਂ ਹੋਰ ਵਸਤਾਂ ਦੀਆਂ ਵਧ ਰਹੀਆਂ ਕੀਮਤਾਂ ਕਰਕੇ ਸਰਕਾਰ ਵੱਲ ਉਂਗਲ ਕਰਨੀ ਚਾਹੀਦੀ ਉਹ ਵੀ ਆਪਣਾ ਗੁੱਸਾ, ਇਸ ਅਖਾਣ ਵਾਂਗ ਕਿ ‘ਗਰੀਬ ਦੀ ਜੋਰੂ ਸਭ ਦੀ ਭਾਬੀ’ ‘ਤੇ ਲਾਹ ਕੇ ਹੀ ਆਪਣੀ ਭੜਾਸ ਕੱਢ ਲੈਂਦੇ ਹਨ। ਇਹ ਨਿੱਕੀਆਂ ਨਿੱਕੀਆਂ ਗੱਲਾਂ ਕਈ ਵਾਰ ਬਹੁਤ ਵੱਡੀਆਂ ਬਣ ਕੇ ਸਾਡੇ ਸਾਹਮਣੇ ਆਈਆਂ ਹਨ। ਹਰ ਇਨਸਾਨ ਨੂੰ ਸੋਚਣਾ ਚਾਹੀਦਾ ਹੈ ਕਿ ਇਹ ਅਜੇ ਨੌਜਵਾਨ ਬੱਚੇ ਹਨ ਜੋ ਮਾਂਵਾਂ ਦੀਆਂ ਬੁੱਕਲਾਂ ਵਿੱਚੋਂ ਸਿੱਧੇ ਅਜਿਹੀ ਧਰਤੀ ‘ਤੇ ਆ ਗਏ ਜਿੱਥੇ ਸਭ ਕੁੱਝ ਅਲੱਗ-ਥਲੱਗ ਹੈ, ਵੱਖਰਾ ਹੈ, ਬੋਲੀ, ਰਹਿਣ- ਸਹਿਣ ਦਾ ਸਲੀਕਾ, ਵਾਤਾਵਰਣ, ਭੱਜ-ਨੱਠ ਦੀ ਜ਼ਿੰਦਗੀ। ਉਹਨਾਂ ਨੂੰ ਇੱਥੇ ਨੂੰ ਸਮਝਣ ਲਈ ਸਮਾਂ ਲੱਗਦਾ ਹੈ ਤੇ ਜਾਂ ਉਹਨਾਂ ਦੀ ਮਜ਼ਬੂਰੀ ਹੈ ਕਿ ਉਹ ਸਕੂਲ ਵੀ ਜਾਂਦੇ ਹਨ, ਰੋਟੀ-ਰੋਜ਼ੀ ਲਈ ਕੰਮ ਵੀ ਕਰਦੇ ਹਨ, ਸਕੂਲ ਦਾ ਹੋਮ-ਵਰਕ ਵੀ ਕਰਨਾ ਹੈ ਤੇ ਘਰ ਆ ਕੇ ਸਾਫ਼-ਸਫ਼ਾਈ ਜਾਂ ਖਾਣਾ ਵੀ ਬਣਾਉਣਾ ਹੈ, ਉਹ ਬੱਚੇ ਉਦਾਸ ਤਾਂ ਹੋਣਗੇ ਹੀ ਜਿਨ੍ਹਾਂ ਨੇ ਕਦੇ ਪਾਣੀ ਦਾ ਗਿਲਾਸ ਚੱਕ ਕੇ ਨਹੀਂ ਪੀਤਾ ਹੁੰਦਾ। ਮਾਪਿਆਂ ਨੂੰ ਛੱਡ ਕੇ ਅਜਿਹੀ ਧਰਤੀ ਤੇ ਆ ਟਿਕੇ, ਜਿੱਥੇ ਉਹਨਾਂ ਨੂੰ ਆਪਣਾ ਕੋਈ ਦੁੱਖ-ਸੁੱਖ ਸੁਣਨ ਵਾਲਾ ਨਹੀਂ ਦਿਸ ਰਿਹਾ। ਕਮਿਊਨਿਟੀ ਨੂੰ ਵੀ ਸਮਝਣ ਦੀ ਲੋੜ ਹੈ ਤੇ ਧੀਰਜ ਭਾਅ ਨਾਲ਼ ਗੱਲ ਕਰਨ ਦੀ ਵੀ ਤੇ ਉਹਨਾਂ ਨੂੰ ਸਭ ਕੁੱਝ ਆਪਣੇ ਸਮਝ ਕੇ ਸਮਝਾਉਣ ਦੀ ਵੀ। ਉਂਝ ਤਾਂ ਜੋ ਕਾਲਜ ਇਹਨਾਂ ਨੂੰ ਲੁੱਟਦੇ ਹਨ, ਉਹਨਾਂ ਨੂੰ ਇਹਨਾਂ ਨੂੰ ਨੈਤਿਕਤਾ ਦਾ ਸਬਕ ਵੀ ਸਿਖਾਉਣ ਲਈ ਕਲਾਸਾਂ ਲਾਉਣੀਆਂ ਚਾਹੀਦੀਆਂ ਹਨ ਤਾਂ ਕਿ ਇਹਨਾਂ ਨੂੰ ਕਮਿਊਨਿਟੀ ਵਿੱਚ ਐਨੀ ਜ਼ਲੀਲਤਾ ਦਾ ਸਾਹਮਣਾ ਨਾ ਕਰਨਾ ਪਵੇ। ਘੱਟੋ ਘੱਟ ਇੱਕ ਸਾਲ ਰਹਿਣ ਦਾ ਪ੍ਰਬੰਧ ਵੀ ਕਰਨਾ ਚਾਹੀਦਾ ਹੈ। ਇਹਨਾਂ ਸੰਸਥਾਵਾਂ ਨੂੰ ਸਿਰਫ਼ 60% ਕੈਨੇਡਾ ਵਿੱਚੋਂ ਆਮਦਨ ਹੁੰਦੀ ਹੈ ਜਦਕਿ ਇਹ 40% ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਹਾਸਲ ਕਰਦੇ ਹਨ, ਜੋ ਕਿ ਬਹੁਤ ਵੱਡੀ ਰਕਮ ਹੈ।

ਜਿੱਥੇ ਕਮਿਊਨਿਟੀ ਵਿੱਚ ਬਹੁਤ ਸਾਰੇ ਚੰਗੇ ਲੋਕ ਹਨ ਜੋ ਇਹਨਾਂ ਵਿਦਿਆਰਥੀਆਂ ਨੂੰ ਹਮੇਸ਼ਾਂ ਜੀ ਆਇਆਂ ਕਹਿ ਰਹੇ ਹਨ। ਜੇ ਉਹ ਕਿਰਾਏ ‘ਤੇ ਰਹਿੰਦੇ ਹਨ, ਉਹਨਾਂ ਨਾਲ ਬਹੁਤ ਵਧੀਆ ਵਿਵਹਾਰ ਕਰਦੇ ਹਨ। ਕੰਮ ਦੇਣ ਵਿੱਚ ਤੇ ਕੰਮ ਦਿਵਾਉਣ ਵਿੱਚ ਵੀ ਮੱਦਦ ਕਰਦੇ ਹਨ। ਪਰ ਕੁੱਝ ਕੁ ਕਾਂਗਿਆਰੀਆਂ ਜਿਹਨਾਂ ਨੇ ਅੰਤਰ ਰਾਸ਼ਟਰੀ ਮਜ਼ਬੂਰ ਵਿਦਿਆਰਥਣਾਂ ਜੋ ਕਿਰਾਇਆ ਨਹੀਂ ਦੇ ਸਕਦੀਆਂ ਸੀ ਉਹਨਾਂ ਨਾਲ਼ ਗ਼ਲਤ ਸਬੰਧ ਬਣਾ ਕੇ ਸ਼ੋਸ਼ਣ ਵੀ ਕੀਤਾ ਹੋ ਸਕਦਾ ਹੈ, ਆਪਣੇ ਘਰ ਵੀ ਖ਼ਰਾਬ ਕਰਦੇ ਹਨ। ਸਮਾਜ ਵਿੱਚ ਗੰਦੇ ਕੀੜੇ ਜੋ ਇੱਕ ਕੱਖਾਂ ਦੀ ਭਰੀ ਪਿੱਛੇ ਗ਼ਰੀਬ ਮਜ਼ਬੂਰ ਔਰਤਾਂ ਦਾ ਸ਼ੋਸ਼ਣ ਭਾਰਤ ਵਿੱਚ ਕਰ ਦਿੰਦੇ ਸਨ, ਉਹ ਬਿਮਾਰ ਮਾਨਸਿਕਤਾ ਵਾਲ਼ੇ ਲੋਕ, ਇੱਥੇ ਵੀ ਆਪਣੀ ਗੰਦੀ ਸੋਚ ਲੈ ਕੇ ਕੁੜੀਆਂ ਦੀ ਮਜ਼ਬੂਰੀ ਦਾ ਫ਼ਾਇਦਾ ਲੈ ਕੇ ਬਦਨਾਮ ਵੀ ਕਰਦੇ ਹੋਣਗੇ। ਕੁੱਝ ਕੁ ਕੰਮਾਂ ‘ਤੇ ਵੀ ਸਰਕਾਰ ਵਲੋਂ ਨਿਰਧਾਰਤ 20 ਘੰਟੇ ਤੋਂ ਉੱਪਰ ਕੰਮ ਕਰਾ ਕੇ, ਉਹਨਾਂ ਦੀ ਕਿਰਤ ਦਾ ਮੁੱਲ ਨਾ ਦੇ ਕੇ ਧੋਖਾਧੜੀ ਕਰ ਰਹੇ ਹਨ ਕਿਉਂਕਿ ਬੱਚੇ ਲੇਬਰ ਕੋਰਟ ਦਾ ਬੂਹਾ ਨਹੀਂ ਖੜਕਾ ਸਕਦੇ। ਇੰਮੀਗ੍ਰੇਸ਼ਨ ਸਲਾਹਕਾਰ ਪੀ. ਆਰ. ਦਿਵਾਉਣ ਦੇ ਬਹਾਨੇ ਹਜ਼ਾਰਾਂ ਡਾਲਰ ਉਹਨਾਂ ਤੋਂ ਹਥਿਆ ਲੈਂਦੇ ਹਨ। ਫਿਰ ਵੀ ਇਹਨਾਂ ਔਕੜਾਂ ਦੇ ਬਾਵਜੂਦ ਵਿਦਿਆਰਥੀ ਹੱਡ ਭੰਨਵੀਂ ਮਿਹਨਤ ਅਰਥਾਤ ਦੂਹਰੀਆਂ-ਦੂਹਰੀਆਂ ਸ਼ਿਫਟਾਂ ਲਾ ਕੇ ਮੰਜ਼ਲਾਂ ਨੂੰ ਪਾ ਰਹੇ ਹਨ, ਪੰਜਾਬੀ ਕਮਿਊਨਿਟੀ ਦੇ ਮਾਣ ਵਾਲ਼ੀ ਗੱਲ ਹੈ। ਜਿਸ ਕਮਿਊਨਿਟੀ ਦੇ ਇੱਥੇ ਵਸੇਬੇ ਲਈ ਭਾਈ ਮੇਵਾ ਸਿੰਘ, ਭਾਈ ਭਾਗ ਸਿੰਘ ਤੇ ਭਾਈ ਬਦਨ ਸਿੰਘ ਵਰਗੇ ਗ਼ਦਰੀਆਂ ਨੇ ਕੁਰਬਾਨੀਆਂ ਦਿੱਤੀਆਂ ਸਨ, ਨੂੰ ਨੇਪਰੇ ਚਾੜ੍ਹ ਰਹੇ ਹਨ।

ਪਿਛਲੇ ਸਮੇਂ ਵਿੱਚ ਜਦੋਂ ਲਵਪ੍ਰੀਤ ਸਿੰਘ ਦੀ ਖੁਦਕਸ਼ੀ ਦਾ ਤੇ ਬੇਅੰਤ ਦਾ ਕੇਸ ਸਾਹਮਣੇ ਆਇਆ। ਉਦੋਂ ਵੀ ਸਾਰੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਇੱਕੋ ਰੱਸੇ ਬੰਨ੍ਹ ਕੇ ਬਦਨਾਮ ਕਰਨ ਦੀਆਂ ਨਿਗੁਣੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਉਸ ਖ਼ਬਰ ਨੂੰ ਐਨਾ ਰਿੜਕਿਆ ਕਿ ਘਰ ਬੈਠਿਆਂ ਅਸੀਂ ਲੋਕਾਂ ਨੇ ਬੇਅੰਤ ਨੂੰ ਡੀਪੋਰਟ ਕਰਾ ਦਿੱਤਾ। ਜਦ ਕਿ ਸਰਕਾਰਾਂ ਕਿਸ ਨੂੰ ਇੱਥੇ ਸੱਦ ਰਹੀਆਂ ਹਨ ਤੇ ਕਿਸ ਨੂੰ ਸੱਦਣਾ ਹੈ। ਸਾਨੂੰ ਕਿਸੇ ਗੱਲ ਦਾ ਪਤਾ ਹੀ ਨਹੀਂ ਹੁੰਦਾ। ਇਸੇ ਤਰਜ਼ ‘ਤੇ 7 ਜਨਵਰੀ ਨੂੰ ਕੈਨੇਡੀਅਨ ਬਜ਼ਾਰ ਟੋਰਾਂਟੋ ਇੱਕ ਔਨਲਾਈਨ ਅਖ਼ਬਾਰ ਦੀ ਬਿਨਾਂ ਲੇਖਕ, ਬਿਨਾਂ ਤੱਥਾਂ ਤੋਂ ਛਪੀ ਖ਼ਬਰ ਨੇ ਇੱਕ ਵਾਰ ਫਿਰ ਪੰਜਾਬੀ ਅੰਤਰਰਾਸ਼ਟਰੀ ਵਿਦਿਆਰਥੀ ਕੁੜੀਆਂ ਨੂੰ ਮਸਾਲਾ ਲੱਗੀਆਂ ਸੁਰਖ਼ੀਆਂ ਵਿੱਚ ਪਰੋ ਕੇ ਦੇਹ ਵਿਉਪਾਰ ਦੇ ਧੰਦੇ ਵਿੱਚ 90% ਨੂੰ ਉਲੱਦ ਦਿੱਤਾ। ਪੇਸ਼ ਇਹ ਕੀਤਾ ਕਿ ਇਹ ਬਹੁਤ ਹੀ ਗੰਭੀਰ ਮਸਲਾ ਹੈ। ਪੰਜਾਬੀ ਮੀਡੀਏ ਨੇ ਇਸ ਨੂੰ ਹੋਰ ਵੀ ਛੱਜ ‘ਚ ਪਾ ਕੇ ਛੱਟਿਆ। ਜਿਨ੍ਹਾਂ ਨੇ ਆਪਣੀ ਟੀ. ਆਰ. ਪੀ. ਵਧਾਉਣੀ ਸੀ,

ਉਹਨਾਂ ਇਸ ਤੋਂ ਪੂਰੀ ਖੱਟੀ ਖੱਟੀ। ਇਹ ਸੁਣ ਕੇ ਪੰਜਾਬ ਵਿੱਚ ਬੈਠੇ ਮਾਪੇ ਤਰਾਹ-ਤਰਾਹ ਕਰਨ ਲੱਗੇ ਤੇ ਫ਼ੋਨਾਂ ਦੀਆਂ ਘੰਟੀਆਂ ਖੜਕਣ ਲੱਗੀਆਂ। ਬਾਅਦ ਵਿੱਚ ਤੱਥਾਂ ਤੋਂ ਬਿਨਾਂ ਇਸ ਖ਼ਬਰ ਵਿੱਚੋਂ ਕੁੱਝ ਨਾ ਨਿਕਲਿਆ। ਮੈਂ ਇਸ ਖ਼ਬਰ ਬਾਰੇ ਵਿਚਾਰ ਕਰਦਿਆਂ ਇਹ ਕਹਿਣਾ ਚਾਹੁੰਦੀ ਹਾਂ ਕਿ ਮੰਨ ਲਓ ਇਹ ਸਮੱਸਿਆ ਹੈ ਇੱਥੇ ਵੀ ਹੈ ਜਿਵੇਂ ਲੱਗਭੱਗ ਦੁਨੀਆਂ ਦੇ ਸਾਰੇ ਹੀ ਦੇਸ਼ਾਂ ਵਿੱਚ ਹੈ। ਇੱਥੇ ਵੀ ਘੱਟ ਗਿਣਤੀਆਂ ਵਾਲ਼ੇ ਤੇ ਮੂਲ ਨਿਵਾਸੀ ਲੋਕ ਆਪਣੀਆਂ ਆਰਥਿਕ ਤੰਗੀਆਂ ਤੁਰਸ਼ੀਆਂ ਦੀ ਵਜਾਹ ਕਰਕੇ ਇਸ ਸਮੱਸਿਆ ਦਾ ਸ਼ਿਕਾਰ ਹਨ। ਦੇਖਣਾ ਇਹ ਬਣਦਾ ਹੈ ਕਿ ਉਹ ਇਸ ਦਾ ਸ਼ਿਕਾਰ ਕਿਉਂ ਬਣਦੇ ਹਨ? ਜਿਵੇਂ ਸਾਰੀ ਦੁਨੀਆਂ 'ਤੇ ਕੁੱਝ ਕੁ ਪੂੰਜੀਪਤੀਆਂ ਦਾ ਰਾਜ ਹੈ, ਉਸ ਦੇ ਘੇਰੇ ਵਿੱਚ ਕੈਨੇਡਾ ਵੀ ਆਉਂਦਾ ਹੈ। ਇੱਥੇ ਵੀ ਅਮੀਰ ਗਰੀਬ ਦੇ ਪਾੜੇ ਵਿੱਚ ਗਰੀਬ ਨੂੰ ਹੀ ਮਾਰ ਪੈਂਦੀ ਹੈ। ਇਹ ਪਾੜਾ ਇੱਥੇ ਵੀ ਦਿਨੋ ਦਿਨ ਵੱਧਦਾ ਜਾ ਰਿਹਾ ਹੈ। ਹੁਣ ਉਹ ਬੱਚੇ ਜੋ ਤਿੰਨ ਕਾਲਜਾਂ ਦੇ ਦੀਵਾਲੀਆ ਹੋਣ ਦੇ ਕਾਰਣ ਗ਼ਲੀਆਂ ਵਿੱਚ ਭਟਕ ਰਹੇ ਹਨ, ਉਹਨਾਂ ਦੀਆਂ ਮਾਨਸਿਕ ਸਥਿਤੀਆਂ ਕਿੰਨੀਆਂ ਡਾਵਾਂਡੋਲ ਹੋਣਗੀਆਂ। ਉਸ ਸਥਿਤੀਆਂ ਵਿੱਚ ਉਹਨਾਂ ਦਾ ਕੋਈ ਵੀ ਫ਼ਾਇਦਾ ਲੈ ਸਕਦਾ ਹੈ। ਆਪਣੇ ਘਰ ਤੋਂ ਦੂਰ ਬੱਚੇ ਜਦੋਂ ਕਿਸੇ ਵੀ ਦੁਰ-ਵਿਵਹਾਰ ਦਾ ਸਾਹਮਣਾ ਕਰਦੇ ਹਨ ਉਹ ਮਾਨਸਿਕ ਤੌਰ ਤੇ ਬਹੁਤ ਜਦੋਜਹਿਦ ਵਿੱਚ ਹਨ ਤੇ ਡਿਪਰੈਸ਼ਨ ਦਾ ਸ਼ਿਕਾਰ ਹੋ ਰਹੇ ਹਨ। ਇਸ ਕਰਕੇ ਹੀ ਕਾਫ਼ੀ ਗਿਣਤੀ ਵਿੱਚ ਬੱਚੇ ਖੁਦਕੁਸ਼ੀਆਂ ਕਰ ਰਹੇ ਹਨ, ਨਾ ਉਹ ਵਾਪਸ ਜਾਣਾ ਚਾਹੁੰਦੇ ਹਨ ਕਿਉਂਕਿ ਸਾਡਾ ਸਮਾਜ ਉੱਥੇ ਗਿਆਂ ਨੂੰ ਵੀ ਨੇਹ੍ਨੂ-ਨੇਹ੍ਨੂ ਕੇ ਮਾਰ ਦਿੰਦਾ ਹੈ।

ਅੰਤ ਵਿੱਚ ਇਹਨਾਂ ਸਾਰੀਆਂ ਸਮੱਸਿਆਵਾਂ ਤੇ ਕਮਿਊਨਿਟੀ ਵਿੱਚ ਗੱਲ ਕਰਦੇ ਹੋਏ, ਗੱਲ ਸਾਹਮਣੇ ਆਈ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ਼ ਨਾਲ਼ 20 ਘੰਟੇ ਕੰਮ ਕਰਨ ਦੀ ਛੋਟ ਨਹੀਂ ਸਗੋਂ ਇੱਥੋਂ ਦੇ ਜੰਮਪਲ ਵਿਦਿਆਰਥੀਆਂ ਵਾਂਗ ਖੁੱਲ੍ਹਾ ਸਮਾਂ ਕੰਮ ਕਰਨ ਦੇਣਾ ਚਾਹੀਦਾ ਹੈ। ਪਰ ਮੇਰੀਆਂ ਨਜ਼ਰਾਂ ਵਿੱਚ ਵਿਦਿਆਰਥੀ ਜਿੰਨਾ ਚਿਰ ਪੜ੍ਹਦੇ ਹਨ ਉਹਨਾਂ ਨੂੰ ਬਿਲਕੁੱਲ ਕੰਮ ਨਹੀਂ ਹੋਣਾ ਚਾਹੀਦਾ ਚਾਹੇ ਐਥੋਂ ਦੇ ਹੋਣ ਚਾਹੇ ਅੰਤਰ ਰਾਸ਼ਟਰੀ।ਖ਼ਰਚਿਆਂ ਦਾ ਐਨਾ ਵਜ਼ਨ ਲੈ ਕੇ ਕੀ ਉਹ ਵਧੀਆ ਪੜ੍ਹ ਸਕਦੇ ਹਨ ? ਸਰਕਾਰਾਂ ਦਾ ਫਰਜ਼ ਹੋਣਾ ਚਾਹੀਦਾ ਹੈ ਜਦੋਂ ਉਹ ਟੈਕਸ ਲੈਂਦੀਆਂ ਹਨ ਤਾਂ ਉਹ ਹਰ ਵਿਅਕਤੀ ਨੂੰ ਮੁੱਢਲੀਆਂ ਲੋੜਾਂ ਮੁਹੱਈਆ ਕਰਵਾਉਣ। ਇੱਕ ਚਿੜੀ ਦੇ ਪੰਜੇ ਜਿੰਨਾ ਦੇਸ਼ ਕਿਊਬਾ ਜਿੱਥੋਂ ਦੀ ਸਰਕਾਰ ਹਰ ਵਿਅਕਤੀ ਨੂੰ ਰਹਿਣ ਲਈ ਘਰ, ਜਿਉਣ ਲਈ ਖਾਣਾ, ਸਾਰੀਆਂ ਸਿਹਤ ਸਹੂਲਤਾਂ ਤੇ ਪਹਿਲ਼ੀ ਤੋਂ ਡਾਕਟਰੀ ਦੀ ਪੜ੍ਹਾਈ ਤੱਕ ਮੁਫ਼ਤ ਗਿਆਨ ਹਾਸਲ ਕਰਵਾਉਂਦੀ ਹੈ। ਕੀ ਇਹ ਦੇਸ਼ ਉਸ ਤੋਂ ਵੀ ਗਏ ਗੁਜ਼ਰੇ ਹਨ?

ਪਰ ਸਾਡੀਆਂ ਸਰਕਾਰਾਂ ਕਾਰਪੋਰੇਸ਼ਨਾਂ ਨੂੰ ਵੱਡੇ ਗੱਫ਼ੇ ਦੇ ਕੇ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਡਿਪਰੈਸ਼ਨ ਵਿੱਚ ਧੱਕ ਰਹੇ ਹਨ।ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਤਿੱਗਣੀਆਂ ਫੀਸਾਂ ਲੈ ਕੇ ਯੂਨੀਵਰਸਿਟੀਆਂ, ਕਾਲਜ ਵੱਡੇ ਬਿਜ਼ਨਿਸ ਅਦਾਰੇ ਹੀ ਹਨ, ਜਿਨ੍ਹਾਂ ਦੀਆਂ ਝੋਲ਼ੀਆਂ ਭਰੀਆਂ ਜਾ ਰਹੀਆਂ ਹਨ। ਜਿਨ੍ਹਾਂ ਬੱਚਿਆਂ ਨੇ ਸਾਰੀ ਜ਼ਿੰਦਗੀ ਇਸ ਸਮਾਜ ਦਾ ਹਿੱਸਾ ਬਣ ਕੇ ਇਸ ਨੂੰ ਵਧੀਆ ਤੇ ਸੁੰਦਰ ਬਣਾਉਣਾ ਹੈ ਜੇ ਉਸ ਦੀ ਨੀਂਹ ਇਹੋ ਜਿਹੀ ਰੱਖੀ ਜਾ ਰਹੀ ਹੈ ਫਿਰ ਅਸੀਂ ਆਉਣ ਵਾਲੇ ਸਮੇਂ ਲਈ ਕਿਹੋ ਜਿਹੀ ਤਵੱਕੋ ਰੱਖਦੇ ਹਾਂ।

ਸਾਡੀ ਇੱਥੇ ਰਹਿੰਦੀ ਕਮਿਉਨਿਟੀ ਨੂੰ ਵਿਦਿਆਰਥੀਆਂ ਦੀ ਸਮੱਸਿਆ ਨੂੰ ਸਮਝਣਾ ਚਾਹੀਦਾ ਹੈ ਤੇ ਉਹਨਾਂ ਦਾ ਸਾਥ ਦੇਣਾ ਚਾਹੀਦਾ ਹੈ ਜੋ ਕਾਲਜ ਬੰਦ ਹੋਏ ਹਨ, ਬੱਚੇ ਅਵਾਜ਼ਾਰ ਹਨ। ਸਾਨੂੰ ਸਾਰਿਆਂ ਨੂੰ ਜਥੇਬੰਦ ਕੇ ਅਵਾਜ਼ ਉਠਾਉਣੀ ਚਾਹੀਦੀ ਹੈ ਕਿ ਸਰਕਾਰਾਂ ਇਹਨਾਂ ਬੱਚਿਆਂ ਦੀ ਬਾਂਹ ਫੜ੍ਹਨ ਤੇ ਉਹਨਾਂ ਦੀ ਪੜ੍ਹਾਈ ਹਰ ਹਾਲਤ ਵਿੱਚ ਪੂਰੀ ਕਰਾਉਣ ਦੀ ਗਰੰਟੀ ਕਰਨ। ਇਹਨਾਂ ਵਿੱਚੋਂ ਕੁੱਝ ਵਿਦਿਆਰਥੀਆਂ ਨੂੰ ਕੰਪਲੀਸ਼ਨ ਲੈਟਰ ਦਿੱਤੇ ਜਾ ਰਹੇ ਹਨ ਕਿ ਉਹ ਚੁੱਪ ਕਰ ਜਾਣ ਜਾਣਿ  ਕਿ ਵਿਦਿਆਰਥੀਆਂ ਵਿੱਚ ਦੁਫ਼ਾੜ ਪੈ ਜਾਵੇ, ਇਕੱਠੇ ਹੋ ਕੇ ਇਨਸਾਫ਼ ਦੀ ਲੜਾਈ ਨਾ ਲੜ ਸਕਣ। ਇਹੋ ਜਿਹੀਆਂ ਸਾਜ਼ਿਸ਼ਾਂ ਤੋਂ ਵੀ ਸੁਚੇਤ ਹੋਣ ਦੀ ਲੋੜ ਹੈ। ਜੋ ਆਪਸ ਵਿੱਚ ਦੂਸ਼ਨਬਾਜ਼ੀ ਦਾ ਮਾਹੌਲ ਹੈ ਉਹ ਬੰਦ ਹੋਣਾ ਚਾਹੀਦਾ ਹੈ। ਇਹ ਸਾਡੇ ਹੀ ਬੱਚੇ ਹਨ, ਕੈਨੇਡਾ ਦਾ ਭਵਿੱਖ, ਇਹਨਾਂ ਦੇ ਹੱਥਾਂ ਵਿੱਚ ਆਉਣਾ ਹੈ। ਸੋ ਅੱਜ ਅਸੀਂ ਵੀ ਇਹਨਾਂ ਦੇ ਮੋਢੇ ਨੂੰ ਮੋਢਾ ਦੇਈਏ।

□□□

# 1984 ਵਿੱਚ ਸਿੱਖਾਂ ਦੀ ਨਸਲਕੁਸ਼ੀ

ਭਾਰਤ ਵਿੱਚ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਲੋਕ ਬਹੁਤ ਹੀ ਸਦ-ਪਿਆਰ ਨਾਲ਼ ਰਹਿੰਦੇ ਸਨ। ਉਹਨਾਂ ਵਿੱਚ ਕਿਸੇ ਵੀ ਧਰਮਾਂ ਦਾ ਕੋਈ ਵਿਤਕਰਾ ਨਹੀਂ ਸੀ। ਫਿਰ ਅੰਗਰੇਜ਼ਾਂ ਨੇ ਆਪਣੀ ਧਾਂਕ ਜਮਾਉਣ ਲਈ ਭਾਰਤੀਆਂ ਵਿੱਚ ਧਰਮਾਂ ਨੂੰ ਉਭਾਰਿਆ ਅਤੇ ਧਾਰਮਿਕ ਚੌਧਰੀ ਪੈਦਾ ਕਰ ਕੇ, ਆਪਣੇ ਹੱਥ ਠੋਕੇ ਬਣਾ ਕੇ, ਪਾੜੋ ਤੇ ਰਾਜ ਕਰੋ ਦੀ ਨੀਤੀ ਨੂੰ ਅਪਣਾਇਆ ਤਾਂ ਕਿ ਭਾਰਤ ਦਾ ਕੱਚਾ ਮਾਲ ਲੁੱਟ ਕੇ ਲਿਜਾ ਸਕਣ ਅਤੇ ਲੋਕ ਧਰਮਾਂ ਤੇ ਜਾਤਾਂ-ਪਾਤਾਂ ਦੇ ਤਾਣੇ-ਬਾਣੇ ਵਿੱਚ ਉਲ਼ਝੇ ਰਹਿਣ। ਜਦੋਂ ਲੋਕ ਸੰਘਰਸ਼ਾਂ ਦੇ ਰਾਹ ਪੈ ਗਏ, ਆਪਣੇ ਹੱਕਾਂ ਬਾਰੇ ਸੋਚਣ ਲੱਗੇ ਅਤੇ ਲਹਿਰਾਂ ਉੱਠਣ ਲੱਗੀਆਂ ਜਿਵੇਂ 1857 ਦਾ ਗ਼ਦਰ, ਕੂਕਾ ਲਹਿਰ, ਗ਼ਦਰ ਲਹਿਰ, ਬੱਬਰ ਲਹਿਰ, ਕਿਰਤੀ ਲਹਿਰ, ਨੌਜਵਾਨ ਭਾਰਤ ਸਭਾ, ਅਕਾਲੀ ਪਾਰਟੀ, ਲਾਲ ਪਾਰਟੀ ਤਾਂ ਇਹਨਾਂ ਨੂੰ ਆਪਣਾ ਸਿੰਘਾਸਨ ਡੋਲਦਾ ਦਿੱਸਿਆ ਤਾਂ ਉਹਨਾਂ ਨੇ ਇਹ ਪੈਂਤੜਾਂ ਵਰਤਿਆ ਕਿ ਮੁਸਲਮਾਨਾਂ, ਸਿੱਖਾਂ ਤੇ ਹਿੰਦੂਆਂ ਨੂੰ ਲੜਾ ਦਿੱਤਾ ਜਾਵੇ, ਜਿਸ ਦਾ ਸਿੱਟਾ ਭਾਰਤ ਦੇ ਦੋ ਟੋਟੇ ਹੋ ਗਏ ਹਿੰਦੋਸਤਾਨ ਤੇ ਪਾਕਿਸਤਾਨ। ਇਸ ਦੌਫਾੜ ਵਿੱਚ ਭਾਈ ਭਰੱਪਣ ਨਾਲ਼ ਰਹਿੰਦੇ ਲੋਕ ਇੱਕ ਦੂਜੇ ਦੇ ਵੈਰੀ ਹੋ ਗਏ। ਇੱਕ ਦੂਜੇ ਨੂੰ ਵੱਢ ਸੁੱਟਿਆ, ਅਨੇਕਾਂ ਹੀ ਕੁੜੀਆਂ ਨਾਲ਼ ਬਲਾਤਕਾਰ ਹੋਏ, ਬਹੁਤ ਨੇ ਆਪਣੀ ਇੱਜ਼ਤ ਬਚਾਉਣ ਲਈ ਖੂਹਾਂ ਵਿੱਚ ਛਾਲ਼ਾਂ ਮਾਰ ਦਿੱਤੀਆਂ, ਲੋਕ ਘਰੋਂ ਬੇਘਰ ਹੋ ਗਏ, ਬੱਚੇ ਮਾਰੇ ਗਏ। ਰਸਦੇ-ਵਸਦੇ ਘਰ ਉੱਜੜ ਗਏ। ਇਹ ਅੰਗਰੇਜ਼ ਸਾਮਰਾਜ ਦੀ ਚਾਲ ਸੀ ਕਿ ਧਰਮ ਨੂੰ ਲੋਕਾਂ ਦੀ ਕਮਜ਼ੋਰੀ ਬਣਾ ਕੇ ਪੇਸ਼ ਕਰ ਦਿੱਤਾ ਜਿਸ ਲਈ ਉਹ ਇੱਕ ਦੂਜੇ ਨੂੰ ਹੀ ਦੁਸ਼ਮਣ ਸਮਝਣ ਲੱਗ ਗਏ ਜਦ ਕਿ ਉਹਨਾਂ ਦਾ ਅਸਲੀ ਦੁਸ਼ਮਣ ਬਚ ਨਿਕਲਿਆ। ਸਿੱਟੇ ਵਜੋਂ ਇੱਕ ਵੱਡੇ ਭਾਰਤ ਦੇਸ਼ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਕਮਜ਼ੋਰ ਕਰ ਦਿੱਤਾ। ਜਿਹੜੇ ਅੱਜ ਅੰਗਰੇਜ਼ ਦੇ ਜਾਣ ਤੋਂ 69 ਸਾਲਾਂ ਬਾਅਦ ਵੀ ਆਪਣੀਆਂ ਦੁਸ਼ਮਣੀਆਂ ਜਿਉਂ ਦੀਆਂ ਤਿਉਂ ਪਾਲ਼ ਰਹੇ ਹਨ। ਰਹਿੰਦਾ ਖੂੰਹਦਾ ਇੱਕ ਕਸ਼ਮੀਰ ਦਾ ਮੁੱਦਾ ਜਿਸ ਨੂੰ ਦੋਨੋਂ ਦੇਸ਼ ਹਥਿਆਉਣਾ ਚਾਹੁੰਦੇ ਹਨ ਤੇ ਉੱਥੇ ਰਹਿ ਰਹੇ ਲੋਕਾਂ 'ਤੇ ਅਣਮਨੁੱਖੀ ਜਬਰ ਢਾਹ ਰਹੇ ਹਨ। ਅੰਗਰੇਜ਼ਾਂ ਨੇ ਭਾਰਤ ਦੀ ਵਾਗ਼ਡੋਰ ਵੀ ਆਪਣੇ ਹੱਥ ਠੋਕਿਆਂ ਨੂੰ ਹੀ ਦਿੱਤੀ, ਜਿਹੜੇ ਅੱਜ ਤੱਕ ਅੰਗਰੇਜ਼ਾਂ ਦੇ ਨਕਸ਼ ਕਦਮਾਂ 'ਤੇ ਪੂਰੀ ਤਰ੍ਹਾਂ ਚੱਲ ਰਹੇ ਹਨ ਅਤੇ ਉਹਨਾਂ ਵਾਂਗ ਹੀ ਲੋਕਾਂ ਨੂੰ

ਗੁੰਮਰਾਹ ਕਰ ਰਹੇ ਹਨ। ਅਜ਼ਾਦੀ ਲਈ ਲੜਨ ਵਾਲ਼ੇ ਦੇਸ਼ ਭਗਤਾਂ ਨੂੰ ਜੇਲ੍ਹਾਂ ਵਿੱਚ ਸੁੱਟ ਦਿੱਤਾ ਗਿਆ।

ਮੈਂ ਤੁਹਾਡੇ ਨਾਲ਼ 1984 ਦੀ ਨਸਲਕੁਸ਼ੀ ਬਾਰੇ ਦੱਸਣ ਤੋਂ ਪਹਿਲਾਂ ਕਿ ਇਸ ਦੇ ਹਾਲਾਤ ਕਦੋਂ ਤੇ ਕਿਵੇਂ ਸ਼ੁਰੂ ਹੋਏ, ਦੱਸਣ ਦੀ ਕੋਸ਼ਿਸ਼ ਕਰਾਂਗੀ। ਸੰਨ 1973 ਵਿੱਚ ਸਿੱਖਾਂ ਨੇ ਇਹ ਮਤਾ ਲਿਆਂਦਾ ਕਿ ਬਾਕੀ ਸੂਬਿਆਂ ਵਾਂਗ ਪੰਜਾਬ ਨੂੰ ਵੀ ਵੱਧ ਅਧਿਕਾਰ ਮਿਲਣੇ ਚਾਹੀਦੇ ਹਨ। ਜਿਵੇਂ ਪਾਣੀਆਂ ਦਾ ਮਸਲਾ, ਬੋਲੀ ਦੇ ਅਧਾਰ ਤੇ ਵੰਡ ਦਾ ਮਸਲਾ ਆਦਿ। ਉਸ ਸਮੇਂ ਪੰਜਾਬ ਵਿੱਚ ਬਾਦਲ ਸਰਕਾਰ ਸੀ ਉਦੋਂ ਇਸ ਨੂੰ ਅਣਗੌਲ਼ਿਆਂ ਕੀਤਾ ਗਿਆ ਬਾਅਦ ਵਿੱਚ ਜਦੋਂ ਪੰਜਾਬ ਵਿੱਚ ਕਾਂਗਰਸ ਦੀ ਵਜ਼ਾਰਤ ਬਣੀ ਤਾਂ ਇਹ ਮੁੱਦਿਆਂ ਨੂੰ ਉਭਾਰ ਕੇ ਧਰਮ ਯੁੱਧ ਮੋਰਚੇ ਦਾ ਨਾਂ ਦੇ ਕੇ ਮੋਰਚਾ ਲਗਾਇਆ ਗਿਆ। 1978 ਵਿੱਚ ਵਿਸਾਖ਼ੀ ਵਾਲ਼ੇ ਦਿਨ ਨਿਰੰਕਾਰੀ ਤੇ ਸਿੱਖਾਂ ਵਿੱਚ ਝਗੜਾ ਹੋਇਆ ਕਿ ਉਹ ਸਿੱਖ ਧਰਮ ਦੀ ਬੇਇਜ਼ਤੀ ਕਰਦੇ ਹਨ। ਉਹ ਦੇਹ ਧਾਰੀ ਗੁਰੂ ਨੂੰ ਗੁਰੂ ਮੰਨ ਰਹੇ ਹਨ ਜਦ ਕਿ ਗੁਰੂ ਗੋਬਿੰਦ ਸਿੰਘ ਨੇ ਗੁਰੂ ਗਰੰਥ ਸਾਹਿਬ ਨੂੰ ਹੀ ਆਖ਼ਰੀ ਗੁਰੂ ਗ਼ਰਦਾਨਿਆ ਹੈ। ਇਸ ਮਸਲੇ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਗੁਰਬਚਨ ਸਿੰਘ ਨਿਰੰਕਾਰੀ ਦੇ ਆਹਮਣੇ ਸਾਹਮਣੇ ਆਉਂਦਾ ਹੈ ਤੇ ਗੁਰਬਚਨ ਸਿੰਘ ਦਾ ਕਤਲ ਹੋ ਜਾਂਦਾ ਹੈ। ਹੁਣ ਮੈਦਾਨ ਭਖ਼ ਚੁੱਕਿਆ ਹੈ। ਉਸ ਤੋਂ ਬਾਅਦ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ਾ ਧਰਮ ਯੁੱਧ ਮੋਰਚੇ ਵਿੱਚ ਹੀਰੋ ਬਣ ਕੇ ਉਭਰਦਾ ਹੈ। ਬਹੁਤ ਸਾਰੇ ਤੱਥਾਂ ਤੋਂ ਸਾਹਮਣੇ ਆਉਂਦਾ ਹੈ ਕਿ ਇਸ ਨੂੰ “ਅਕਾਲੀ ਦਲ ਦਾ ਧਰਮ ਯੁੱਧ ਮੋਰਚਾ ਸ਼ੁਰੂ ਹੋਣ ਤੋਂ ਪਹਿਲਾਂ ਸੰਤ ਅਕਾਲੀ ਲੀਡਰਸ਼ਿੱਪ ਵਲੋਂ ਖੁੱਲ੍ਹੇ ਰੂਪ ਵਿੱਚ ਇਹ ਪਰਚਾਰ ਕੀਤਾ ਜਾਂਦਾ ਰਿਹਾ ਕਿ ਸੰਤ ਜਰਨੈਲ ਸਿੰਘ ਕਾਂਗਰਸ ਦਾ ਬੰਦਾ ਹੈ, ਇਸ ਨੂੰ ਪੰਥਕ ਰਾਜਨੀਤੀ ਵਿੱਚ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਰਾਜਸੀ ਬਦਲ ਬਣਾਉਣ ਵਾਸਤੇ ਤੇ ਪੰਥ ਵਿੱਚ ਫੁੱਟ ਪਾਉਣ ਵਾਸਤੇ ਸਿਆਸੀ ਮੈਦਾਨ ਵਿੱਚ ਲਿਆਂਦਾ ਗਿਆ ਸੀ” ਏਸੇ ਤਰ੍ਹਾਂ “ ਦਰਬਾਰਾ ਸਿੰਘ ਮੁੱਖ ਮੰਤਰੀ ਪੰਜਾਬ ਦਾ ਧੜ੍ਹਾ ਇਹ ਕਹਿੰਦਾ ਹੈ ਕਿ ਸੰਤ ਜਰਨੈਲ ਸਿੰਘ ਗਿਆਨੀ ਜੈਲ ਸਿੰਘ ਦੇ ਦਿਮਾਗ਼ ਦੀ ਕਾਢ ਹੈ, ਜਿਸ ਨੂੰ ਉਹ ਦਰਬਾਰਾ ਸਰਕਾਰ ਨੂੰ ਪਰੇਸ਼ਾਨ ਕਰਨ ਲਈ ਵਰਤਣਾ ਚਾਹੁੰਦਾ ਹੈ ਤੇ ਜਿਸ ਰਾਹੀਂ ਉਹ ਅੱਤਵਾਦ ਨੂੰ ਸਹਿ ਦੇ ਕੇ ਦਰਬਾਰਾ ਸਿੰਘ ਦਾ ਤਖ਼ਤਾ ਉਲਟਾਉਣ ਤੇ ਤੁਲਿਆ ਹੋਇਆ ਹੈ” (ਵੇਰਵਾ ਮਹਾਨ ਸ਼ਖਸੀਅਤ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ--- ਤਾਰਾ ਸਿੰਘ ਹੇਅਰ)

ਇਹ ਤਾਂ ਸੱਚ ਹੈ ਕਿ ਭਿੰਡਰਾਂ ਵਾਲ਼ਾ ਜਿਸ ਨੂੰ ਪਹਿਲਾਂ ਕੋਈ ਨਹੀਂ ਸੀ ਜਾਣਦਾ, ਕੁੱਝ ਸਮੇਂ ਬਾਅਦ ਹਰ ਇੱਕ ਦੀ ਜ਼ੁਬਾਨ ‘ਤੇ ਉਸ ਦਾ ਨਾਂ ਸੀ, ਇਸ ਦੇ ਪਿੱਛੇ ਵੱਡੀਆਂ ਤਾਕਤਾਂ ਦਾ ਹੱਥ ਨਾ ਹੋਵੇ ਇਹ ਕਹਿਣਾ ਨਾਮੁਮਕਿਨ ਹੈ। ਉਸ

ਨੇ ਗੁਰਦਵਾਰੇ ਦੇ ਵਿੱਚ ਬੈਠ ਕੇ ਸਿੱਖਾਂ ਨੂੰ ਐਨੀ ਫੂਕ ਛਕਾਈ ਕਿ ਤੁਸੀਂ ਬਹੁਤ ਵੱਡੇ ਬਹਾਦਰ ਸੂਰਬੀਰ ਹੋ, ਤੁਸੀਂ ਲੜਨਾ ਜਾਣਦੇ ਹੋ, ਤੁਸੀਂ ਕਿਸੇ ਦੀ ਈਨ ਨੀ ਮੰਨ ਸਕਦੇ, ਸਿੱਖ ਮਾਰਸ਼ਲ ਕੌਮ ਹੈ, ਇੱਕ ਸਿੱਖ ਸਵਾ ਲੱਖ ਦੇ ਬਰਾਬਰ ਹੈ, ਹਿੰਦੂਆਂ ਦੀ ਰੱਖਿਆ ਤਾਂ ਸਾਡੇ ਗੁਰੂ ਨੇ ਕੀਤੀ ਸੀ, ਪਰ ਹਿੰਦੂਆਂ ਨੇ ਹਮੇਸ਼ਾਂ ਇਹਨਾਂ ਨਾਲ਼ ਧੋਖਾ ਕੀਤਾ ਹੈ ਆਦਿ। ਨਿਰੰਕਾਰੀਆਂ ਤੇ ਸਿੱਖਾਂ ਦੀ ਲੜਾਈ ਇੱਕ ਦਮ ਹਿੰਦੂਆਂ ਦੀ ਲੜਾਈ ਕਿਵੇਂ ਬਣ ਗਈ ਪਤਾ ਹੀ ਨਹੀਂ ਲੱਗਿਆ। ਭੋਲ਼ੀ ਬੇਰੁਜ਼ਗਾਰ ਜਵਾਨੀ ਜਿਹੜੀ ਹੱਥਾਂ ਵਿੱਚ ਡਿਗਰੀਆਂ ਲੈ ਕੇ ਦਫ਼ਤਰਾਂ ਦੇ ਗੇੜੇ ਕੱਢ ਰਹੀ ਸੀ, ਉਹ ਨੂੰ ਹਥਿਆਰ ਫੜਾ ਦਿੱਤੇ। ਫਿਰ ਉਹੀ ਨਿੱਤ ਦੇ ਅਖ਼ਬਾਰਾਂ ਦੀਆਂ ਸੁਰਖ਼ੀਆਂ ਅੱਜ ਛੇ ਹਿੰਦੂ ਬੱਸ ਚੋਂ ਲਾਹ ਕੇ ਲਾਈਨ ਵਿੱਚ ਖੜ੍ਹੇ ਕਰਕੇ ਗੋਲ਼ੀਆਂ ਨਾਲ ਉਡਾ ਦਿੱਤੇ, ਚਾਰ ਸਿੰਘ ਨੌਜਵਾਨਾਂ ਦਾ ਪੁਲਸ ਮੁਕਾਬਲਾ ਹੋ ਗਿਆ, ਲੋਕ ਡਰਦੇ ਬਾਹਰ ਨਹੀਂ ਸੀ ਨਿਕਲ਼ਦੇ ਕਿਉਂਕਿ ਕਾਰਵਾਈਆਂ ਕਰਦੇ ਫਿਰਦੇ ਸਿੰਘ ਜਿਸ ਘਰ ਰੋਟੀ ਖਾਣ ਆ ਵੜਦੇ ਤਾਂ ਪੁਲੀਸ ਆ ਕੇ ਘਰ ਵਾਲਿਆਂ ਨੂੰ ਚੱਕ ਕੇ ਲੈ ਜਾਂਦੀ। ਉਹ ਜਿਸ ਕੋਲ ਖੜ੍ਹਦੇ ਬੈਠਦੇ, ਉਹ ਪੁਲੀਸ ਦਾ ਸ਼ਿਕਾਰ ਬਣ ਜਾਂਦੇ। ਜੇ ਉਹ ਸਿੰਘਾਂ ਨੂੰ ਜਵਾਬ ਦਿੰਦੇ ਤਾਂ ਉਹਨਾਂ ਦੀ ਗੋਲ਼ੀ ਦਾ ਸ਼ਿਕਾਰ ਬਣ ਜਾਂਦੇ। ਲੋਕਾਂ ਦੀ ਹਾਲਤ ਪੁਲੀਸ ਤੇ ਅੱਤਵਾਦੀਆਂ ਦੇ ਵਿਚਕਾਰ ਚੱਕੀ ਦੇ ਦੋ ਪੁੜਾਂ ਦੇ ਵਿਚਾਲੇ ਘੁਣ ਦੇ ਪੀਸਣ ਵਾਂਗ ਸ਼ਿਕੰਜੇ ਵਿੱਚ ਆਈ ਹੋਈ ਸੀ। ਪਿੰਡਾਂ ਵਿੱਚ ਜੁਗੜ੍ਹਿਆਂ ਤੋਂ ਭਾਈਆਂ ਵਾਂਗ ਰਹਿੰਦੇ ਹਿੰਦੂ ਸਿੱਖ ਪਤਾ ਹੀ ਨਾ ਲੱਗਦਾ ਕਦੋਂ ਕਤਲ ਹੋ ਜਾਂਦੇ , ਲੋਕ ਇਸ ਗੱਲ ਦਾ ਫ਼ਾਇਦਾ ਉਠਾ ਕੇ ਆਪਣੀਆਂ ਜਾਤੀ ਦੁਸ਼ਮਣੀਆਂ ਕੱਢਣ ਲੱਗੇ। ਸਟੇਨਗੰਨਾਂ ਦੇ ਸਹਾਰਿਆਂ ਨਾਲ਼ ਦਰਖ਼ਤਾਂ ਨਾਲ਼ ਫਾਂਸੀਆਂ ਦਿੱਤੀਆਂ ਜਾਣ ਲੱਗੀਆਂ। ਲੁੱਟਾਂ-ਮਾਰਾਂ ਸ਼ਰੇਆਮ ਹੋਣ ਲੱਗੀਆਂ, ਵੱਡੀਆਂ ਬੈਂਕਾਂ 'ਤੇ ਡਾਕੇ ਪੈਣ ਲੱਗੇ ਤੇ ਲੋਕਤੰਤਰ ਠੁੱਸ ਹੋ ਕੇ ਰਹਿ ਗਿਆ, ਸਰਕਾਰ ਦਾ ਰੋਲ ਅਪਾਹਜਾਂ ਵਰਗਾ ਸੀ। ਇਸ ਮਾਹੌਲ ਵਿੱਚ ਲੋਕ 6 ਵਜੇ ਤੋਂ ਬਾਹਰ ਨਿਕਲਣੋ ਬੰਦ ਹੋ ਗਏ, ਪੰਜਾਬੀਆਂ ਦੀ ਪਰਾਹੁਣਚਾਰੀ ਬੰਦ ਹੋ ਗਈ, ਲੋਕ ਡਰ ਨਾਲ਼ ਜਿਊਣ ਲੱਗੇ, ਸਭ ਕੁੱਝ ਸਾਹਮਣੇ ਅਨਰਥ ਹੁੰਦਾ ਦੇਖ ਕੇ ਵੀ ਲੋਕ ਚੁੱਪ ਰਹਿੰਦੇ ਕਿਉਂਕਿ ਧਾਰਮਿਕ ਜਨੂੰਨ ਦਾ ਬੋਲ-ਬਾਲਾ ਐਨਾ ਹੋ ਗਿਆ ਸੀ। ਹੁਣ ਜਿਹੜੀ ਕੇਂਦਰੀ ਸਰਕਾਰ ਘਾਤ ਲਾਈ ਬੈਠੀ ਸੀ ਕਿ ਪੰਜਾਬੀਅਤ ਨੂੰ ਦਿਮਾਗ਼ੀ ਤੇ ਜ਼ਿਹਨੀਅਤ ਤੌਰ ਤੇ ਕਿਵੇਂ ਤੋੜਿਆ ਜਾਵੇ।ਉਹ ਮਨਸ਼ਾ ਜੂਨ ਦੇ ਪਹਿਲੇ ਹਫ਼ਤੇ 1984 ਵਿੱਚ ਸਿੱਖਾਂ ਦੀਆਂ ਭਾਵਨਾਵਾਂ ਦੇ ਕੇਂਦਰ ਹਰਿਮੰਦਰ ਸਾਹਿਬ ਅਤੇ ਹੋਰ ਗੁਰਦਵਾਰਿਆਂ 'ਤੇ ਫੌਜੀ ਅਟੈਕ ਕਰਕੇ ਪੂਰੀ ਹੋਈ। ਜਿਸ ਨਾਲ਼ ਗੁਰਦਵਾਰਿਆਂ ਦੇ ਅੰਦਰ ਜਾਂ ਪੰਜਾਬ ਵਿੱਚ ਬੈਠੇ ਲੋਕ ਹੀ ਨਹੀਂ ਮਾਰੇ ਗਏ ਸਗੋਂ ਪੰਜਾਬ ਤੋਂ ਬਾਹਰ ਭਾਰਤ ਵਿੱਚ ਅਤੇ ਵਿਦੇਸ਼ਾਂ ਵਿੱਚ ਪੰਜਾਬੀਆਂ ਦੀਆਂ ਆਂਦਰਾਂ ਵੀ ਵਲੂੰਧਰੀਆਂ

ਗਈਆਂ।1984 ਦਾ ਸਾਲ ਪੰਜਾਬ ਦੇ ਲੋਕਾਂ ਲਈ ਨਾ ਭੁੱਲਣਯੋਗ ਸਾਲ ਹੋ ਨਿਬੜਿਆ।

ਇਸ ਸਾਰੇ ਸੰਦਰਭ ਵਿੱਚ ਦੇਖੀਏ ਕਿ ਕੌਣ ਕਸੂਰਵਾਰ ਹੈ ਸਭ ਤੋਂ ਪਹਿਲਾਂ ਇੰਦਰਾ ਗਾਂਧੀ ਜਿਹੜੀ ਇੱਕ ਭੈੜੇ ਭ੍ਰਿਸ਼ਟਾਚਾਰੀ ਪ੍ਰਬੰਧ ਦੀ ਮੁਖੀਆ ਸੀ, ਜਿਸ ਕੋਲ ਅੰਨ੍ਹੀ ਤਾਕਤ ਦੀ ਵਰਤੋਂ ਤੋਂ ਸਿਵਾ ਕਿਸੇ ਵੀ ਮਸਲੇ ਦਾ ਕੋਈ ਹੱਲ ਨਹੀਂ ਸੀ। ਉਸ ਨੂੰ ਸਾਰੀ ਖੇਡੀ ਜਾਣ ਵਾਲ਼ੀ ਖੇਡ ਦਾ ਪਤਾ ਸੀ, ਪਰ ਉਹ ਉਸ ਵੇਲ਼ੇ ਤੱਕ ਉਡੀਕਦੀ ਰਹੀ ਜਦ ਤੱਕ ਉਸ ਨੂੰ ਯਕੀਨ ਨਾ ਹੋ ਗਿਆ ਕਿ ਉਹ ਇਸ ਐਕਸ਼ਨ ਤੋਂ ਵੱਧ ਤੋਂ ਵੱਧ ਰਾਜਨੀਤਕ ਲਾਭ ਕਿਵੇਂ ਲੈ ਸਕਦੀ ਹੈ। ਪਹਿਲਾਂ ਨਾਸੂਰ (ਜ਼ਖਮ) ਨੂੰ ਐਨਾ ਵਧਾ ਦੇਵੋ ਕਿ ਲੋਕਾਂ ਨੂੰ ਲੱਗੇ ਕਿ ਇਸ ਮਾਰੂ ਨਾਸੂਰ ਦਾ ਅਪਰੇਸ਼ਨ ਤੋਂ ਬਿਨ੍ਹਾਂ ਹੋਰ ਕੋਈ ਚਾਰਾ ਹੀ ਨਹੀਂ। ਦੂਸਰਾ ਸੰਤ ਭਿੰਡਰਾਂਵਾਲਾ ਜੋ ਵੀਂਹਵੀ ਸਦੀ ਵਿੱਚ ਇਤਿਹਾਸ ਦਾ ਪਹੀਆ ਪੁੱਠਾ ਮੋੜਨ ਲੱਗਿਆ ਹੋਇਆ ਸੀ, ਜਿਸ ਦੀ ਛੱਤਰ ਛਾਇਆ ਥੱਲੇ ਜੇ ਕਰ ਮਰ ਮਿਟਨ ਵਾਲੇ ਸੂਰਮੇ ਸਨ ਤਾਂ ਨਾਲ਼ ਦੀ ਨਾਲ਼ ਚੋਰ, ਕਾਤਲ, ਬਦਮਾਸ਼ ਵੀ ਉਸ ਦੀਆਂ ਸਫਾਂ ਦਾ ਸਹਾਰਾ ਲੈ ਰਹੇ ਸਨ। ਤੀਸਰੇ ਸਨ ਸੰਤ ਲੌਂਗੋਵਾਲ, ਬਾਦਲ , ਟੌਹੜਾ ਆਦਿਕ ਇਹ ਸਾਰੇ ਆਪਣੇ ਸਾਹਮਣੇ ਸਭ ਕੁੱਝ ਦੇਖ ਰਹੇ ਸਨ ਪਰ ਇਹਨਾਂ ਦੇ ਗੱਦੀਆਂ ਦੇ ਸਵਾਰਥ ਨੇ ਇਹਨਾਂ ਦਾ ਮੂੰਹ ਬੰਦ ਰੱਖਿਆ। ਮੋਰਚੇ ਦੀ ਆੜ ਵਿੱਚ ਜੋ ਕੁੱਝ ਦਰਬਾਰ ਸਾਹਿਬ ਤੋਂ ਹੋ ਰਿਹਾ ਸੀ, ਕਦੇ ਵੀ ਉਹ ਦੀ ਨਿਖੇਧੀ ਨਾ ਕੀਤੀ। ਜਦੋਂ ਬਲੂ ਸਟਾਰ ਐਕਸ਼ਨ ਹੋਇਆ ਤਾਂ ਆਪ ਚੁਪ ਚਾਪ ਬਾਹਰ ਨਿਕਲ ਗਏ ਤੇ ਆਮ ਲੋਕ ਮਾਰੇ ਗਏ।

ਜਦੋਂ ਅਸੀਂ ਇਹ ਸਾਰਾ ਘਟਨਾ ਕ੍ਰਮ ਦੇਖਦੇ ਹਾਂ ਤਾਂ ਮਨ ਵਿੱਚ ਕਈ ਸਵਾਲ ਪੈਦਾ ਹੁੰਦੇ ਹਨ ਕਿ ਲੋਕਾਂ ਨੂੰ ਗੁੰਮਰਾਹ ਕਰਨ ਦਾ ਇਹ ਡਰਾਮਾ ਕੀ ਸੀ? ਸਰਕਾਰ ਇਹ ਹਾਲਾਤ ਵਿਗੜਨ ਤੋਂ ਪਹਿਲਾਂ ਇਹਨਾਂ ਨੂੰ ਕਾਬੂ ਨਹੀਂ ਸੀ ਕਰ ਸਕਦੀ? ਅਕਾਲੀਆਂ ਦੇ ਮੋਰਚੇ ਵਿੱਚ ਇੱਕ ਵੀ ਮੰਗ ਹਿੰਦੂਆਂ ਦੇ ਵਿਰੁੱਧ ਨਹੀਂ ਸੀ ਸਗੋਂ ਸਾਰੇ ਪੰਜਾਬੀਆਂ ਨੂੰ ਮੁੱਖ ਰੱਖ ਕੇ ਸਨ ਫਿਰ ਹਿੰਦੂ ਸਿੱਖ ਦਾ ਝਗੜਾ ਕਿਉਂ ਤੇ ਕਿੱਥੋਂ ਸ਼ੁਰੂ ਹੋਇਆ? ਦਰਬਾਰ ਸਾਹਿਬ ਵਿੱਚ ਮਣਾਂ ਮੂੰਹੀਂ ਆਧੁਨਿਕ ਹਥਿਆਰ ਕਿੱਥੋਂ ਤੇ ਕਿਵੇਂ ਆਏ? ਉਸ ਸਮੇਂ ਸਰਕਾਰ ਕਿੱਥੇ ਸੌਂ ਰਹੀ ਸੀ? ਕੀ ਇਹਨਾਂ ਗੱਲਾਂ ਵੱਲ ਉਸ ਦੀ ਕੋਈ ਦਿਲਚਸਪੀ ਨਹੀਂ ਸੀ ਜਾਂ ਉਹ ਇਸ ਕਤਲੋਗਾਰਤ ਨੂੰ ਸਹਿ ਦੇ ਰਹੀ ਸੀ। ਉਸ ਦੀ ਨਾਕਾਮੀ ਕਿੱਥੇ ਸੀ? ਜਾਂ ਕੇਂਦਰ ਸਰਕਾਰ ਦੇ ਬੁਣੇ ਜਾਲ਼ ਵਿੱਚ ਉਹ ਮੂਕ ਦਰਸ਼ਕ ਸੀ? ਬਹੁਤ ਸਾਰੀਆਂ ਗੱਲਾਂ ਸਾਹਮਣੇ ਆਉਂਦੀਆਂ ਹਨ ਪਰ ਅਸਲ ਵਿੱਚ ਹੋਇਆ ਇਹ ਕਿ ਲੋਕ ਉਸ ਸਮੇਂ ਲੋਕ ਸੰਘਰਸ਼ਾਂ ਦੇ ਰਾਹ ਤੁਰ ਪਏ ਸਨ। ਉਹਨਾਂ ਦੇ ਦਿਮਾਗ਼ਾਂ ਦੀ ਪੱਟੀਮੇਸ ਕਰਨ ਲਈ ਧਾਰਮਿਕ ਜਨੂੰਨੀ ਭਿੰਡਰਾਂਵਾਲ਼ੇ ਨੂੰ ਲਿਆ ਕੇ, ਖੁੱਲ੍ਹ ਖੇਡ ਦੇ ਕੇ, ਉਸ ਨੂੰ

ਟੀਸੀ ਤੇ ਪਹੁੰਚਾ ਦਿੱਤਾ ਤੇ ਗੱਲ ਵਿਗੜਦੀ ਦੇਖ ਕੇ ਹਰਿਮੰਦਰ ਸਾਹਿਬ 'ਤੇ ਅਟੈਕ ਕਰਵਾ ਦਿੱਤਾ। ਸਿੱਟਾ ਇਹ ਨਿਕਲਿਆ ਕਿ ਪੰਜਾਬ ਦੀ ਸਾਰੀ ਦੀ ਸਾਰੀ ਜਵਾਨੀ ਪੁਲਸ ਮੁਕਾਬਲਿਆਂ ਵਿੱਚ ਜਾਂ ਜਨੂੰਨੀਆਂ ਹੱਥੋਂ ਮਰਵਾ ਦਿੱਤੀ ਗਈ ਤਾਂ ਕਿ 15-20 ਸਾਲ ਲੋਕ ਮੁੜ ਕੇ ਉੱਠਣ ਯੋਗੇ ਨਾ ਰਹਿਣ। ਇਹ ਬਾਅਦ ਵਿੱਚ ਹੋਇਆ ਵੀ ਇਸ ਤਰ੍ਹਾਂ ਹੀ।

ਇੰਦਰਾ ਗਾਂਧੀ ਨੇ ਹਰਿਮੰਦਰ ਸਾਹਿਬ 'ਤੇ ਅਟੈਕ ਕਰਵਾ ਕੇ ਹਿੰਦੋਸਤਾਨ ਦੀ ਇੱਕ ਮਹੱਤਵ ਪੂਰਨ ਘੱਟ ਗਿਣਤੀ ਦੇ ਲੋਕਾਂ ਦੇ ਸਮੂਹ ਦੇ ਦਿਲਾਂ ਵਿੱਚ ਇੱਕ ਡੂੰਘੀ ਤਰੇੜ੍ਹ ਪਾ ਕੇ, ਉਸ ਨੇ ਦੇਸ਼ ਦੇ ਹਿਤਾਂ ਨੂੰ ਇੱਕ ਬਹੁਤ ਵੱਡਾ ਨੁਕਸਾਨ ਪਹੁੰਚਾਇਆ।ਬਹੁਤ ਸਾਰੀ ਮਿਲਟਰੀ ਹਥਿਆਰਾਂ ਸਮੇਤ ਭਗੌੜੀ ਹੋ ਗਈ, ਉਹਨਾਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ ਗਿਆ। ਲੋਕਾਂ ਦੇ ਦਿਲਾਂ 'ਤੇ ਬਣੇ ਜਖ਼ਮਾਂ 'ਤੇ ਤਾਂ ਅਜੇ ਖਰੀਂਢ ਵੀ ਨਹੀਂ ਸੀ ਆਇਆ ਕਿ 31 ਅਕਤੂਬਰ 1984 ਨੂੰ ਇੰਦਰਾ ਗਾਂਧੀ ਦਾ ਕਤਲ ਹੋ ਗਿਆ। ਪਹਿਲੇ ਦਿਨ ਦੀਆਂ ਖ਼ਬਰਾਂ ਵਿੱਚ ਇੰਦਰਾ ਗਾਂਧੀ ਦੇ ਦੋ ਸਿੱਖ ਬੌਡੀਗਾਰਡ ਸਤਵੰਤ ਸਿੰਘ ਤੇ ਬੇਅੰਤ ਸਿੰਘ ਅਤੇ ਇੱਕ ਹੋਰ ਮੋਨੇ ਸਿੱਖ ਦਾ ਜ਼ਿਕਰ ਆਇਆ ਸੀ ਕਿ ਉਹਨਾਂ ਨੇ ਇਸ ਦਾ ਕਤਲ ਕੀਤਾ ਹੈ। ਪਰ ਬਾਅਦ ਵਿੱਚ ਮੋਨਾ ਸਿੱਖ ਖ਼ਬਰਾਂ ਵਿੱਚੋਂ ਗਾਇਬ ਹੀ ਹੋ ਗਿਆ। ਬੇਅੰਤ ਸਿੰਘ ਕਿਸੇ ਹੋਰ ਅੰਗ ਰੱਖਿਅਕ ਦੀ ਗੋਲ਼ੀ ਨਾਲ਼ ਮਾਰਿਆ ਗਿਆ ਤੇ ਸਤਵੰਤ ਸਿੰਘ ਨੇ ਕਬੂਲ ਨਹੀਂ ਸੀ ਕੀਤਾ ਕਿ ਉਸ ਨੇ ਕਤਲ ਕੀਤਾ ਹੈ ਪਰ ਉਸ ਦੀ ਕੋਈ ਸੁਣਵਾਈ ਨਹੀਂ ਕੀਤੀ ਗਈ ਸਗੋਂ ਉਸ ਨੂੰ ਫਾਂਸੀ ਚੜ੍ਹਾ ਦਿੱਤਾ ਗਿਆ। ਕੁੱਝ ਗੁਪਤ ਵਸੀਲਿਆਂ ਤੋਂ ਖ਼ਬਰਾਂ ਵੀ ਮਿਲੀਆਂ ਕਿ ਕਾਂਗਰਸ ਪਾਰਟੀ ਵਿੱਚ ਕਾਫ਼ੀ ਫੁੱਟ ਚਲੀ ਆ ਰਹੀ ਸੀ। ਉਸ ਤੋਂ ਬਾਅਦ ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾਇਆ ਗਿਆ। ਸਤਵੰਤ ਸਿੰਘ ਦੀ ਤਰੀਕ 'ਤੇ ਰਾਜੀਵ ਗਾਂਧੀ ਤੇ ਮਿਸਟਰ ਧਵਨ ਨੂੰ ਵੀ ਪੇਸ਼ੀ 'ਤੇ ਬੁਲਾਇਆ ਗਿਆ ਪਰ ਉਹ ਪੇਸ਼ ਨਹੀਂ ਹੋਏ। ਇਹ ਗੱਲ ਵੀ ਸ਼ੱਕ ਜ਼ਾਹਰ ਕਰਦੀ ਹੈ ਕਿ ਹੋ ਸਕਦੈ ਇੰਦਰਾ ਗਾਂਧੀ ਦਾ ਕਤਲ ਇੱਕ ਸਿਆਸੀ ਕਤਲ ਹੋਵੇ ਕਿਉਂ ਕਿ ਉਸ ਦੀ ਮੌਤ ਦਾ ਸਭ ਤੋਂ ਵੱਧ ਫ਼ਾਇਦਾ ਰਾਜੀਵ ਗਾਂਧੀ ਨੂੰ ਹੋਣਾ ਸੀ। ਹੋ ਸਕਦੈ ਉਸ ਦੇ ਕਤਲ ਵਿੱਚ ਉਸ ਦੇ ਪੁੱਤਰ ਦਾ ਹੀ ਹੱਥ ਹੋਵੇ। ਪਰ ਇਸ ਤੋਂ ਅੱਗੇ ਜੋ ਕੁੱਝ ਹੋਇਆ ਉਹ ਸਿੱਖਾਂ ਦੇ ਨਸਲਘਾਤ ਦੀ ਕਹਾਣੀ ਹੈ ਜਿਸ ਨੂੰ ਸੋਚੀ ਸਮਝੀ ਸਾਜ਼ਸ਼ ਦੇ ਅਧੀਨ ਕੀਤਾ ਗਿਆ।

31 ਅਕਤੂਬਰ ਨੂੰ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਤਿੰਨ ਤਰ੍ਹਾਂ ਦੀਆਂ ਅਫਵਾਹਾਂ ਫੈਲਾਈਆਂ ਗਈਆਂ ਜਿਸ ਨਾਲ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਉਕਸਾਇਆ ਗਿਆ ਉਹ ਸਨ:-

1. ਇੰਦਰਾ ਗਾਂਧੀ ਦੇ ਕਤਲ ਉੱਤੇ, ਦਿੱਲੀ ਦੇ ਸਿੱਖਾਂ ਨੇ ਮਿਠਿਆਈਆਂ ਵੰਡੀਆਂ ਹਨ ਤੇ ਘਿਓ ਦੇ ਦੀਵੇ ਜਗਾ ਰਹੇ ਹਨ।
2. ਹਿੰਦੂਆਂ ਦੀਆਂ ਲਾਸ਼ਾਂ ਨਾਲ਼ ਭਰੀ ਇੱਕ ਰੇਲ ਗੱਡੀ ਪੰਜਾਬ ਵਿੱਚੋਂ ਆ ਕੇ ਪੁਰਾਣੀ ਦਿੱਲੀ ਦੇ ਰੇਲਵੇ ਸਟੇਸ਼ਨ 'ਤੇ ਖੜ੍ਹੀ ਹੈ।
3. ਸਿੱਖਾਂ ਨੇ ਦਿੱਲੀ ਦੇ ਪਾਣੀ ਵਿੱਚ ਜ਼ਹਿਰ ਰਲ਼ਾ ਦਿੱਤੀ ਹੈ।

ਸਬੂਤਾਂ ਤੋਂ ਪਤਾ ਲੱਗਦਾ ਹੈ ਕਿ ਇਹ ਸਾਰੀਆਂ ਅਫ਼ਵਾਹਾਂ ਪੁਲੀਸ ਨੇ ਆਪਣੀਆਂ ਵੈਨਾਂ ਉੱਪਰ ਜਾ ਕੇ ਲਾਊਡ ਸਪੀਕਰਾਂ ਰਾਹੀਂ ਜਾਂ ਫ਼ੋਨ ਕਰਕੇ ਆਪ ਦਿੱਲੀ ਦੀਆਂ ਗਲ਼ੀਆਂ ਵਿੱਚ ਪਹੁੰਚਾਈਆਂ, ਉਹਨਾਂ ਲੋਕਾਂ ਨੂੰ ਕਿਹਾ ਕਿ ਪਾਣੀ ਨਾ ਪੀਵੋ, ਇਸ ਵਿੱਚ ਜ਼ਹਿਰ ਹੈ। ਇਹਨਾਂ ਗੱਲਾਂ ਨੇ ਲੋਕਾਂ ਦੇ ਮਨ ਬਦਲ ਦਿੱਤੇ ਤੇ ਸ਼ੱਕ ਦਾ ਬੀਜ ਬੀਜ ਦਿੱਤਾ। ਜਿਹੜੇ ਲੋਕ ਕੱਲ੍ਹ ਭਾਈਆਂ ਵਾਂਗ ਰਹਿੰਦੇ ਸਨ, ਅੱਜ ਉਹੀ ਦੁਸ਼ਮਣ ਬਣ ਗਏ। ਵੱਖ ਵੱਖ ਥਾਵਾਂ ਤੇ ਦੂਰ ਦੁਰਾਡੇ ਇਲਾਕਿਆਂ ਵਿੱਚ ਇੱਕੋ ਤਰਤੀਬ ਨਾਲ਼ ਵਾਪਰੀਆਂ ਘਟਨਾਵਾਂ ਇਸ ਗੱਲ ਵਿੱਚ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿਣ ਦਿੰਦੀਆਂ ਕਿ ਹਮਲਿਆਂ ਦੀ ਵਿਉਂਤਬੰਦੀ ਕਿਸੇ ਤਾਕਤਵਰ ਜਥੇਬੰਦਕ ਗਰੁਪ ਵਲੋਂ ਕੀਤੀ ਗਈ ਸੀ। ਹਮਲਾਵਰਾਂ ਨੇ ਇਹ ਸਾਰਾ ਕੰਮ ਸਕੀਮ ਤਹਿਤ ਕੀਤਾ ਇਹ ਜ਼ਿਆਦਾਤਰ ਕਾਂਗਰਸ ਦੇ ਦਿੱਲੀ ਵਿੱਚ ਇਲਾਕੇ ਸੁਲਤਾਨਪੁਰੀ, ਤਿਰਲੋਕਪੁਰੀ, ਮੰਗੋਲਪੁਰੀ ਅਤੇ ਜਮਨਾ ਪਾਰ ਦੀਆਂ ਬਸਤੀਆਂ ਵਿੱਚ ਸਭ ਤੋਂ ਵੱਧ ਕਤਲੋਗਾਰਤ ਹੋਈ। 31 ਅਕਤੂਬਰ ਤੋਂ 4 ਨਵੰਬਰ ਦਾ ਸਮਾਂ ਫਸਾਦਾਂ ਦੇ ਸਿਖ਼ਰ ਦਾ ਸਮਾਂ ਸੀ। ਇਸ ਸਮੇਂ ਦੌਰਾਨ ਸਭ ਤੋਂ ਪਹਿਲਾਂ ਪੁਲਿਸ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਭੜਕੀ ਭੀੜ ਤੇ ਕਿਵੇਂ ਕਾਬੂ ਪਾਵੇ ਪਰ ਉਸ ਦਾ ਰਵੱਈਆ ਅਣਗਹਿਲੀ ਅਤੇ ਆਪਣੇ ਕਰਤੱਵ ਨੂੰ ਧੋਖਾ ਦੇਣ ਵਾਲ਼ਾ ਸੀ ਜਿਸ ਤਰ੍ਹਾਂ ਕਿ

1. ਜਿੱਥੇ ਘਟਨਾ ਹੁੰਦੀ ਸੀ ਉੱਥੋਂ ਪੁਲੀਸ ਦਾ ਗੈਰਹਾਜ਼ਰ ਹੋ ਜਾਣਾ।
2. ਸਿੱਖਾਂ ਦੇ ਖਿਲਾਫ਼ ਸਿੱਧੀ ਸਿੱਧੀ ਦਖ਼ਲ ਅੰਦਾਜ਼ੀ ਕਰਨਾ।
3. ਸਭ ਕੁੱਝ ਅੱਖੀਂ ਦੇਖ ਕੇ ਵੀ ਕੋਈ ਕਾਰਵਾਈ ਨਾ ਕਰਨਾ।
4. ਘਟਨਾ ਤੋਂ ਬਾਅਦ ਰਿਪੋਰਟ ਨਾ ਲਿਖਣਾ।
5. ਲੋਕਾਂ ਨੂੰ ਸਿੱਖਾਂ ਨੂੰ ਮਾਰਨ ਲਈ ਉਕਸਾਉਣਾ ਆਦਿ।

ਦੂਸਰਾ ਰੋਲ ਮੌਜੂਦਾ ਸਰਕਾਰ ਤੇ ਪ੍ਰਬੰਧਕੀ ਢਾਂਚੇ ਦਾ ਸੀ ਜਿਹੜੀ ਕਿ ਲਗਾਤਾਰ ਚਾਰ ਦਿਨ ਇਹ ਘਟਨਾਵਾਂ ਹੁੰਦੀਆਂ ਵੇਖਦੀ ਰਹੀ।ਇਸ ਦੌਰਾਨ ਹੋਇਆ ਇਹ ਕਿ ਸਰਕਾਰ ਨੇ ਲੋਕਾਂ ਜਾਂ ਵਿਰੋਧੀ ਧਿਰਾਂ ਨੂੰ ਹਾਲਾਤ ਸੁਖਾਂਵੇਂ ਹੋਣ ਦੇ ਭਰੋਸੇ ਤਾਂ ਬਹੁਤ ਦਵਾਏ ਪਰ ਉਹਨਾਂ 'ਤੇ ਅਮਲ ਨਾ ਕੀਤਾ ਗਿਆ, ਅਖ਼ਬਾਰਾਂ

ਦੀਆਂ ਸੁਰਖ਼ੀਆਂ ਵਿੱਚ ਹੁੰਦਾ ਸੀ ਕਿ ਕਰਫ਼ਿਊ ਲੱਗ ਗਿਆ ਹੈ, ਦੇਖਦੇ ਸਾਰ ਗੋਲ਼ੀ ਮਾਰਨ ਦਾ ਹੁਕਮ ਹੈ , ਹਾਲਤਾਂ ਕੰਟਰੋਲ ਵਿੱਚ ਹਨ ਪਰ ਅਸਲ ਵਿੱਚ ਫ਼ਸਾਦੀਆਂ ਦੀ ਗਿਣਤੀ ਦੁੱਗਣੀ ਹੋਈ ਜਾ ਰਹੀ ਸੀ ਤੇ ਉਹਨਾਂ ਦੇ ਹੌਂਸਲੇ ਦਿਨੋਂ ਦਿਨ ਵਧ ਰਹੇ ਸਨ। ਇਸ ਦਾ ਮੁੱਖ ਕਾਰਣ ਇਹ ਸੀ ਜੋ ਸਿੱਖ ਬਚ ਕੇ ਨਿਕਲੇ ਉਹਨਾਂ ਦੇ ਦੱਸਣ ਮੁਤਾਬਕ ਜਾਂ ਜੋ ਹਿੰਦੂ ਸਿੱਖਾਂ ਦੇ ਹਮਦਰਦ ਸਨ ਉਹਨਾਂ ਮੁਤਾਬਕ ਕਿ ਜੋ ਕਾਂਗਰਸੀ ਲੀਡਰ ਇਹ ਅੱਗ ਨੂੰ ਭੜਕਾਉਣ ਵਿੱਚ ਮੱਦਦ ਕਰ ਰਹੇ ਸਨ। ਉਹ ਮਿਸਟਰ ਐਚ. ਕੇ. ਐਲ. ਭਗਤ, ਬਾਬੂ ਰਾਮ ਸ਼ਰਮਾ, ਸੱਜਨ ਕੁਮਾਰ, ਲਲਿਤ ਮਾਕਨ, ਧਰਮਦਾਸ ਸ਼ਾਸਤਰੀ, ਜਗਦੀਸ਼ ਟਾਈਟਲਰ, ਮਹਿੰਦਰਾ-ਮੈਟਰੋਪੌਲਿਟਨ ਕਾਊਂਸਲਰ, ਮੰਗਤ ਰਾਮ ਸਿੰਗਲ, ਡਾ. ਅਸ਼ੋਕ ਕੁਮਾਰ, ਸੁਖਨਲਾਲ ਸੂਦ, ਜਗਦੀਸ਼ ਚੰਦਰ ਟੋਕਸ, ਈਸ਼ਵਰ ਸਿੰਘ, ਬਲਵੰਤ ਖੋਖਰ, ਫੈਜ਼ ਮੁਹੰਮਦ, ਰਤਨ, ਸਤਬੀਰ ਸਿੰਘ ਇਹਨਾਂ ਸਾਰਿਆਂ ਤੇ ਲੋਕਾਂ ਨੇ ਦੋਸ਼ ਲਾਏ ਕਿ ਇਹਨਾਂ ਨੇ ਕਤਲ ਕਰਨ ਵਾਲਿਆਂ ਨੂੰ 100-100 ਰੁਪਏ ਤੇ ਇੱਕ 2 ਬੋਤਲ ਦਿੱਤੀ ਜਾਂ ਫਸਾਦੀਆਂ ਨੂੰ ਛੁਡਵਾਇਆ ਜਾਂ ਸਿੱਖਾਂ ਦੇ ਘਰ ਲੱਭਣ ਲਈ ਵੋਟਰ ਲਿਸਟਾਂ ਮੁਹੱਈਆ ਕਰਵਾਈਆਂ, ਅਫਵਾਹਾਂ ਫੈਲਾਈਆਂ ਗਈਆਂ ਜਾਂ ਲੁੱਟ ਮਾਰ ਤੇ ਸਾੜ ਫੂਕ ਲਈ ਮਿੱਟੀ ਦਾ ਤੇਲ ਆਦਿ ਮੁਹੱਈਆ ਕਰਵਾਇਆ ਅਤੇ ਆਮ ਲੋਕਾਂ ਨੂੰ ਖ਼ੂਨ ਕਾ ਬਦਲਾ ਖ਼ੂਨ ਕਰਨ ਲਈ ਉਕਸਾਇਆ ਗਿਆ। ਹਮਲਾਵਰਾਂ ਨੂੰ ਆਦੇਸ਼ ਦਿੱਤੇ ਗਏ ਕਿ ਆਦਮੀਆਂ ਨੂੰ ਮਾਰ ਦਿਓ ਤੇ ਔਰਤਾਂ ਨਾਲ ਬਲਾਤਕਾਰ ਕਰੋ। ਏਸੇ ਤਰ੍ਹਾਂ ਬਹੁਤ ਸਾਰੇ ਪੁਲਸ ਅਫ਼ਸਰ ਸਨ ਜਿਹਨਾਂ ਨੇ ਇਸ ਬਲ਼ਦੀ ਅੱਗ ‘ਤੇ ਫੂਸ ਪਾਉਣ ਦਾ ਕੰਮ ਕੀਤਾ। ਇਸ ਵਿੱਚ ਸਭ ਤੋਂ ਵੱਡਾ ਦੋਸ਼ੀ ਰਾਜੀਵ ਗਾਂਧੀ ਜਿਸ ਦੇ ਹੱਥ ਦੇਸ਼ ਦੀ ਵਾਗਡੋਰ ਹੋਵੇ ਉਹ ਇਹ ਕਹੇ ਕਿ “ਜਦੋਂ ਕੋਈ ਵੱਡਾ ਦਰਖ਼ਤ ਡਿੱਗਦਾ ਹੈ ਤਾਂ ਧਰਤੀ ਹਿੱਲਦੀ ਹੈ।” ਉਸ ਨੇ ਇਸ ਅੰਨ੍ਹੀ ਕਤਲੋਗਾਰਤ ਨੂੰ ਧਰਤੀ ਦੇ ਹਿੱਲਣ ਦਾ ਨਾਂ ਦਿੱਤਾ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਸਾਰੀ ਸੋਚੀ ਸਮਝੀ ਕਾਰਗੁਜ਼ਾਰੀ ਸੀ ਜਿਸ ਵਿੱਚ ਸਿੱਖਾਂ ਦਾ ਨਸਲਘਾਤ ਕੀਤਾ ਗਿਆ। ਇਸ ਤਰ੍ਹਾਂ ਇਹ ਇਕੱਲੀ ਦਿੱਲੀ ਵਿੱਚ ਹੀ ਨਹੀਂ ਸਗੋਂ ਸਾਰੇ ਭਾਰਤ ਵਿੱਚ ਸਿੱਖਾਂ ਨੂੰ ਮਾਰਨ, ਲੁੱਟਣ ਜਾਂ ਸਾੜਨ ਦੀਆਂ ਘਟਨਾਵਾਂ ਹੋਈਆਂ।

ਤੀਸਰਾ ਰੋਲ ਫੌਜ ਦਾ ਹੁੰਦਾ ਹੈ ਉਸ ਨੂੰ ਤਾਂ ਪਹਿਲਾਂ ਬੁਲਾਉਣ ਲਈ ਹੀ ਦੇਰੀ ਕੀਤੀ ਗਈ। ਫਿਰ ਫੌਜ ਆਈ ਤੇ ਵੀ ਕਰਫਿਊ ਲੱਗਣ ਦੇ ਬਾਵਜੂਦ ਫਸਾਦਾਂ ‘ਤੇ ਕਾਬੂ ਨਾ ਪਾ ਸਕੀ। ਇਸ ਦਾ ਮੁੱਖ ਕਾਰਣ ਇਹ ਸੀ ਕਿ ਨਾ ਤਾਂ ਪੁਲੀਸ ਉਹਨਾਂ ਦਾ ਸਾਥ ਦੇਣਾ ਚਾਹੁੰਦੀ ਸੀ ਤੇ ਨਾ ਸਰਕਾਰੀ ਅਫ਼ਸਰ। ਫਸਾਦ ਕਿਸੇ ਹੋਰ ਪਾਸੇ ਹੁੰਦੇ ਸਨ ਤੇ ਫੌਜ ਨੂੰ ਦੂਜੇ ਪਾਸੇ ਭੇਜ ਦਿੱਤਾ ਜਾਂਦਾ ਸੀ ਜਾਂ ਉਹਨਾਂ ਨੂੰ ਐਕਸ਼ਨ ਨਾ ਕਰਨ ਦੀਆਂ ਹਦਾਇਤਾਂ ਦਿੱਤੀਆਂ ਜਾਂਦੀਆਂ ਸਨ।

ਆਮ ਲੋਕਾਂ ਦਾ ਰੋਲ ਬੇਸ਼ੱਕ 31 ਅਕਤੂਬਰ ਤੋਂ ਲੈ ਕੇ 5 ਨਵੰਬਰ ਤੱਕ ਹੋਣ ਵਾਲ਼ੇ ਕਾਰਨਾਮਿਆਂ ਨੇ ਸਾਰੀ ਦਿੱਲੀ ਹਿਲਾ ਦਿੱਤੀ ਸੀ ਅਤੇ ਇਸ ਦਾ ਕਾਰਣ ਕੁੱਝ ਵੀ ਹੋ ਸਕਦਾ ਹੈ ਪਰ ਇਸ ਗੱਲ ਨੂੰ ਉਹਲੇ ਨਹੀਂ ਕੀਤਾ ਜਾ ਸਕਦਾ ਕਿ ਪਿਛਲੇ ਦੋ ਕੁ ਸਾਲਾਂ ਵਿੱਚ ਵਾਪਰੀਆਂ ਘਟਨਾਵਾਂ ਨੇ ਹਿੰਦੂਆਂ ਦੇ ਇੱਕ ਬਹੁਤ ਵੱਡੇ ਹਿੱਸੇ ਵਿੱਚ ਸਿੱਖਾਂ ਬਾਰੇ ਸ਼ੱਕ ਅਤੇ ਰੋਸ ਪੈਦਾ ਕਰ ਦਿੱਤਾ ਸੀ।ਸਿੱਖਾਂ ਦੀਆਂ ਆਰਥਿਕ ਤੇ ਰਾਜਨੀਤਕ ਮੰਗਾਂ ਨੂੰ ਨਾ ਸੁਲਝਾ ਕੇ ਅਤੇ ਸਿੱਖ ਅੱਤਵਾਦੀਆਂ ਤੇ ਹਿੰਦੂ ਫਿਰਕੂਪੁਣੇ ਦਾ ਬੀਜ ਬੀਜ ਕੇ, ਹਰਿਮੰਦਰ ਸਾਹਿਬ ‘ਤੇ ਹਮਲਾ ਕਰਵਾ ਕੇ ਕਾਬਜ਼ ਕਾਂਗਰਸ ਪਾਰਟੀ ਨੇ ਹਿੰਦੂਆਂ, ਸਿੱਖਾਂ ਵਿੱਚ ਨਫ਼ਰਤ ਦਾ ਛਿੱਟਾ ਤਾਂ ਦੇ ਹੀ ਦਿੱਤਾ ਸੀ। ਉਹ ਲੋਕ ਜਿਹੜੇ ਸਾਰੀ ਜ਼ਿੰਦਗੀ ਕਾਂਗਰਸ ਪਾਰਟੀ ਦੇ ਖੈਰ-ਖੁਆਹ ਰਹੇ, ਪਾਰਟੀ ਦੀ ਫੰਡਾਂ ਦੇ ਰੂਪ ਵਿੱਚ ਮੱਦਦ ਕਰਦੇ ਰਹੇ, ਵੋਟਾਂ ਪਾ ਕੇ ਜਿਤਾਉਂਦੇ ਰਹੇ, ਉਸ ਸਮੇਂ ਉਹਨਾਂ ਦੀ ਪਛਾਣ ਹੀ ਉਹਨਾਂ ਦੀ ਜ਼ਿੰਦਗੀ ਦੀ ਵੈਰੀ ਬਣ ਗਈ। ਅਨੇਕਾਂ ਸਿੱਖਾਂ ਨੂੰ ਆਪਣੇ ਵਾਲ ਕਟਵਾ ਕੇ ਰੂਪੋਸ਼ ਹੋਣਾ ਪਿਆ ਤੇ ਛੋਟੇ ਛੋਟੇ ਬੱਚੇ ਜਿਹਨਾਂ ਦੀ ਹਿੰਦੂਆਂ ਨੇ ਮੱਦਦ ਕੀਤੀ, ਉਹਨਾਂ ਦੇ ਕੁੜੀਆਂ ਵਾਂਗ ਗੁੱਤਾਂ ਕਰਕੇ ਬਾਹਰ ਲਿਜਾਣਾ ਪਿਆ। ਬਹੁਤ ਸਾਰੀਆਂ ਔਰਤਾਂ ਤੇ ਬੱਚੀਆਂ ਨੇ ਆਪਣੀ ਇੱਜ਼ਤ ਬਚਾਉਣ ਲਈ ਜਾਨਾਂ ਦੇ ਦਿੱਤੀਆਂ। ਸਿੱਖਾਂ ਦੇ ਗਲ਼ਾਂ ਵਿੱਚ ਟਾਇਰ ਪਾਕੇ ਜ਼ਿੰਦਾ ਜਲ਼ਾ ਦਿੱਤੇ ਗਏ। ਉਹਨਾਂ ਦੇ ਵੱਡੇ ਵੱਡੇ ਕਾਰੋਬਾਰ ਅੱਗ ਲਾ ਕੇ ਫੂਕ ਸੁੱਟੇ ਜਿਹੜੇ ਕੱਲ੍ਹ ਲੱਖਾਂ ਦੇ ਮਾਲਕ ਸਨ ਅੱਜ ਕੱਖੋਂ ਹੌਲ਼ੇ ਹੋ ਕੇ ਬਹਿ ਗਏ ਸਨ। ਹਮਲਾਵਰ ਲੋਕਾਂ ਦੇ ਆਂਢੀ-ਗੁਆਂਢੀ ਨਹੀਂ ਸਨ ਸਗੋਂ ਬਾਹਰਲੇ ਇਲਾਕਿਆਂ ਤੋਂ ਭਾੜੇ ਦੇ ਟੱਟੂ ਗਰੁੱਪਾਂ ਦੇ ਗਰੁੱਪ ਡਾਂਗਾਂ, ਸੋਟੀਆਂ, ਲੋਹੇ ਦੇ ਸਰੀਏ ਤੇ ਮਿੱਟੀ ਦੇ ਤੇਲ ਦੀਆਂ ਪੀਪੀਆਂ ਸਮੇਤ ਤਿਆਰ ਬਰ ਤਿਆਰ ਆਏ ਤੇ ਸਿੱਖਾਂ ਦੇ ਘਰ ਲੱਭ ਲੱਭ ਕੇ ਉਹਨਾਂ ਨੂੰ ਨਿਸ਼ਾਨਾ ਬਣਾਉਂਦੇ ਰਹੇ। ਬੇਸ਼ੱਕ ਬਹੁਤ ਸਾਰੇ ਲੋਕ ਇਸ ਭੀੜ ਦਾ ਹਿੱਸਾ ਬਣ ਗਏ ਸਨ ਪਰ ਫਿਰ ਵੀ ਸਬੂਤਾਂ ਤੋਂ ਪਤਾ ਲੱਗਦਾ ਹੈ ਕਿ ਬਹੁਤ ਲੋਕ ਕੁੱਝ ਕਹਿਣ ਲਈ ਚੁੱਪ ਸਨ ਤੇ ਮੂਕ ਦਰਸ਼ਕ ਬਣ ਕੇ ਇਹ ਸਾਰਾ ਕੁੱਝ ਦੇਖ ਰਹੇ ਸਨ ਜਾਂ ਹੋ ਸਕਦਾ ਹੈ ਕਿ ਉਹ ਸੱਚਾਈ ਜਾਣੇ ਤੋਂ ਬਿਨ੍ਹਾਂ ਕੁੱਝ ਨਾ ਕਹਿਣਾ ਚਾਹੁੰਦੇ ਹੋਣ, ਇਹ ਸਾਰਾ ਘਟਨਾ ਕ੍ਰਮ ਉਹਨਾਂ ਲਈ ਵੀ ਅਦਭੁੱਤ ਸੀ। ਐਨਾ ਕੁੱਝ ਹੋਣ ਦੇ ਬਾਵਜੂਦ ਵੀ ਬਹੁਤ ਸਾਰੇ ਹਿੰਦੂਆਂ ਨੇ ਇਨਸਾਨੀਅਤ ਦਾ ਰੋਲ ਅਦਾ ਕੀਤਾ ਤੇ ਇਸ ਜ਼ੁਲਮ ਦੀ ਪ੍ਰਵਾਹ ਨਾ ਕਰਦੇ ਹੋਏ ਆਪਣੀ ਜਾਨ ਨੂੰ ਖ਼ਤਰੇ ਵਿੱਚ ਪਾ ਕੇ ਆਪਣੇ ਸਿੱਖ ਗੁਆਂਢੀਆਂ ਦੀ ਮੱਦਦ ਕੀਤੀ ਤੇ ਆਪਣੇ ਘਰਾਂ ਵਿੱਚ ਉਹਨਾਂ ਨੂੰ ਸ਼ਰਨ ਵੀ ਦਿੱਤੀ ਤੇ ਫਸਾਦੀਆਂ ਕੋਲੋਂ ਬਚਾਇਆ ਵੀ ਤੇ ਪੁਲੀਸ ਕੋਲ ਰਿਪੋਰਟ ਕਰਨ ਵੀ ਗਏ ਪਰ ਪੁਲੀਸ ਨੇ ਉਹਨਾਂ ਦੀ ਰਿਪੋਰਟ ਨਾ ਲਿਖੀ।

ਸਿੱਖ ਫਾਰ ਜਸਟਿਸ ਦੀ ਰਿਪੋਰਟ ਮੁਤਾਬਕ ਸਾਰੇ ਭਾਰਤ ਵਿੱਚ 30,000 ਲੋਕਾਂ ਤੋਂ ਵੀ ਵੱਧ ਸਿੱਖ ਮਾਰੇ ਗਏ ਜਾਂ ਜ਼ਲਾ ਦਿੱਤੇ ਗਏ। ਸੈਂਕੜੇ ਸਿੱਖ ਔਰਤਾਂ ਨਾਲ ਗੁੰਡਿਆਂ, ਪੁਲਸੀਆਂ ਜਾਂ ਅਫ਼ਸਰਾਂ ਦੇ ਹੱਥੋਂ ਸਮੂਹਕ ਬਲਾਤਕਾਰ ਹੋਏ। 3 ਲੱਖ ਤੋਂ ਉੱਪਰ ਲੋਕਾਂ ਨੂੰ ਘਰੋਂ ਬੇਘਰ ਹੋਣਾ ਪਿਆ। 300 ਦੇ ਕਰੀਬ ਸਿੱਖ ਫੌਜੀ ਬਾਗ਼ੀਆਂ ਨੂੰ ਸਣੇ ਵਰਦੀਆਂ ਮਾਰ ਦਿੱਤਾ ਗਿਆ। ਜਿੱਥੇ ਪਰਿਵਾਰਾਂ ਦੇ ਪਰਿਵਾਰ ਆਦਮੀਆਂ ਨੂੰ ਮਾਰਿਆ ਗਿਆ ਤਾਂ ਔਰਤਾਂ ਤੇ ਛੋਟੀਆਂ ਬੱਚੀਆਂ ਨਾਲ਼ ਬਲਾਤਕਾਰ ਕੀਤੇ ਗਏ ਤੇ ਦੁੱਧ ਚੁੰਘਦੇ ਬੱਚਿਆਂ ਨੂੰ ਕੋਹਿਆ ਗਿਆ। ਉਸ ਤੋਂ ਬਾਅਦ ਇੰਨੇ ਅਣਆਈ ਮੌਤੇ ਮਰੇ ਲੋਕਾਂ ਦੀ ਸੁਣਵਾਈ ਲਈ ਅਨੇਕਾਂ ਹੀ ਕਮਿਸ਼ਨ ਬੈਠੇ, ਕਮੇਟੀਆਂ ਬਣੀਆਂ ਪਰ ਅਸਲੀ ਕਾਤਲ ਅੱਜ ਤੱਕ ਵੀ ਦਨਦਨਾਉਂਦੇ ਫਿਰ ਰਹੇ ਹਨ ਚਾਹੇ ਸਰਕਾਰਾਂ ਵੀ ਬਦਲ ਗਈਆਂ ਹਨ ਪਰ ਉਹਨਾਂ ਨੂੰ ਨਾ ਕੋਈ ਸਜ਼ਾ ਮਿਲੀ ਤੇ ਨਾ ਮਿਲਣੀ ਹੈ ਕਿਉਂਕਿ ਇਹ ਸਾਰੇ ਇੱਕੋ ਥੈਲੀ ਦੇ ਚਿੱਟੇ ਵੱਟੇ ਹਨ ਜੋ ਇੱਕ ਦੂਜੇ ਨੂੰ ਪਾਲ਼ ਰਹੇ ਹਨ। ਇਸ ਦੇ ਉਲਟ ਇੰਦਰਾ ਗਾਂਧੀ ਦੇ ਕਤਲ ਦੇ ਦੋਸ਼ ਵਿੱਚ ਸਤਵੰਤ ਸਿੰਘ ਨੂੰ ਬਿਨ੍ਹਾਂ ਉਹ ਦੀ ਸੁਣਵਾਈ ਕੀਤਿਆਂ ਹੀ ਫਾਂਸੀ ਚੜ੍ਹਾ ਦਿੱਤਾ ਗਿਆ ਪਰ ਇਹਨਾਂ ਦੀ ਕਲਾਸ ਇੱਕ ਹੈ ਅਮੀਰ ਕਲਾਸ ਜੋ ਮਾਰੇ ਗਏ ਉਹ ਗ਼ਰੀਬ ਸਨ। ਇਸ ਤੋਂ ਸਿੱਧ ਹੁੰਦਾ ਹੈ ਕਿ ਹਮੇਸ਼ਾਂ ਹੀ ਕਾਬਜ਼ ਸਰਕਾਰਾਂ ਜਾਂ ਅਮੀਰ ਧਿਰਾਂ ਨੇ ਹੀ ਇੱਕ ਧਰਮ, ਜਾਤ ਜਾਂ ਘੱਟ ਗਿਣਤੀ ਲੋਕਾਂ ਦਾ ਨਸਲਘਾਤ ਕੀਤਾ ਹੈ ਜਾਂ ਕਰ ਸਕਦੀਆਂ ਹਨ। ਅੱਜ 32 ਸਾਲ ਹੋ ਗਏ ਹਨ ਇਸ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ਼ ਦੀ ਭੀਖ ਮੰਗਦਿਆਂ ਪਰ ਕਿਸੇ ਦੇ ਕੰਨ ਤੇ ਜੂੰ ਨਹੀਂ ਸਰਕ ਰਹੀ।ਇਸ ਤੋਂ ਤਾਂ ਬਿਲਕੁੱਲ ਸਪੱਸ਼ਟ ਹੋ ਜਾਂਦਾ ਹੈ ਕਿ ਕਾਬਜ਼ ਸਰਕਾਰ ਜਿਸ ਨੇ ਆਪਣੇ ਲੋਕਾਂ ਦੇ ਜਾਨ ਮਾਲ ਦੀ ਰਾਖੀ ਕਰਨੀ ਹੁੰਦੀ ਹੈ ਉਹੀ ਲੋਕਾਂ ‘ਤੇ ਤਸ਼ੱਦਦ ਢਾਹੁਣ ਲੱਗ ਪਏ ਤਾਂ ਲੋਕਾਂ ਦਾ ਜਨਜੀਵਨ ਕਿੰਨਾ ਕੁ ਸੁਰਖਿੱਅਤ ਰਹਿ ਸਕਦਾ ਹੈ ਅਰਥਾਤ ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ।

ਭਾਰਤ ਵਿੱਚ ਬਹੁ ਗਿਣਤੀ ਹਿੰਦੂ ਭਾਈਚਾਰੇ ਦੀ ਹੈ ਸੋ ਇਸ ਕਰਕੇ ਸਰਕਾਰ ਵੀ ਉਹਨਾਂ ਦੀ ਹੀ ਬਣਨੀ ਹੁੰਦੀ ਹੈ, ਬੇਸ਼ੱਕ ਕਾਂਗਰਸ ਸਰਕਾਰ ਨੇ ਹਮੇਸ਼ਾਂ ਆਪਣੇ ਆਪ ਨੂੰ ਧਰਮ ਨਿਰਪੱਖ ਦੱਸਣ ਦੀ ਕੋਸ਼ਿਸ਼ ਕੀਤੀ ਹੈ ਪਰ ਇਸ ਨਸਲਘਾਤ ਤੋਂ ਤਾਂ ਸਭ ਨੂੰ ਸਪੱਸ਼ਟ ਹੋ ਗਿਆ ਸੀ ਕਿ ਇਹਨਾਂ ਦੀ ਕਹਿਣੀ ਤੇ ਕਰਨੀ ਵਿੱਚ ਕਿੰਨਾ ਫ਼ਰਕ ਹੈ। ਭਾਰਤ ਵਿੱਚ ਇਸੇ ਲੜੀ ਵਿੱਚ 2002 ਵਿੱਚ ਮੁਸਲਮਾਨਾਂ ਦਾ ਨਸਲਘਾਤ ਵੀ ਆਉਂਦਾ ਹੈ। ਉਸ ਸਮੇਂ ਗੁਜਰਾਤ ਵਿੱਚ ਅੱਜ ਕੱਲ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੁੱਖ ਮੰਤਰੀ ਦੇ ਅਹੁਦੇ ‘ਤੇ ਸਨ ਜਿਸ ਦੀ ਛਤਰ ਛਾਇਆ ਹੇਠ ਘੱਟ ਗਿਣਤੀ ਮੁਸਲਮਾਨਾਂ ‘ਤੇ ਤਸ਼ੱਦਦ ਢਾਹ ਕੇ ਕੁੱਟਿਆ, ਮਾਰਿਆ ਗਿਆ,

ਘਰ ਸਾੜ੍ਹ ਦਿੱਤੇ ਗਏ, ਬੱਚਿਆਂ ਨੂੰ ਵਿਲਕਦੇ ਛੱਡਿਆ ਗਿਆ, ਮਾਵਾਂ ਭੈਣਾਂ ਨਾਲ ਬਲਾਤਕਾਰ ਕੀਤੇ ਗਏ, ਲੋਕਾਂ ਨੂੰ ਘਰੋਂ ਬੇਘਰ ਕੀਤਾ ਗਿਆ। ਉਸ ਘਿਨਾਉਣੇ ਲੋਕਤੰਤਰ ਵੋਟ ਰਾਜ ਵਿੱਚ ਇੱਕ ਸੂਬੇ ਦੇ ਲੋਕਾਂ ਦਾ ਦੋਸ਼ੀ ਮੁੜ ਕੇ ਸਾਰੇ ਦੇਸ਼ ਦਾ ਪ੍ਰਧਾਨ ਮੰਤਰੀ ਬਣ ਜਾਂਦਾ ਹੈ, ਕਿੰਨੀ ਹਾਸੋ ਹੀਣੀ ਗੱਲ ਹੈ।

ਇਥੋਂ ਦਾ ਸਮਾਜ ਹਿੰਦੂ, ਸਿੱਖ, ਮੁਸਲਮਾਨ, ਇਸਾਈ, ਬੋਧੀ ਤੇ ਹੋਰ ਛੋਟੇ ਛੋਟੇ ਧਰਮਾਂ ਤੇ ਬਹੁਤ ਸਾਰੀਆਂ ਬੋਲੀਆਂ ਤੇ ਜਾਤਾਂ ਵਿੱਚ ਵੰਡਿਆ ਹੋਇਆ ਹੈ।ਪਰ ਫਿਰ ਵੀ ਲੋਕ ਆਪਸ ਵਿੱਚ ਬਹੁਤ ਪਿਆਰ ਨਾ਼ਲ ਰਹਿੰਦੇ ਹਨ। ਪਰ ਜਦੋਂ ਵੀ ਉਹਨਾਂ ਵਿੱਚ ਫੁੱਟ ਪਈ ਤਾਂ ਸਰਕਾਰਾਂ ਨੇ ਹਮੇਸ਼ਾਂ ਉਹਨਾਂ ਵੱਲ ਹੋ ਰਹੀ ਉਂਗਲ ਦਾ ਮੂੰਹ ਮੋੜਨ ਲਈ ਧਰਮਾਂ ਦਾ ਪੱਤਾ ਖੇਡਿਆ ਹੈ। ਜਿੱਥੇ ਅਸੀਂ ਕਹਿੰਦੇ ਹਾਂ ਕਿ ਹਿੰਦੋਸਤਾਨ ਦਾ ਸਮਾਜ ਦੋ ਜਮਾਤਾਂ ਵਿੱਚ ਵੰਡਿਆ ਹੋਇਆ ਹੈ।ਇਸੇ ਤਰ੍ਹਾਂ ਇੱਥੋਂ ਦਾ ਇਨਸਾਫ਼ ਤੇ ਲੁੱਟ ਖਸੁੱਟ ਦਾ ਪ੍ਰਬੰਧ ਵੀ ਜਮਾਤਾਂ ਅਨੁਸਾਰ ਹੀ ਹੈ। ਹਮੇਸ਼ਾਂ ਸਿੱਖ, ਹਿੰਦੂ, ਮੁਸਲਮਾਨ, ਬੋਧੀ ਤੇ ਇਸਾਈ ਮਜ਼ਦੂਰ ਦੀ ਲੁੱਟ ਖਸੁੱਟ ਸਰਮਾਏਦਾਰ ਹਿੰਦੂ, ਸਿੱਖ, ਮੁਸਲਮਾਨ, ਬੋਧੀ ਤੇ ਇਸਾਈ ਦੇ ਹੱਥੋਂ ਹੀ ਹੁੰਦੀ ਹੈ। ਪਰ ਜਮਾਤੀ ਸੰਘਰਸ਼ ਨੂੰ ਧਾਰਮਿਕ ਜਨੂੰਨ ਥੱਲੇ ਰੋ਼ਲ ਦਿੱਤਾ ਜਾਂਦਾ ਹੈ। ਮੈਂ ਤਾਂ ਅੰਤ ਵਿੱਚ ਇਹੀ ਕਹਿਣਾ ਚਾਹੂੰਗੀ ਕਿ ਲੋਕਾਂ ਨੂੰ ਸਮਝਣ ਦੀ ਲੋੜ ਹੈ ਕਿ ਉਹਨਾਂ ਦਾ ਅਸਲੀ ਦੁਸ਼ਮਣ ਕੌਣ ਹੈ ਜਿਹੜਾ ਹਰ ਵਕਤ ਇਸ ਤਾਕ ਵਿੱਚ ਬੈਠਾ ਰਹਿੰਦਾ ਹੈ ਅਤੇ ਉਹਨਾਂ ਦੀਆਂ ਅਸਲੀ ਆਰਥਿਕ ਸਮੱਸਿਆਵਾਂ ਦਾ ਹੱਲ ਦੇਣ ਦੀ ਬਜਾਇ ਉਹਨਾਂ ਦੀ ਕਤਲੋਗਾਰਤ ਦੀ ਖੇਡ ਖੇਡਦਾ ਹੈ ਉਸਨੂੰ ਪਹਿਚਾਨਣ ਦੀ ਲੋੜ ਹੈ।

□□□

# ਸਮਾਜ ਵਿੱਚ ਸੰਸਥਾਵਾਂ ਦਾ ਯੋਗਦਾਨ

ਸੰਸਥਾ ਸਮਾਜ ਦੇ ਵਿੱਚ ਇੱਕ ਅਜਿਹੀ ਪਹਿਚਾਣ ਹੈ ਜਿਹੜੀ ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਦੇ ਸਮੂਹ ਨੂੰ ਜਿਹੜਾ ਕਿ ਕੁੱਝ ਅਜਿਹੇ ਉਦੇਸ਼ ਜਾਂ ਟੀਚੇ ਜਿਹੜੇ ਬਾਹਰਲੇ ਵਾਤਾਵਰਣ ਨੂੰ ਪ੍ਰਭਾਵਤ ਕਰਦੇ ਹਨ, ਨੂੰ ਲੈ ਕੇ ਚਲਦੀ ਹੈ। ਉਹ ਆਪਣੇ ਕੰਮਾਂ ਕਾਰਾਂ ਦੇ ਜਰੀਏ ਸਮਾਜ ਵਿੱਚ ਆਪਣੀ ਥਾਂ ਬਣਾਉਣ ਦੇ ਨਾਲ਼ ਨਾਲ਼ ਉਹ ਦੇ ਹੱਕਾਂ ਦੀ ਪੂਰਤੀ ਕਰਦੀ ਹੈ ਅਤੇ ਸਮਾਜ ਨੂੰ ਸਹੀ ਸੇਧ ਦੇਣ ਲਈ ਸਹਾਇਕ ਬਣਦੀ ਹੈ।ਇੱਕ ਸੰਸਥਾ ਨੂੰ ਜਥੇਬੰਦੀ, ਸੁਸਾਇਟੀ, ਕਮੇਟੀ, ਔਰਗੇਨਾਈਜੇਸ਼ਨ, ਐਸੋਸੀਏਸ਼ਨ, ਯੂਨੀਅਨ ਆਦਿ ਬਹੁਤ ਸਾਰੇ ਨਾਵਾਂ ਨਾਲ਼ ਜਾਣਿਆ ਜਾਂਦਾ ਹੈ।ਇਸ ਦੀਆਂ ਅਨੇਕਾਂ ਹੀ ਕਿਸਮਾਂ ਹਨ ਜਿਵੇਂ ਸਰਕਾਰੀ ਸੰਸਥਾ, ਰਾਜਨੀਤਕ ਸੰਸਥਾ, ਨੈਸ਼ਨਲ ਸੰਸਥਾ, ਇੰਟਰਨੈਸ਼ਨਲ ਸੰਸਥਾ, ਸਮਾਜਿਕ ਸੰਸਥਾ, ਧਾਰਮਿਕ ਸੰਸਥਾ, ਅ-ਧਾਰਮਿਕ ਸੰਸਥਾ, ਸਭਿਆਚਾਰਕ ਸੰਸਥਾ, ਵਿਦਿਆਰਥੀ ਯੂਨੀਅਨ, ਮਜ਼ਦੂਰ ਯੂਨੀਅਨ, ਅਧਿਆਪਕ ਯੂਨੀਅਨ, ਕਿਸਾਨ ਜਥੇਬੰਦੀਆਂ, ਲਾਭਕਾਰੀ ਸੰਸਥਾ, ਨਾ-ਲਾਭਕਾਰੀ ਸੰਸਥਾ ਆਦਿ ਅਨੇਕਾਂ ਹੀ ਨਾਂ ਹਨ। ਇਹਨਾਂ ਸੰਸਥਾਵਾਂ ਦੇ ਕੰਮ ਕਰਨ ਦੇ ਢੰਗ, ਤਰੀਕੇ, ਉਦੇਸ਼ ਤੇ ਟੀਚੇ ਵੱਖਰੇ ਹੋ ਸਕਦੇ ਹਨ ਪਰ ਇਹ ਦੋ ਹੀ ਖੇਤਰਾਂ ਵਿੱਚ ਕੰਮ ਕਰਦੀਆਂ ਹਨ, ਇੱਕ ਨਿੱਜੀ ਖੇਤਰ ਤੇ ਦੂਸਰਾ ਜਨਤਕ ਖੇਤਰ।

ਨਿੱਜੀ ਖੇਤਰ ਵਾਲੀਆਂ ਸੰਸਥਾਵਾਂ ਕਿਸੇ ਕੰਪਨੀ, ਕਿਸੇ ਕਾਰਪੋਰੇਸ਼ਨ, ਕਿਸੇ ਬਿਜ਼ਨਿਸ ਆਦਿ ਦੇ ਨਿੱਜੀ ਲਾਭਾਂ ਨੂੰ ਅੱਗੇ ਰੱਖ ਕੇ ਬਣਾਈਆਂ ਜਾਂਦੀਆਂ ਹਨ। ਉਸ ਦਾ ਇੱਕੋ ਇੱਕ ਮਤਲਬ ਨਿੱਜ ਦੀ ਵਡੋਤਰੀ, ਪ੍ਰਸਿੱਧੀ ਤੇ ਫ਼ਾਇਦਾ ਹੀ ਮੁੱਖ ਹੁੰਦਾ ਹੈ, ਇਸੇ ਲਈ ਹੀ ਉਹ ਕੰਮ ਕਰਦੀਆਂ ਹਨ। ਬੇਸ਼ੱਕ ਉਹਨਾਂ ਸੰਸਥਾਵਾਂ ਦਾ ਪ੍ਰਭਾਵ ਵੀ ਬਾਹਰਲੇ ਸਮਾਜ ‘ਤੇ ਪੈਣਾ ਕੁਦਰਤੀ ਹੈ ਪਰ ਉਹਨਾਂ ਦੇ ਮਨਸ਼ੇ ਤੋਂ ਸਮਾਜ ਅਗਾਉਂ ਸੁਚੇਤ ਹੁੰਦਾ ਹੈ।

ਦੂਸਰੀ ਰਹੀ ਜਨਤਕ ਖੇਤਰ ਦੀ ਗੱਲ, ਮੈਂ ਇਸ ਖੇਤਰ ਵਿੱਚ ਕੰਮ ਕਰ ਰਹੀਆਂ ਸੰਸਥਾਵਾਂ ਬਾਰੇ ਗੱਲ ਕਰਨੀ ਚਾਹੁੰਦੀ ਹਾਂ। ਕੈਨੇਡਾ ਦੇ ਜਿਸ ਖਿੱਤੇ ਵਿੱਚ ਅਸੀਂ ਰਹਿੰਦੇ ਹਾਂ, ਇੱਥੇ ਬਹੁਤ ਸਾਰੀਆਂ ਸੰਸਥਾਵਾਂ ਨਾਲ਼ ਸਾਡਾ ਵਾਹ ਪੈਂਦਾ ਹੈ। ਕੈਨੇਡਾ ਵਿੱਚ ਰਹਿੰਦੇ ਭਾਰਤੀ ਸਮਾਜ ਵਿੱਚ ਵੀ ਅਜਿਹੀਆਂ ਬਹੁਤ ਸਾਰੀਆਂ ਸੰਸਥਾਵਾਂ ਕੰਮ ਕਰ ਰਹੀਆਂ ਹਨ ਜਿਹੜੀਆਂ ਇਸ ਸਮਾਜ ਦੀ ਬਿਹਤਰੀ ਲਈ ਕਾਰਜ਼ਸ਼ੀਲ ਹੋਣੀਆਂ ਬਹੁਤ ਜ਼ਰੂਰੀ ਹਨ। ਸੋਚਣਾ ਇਹ ਹੁੰਦਾ ਹੈ ਕਿ ਇਹ

ਸੰਸਥਾਵਾਂ ਕੰਮ ਕਿਵੇਂ ਕਰ ਰਹੀਆਂ ਹਨ ? ਕੀ ਜਿਹੜੇ ਉਦੇਸ਼ ਜਾਂ ਟੀਚੇ ਨੂੰ ਲੈ ਕੇ ਤੁਰ ਰਹੀਆਂ ਹਨ, ਉਹ ਪੂਰਾ ਹੋ ਰਿਹਾ ਹੈ? ਸੰਸਥਾ ਨੇ ਜੋ ਕੁੱਝ ਸਮਾਜ ਨੂੰ ਦੇਣਾ ਹੈ ਜਾਂ ਸਮਾਜ ਲਈ ਕਰਨਾ ਚਾਹੁੰਦੀ ਹੈ, ਜਾ ਕਰ ਰਹੀ ਹੈ ? ਅਜਿਹੇ ਬਹੁਤ ਸਾਰੇ ਸਵਾਲਾਂ 'ਤੇ ਗੱਲ ਕਰਨੀ ਬਣਦੀ ਹੈ। ਮੇਰਾ ਇਸ ਵਿਸ਼ੇ ਨੂੰ ਲੈ ਕੇ ਇਸ 'ਤੇ ਲਿਖਣ ਬਾਰੇ ਆਪਣੀ ਖੁਦ ਦੀ ਸਵੈ-ਪੜਚੋਲ ਦਾ ਸਿੱਟਾ ਹੀ ਹੈ, ਜੋ ਜ਼ਰੂਰੀ ਹੈ।

ਜਦੋਂ ਅਸੀਂ ਭਾਰਤੀ ਸਮਾਜ ਦੀ ਗੱਲ ਕਰਦੇ ਹਾਂ ਤਾਂ 20ਵੀਂ ਸਦੀ ਦੇ ਸ਼ੁਰੂ ਵਿੱਚ ਕੈਨੇਡਾ ਦੀ ਧਰਤੀ ਤੇ ਪੰਜਾਬੀਆਂ ਨੇ ਆਉਣਾ ਸ਼ੁਰੂ ਕੀਤਾ ਅਤੇ ਉਹਨਾਂ ਨੇ ਆਪਣੇ ਭਾਈਚਾਰੇ ਦੀਆਂ ਮੁਸ਼ਕਲਾਤਾਂ ਨੂੰ ਦੇਖ ਕੇ "ਖਾਲਸਾ ਦੀਵਾਨ ਸੁਸਾਇਟੀ" ਬਣਾਈ। ਇਸ ਸੰਸਥਾ ਦੇ ਥੱਲੇ ਉਹਨਾਂ ਨੇ ਪੰਜਾਬੀਆਂ ਦੇ ਧਾਰਮਿਕ ਅਕੀਦਿਆਂ ਨੂੰ ਅੱਗੇ ਰੱਖ ਕੇ ਕੰਮ ਕਰਨਾ ਸ਼ੁਰੂ ਕੀਤਾ। ਜਦੋਂ ਉਹਨਾਂ ਨੂੰ ਇੱਥੇ ਨਸਲੀ ਵਿਤਕਰੇ, ਭਾਰਤ ਦੀ ਗ਼ੁਲਾਮੀ, ਜਾਤ-ਪਾਤ, ਛੂਤ-ਛਾਤ ਤੇ ਬਿਗ਼ਾਨਗੀ ਆਦਿ ਦਾ ਅਹਿਸਾਸ ਹੋਇਆ ਤਾਂ ਉਹਨਾਂ ਨੇ ਭਾਰਤੀ ਲੋਕਾਂ ਦੇ ਏਕੇ ਦਾ ਸਬੂਤ ਦੇਣ ਲਈ ਸਿੱਖ ਧਰਮ ਦੇ ਘੇਰੇ ਵਿੱਚੋਂ ਨਿਕਲ ਕੇ "ਗ਼ਦਰ ਪਾਰਟੀ" ਬਣਾਈ। ਜਿਹੜੀ ਸਮੁੱਚੇ ਭਾਰਤੀ ਲੋਕਾਂ ਦੀ ਨੁਮਾਇੰਦਗੀ ਕਰਦੀ ਸੀ ਜਿਸ ਵਿੱਚ ਹਰ ਧਰਮ ਵਾਲਾ ਹਿੰਦੂ, ਸਿੱਖ, ਮੁਸਲਿਮ, ਇਸਾਈ ਆਦਿ ਸਮਾ ਸਕਦਾ ਸੀ। ਪਾਰਟੀ ਦੇ ਸੰਵਿਧਾਨ ਮੁਤਾਬਕ ਹਰ ਇਨਸਾਨ ਆਪਣੇ ਧਰਮ ਜਾਂ ਜਾਤ ਨੂੰ ਆਪਣਾ ਨਿੱਜੀ ਅਧਿਕਾਰ ਸਮਝੇ ਤੇ ਪਾਰਟੀ ਦੀਆਂ ਬਰੂਹਾਂ ਤੋਂ ਇਸ ਨੂੰ ਬਾਹਰ ਰੱਖੇ ਪਰ ਦੇਸ਼ ਦੀ ਅਜ਼ਾਦੀ ਤੇ ਆਪਣੇ ਹੱਕਾਂ ਲਈ ਆਪਾਂ ਵਾਰਨ ਲਈ ਤਿਆਰ ਹੋਵੇ। ਇਹ ਸੀ ਇਹਨਾਂ ਸੰਸਥਾਵਾਂ ਦੀ ਸਹੀ ਸੋਚ, ਫਰਜ਼, ਸੇਧ ਤੇ ਸਮਾਜ ਨੂੰ ਦੇਣ, ਜਿਸ ਨੂੰ ਅੱਜ ਵੀ ਚੇਤੇ ਕੀਤਾ ਜਾਂਦਾ ਹੈ। ਦੇਖਣਾ ਇਹ ਹੈ ਕਿ ਸੌ ਸਾਲਾਂ ਬਾਅਦ ਜਿਹੜੀਆਂ ਜਥੇਬੰਦੀਆਂ ਅੱਜ ਕੰਮ ਕਰ ਰਹੀਆਂ ਹਨ ਉਹਨਾਂ ਦੀ ਦਸ਼ਾ ਅਤੇ ਦਿਸ਼ਾ ਕੀ ਹੈ?

ਕੈਨੇਡਾ ਵਿੱਚ ਗੱਲ ਧਾਰਮਿਕ ਸੰਸਥਾਵਾਂ ਤੋਂ ਚੱਲੀ ਸੀ, ਜੇ ਉਹਨਾਂ ਤੋਂ ਹੀ ਸ਼ੁਰੂ ਕਰੀਏ ਤਾਂ ਆਓ ਇਹਨਾਂ ਕੁੱਝ ਕੁ ਨੂੰ ਅੱਜ ਦੇ ਪ੍ਰਪੇਖ ਵਿੱਚ ਦੇਖੀਏ। ਅਗਰ ਧਾਰਮਿਕ ਸੰਸਥਾਵਾਂ ਆਪਣੇ ਆਪਣੇ ਧਾਰਮਿਕ ਗਰੰਥਾਂ ਵਿੱਚ ਲਿਖੇ ਉਦੇਸ਼ਾਂ ਦੀ ਪੂਰਤੀ ਕਰਕੇ ਸਮਾਜ ਦੀ ਬਿਹਤਰੀ ਲਈ ਚੰਗਾ ਕੰਮ ਕਰ ਰਹੀਆਂ ਹਨ। ਉਦੋਂ ਤੱਕ ਉਹਨਾਂ ਦਾ ਸੰਸਥਾਵਾਂ ਦੇ ਤੌਰ 'ਤੇ ਕੰਮ ਕਰਨਾ ਇੱਕ ਸਫ਼ਲ ਕਾਰਜ ਹੈ। ਪਰ ਇਸ ਦੇ ਉਲਟ ਉਦਾਹਰਣ ਦੇ ਤੌਰ 'ਤੇ, ਲੋਕਾਂ ਨੂੰ ਪ੍ਰਚਾਰ ਤਾਂ ਇਹ ਕਰਨਾ ਕਿ ਲੋਭ, ਮੋਹ, ਹੰਕਾਰ ਤੋਂ ਦੂਰ ਰਹਿਣਾ ਚਾਹੀਦਾ ਹੈ। ਸੱਚ, ਇਨਸਾਫ਼, ਨਿਮਰਤਾ ਤੇ ਮਿੱਠਾ ਬੋਲਣ ਦੇ ਗੁਣਾਂ ਦੇ ਮੁਦੱਈ ਹੋਣਾ ਚਾਹੀਦਾ ਹੈ ਪਰ ਆਪਣੇ ਨਿੱਜੀ ਹਿਤਾਂ ਲਈ ਲੋਕਾਂ ਦੀ ਸ਼ਰਧਾ ਭਾਵਨਾ ਨਾਲ ਖੇਡ ਕੇ, ਉਹਨਾਂ ਦੇ ਪੈਸੇ ਨਾਲ ਆਪਸ ਵਿੱਚ ਗੱਦੀਆਂ ਲਈ ਆਪਣੇ ਧਰਮ ਦੇ ਉਦੇਸ਼ ਤੋਂ ਭਟਕ ਕੇ ਅਦਾਲਤਾਂ ਵਿੱਚ

ਸਾਲਾਂ ਬੱਧੀ ਕੇਸ ਝਗੜਨੇ ਜਾਂ ਧਾਰਮਿਕ ਸਥਾਨਾਂ 'ਤੇ ਆਪਸ ਵਿੱਚ ਹੱਥੋਂ ਪਾਈ ਹੋਣਾ ਜਾਂ ਨਿੱਜੀ ਜਾਇਦਾਦ ਬਣਾ ਕੇ ਆਪਣੀਆਂ ਰੋਟੀਆਂ ਸੇਕਣੀਆਂ। ਕੀ ਧਾਰਮਿਕ ਸ਼ਰਧਾ ਭਾਵਨਾ ਰੱਖਣ ਵਾਲੇ ਲੋਕ ਇਹ ਚਾਹੁਣਗੇ ? ਮੇਰਾ ਖਿਆਲ ਐ ਹਰਗਿਜ਼ ਨਹੀਂ....

ਸਰਕਾਰੀ ਜਾਂ ਰਾਜਨੀਤਕ ਸੰਸਥਾਵਾਂ ਬਾਰੇ ਗੱਲ ਕਰਨ ਵੇਲ਼ੇ ਵੀ ਇਹੀ ਸੋਚਣਾ ਪਵੇਗਾ ਕਿ ਲੋਕਾਂ ਦੀ ਕਿਰਤ ਕਮਾਈ ਵਿੱਚੋਂ ਇਕੱਠਾ ਕੀਤਾ ਪੈਸਾ ਜਾਂ ਲੋਕਾਂ ਤੋਂ ਉਗਰਾਹੇ ਗਏ ਟੈਕਸ ਨਾਲ਼ ਇਹ ਸੰਸਥਾਵਾਂ ਖਿਲਵਾੜ ਤਾਂ ਨਹੀਂ ਕਰ ਰਹੀਆਂ? ਜੋ ਉਸ ਸੰਸਥਾ ਦਾ ਸੰਵਿਧਾਨ ਬਣਾਉਣ ਵੇਲ਼ੇ ਲਿਖਿਆ ਗਿਆ ਸੀ, ਕੀ ਉਹ ਉਸ 'ਤੇ ਪੂਰਾ ਉੱਤਰ ਰਹੀਆਂ ਹਨ? ਅਹੁਦੇਦਾਰ ਆਪਣੀ ਸੰਸਥਾ ਪ੍ਰਤੀ ਕਿੰਨੀ ਵਫ਼ਾਦਾਰੀ ਨਿਭਾ ਰਹੇ ਹਨ? ਕੀ ਉਹ ਸਾਰਾ ਕੰਮ ਪੂਰੀ ਪਾਰਦਰਸ਼ਤਾ ਨਾਲ਼ ਕਰ ਰਹੇ ਹਨ? ਲੋਕਾਂ ਨੂੰ ਵੀ ਹਰ ਤਰ੍ਹਾਂ ਦੀ ਸੰਸਥਾ ਦੀ ਮੱਦਦ ਕਰਨ ਵੇਲ਼ੇ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਸੰਸਥਾ ਵਿੱਚ ਕਿਸੇ ਕਿਸਮ ਦੇ ਘਾਲ਼ੇ ਮਾਲ਼ੇ ਤਾਂ ਨਹੀਂ ਹੋ ਰਹੇ? ਅਗਰ ਅਜਿਹਾ ਕੁੱਝ ਹੋ ਰਿਹਾ ਹੈ ਤਾਂ ਅਹੁਦੇਦਾਰਾਂ ਨਾਲ਼ ਖੁਲ੍ਹ ਕੇ ਗੱਲ ਕਰਨੀ ਚਾਹੀਦੀ ਹੈ।

ਸਭਿਆਚਾਰਕ, ਸਮਾਜਿਕ ਅਤੇ ਸਾਹਿਤਕ ਸੰਸਥਾਵਾਂ ਵੀ ਬਹੁਤ ਸਾਰੀ ਗਿਣਤੀ ਦੇ ਵਿੱਚ ਮਨੋਰੰਜਨ ਰਾਹੀਂ ਭਾਰਤੀ ਭਾਸ਼ਾਵਾਂ, ਇਲਾਕਿਆਂ, ਬੋਲੀਆਂ, ਸਭਿਆਚਾਰਾਂ ਆਦਿ ਨੂੰ ਰੂਪਮਾਨ ਕਰਨ ਲਈ ਆਪਣਾ ਯੋਗਦਾਨ ਪਾ ਰਹੀਆਂ ਹਨ। ਪਰਦੇਸਾਂ ਵਿੱਚ ਆਪਣੇ ਸਮਾਜ, ਸਾਹਿਤ ਜਾਂ ਸਭਿਆਚਾਰ ਲਈ ਕੰਮ ਕਰਨਾ ਇੱਕ ਵੱਡੀ ਗੱਲ ਇਉਂ ਹੈ ਕਿ ਅਸੀਂ ਆਪਣੀ ਦੂਸਰੇ ਸਮਾਜਾਂ ਵਿੱਚ ਤੇ ਆਪਣੀ ਆਉਣ ਵਾਲ਼ੀ ਪੀੜ੍ਹੀ ਵਿੱਚ ਆਪਣੀ ਜੱਦੀ ਹੋਂਦ ਨੂੰ ਜ਼ਿੰਦਾ ਰੱਖ ਰਹੇ ਹੁੰਦੇ ਹਾਂ ਤਾਂ ਕਿ ਉਸ ਦੀਆਂ ਚੰਗੀਆਂ ਗੱਲਾਂ ਉਸ ਦੇ ਵਾਰਸ ਅਪਣਾਉਣ ਅਤੇ ਇਸ ਰਲ਼ੇ ਮਿਲ਼ੇ ਸਮਾਜ ਨੂੰ ਇੱਕ ਹੋਰ ਵਧੀਆ ਅਗਾਂਹਵਧੂ ਸਮਾਜ ਬਣਾ ਸਕੀਏ। ਇਹਨਾਂ ਸੰਸਥਾਵਾਂ ਬਾਰੇ ਵੀ ਇਹੀ ਦੇਖਣਾ ਹੈ ਕਿ ਜਦੋਂ ਇਹ ਸਮਾਜਿਕ ਜਾਂ ਸਭਿਆਚਾਰਕ ਸੰਸਥਾ ਕੰਮ ਕਰ ਰਹੀ ਹੈ ਇਹ ਮਨੋਰੰਜਨ ਰਾਹੀਂ ਆਪਣੀ ਬੋਲੀ, ਖਾਣ-ਪੀਣ, ਰਹਿਣ-ਸਹਿਣ, ਭਾਸ਼ਾਵਾਂ ਆਦਿ ਦੇ ਚੰਗੇ ਪੱਖਾਂ ਨੂੰ ਉਜਾਗਰ ਕਰਦੀ ਹੈ, ਉਦੋਂ ਤੱਕ ਠੀਕ ਹੈ। ਪਰ ਇਸ ਦੇ ਉਲਟ ਕਿਤੇ ਲੋਕਾਂ ਵਿੱਚ ਲੱਚਰਤਾ ਦਾ ਬੋਲਬਾਲਾ ਤਾਂ ਨਹੀਂ ਸ਼ੁਰੂ ਕਰ ਰਹੀ, ਧਿਆਨ ਦੇਣਾ ਹੋਵੇਗਾ। ਜਿਵੇਂ ਉਦਾਹਰਣ ਦੇ ਤੌਰ 'ਤੇ ਬਹੁਤ ਸਾਰੇ ਗ਼ਲਤ ਅਰਥ ਰੱਖਣ ਵਾਲ਼ੇ ਗੀਤ ਕੈਸਟਾਂ ਰਾਹੀਂ ਸਾਡੇ ਕੋਲ਼ ਪਹੁੰਚ ਰਹੇ ਹਨ ਤੇ ਅਸੀਂ ਸਿਰਫ਼ ਉਸ ਦੇ ਸੰਗੀਤ 'ਤੇ ਇੱਥੋਂ ਦੇ ਅਣਜਾਣ ਬੱਚਿਆਂ ਨੂੰ ਨਚਾਈ ਜਾ ਰਹੇ ਹਾਂ, ਉਸ ਦੇ ਸ਼ਬਦਾਂ ਦੇ ਅਰਥਾਂ ਬਾਰੇ ਡੂੰਘਾਈ ਵਿੱਚ

ਸੋਚ ਹੀ ਨਹੀਂ ਰਹੇ। ਇਹ ਜ਼ੁੰਮੇਵਾਰ ਸੰਸਥਾਵਾਂ ਦੇ ਉਦੇਸ਼ ਇਹ ਨਹੀਂ ਹੋਣਗੇ ਪਰ ਬਿਨ੍ਹਾਂ ਕਿਸੇ ਗੱਲ ਦੀ ਪੜਚੋਲ ਕੀਤਿਆਂ ਸੁਤੇ-ਸੁਭਾਅ ਹੀ ਇਹ ਸਭ ਕੁੱਝ ਚੱਲੀ ਜਾਂਦਾ ਹੈ ਜਦ ਕਿ ਕੰਮ ਕਰਨ ਤੋਂ ਪਹਿਲਾਂ ਬੈਠ ਕੇ ਵਿਚਾਰਨ ਦੀ ਲੋੜ ਹੈ। ਜੋ ਲੋਕਾਂ ਨੂੰ ਸਭਿਆਚਾਰ ਦੇ ਨਾਂ 'ਤੇ ਪਰੋਸਿਆ ਜਾ ਰਿਹਾ ਹੈ, ਉਹ ਕਿਤੇ ਭਾਰਤੀ ਸਭਿਆਚਾਰ ਦੀਆਂ ਜੜ੍ਹਾਂ ਨੂੰ ਸਿਉਂਕ ਵਾਂਗ ਤਾਂ ਨਹੀਂ ਚੁੰਬੜ ਰਿਹਾ ਜੋ ਇੱਕ ਨਾ ਇੱਕ ਦਿਨ ਉਸ ਨੂੰ ਮਿੱਟੀ ਦਾ ਢੇਰ ਬਣਾ ਦੇਵੇ। ਲੋਕਾਂ ਦੇ ਮਨਾਂ ਵਿੱਚ ਨਸ਼ੇ, ਗੋਲ਼ੀਆਂ, ਪਿਸਤੌਲਾਂ, ਮਾਰ-ਮਰਾਈ, ਕੁੜੀਆਂ ਕੱਢ ਕੇ ਲੈ ਜਾਣਾ, ਬੱਕਰੇ ਬੁਲਾਉਣੇ, ਦੁਨਾਲ਼ੀਆਂ ਮੋਢਿਆਂ 'ਤੇ, ਗੁੰਡਾ ਦਿੱਖ, ਕਚਹਿਰੀਆਂ 'ਚ ਟੱਕਰਨਾ, ਕੁੜੀਆਂ ਪਿੱਛੇ ਸ਼ੁਦਾਈ, ਔਰਤ ਸ਼ਰਾਬ ਦੀ ਬੋਤਲ ਆਦਿ ਬਹੁਤ ਇਹੋ ਜਿਹਾ ਬਹੁਤ ਕੁੱਝ ਜੋ ਨਾ ਸੁਣਨੇ ਤੇ ਦੇਖਣੇ ਕਾਬਲ ਹੈ। ਸਭਿਆਚਾਰਕ ਜਥੇਬੰਦੀਆਂ ਦਾ ਜਥੇਬੰਦਕ ਤੌਰ 'ਤੇ ਫਰਜ਼ ਹੈ ਕਿ ਉਹ ਸਮਾਜ ਦੀਆਂ ਵਧੀਆ ਕਦਰਾਂ ਕੀਮਤਾਂ ਨੂੰ ਖੇਰੂੰ ਖੇਰੂੰ ਕਰਨ ਵਾਲ਼ੇ ਇਹਨਾਂ ਘਟੀਆ ਅਨਸਰਾਂ ਦੇ ਵਿਰੁੱਧ ਲਾਮਬੰਦ ਹੋ ਕੇ ਸੰਘਰਸ਼ ਵਿੱਢੇ ਜਿਹੜਾ ਕਿ ਉਹਨਾਂ ਦਾ ਜਮਹੂਰੀ ਫਰਜ਼ ਤੇ ਅਧਿਕਾਰ ਹੈ ਬੇਸ਼ੱਕ ਇਹਨਾਂ ਲੋਕਾਂ ਦੀ ਸਰਕਾਰੇ ਦਰਬਾਰੇ ਪਹੁੰਚ ਹੁੰਦੀ ਹੈ ਪਰ ਲੋਕ ਏਕੇ ਦੇ ਸਾਹਮਣੇ ਹਰ ਇੱਕ ਨੂੰ ਝੁਕਣਾ ਪੈਂਦਾ ਹੈ।

ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਸਾਹਿਤਕਾਰ ਨੇ ਆਪਣੇ ਪ੍ਰਾਪਤ ਗਿਆਨ ਰਾਹੀਂ ਮਨੁੱਖ ਦੇ ਮਨਾਂ 'ਤੇ ਪਈ ਕਾਲ਼ਖ ਨੂੰ ਲਾਹ ਕੇ ਉਸਨੂੰ ਚਮਕਾਉਣਾ ਤੇ ਲਿਸ਼ਕਾਉਣਾ ਹੁੰਦਾ ਹੈ। ਸਾਹਿਤਕਾਰ ਦਾ ਕੰਮ ਲੋਕਾਂ ਦੇ ਵਿਚਕਾਰ ਉਹਨਾਂ ਨੂੰ ਸਹੀ ਸੇਧ ਦੇ ਕੇ ਸਮਾਜ ਦੀਆਂ ਸਮਾਜਿਕ, ਰਾਜਨੀਤਕ, ਸਭਿਆਚਾਰਕ ਕੁਰੀਤੀਆਂ ਦੀ ਦੁੱਖਦੀ ਰਗ ਤੇ ਉਂਗਲ ਰੱਖਣਾ ਹੁੰਦਾ ਹੈ। ਕਿਹਾ ਜਾਂਦਾ ਹੈ ਕਿ ਜਿਹੜੇ ਸਮਾਜ ਦਾ ਸਾਹਿਤ ਜਿਸ ਪਾਸੇ ਨੂੰ ਪੁਲਾਘਾਂ ਪੁੱਟਦਾ ਹੈ, ਸਮਾਜ ਵੀ ਉਸ ਪਾਸੇ ਵੱਧ ਰਿਹਾ ਹੁੰਦਾ ਹੈ। ਇਸ ਕਰਕੇ ਸਾਹਿਤਕਾਰ ਸਮਾਜ ਦੀ ਵਧੀਆ ਉਸਾਰੀ ਲਈ ਇੱਕ ਯੋਗ ਕਾਰੀਗਰ ਹੈ, ਜਿਸ ਨੇ ਆਪਣੀ ਕਲਮ ਰੂਪੀ ਤੇਸੀ ਨਾਲ਼, ਸ਼ਬਦਾਂ ਤੇ ਅੱਖਰਾਂ ਰੂਪੀ ਸੀਮਿੰਟ, ਰੇਤੇ ਤੇ ਇੱਟਾਂ ਨਾਲ਼ ਇੱਕ ਅਜਿਹੀ ਇਮਾਰਤ ਖੜ੍ਹੀ ਕਰਨੀ ਹੈ ਜਿਹੜੀ ਸੋਹਣੀ ਲੱਗਣ ਦੇ ਨਾਲ਼ ਨਾਲ਼ ਹਰ ਮਨੁੱਖ ਦੇ ਧੁਰ ਅੰਦਰ ਪਹੁੰਚੇ ਤੇ ਇੱਕ ਕਿਸਮ ਦੀ ਰੌਸ਼ਨੀ ਤੇ ਉਜਾਲਾ ਪੈਦਾ ਕਰ ਦੇਵੇ। ਸਵਾਲ ਇਹ ਹੈ ਕਿ ਕੀ ਸਾਹਿਤਕ ਸੰਸਥਾਵਾਂ ਸਮਾਜ ਨੂੰ ਉਸਦਾ ਸਹੀ ਅਕਸ ਦਿਖਾ ਰਹੀਆਂ ਹਨ? ਕੀ ਅਸੀਂ ਧੜਾਧੜ ਕਿਤਾਬਾਂ ਛਪਵਾ ਛਪਵਾ ਕੇ ਨਵੇਂ ਪਾਠਕ ਪੈਦਾ ਕੀਤੇ ਹਨ ਜਾਂ ਨਹੀਂ? ਕੀ ਅਸੀਂ ਆਪਣੇ ਪੜ੍ਹੇ ਲਿਖੇ ਲਈ ਸੰਤੁਸ਼ਟ ਹਾਂ? ਕੀ ਸਾਹਿਤ ਸਭਾਵਾਂ ਦੀ ਗਿਣਤੀ ਵਧਾ ਕੇ ਅਸੀਂ ਅਹੁਦਿਆਂ ਦੇ ਚੱਕਰਾਂ ਵਿੱਚ ਤਾਂ ਨਹੀਂ ਪੈ ਗਏ। ਕੀ ਅਸੀਂ ਆਪਣੇ ਨਿੱਜ ਦਾ ਦਿਖਾਵਾ ਕਰਨ ਲਈ ਸਭਾਵਾਂ ਤਾਂ ਨਹੀਂ ਬਣਾ

ਰਹੇ? ਕੀ ਅਸੀਂ ਸਿਰਫ਼ ਸਭਾ ਦੀ ਮੀਟਿੰਗ ਵਿੱਚ ਹਾਜ਼ਰੀ ਲਵਾਉਣ ਤੱਕ ਹੀ ਸੀਮਤ ਤਾਂ ਨਹੀਂ? ਕੀ ਸਾਡੀ ਸਾਹਿਤ ਸਭਾ ਦਾ ਅਕਸ ਲੋਕਾਂ ਵਿੱਚ ਗ਼ਲਤ ਤਾਂ ਨਹੀਂ ਜਿਵੇਂ ਉਦਾਹਰਣ ਦੇ ਤੌਰ 'ਤੇ ਪਕੌੜੇ ਖਾਣੀ ਸਾਹਿਤ ਸਭਾ। ਕੀ ਅਸੀਂ ਦੂਸਰੇ ਦੀ ਅਲੋਚਨਾ ਕਰਨ ਤੋਂ ਪਹਿਲਾਂ ਆਪਣਾ ਕੋਈ ਆਪਾ-ਪੜਚੋਲ ਕਰਨ ਦੀ ਸਮਰੱਥਾ ਰੱਖਦੇ ਹਾਂ? ਕੀ ਜੋ ਲਿਖਿਆ ਜਾ ਰਿਹੈ ਉਹ ਸਮਾਜ ਨੂੰ ਵਧੀਆ ਬਣਾਉਣ ਵਿੱਚ ਯੋਗਦਾਨ ਪਾ ਰਿਹਾ ਹੈ? ਕੀ ਅਸੀਂ ਵਾਹ ਵਾਹ ਖੱਟਣ ਲਈ ਮਾਨਾਂ-ਸਨਮਾਨਾਂ ਦੇ ਚੱਕਰਵਿਊ ਵਿੱਚ ਹੀ ਗੋਤੇ ਤਾਂ ਨਹੀਂ ਲਾ ਰਹੇ? ਕੀ ਅਸੀਂ ਉਹੀ ਪੁਰਾਣੀ ਪ੍ਰੰਪਰਾਵਾਦੀ ਸੋਚ ਕਲਾ ਕਲਾ ਲਈ ਹੈ, ਨੂੰ ਲੈ ਕੇ ਇੱਕ ਸੰਕੀਰਣਤਾ ਵਿੱਚ ਹੀ ਖੁੱਭੇ ਤਾਂ ਨਹੀਂ ਪਏ? ਸਾਹਿਤ ਕਲਾ ਦੇ ਨਾਲ਼ ਨਾਲ਼ ਲੋਕਾਂ ਦੀ ਜ਼ਿੰਦਗੀ ਦਾ ਅਟੁੱਟ ਅੰਗ ਹੈ ਤੇ ਇਸ ਨਾਲ਼ ਜੁੜੀਆਂ ਤਮਾਮ ਗੱਲਾਂ ਬਾਤਾਂ, ਸਾਹਿਤ ਸਭਾਵਾਂ, ਸਾਹਿਤਕ ਜਥੇਬੰਦੀਆਂ ਦੇ ਕੰਮਾਂ ਕਾਰਜਾਂ ਦਾ ਪ੍ਰਭਾਵ ਬਾਹਰੀ ਦੁਨੀਆਂ ਤੇ ਪੈਣਾ ਸੁਭਾਵਕ ਹੈ ਸੋ ਇਹਨਾਂ ਨੂੰ ਆਪਣੀ ਸਵੈ-ਪੜਚੋਲ ਕਰਨੀ ਜ਼ਰੂਰੀ ਹੈ।

ਕੈਨੇਡਾ ਇੱਕ ਬਹੁ-ਸਭਿਆਚਾਰਕ ਦੇਸ਼ ਹੈ ਜਿਸ ਵਿੱਚ ਅਨੇਕਾਂ ਹੀ ਦੇਸ਼ਾਂ ਤੋਂ ਲੋਕ ਆਪਣਾ ਆਪਣਾ ਸਾਹਿਤ, ਸਭਿਆਚਾਰ, ਬੋਲੀ, ਖਾਣ-ਪੀਣ, ਰਹਿਣ-ਸਹਿਣ, ਭਾਸ਼ਾਵਾਂ, ਕਦਰਾਂ-ਕੀਮਤਾਂ ਲੈ ਕੇ ਆਏ ਹਨ। ਇਸ ਦੇ ਮੱਦੇ ਨਜ਼ਰ ਇੱਥੋਂ ਦੀ ਸਰਕਾਰ ਵੱਖ ਵੱਖ ਕਮਿਊਨਿਟੀਆਂ ਨੂੰ ਆਪਣੇ ਆਪਣੇ ਖਿੱਤੇ ਵਿੱਚ ਪ੍ਰਫੁੱਲਤ ਕਰਨ ਲਈ ਗਰਾਂਟ ਦੇ ਰੂਪ ਵਿੱਚ ਮੱਦਦ ਕਰਦੀ ਰਹਿੰਦੀ ਹੈ। ਇਸ ਬਾਰੇ ਵੀ ਸੁਣਨ ਵਿੱਚ ਆਇਆ ਹੈ ਕਿ ਇੱਥੇ ਬਹੁਤ ਸਾਰੀਆਂ ਅਜਿਹੀਆਂ ਗੁਪਤ ਸੰਸਥਾਵਾਂ ਹਨ ਜੋ ਸਿਰਫ਼ ਕਾਗਜ਼ਾਂ ਵਿੱਚ ਵੀਹ-ਵੀਹ, ਪੱਚੀ-ਪੱਚੀ ਸਾਲ ਤੋਂ ਕੰਮ ਕਰ ਰਹੀਆਂ ਹਨ ਪਰ ਸਿਰਫ਼ ਸਰਕਾਰ ਤੋਂ ਗਰਾਂਟਾਂ ਲੈਣ ਲਈ, ਸਾਲ ਵਿੱਚ ਇੱਕ ਅੱਧਾ ਪ੍ਰੋਗਰਾਮ ਕਰ ਲੈਂਦੀਆਂ ਹਨ। ਇਹ ਗਰਾਂਟਾਂ ਉਹੀ ਹਾਸਲ ਕਰਦੀਆਂ ਹਨ ਜਿਨ੍ਹਾਂ ਦੀ ਸਰਕਾਰੇ ਦਰਬਾਰੇ ਜਾਣ-ਪਛਾਣ, ਪਹੁੰਚ ਜਾਂ ਉਸ ਬਾਰੇ ਗਿਆਨ ਹੁੰਦਾ ਹੈ ਨਹੀਂ ਤਾਂ ਆਮ ਲੋਕਾਂ ਨੂੰ ਇਹਨਾਂ ਦਾ ਪਤਾ ਵੀ ਨਹੀਂ ਲੱਗਦਾ। ਉਂਜ ਉਹਨਾਂ ਦਾ ਸਮਾਜ ਵਿੱਚ ਕੋਈ ਅਧਾਰ ਨਹੀਂ ਹੁੰਦਾ। ਲੋਕਾਂ ਦੇ ਉਹ ਪੈਸੇ ਕਿੱਥੇ ਜਾਂਦੇ ਹਨ? ਉਹਨਾਂ ਨਾਲ਼ ਕੀ ਕੀਤਾ ਜਾ ਰਿਹਾ ਹੈ? ਕਿਸੇ ਇਲਮ ਨਹੀਂ। ਇੱਥੇ ਅਜਿਹੀਆਂ ਵੀ ਬਹੁਤ ਸਾਰੀਆਂ ਸੰਸਥਾਵਾਂ ਹਨ ਜੋ ਚੈਰਿਟੀ ਲਈ ਕੰਮ ਕਰਦੀਆਂ ਹਨ। ਉਹਨਾਂ ਬਾਰੇ ਵੀ ਦੇਖਣ ਦੀ ਲੋੜ ਹੈ ਕਿ ਜਿਸ ਨੂੰ ਉਹ ਪੈਸੇ ਭੇਜ ਦੀਆਂ ਹਨ ਉਹਨਾਂ ਦੇ ਪੈਸੇ ਸਹੀ ਥਾਂ ਤੇ ਲੱਗਦੇ ਹਨ ਜਾਂ ਨਹੀਂ? ਕਿਤੇ ਰਸਤੇ ਵਿੱਚ ਹੀ ਖੁਰਦ-ਬੁਰਦ ਤਾਂ ਨਹੀਂ ਹੋ ਜਾਂਦੇ। ਲੋਕਾਂ ਦਾ ਇਹਨਾਂ ਨੂੰ ਇਮਾਨਦਾਰੀ ਨਾਲ਼ ਦਿੱਤੇ ਦਾਨ ਦਾ ਸਹੀ ਪ੍ਰਯੋਗ ਹੋ ਰਿਹਾ ਹੈ।

ਅੱਜ ਇਹ ਗੱਲ ਵੀ ਕਰਨੀ ਬਣਦੀ ਹੈ ਕਿ 2013 ਦਾ ਸਾਲ ਗ਼ਦਰ ਲਹਿਰ ਦਾ ਸ਼ਤਾਬਦੀ ਵਰ੍ਹਾ ਹੈ, ਇਸ ਵਿੱਚ ਅਸੀਂ ਭਾਰਤੀਆਂ ਨੇ ਸਾਡੇ ਗ਼ਦਰੀ ਸ਼ਹੀਦਾਂ ਨੂੰ ਦੁਨੀਆਂ ਦੇ ਜਿਸ ਹਿੱਸੇ ਵਿੱਚ ਵੀ ਭਾਰਤੀ ਵਸਦੇ ਹਨ, ਉੱਥੇ ਉਹਨਾਂ ਨੂੰ ਸ਼ਰਧਾਂਜ਼ਲੀਆਂ ਦਿੱਤੀਆਂ ਹਨ। ਜਦੋਂ ਅਸੀਂ ਗ਼ਦਰ ਪਾਰਟੀ ਦੇ ਉਦੇਸ਼ਾਂ ਦੀ ਗੱਲ ਕਰਦੇ ਹਾਂ ਉਹਨਾਂ ਨੇ ਸਾਫ਼ ਤੇ ਸਪੱਸ਼ਟ ਸ਼ਬਦਾਂ ਵਿੱਚ ਲਿਖਿਆ ਹੈ ਕਿ ਇਹ ਸਮੁੱਚੇ ਲੋਕਾਂ ਦੇ ਹੱਕ, ਸੱਚ ਤੇ ਇਨਸਾਫ਼ ਦੀ ਪੈਰ੍ਹਵੀ ਕਰਨ ਵਾਲੀ ਜਥੇਬੰਦੀ ਹੈ ਨਾ ਕਿ ਕੋਈ ਧਾਰਮਿਕ ਜਥੇਬੰਦੀ ਹੈ। ਪਰ ਇਸ ਸਾਲ ਕੁੱਝ ਫਿਰਕੂ ਜਥੇਬੰਦੀਆਂ ਨੇ ਉਹਨਾਂ ਦਾ ਸੌ ਸਾਲਾ ਮਨਾਉਣ ਦੇ ਨਾਂ ਥੱਲੇ ਉਹਨਾਂ ਦੀ ਧਰਮ ਨਿਰਪੱਖਤਾ ਦੀ ਸੋਚ ਨੂੰ ਲੋਕਾਂ ਵਿੱਚ ਵਿਗਾੜਨ ਤੇ ਵਿਗਾੜ ਕੇ ਪ੍ਰਚਾਰਨ ਦੀ ਪੂਰੀ ਟਿੱਲ ਲਾਈ ਹੈ ਜਿਹੜੀ ਕਿ ਗ਼ਦਰ ਲਹਿਰ ਜਾਂ ਗ਼ਦਰੀ ਬਾਬਿਆਂ ਦੀ ਸੋਚ ਨਾਲ਼ ਇਨਸਾਫ਼ ਨਹੀਂ। ਇਸੇ ਤਰ੍ਹਾਂ ਬਹੁਤ ਸਾਰੀਆਂ ਜਥੇਬੰਦੀਆਂ ਭਗਤ ਸਿੰਘ ਦੀ ਸੋਚ ਨੂੰ ਵੀ ਧਾਰਮਿਕ ਰੰਗਤ ਦੇ ਕੇ ਉਸਦੇ ਵਿਚਾਰਾਂ ਨਾਲ਼ ਬੇਇਨਸਾਫ਼ੀ ਕਰ ਰਹੀਆਂ ਹਨ ਤੇ ਉਸ ਦੀ ਸੋਚ ਨੂੰ ਪੱਗ ਤੇ ਟੋਪੀ ਵਿਚਕਾਰ ਰੋਲ਼ ਰਹੀਆਂ ਹਨ। ਜਿਹੜਾ ਕਿ ਸ਼ਹੀਦ ਭਗਤ ਸਿੰਘ ਦੀ ਸੋਚ ਦੇ ਉਲਟ ਹੈ। ਉਸ ਨੇ ਬਿਲਕੁੱਲ ਸਿੱਧੇ ਤੇ ਸਪੱਸ਼ਟ ਸ਼ਬਦਾਂ ਵਿੱਚ "ਮੈਂ ਨਾਸਤਿਕ ਕਿਉਂ ਹਾਂ" ਲਿਖ ਕੇ ਆਪਣੀ ਵਿਚਾਧਾਰਾ ਨੂੰ ਕਿਸੇ ਸ਼ੱਕ ਸ਼ੁਬ੍ਹਾ ਵਿੱਚ ਨਹੀਂ ਰਹਿਣ ਦਿੱਤਾ। ਫਿਰ ਵੀ ਇਤਿਹਾਸ ਨੂੰ ਤੋੜਨ-ਮਰੋੜਨ ਦੀਆਂ ਕੋਝੀਆਂ ਚਾਲਾਂ ਕੁੱਝ ਕੁ ਜਥੇਬੰਦੀਆਂ ਵਲੋਂ ਹੋ ਰਹੀਆਂ ਹਨ। ਇਹਨਾਂ ਤੋਂ ਸੁਚੇਤ ਹੋਣ ਦੀ ਲੋੜ ਹੈ।

ਅੰਤ ਵਿੱਚ ਲੋਕ ਜਿਹੜੇ ਇਹਨਾਂ ਜਥੇਬੰਦੀਆਂ ਵਿੱਚ ਕਿਸੇ ਨਾ ਕਿਸੇ ਤਰੀਕੇ ਸ਼ਮੂਲੀਅਤ ਕਰਦੇ ਹਨ ਜਿਵੇਂ ਮੈਂਬਰ ਬਣ ਕੇ ਜਾਂ ਦਾਨ ਦੇ ਕੇ ਜਾਂ ਵਲੰਟੀਅਰੀ ਕੰਮ ਕਰਕੇ ਜਾਂ ਸਰਕਾਰ ਨੂੰ ਦਿੱਤੇ ਟੈਕਸਾਂ ਰਾਹੀਂ, ਕਿਸੇ ਤਰ੍ਹਾਂ ਦੀਆਂ ਵੀ ਸੇਵਾਵਾਂ ਦੇ ਕੇ ਉਹਨਾਂ ਜਥੇਬੰਦੀਆਂ ਵਿੱਚ ਭਾਗੀਦਾਰ ਹਨ। ਉਹਨਾਂ ਨੂੰ ਆਪਣੀ ਸਵੈ-ਪੜਚੋਲ ਕਰਨੀ ਚਾਹੀਦੀ ਹੈ ਕਿ ਅਸੀਂ ਸੰਸਥਾ ਜਾਂ ਜਥੇਬੰਦੀ ਦੇ ਉਦੇਸ਼ ਤੋਂ ਭਟਕ ਤਾਂ ਨਹੀਂ ਗਏ? ਕੀ ਅਸੀਂ ਆਪਣਾ ਮਕਸਦ ਪੂਰਾ ਕਰ ਰਹੇ ਹਾਂ? ਕਿਤੇ ਇਸ ਨਾਲ਼ ਲੋਕਾਂ ਦੇ ਮਨਾਂ ਨੂੰ ਠੇਸ ਤਾਂ ਨਹੀਂ ਪਹੁੰਚ ਰਹੀ? ਜਥੇਬੰਦੀ ਦੇ ਮੈਂਬਰਾਂ ਵਿੱਚ ਪਾਰਦਰਸ਼ਤਾ, ਇਮਾਨਦਾਰੀ, ਉੱਦਮ, ਹੌਂਸਲਾ, ਸਹਿਣਸ਼ੀਲਤਾ, ਸਮਰੱਥਾ, ਪ੍ਰਤੀਬੱਧਤਾ ਆਦਿ ਗੁਣ ਹੋਣੇ ਚਾਹੀਦੇ ਹਨ ਜਿਸ ਨਾਲ਼ ਉਹ ਜਥੇਬੰਦਕ ਰੂਪ ਵਿੱਚ ਸੰਸਥਾ ਨੂੰ ਅੱਗੇ ਲੈ ਕੇ ਜਾ ਸਕਦਾ ਹੈ ਅਤੇ ਸਮਾਜ ਨੂੰ ਕੁੱਝ ਵਧੀਆ ਕਦਰਾਂ ਕੀਮਤਾਂ ਦੇ ਸਕਦਾ ਹੈ। ਲੋਕਾਂ ਦੀਆਂ ਜਥੇਬੰਦੀਆਂ ਹੋਣਾ ਸਮਾਜ ਲਈ ਤਾਂ ਹੀ ਕਾਰਗਰ ਸਿੱਧ ਹੁੰਦਾ ਹੈ ਅਗਰ ਉਹ ਲੋਕ ਹਿਤਾਂ ਨੂੰ ਪਰਨਾਈਆਂ ਹੋਣ।

(ਸਾਲ 2013)

# 21ਵੀਂ ਸਦੀ ਦੀ 'ਪਾਵਰ ਵੋਮੈਨ' ਦਾ ਯਥਾਰਥ

(8 ਮਾਰਚ ਅੰਤਰਰਾਸ਼ਟਰੀ ਔਰਤ ਦਿਵਸ ਨੂੰ ਸਮਰਪਿਤ)

ਅੱਜ 21ਵੀਂ ਸਦੀ ਵਿੱਚ ਔਰਤ ਦੀ ਅਜ਼ਾਦੀ ਨੂੰ ਸਾਹਮਣੇ ਰੱਖਦਿਆਂ ਬਹੁਤ ਸਾਰੇ ਸਵਾਲ ਪੈਦਾ ਹੁੰਦੇ ਹਨ। ਔਰਤ ਦੀ ਅੱਜ ਦੀ ਸਥਿਤੀ ਕੀ ਹੈ? ਕੀ ਉਹ ਅਜ਼ਾਦ ਹੈ? ਉਸ ਦੀ ਅੱਜ ਦੀ ਦਸ਼ਾ ਤੇ ਦਿਸ਼ਾ ਕੀ ਹੈ? ਕੀ ਉਸ ਨੂੰ ਸਾਰੇ ਹੱਕ ਹਾਸਲ ਹਨ? ਕੀ ਉਸ ਦੀ ਲੜਾਈ ਖ਼ਤਮ ਹੋ ਗਈ ਹੈ? ਕੀ ਅੱਜ ਦੀ "ਪਾਵਰ ਵੋਮੈਨ" ਆਪਣੀ ਮੰਜ਼ਲ ਤੇ ਪਹੁੰਚ ਗਈ ਹੈ? ਅੱਜ ਦੇ ਦਿਨ ਤੇ ਇਹ ਸਾਰੇ ਸਵਾਲ ਸਾਡੇ ਲਈ ਚਣੌਤੀ ਹਨ।

ਅੱਜ ਜਦੋਂ ਅਸੀਂ ਆਪਣੇ ਆਲ਼ੇ ਦੁਆਲ਼ੇ ਨਜ਼ਰ ਮਾਰਦੇ ਹਾਂ ਤਾਂ ਲੱਗਦਾ ਇਉਂ ਹੈ ਕਿ ਔਰਤ ਅਜ਼ਾਦ ਹੋ ਗਈ ਹੈ ਤੇ ਕਈ ਥਾਵਾਂ ਤੇ ਤਾਂ ਮਰਦਾਂ ਨਾਲ਼ੋਂ ਵੀ ਉੱਚ ਅਹੁਦਿਆਂ 'ਤੇ ਬੈਠੀ ਹੈ। ਜਿਹੜੀ ਔਰਤ ਪਿਛਲੇ ਸਮੇਂ ਵਿੱਚ ਘਰ ਬੈਠ ਕੇ ਬੱਚੇ ਪਾਲ਼ਦੀ ਸੀ, ਪਰਿਵਾਰ ਦੀਆਂ ਸੁੱਖ ਸਹੂਲਤਾਂ ਦਾ ਖ਼ਿਆਲ ਰੱਖਦੀ ਸੀ ਤੇ ਇੱਕ ਯੂਨਿਟ ਦੇ ਤੌਰ 'ਤੇ ਕੰਮ ਕਰ ਰਹੀ ਸੀ, ਬਜ਼ਾਰ ਨੇ ਹੁਣ ਉਹ ਦੀ ਕਿਰਤ ਦਾ ਬਹੁਤਾ ਹਿੱਸਾ ਮੰਡੀ ਦੀ ਭੱਠ ਵਿੱਚ ਝੋਕ ਦਿੱਤਾ ਹੈ। ਔਰਤ ਦੀ ਕਿਰਤ ਸ਼ਕਤੀ ਦੇ ਮੁਆਵਜ਼ੇ ਨੂੰ ਹੀ ਔਰਤ ਦੀ ਅਜ਼ਾਦੀ ਦਾ ਨਾਂ ਦਿੱਤਾ ਜਾ ਰਿਹਾ ਹੈ ਜਦ ਕਿ ਹੁਣ ਉਹ ਦੂਹਰਾ ਸੰਤਾਪ ਹੰਢਾ ਰਹੀ ਹੈ। ਜੇ ਸਿਰਫ਼ ਬਾਹਰ ਜਾ ਕੇ ਕੰਮ ਕਰਨ ਨੂੰ ਅਜ਼ਾਦੀ ਕਹੀਏ ਤਾਂ ਗ਼ਰੀਬ ਔਰਤਾਂ ਮੁੱਢ ਤੋਂ ਹੀ ਖੇਤਾਂ ਵਿੱਚ, ਸੜਕਾਂ ਤੇ ਰੋੜੀ ਕੁੱਟਦੀਆਂ, ਇਮਾਰਤਾਂ ਲਈ ਇੱਟਾਂ ਗਾਰਾਂ ਢੋਹਦੀਆਂ ਦੇਖੀਆਂ ਜਾ ਸਕਦੀਆਂ ਹਨ, ਕੀ ਉਸ ਨੂੰ ਵੀ ਅਜ਼ਾਦੀ ਦਾ ਨਾਂ ਦੇਵਾਂਗੇ ?

ਔਰਤ ਦੀ ਕਿਰਤ ਸ਼ਕਤੀ ਦਾ ਲ਼ਾਭ ਉਠਾਉਂਦੇ ਹੋਏ ਪੂੰਜੀਵਾਦੀ ਸਮਾਜ ਵਿੱਚ 45% ਔਰਤਾਂ ਵਿੱਚੋਂ ਸਿਰਫ਼ 1% ਔਰਤ ਹੀ ਸਮਾਜ ਦੀ ਨੁਮਾਇੰਦਗੀ ਕਰਦੀ ਹੈ ਬਾਕੀ ਤਾਂ ਛੋਟੇ ਛੋਟੇ ਕੰਮਾਂ ਤੇ ਘੱਟ ਤਨਖ਼ਾਹ ਨਾਲ ਆਰਥਿਕ ਲੋੜਾਂ ਦੀ ਪੂਰਤੀ ਲਈ ਜਿਹੜੀਆਂ ਖਪਤਵਾਦ ਨੇ ਲੋੜ ਤੋਂ ਵੱਧ ਵਧਾ ਦਿੱਤੀਆਂ ਹਨ ਉਹਨਾਂ ਲਈ ਹਰ ਵਕਤ ਭੱਜੀ ਨੱਠੀ ਦਿਖਾਈ ਦੇ ਰਹੀ ਹੈ।ਇਸ ਦੂਹਰੀ ਕਿਰਤ ਦੇ ਬਾਵਜੂਦ ਵੀ ਸਾਡੇ ਸਮਾਜ ਦੀ ਸੰਕੀਰਣ, ਪ੍ਰੰਪਰਾਵਾਦੀ ਤੇ ਸੰਸਾਰੀਕਰਣ ਸੋਚ ਨੇ ਭਰੂਣ ਹੱਤਿਆ, ਬਲਾਤਕਾਰ, ਔਰਤਾਂ ਦੇ ਕਤਲ, ਅਣਖ ਕਾਰਣ ਮੌਤਾਂ, ਵਿਆਹ ਵੇਲ਼ੇ ਖ਼ਰਚੇ, ਮੂੰਹ ਮੰਗੀਆਂ ਦਾਜ ਦੀਆਂ ਲਿਸਟਾਂ, ਵੇਸਵਾਗਮਨੀ, ਔਰਤ ਦਾ ਬਜ਼ਾਰੀਕਰਣ ਤੇ ਹਿੰਸਾਤਮਿਕ ਘਟਨਾਵਾਂ ਆਦਿ ਵਿੱਚ ਕਮੀ ਹੋਣ ਦੀ ਥਾਂ 'ਤੇ

ਵਾਧਾ ਹੀ ਕੀਤਾ।ਇਹ ਔਰਤ ਦੀ ਤਰੱਕੀ ਨਹੀਂ ਸਗੋਂ ਸ਼ੋਸ਼ਣ ਦੀਆਂ ਮਿਸਾਲਾਂ ਹਨ। ਸ਼ੋਸ਼ਣ 'ਤੇ ਅਧਾਰਤ ਸਮਾਜ ਕਦੇ ਵੀ ਬਰਾਬਰਤਾ ਦਾ ਲੁੱਟ ਰਹਿਤ ਸਮਾਜ ਨਹੀਂ ਹੋ ਸਕਦਾ। ਜਿਸ ਸਮਾਜ ਦੀ ਅੱਧੀ ਅਬਾਦੀ ਨਾਲ਼ ਇਹ ਕੁੱਝ ਵਾਪਰ ਰਿਹਾ ਹੈ ਉਸ ਸਮਾਜ ਦਾ ਅਜ਼ਾਦ ਹੋਣਾ ਨਾਮੁਮਕਿਨ ਹੈ।ਇਹ ਮਸਲਾ ਇਕੱਲੀ ਔਰਤ ਦੀ ਅਜ਼ਾਦੀ ਦਾ ਨਹੀਂ ਸਗੋਂ ਮਨੁੱਖਤਾ ਦੀ ਅਜ਼ਾਦੀ ਦਾ ਹੈ ਕਿਉਂਕਿ ਇਹ ਸਮਾਜ ਦੋ ਜਮਾਤਾਂ ਵਿੱਚ ਵੰਡਿਆ ਹੋਇਆ ਹੈ। ਇੱਕ ਲੁੱਟਣ ਵਾਲ਼ੀ ਤੇ ਦੂਜੀ ਲੁੱਟ ਖਾਣ ਵਾਲ਼ੀ। ਜਿਨ੍ਹਾਂ ਚਿਰ ਮਨੁੱਖ ਦੀ ਮਨੁੱਖ ਹੱਥੋਂ ਲੁੱਟ ਖ਼ਤਮ ਨਹੀਂ ਹੁੰਦੀ, ਉਨ੍ਹਾਂ ਚਿਰ ਔਰਤ ਕਦੇ ਵੀ ਅਜ਼ਾਦ ਨਹੀਂ ਹੋ ਸਕਦੀ।

ਔਰਤ ਨੂੰ ਰਾਜਨੀਤੀ, ਧਰਮ, ਸਮਾਜ, ਪ੍ਰੰਪਰਾ, ਸਭਿਆਚਾਰ ਤੇ ਆਰਥਿਕ ਤਾਣੇ ਬਾਣੇ ਨੇ ਜਗੀਰੂ ਨਿੱਜੀ ਜਾਇਦਾਦ ਦੇ ਚੁੰਗਲ ਵਿੱਚੋਂ ਕੱਢ ਕੇ ਬਜ਼ਾਰੀਕਰਣ ਵੱਲ ਧੱਕ ਦਿੱਤਾ ਹੈ। ਜਿਸ ਦੇ ਸਿੱਟੇ ਵਜੋਂ ਉਸ ਦੇ ਸਿਰ ਜ਼ੁੰਮੇਵਾਰੀਆਂ ਦੀ ਪੰਡ ਵਧਣ ਲੱਗੀ ਹੈ ਤੇ ਉਹ ਨਵੀਂ ਕਿਸਮ ਦੀ ਗ਼ੁਲਾਮੀ ਵਿੱਚ ਧੱਸਣ ਲੱਗੀ ਹੈ।ਇਸ ਤਰ੍ਹਾਂ ਔਰਤ ਦੀ ਕਿਰਤ ਸ਼ਕਤੀ ਵਿੱਚ ਹਿੱਸੇਦਾਰੀ ਤਾਂ ਵਧੀ ਹੈ ਪਰ ਉਸ ਦੀ ਫੈਸਲੇ ਲੈਣ ਦੀ ਸਮਰੱਥਾ, ਅਜ਼ਾਦ ਵਿਚਰਣ ਦਾ ਹੌਂਸਲਾ ਅਤੇ ਸਿਰਜਣਸ਼ੀਲਤਾ ਘਟੀ ਹੈ।ਉਹ ਵੀ ਪੂੰਜੀਵਾਦ ਵਲੋਂ ਪਾਏ ਆਰਥਿਕ ਵਾਧੇ ਦੇ ਭਰਮ ਵਿੱਚ ਸ਼ਾਮਲ ਹੋ ਕੇ ਆਪਣੇ ਫਰਜ਼ਾਂ, ਹੱਕਾਂ ਤੇ ਹੈਸੀਅਤ ਨੂੰ ਗਵਾ ਕੇ ਸੰਸਾਰੀਕਰਣ ਦੀ ਮੰਡੀ ਵਿੱਚ ਅਨੁਸ਼ਾਸ਼ਤ ਤੇ ਵਿਸਥਾਪਤ ਹੋਣ ਲਈ ਮਜ਼ਬੂਰ ਹੋ ਰਹੀ ਹੈ।ਲ਼ਇਸ ਭਰਮ ਦੇ ਤਹਿਤ ਯੋਜਨਾਵੱਧ ਢੰਗ ਨਾਲ ਖਪਤਵਾਦੀ ਸਭਿਆਚਾਰ ਪ੍ਰੋਸਿਆ ਜਾ ਰਿਹਾ ਹੈ ਜਿਸ ਨਾਲ ਜਗੀਰੂ ਮਾਨਸਿਕਤਾ ਤੇ ਭੋਗਵਾਦੀ ਮਾਨਸਿਕਤਾ ਆਪਸ ਵਿੱਚ ਰਲ਼ਗੱਡ ਹੋ ਗਈਆਂ ਹਨ। ਔਰਤ ਹੁਣ ਮੰਡੀ ਵਿੱਚ ਕੰਮ ਕਰਨ ਸਦਕਾ ਮੇਅਕੱਪ, ਕੱਪੜੇ, ਪਰਸ ਅਤੇ ਜੁੱਤੀਆਂ ਦੀ ਚੋਣ ਵਿੱਚ ਹੀ ਉਲਝੀ ਨਜ਼ਰ ਆਉਂਦੀ ਹੈ ਉਸ ਦੀ ਨੈਤਿਕਤਾ, ਸੂਝ, ਸਿਆਣਪ, ਸਹਿਣਸ਼ੀਲਤਾ, ਜਦੋਜਹਿਦ ਤੇ ਰਚਨਾਤਮਿਕ ਸ਼ਕਤੀ ਉਸ ਵਿਚੋਂ ਗਾਇਬ ਹੋ ਰਹੀਆਂ ਹਨ ਕਿਉਂਕਿ ਉਹ ਰਾਜਨੀਤਿਕ, ਸਮਾਜਿਕ, ਸਭਿਆਚਾਰਕ, ਧਾਰਮਿਕ ਅਤੇ ਆਰਥਿਕ ਗ਼ੁਲਾਮੀ ਦੇ ਪ੍ਰਭਾਵ ਹੇਠ ਜੀਅ ਰਹੀ ਹੈ।

ਸਮਾਜ ਦੇ ਵਿੱਚ ਉਸਰੀਆਂ ਉਹ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਜਥੇਬੰਦੀਆਂ ਜਿਹੜੀਆਂ ਨੈਤਿਕਤਾ, ਮਨੁੱਖਤਾ, ਧਰਮ ਜਾਂ ਰੱਬ ਪੂਜਕ, ਚੰਗਿਆਈ, ਪੁੰਨ-ਦਾਨ, ਸੇਵਾ-ਭਾਵਨਾ, ਮੁਕਤੀ, ਬੱਚਾ ਪ੍ਰਦਾਨ, ਉਜਲਾ ਭਵਿੱਖ ਆਦਿ ਦਾ ਪ੍ਰਚਾਰ ਕਰਕੇ ਦਹਿਸ਼ਤ ਤੇ ਅਸਰੁੱਖਿਆ ਦਾ ਮਾਹੌਲ ਪੈਦਾ ਕਰਕੇ ਲਿੰਗਕ ਸ਼ੋਸ਼ਣ ਵਿੱਚ ਵਾਧਾ ਕਰਦੀਆਂ ਹਨ ਜਿਵੇਂ ਮੰਦਰਾਂ, ਗੁਰਦਵਾਰਿਆਂ, ਚਰਚਾਂ ਤੇ ਮਸੀਤਾਂ ਜਾਂ ਹੋਰ ਸੰਗਠਨਾਂ ਜਿਨ੍ਹਾਂ ਨੂੰ ਕਾਰਪੋਰੇਸ਼ਨਾਂ ਦੀਆਂ ਹੱਥਠੋਕਾ ਸਰਕਾਰਾਂ ਗਰਾਂਟਾਂ ਦੇ ਪੱਠੇ ਪਾ ਕੇ ਉਹਨਾਂ ਦੀਆਂ ਮਨਆਈਆਂ ਵਿੱਚ ਵਾਧਾ

ਕਰਦੀਆਂ ਹਨ ਉਹ ਆਮ ਲੋਕਾਂ ਲਈ ਹੋਰ ਵੀ ਘਾਤਕ ਸਿੱਧ ਹੁੰਦੀਆਂ ਹਨ। ਹੋਰ ਨਹੀਂ ਤਾਂ ਅੱਜ ਕੱਲ ਔਰਤ ਦਿਵਸ ਦੇ ਨਾਂ ਤੇ ਜਥੇਬੰਦੀਆਂ ਬਣਾ ਕੇ ਸਰਕਾਰ ਤੋਂ ਗਰਾਟਾਂ ਲੈ ਕੇ ਗਿੱਧੇ ਭੰਗੜੇ ਪਾ ਕੇ ਜਸ਼ਨ ਮਨਾਏ ਜਾ ਰਹੇ ਹਨ। ਉਹ ਵੀ ਔਰਤ ਦਿਵਸ ਦੀ ਅਹਿਮੀਅਤ ਨੂੰ ਮਿੱਟੀ ਘੱਟੇ ਰੋਲਣ ਵਾਲ਼ੀ ਹੀ ਗੱਲ ਹੈ। ਯਾਦ ਰਹੇ 1908 ਵਿੱਚ ਸ਼ੁਰੂ ਹੋਣ ਵਾਲ਼ਾ ਇਹ ਔਰਤ ਦਿਵਸ ਅਮਰੀਕਾ ਦੀ ਸ਼ੋਸ਼ਲਿਸਟ ਪਾਰਟੀ ਨੇ ਸ਼ੁਰੂ ਕੀਤਾ ਸੀ। ਉਸ ਸਮੇਂ ਔਰਤਾਂ ਲਈ ਵੋਟ ਦਾ ਹੱਕ, ਕੰਮ ਦੇ ਘੰਟੇ ਤੇ ਘੱਟ ਤਨਖ਼ਾਹ ਵਰਗੀਆਂ ਮੰਗਾਂ ਨੂੰ ਮੱਦੇ ਨਜ਼ਰ ਰੱਖਿਆ ਗਿਆ ਸੀ। ਇਤਿਹਾਸ ਦੇ ਮੱਦੇ ਨਜ਼ਰ ਬੇਸ਼ੱਕ ਜ਼ਿੰਦਗੀ ਦੀ ਜੱਦੋਜਹਿਦ ਵਿੱਚ ਔਰਤ ਬਰਾਬਰ ਦੀ ਭਾਈਵਾਲ ਹੋਣ ਸਦਕਾ ਵੀ 19ਵੀਂ ਵੀ ਸਦੀ ਤੱਕ 1869 ਈਸਵੀਂ ਵਿੱਚ ਬ੍ਰਿਟਿਸ਼ ਐਮ. ਪੀ. ਜੋਹਨ ਸਟੂਰਟ ਮਿੱਲ ਪਹਿਲਾ ਇਨਸਾਨ ਸੀ ਜਿਸ ਨੇ ਪਾਰਲੀਮੈਂਟ ਵਿੱਚ ਔਰਤ ਨੂੰ ਵੋਟ ਦਾ ਹੱਕ ਦੇਣ ਦੀ ਗੱਲ ਕੀਤੀ ਸੀ। 19 ਸਤੰਬਰ, 1893 ਵਿੱਚ ਨਿਊਜ਼ੀਲੈਂਡ ਸੰਸਾਰ ਵਿੱਚ ਸਭ ਤੋਂ ਪਹਿਲਾ ਦੇਸ਼ ਸੀ ਜਿਸ ਵਿੱਚ ਔਰਤ ਨੂੰ ਵੋਟ ਦਾ ਹੱਕ ਮਿਲਿਆ।

ਔਰਤ ਦਿਵਸ ਦੀ ਨੀਂਹ 1910 ਵਿੱਚ ਕੰਮ ਕਰਨ ਵਾਲੀਆਂ ਔਰਤਾਂ ਦੀ ਦੂਜੀ ਅੰਤਰਰਾਸ਼ਟਰੀ ਕਾਨਫ਼ਰੰਸ ਕੋਪਨਹੈਗਨ ਵਿੱਚ ਹੋਣ ਸਮੇਂ ਰੱਖੀ ਗਈ ਸੀ। ਸੋਸ਼ਲ ਡੈਮੋਕਰੇਟਿਕ ਪਾਰਟੀ ਜਰਮਨੀ ਦੀ ਲੀਡਰ ਕਲਾਰਾ ਜੈਟਕਿਨ ਨੇ ਇਸ ਮੀਟਿੰਗ ਵਿੱਚ ਅੰਤਰਰਾਸ਼ਟਰੀ ਔਰਤ ਦਿਵਸ ਦਾ ਵਿਚਾਰ ਦਿੱਤਾ ਸੀ ਤੇ ਉਸ ਨੇ ਕਿਹਾ ਸੀ ਕਿ ਹਰ ਸਾਲ ਹਰ ਦੇਸ਼ ਇੱਕੋ ਹੀ ਦਿਨ ਔਰਤ ਦਿਵਸ ਮਨਾਇਆ ਕਰੇਗਾ ਤੇ ਜਿਸ ਦਿਨ ਉਹ ਆਪਣੀਆਂ ਮੰਗਾਂ ਦੱਸ ਸਕਿਆ ਕਰਨਗੀਆਂ। ਇਸ ਕਾਨਫ਼ਰੰਸ ਵਿੱਚ 100 ਤੋਂ ਵੱਧ 17 ਦੇਸ਼ਾਂ ਦੀਆਂ ਔਰਤਾਂ ਨੇ ਹਿੱਸਾ ਲਿਆ ਤੇ ਕਲਾਰਾ ਜੈਟਕਿਨ ਦੇ ਸੁਝਾਅ ਨੂੰ ਕਬੂਲਦਿਆਂ ਅੰਤਰਰਾਸ਼ਟਰੀ ਦਿਵਸ ਨੂੰ ਮਨਾਉਣ ਦੀ ਹਾਮੀ ਭਰ ਦਿੱਤੀ। ਸਭ ਤੋਂ ਪਹਿਲਾਂ ਇਹ ਦਿਨ 1911 ਵਿੱਚ 19 ਮਾਰਚ ਦਾ ਦਿਨ ਮਿੱਥਿਆ ਗਿਆ। ਇਸ ਤਰੀਕ ਨੂੰ 1848 ਦੇ ਇਨਕਲਾਬ ਸਮੇਂ, ਪਰਸ਼ੀਅਨ ਰਾਜੇ ਨੇ ਹਥਿਆਰਬੰਦ ਲੋਕਾਂ ਦੇ ਰੋਹ ਤੋਂ ਡਰ ਕੇ ਉਹਨਾਂ ਨਾਲ ਬਹੁਤ ਸਾਰੇ ਵਾਅਦੇ ਕੀਤੇ ਸਨ ਜਿਨ੍ਹਾਂ ਵਿੱਚ ਔਰਤ ਨੂੰ ਵੋਟ ਦਾ ਹੱਕ ਵੀ ਸੀ ਪਰ ਬਾਅਦ ਵਿੱਚ ਮੁੱਕਰ ਗਿਆ ਸੀ। ਇਸ ਕਰਕੇ ਇਹ ਦਿਨ ਬਦਲ ਕੇ 8 ਮਾਰਚ ਦਾ ਦਿਨ ਅੰਤਰਰਾਸ਼ਟਰੀ ਔਰਤ ਦਿਵਸ ਵਜੋਂ ਮਨਾਉਣਾ ਸ਼ੁਰੂ ਕੀਤਾ। ਪਹਿਲਾਂ ਪਹਿਲ ਔਰਤਾਂ ਨੂੰ ਕੰਮ ਦੇ 8 ਘੰਟਿਆਂ ਦੀ ਮਜ਼ਦੂਰੀ ਤੇ ਔਰਤਾਂ ਨੂੰ ਵੋਟ ਦੇ ਹੱਕ ਦੀਆਂ ਮੰਗਾਂ ਨੂੰ ਪੇਸ਼ ਕੀਤਾ ਗਿਆ ਸੀ।

ਉਸ ਸਮੇਂ ਔਰਤਾਂ ਘਰੋਂ ਨਿਕਲ ਕੇ, ਬੱਚੇ ਪਾਲਣ ਦੀ ਫੁਰਸਤ ਤੋਂ ਬਿਨਾਂ, ਘਰ ਦੇ ਕੰਮ ਕਰਨ ਤੋਂ ਬਿਨਾਂ, ਜੀਵਨ ਨਿਰਬਾਹ ਲਈ ਘਰੋਂ ਬਾਹਰ

ਨਿਕਲ ਕੇ ਸਰਕਾਰੀ ਕੰਮਾਂ ਦੇ ਫੈਸਲਿਆਂ ਵਿੱਚ ਹਿੱਸਾ ਲੈ ਸਕਦੀਆਂ ਹਨ, ਵਰਗੀਆਂ ਗੱਲਾਂ ਅਖ਼ਬਾਰਾਂ ਵਿੱਚ ਲੋਕਾਂ ਨੂੰ ਪਹਿਲੀ ਵਾਰ ਸੁਣਨ ਨੂੰ ਮਿਲੀਆਂ। ਜਦੋਂ 30,000 ਔਰਤਾਂ ਹੱਥਾਂ ਵਿੱਚ ਬੈਨਰ ਫੜ੍ਹ ਕੇ, ਪੁਲੀਸ ਦਾ ਟਾਕਰਾ ਕਰਦੀਆਂ ਹੋਈਆਂ, ਸੜਕਾਂ 'ਤੇ ਵੱਡੇ ਹਜ਼ੂਮ ਵਿੱਚ ਆਈਆਂ ਤਾਂ ਉਹਨਾਂ ਦੇ ਹੌਂਸਲੇ ਨੂੰ ਦੇਖਦਿਆਂ ਸਰਕਾਰ ਨੂੰ ਮਜ਼ਬੂਰਨ ਉਹਨਾਂ ਦੀ ਗੱਲ ਸੁਣਨੀ ਪਈ। ਬਾਅਦ ਵਿੱਚ 1913 ਵਿੱਚ 8 ਮਾਰਚ ਦਾ ਦਿਨ ਬਹੁਤ ਸਾਰੇ ਦੇਸ਼ਾਂ ਵਿੱਚ ਅੰਤਰਰਾਸ਼ਟਰੀ ਔਰਤ ਦਿਵਸ ਦੇ ਨਾਂ ਨਾਲ ਮਨਾਇਆ ਜਾਣ ਲੱਗਾ ਸੀ। ਕਈ ਦੇਸ਼ਾਂ ਵਿੱਚ ਇਸ ਦਿਨ ਸਰਕਾਰੀ ਛੁੱਟੀ ਵੀ ਹੁੰਦੀ ਹੈ। ਜਿਵੇਂ ਚੀਨ, ਰੂਸ, ਬੇਲਾਰਸ, ਮੰਗੋਲੀਆ, ਯੂਕਰੇਨ, ਬਲਗਾਰੀਆ, ਵੀਅਤਨਾਮ, ਕਜ਼ਾਕਿਸਤਾਨ, ਕਰਿਗਿਸਤਾਨ, ਤਾਜ਼ਕਿਸਤਾਨ, ਮੈਸੇਡੋਨੀਆ, ਮਾਲਡੋਵਾ, ਉਜ਼ਬੇਕਿਸਤਾਨ ਤੇ ਅਰਮੀਨੀਆ। ਦੁਨੀਆਂ ਦਾ ਸਭ ਤੋਂ ਅਮੀਰ ਤੇ ਵਿਕਾਸਮਈ ਦੇਸ਼ ਅਮਰੀਕਾ ਨੇ ਵੀ 1975 ਵਿੱਚ ਆ ਕੇ ਇਸ ਦਿਨ ਨੂੰ ਔਫੀਸ਼ੀਅਲ ਮਾਨਤਾ ਦਿੱਤੀ ਹੈ। ਬੇਸ਼ੱਕ ਇਸ ਦਿਨ ਦੇ ਪਿੱਛੇ ਬਹੁਤ ਵੱਡਾ ਸੰਘਰਸ਼ ਹੈ ਪਰ ਅੱਜ ਇਸ ਦਾ ਰੂਪ ਸਿਰਫ ਔਰਤ ਦੀ ਅਜ਼ਾਦੀ ਦੇ ਜਸ਼ਨਾਂ ਨਾਲ ਕੀਤਾ ਜਾ ਰਿਹਾ ਹੈ, ਸਮਝ ਤੋਂ ਦੂਰ ਹੈ ਕਿ ਇਹ ਕਿਸ ਕਿਸਮ ਦੀ ਅਜ਼ਾਦੀ ਹੈ?

ਬੇਸ਼ੱਕ ਵਿਕਸਿਤ ਦੇਸ਼ਾਂ ਵਿੱਚ ਇਹ ਸਾਰਾ ਕੁੱਝ ਬਹੁਤੀ ਵਾਰ ਸਾਨੂੰ ਅੱਖੋਂ ਪਰੋਖੇ ਰਹਿੰਦਾ ਹੈ ਪਰ ਜਦੋਂ ਇਸ ਦੀ ਡੂੰਘਾਈ ਵਿੱਚ ਜਾਓ ਤਾਂ ਦੇਖਦੇ ਹਾਂ ਕਿ ਇਹਨਾਂ ਸਭਿਆ ਸਮਾਜਾਂ ਵਿੱਚ ਵੀ ਉੱਚ ਅਹੁਦਿਆਂ ਵਾਲੀ ਔਰਤ ਤੇ ਅਵਾਜ਼ੇ ਕਸਣੇ ਇੱਕ ਮਾਮੂਲੀ ਗੱਲ ਹੀ ਸਮਝੀ ਜਾਂਦੀ ਹੈ।ਕੈਨੇਡਾ ਵਰਗੇ ਦੇਸ਼ ਵਿੱਚ ਵੀ ਆਏ ਦਿਨ ਔਰਤਾਂ ਤੇ ਹੋ ਰਹੇ ਜ਼ੁਲਮਾਂ ਦੇ ਅੰਕੜੇ ਦਿਨੋ ਦਿਨ ਵੱਧ ਰਹੇ ਹਨ।ਇਸ ਸਮਾਜ ਵਿੱਚ ਕਿੰਨੀਆਂ ਹੀ ਔਰਤਾਂ ਦੇ ਕਤਲ ਮਨੁੱਖ ਦੀ ਆਰਥਿਕਤਾ ਨਾਲ ਜੁੜੇ ਹੋਏ ਹਨ। ਇਸ ਵਿੱਚ ਦਾਜ ਲੈਣ ਦੇਣ, ਬਾਹਰਲੇ ਦੇਸ਼ਾਂ ਨੂੰ ਜਾਣ ਦੇ ਸੁਪਨੇ ਪੂਰੇ ਕਰਨ ਲਈ ਅਣਜੋੜ ਵਿਆਹ, ਲੋਕਾਂ ਵਿੱਚ ਨਸ਼ਿਆਂ ਦੇ ਵਧਣ ਨਾਲ਼ ਖਰਚਿਆਂ ਦਾ ਵਧਣਾ, ਸ਼ੌਅੱਪ ਦੇ ਝਾਂਸੇ ਵਿੱਚ ਆਉਣਾ ਤੇ ਆਮਦਨੀ ਦੇ ਘਟਣ ਨਾਲ ਆਪਸੀ ਤਣਾਓ ਦਾ ਵਧਣਾ ਮੁੱਖ ਕਾਰਣ ਹਨ।

ਕੈਨੇਡਾ ਦੀ ਸਰਕਾਰ ਵੀ ਉਹੀ ਔਰਤ ਜਿਹੜੀ ਬਾਹਰ ਕੰਮ ਕਰ ਕੇ ਆਉਂਦੀ ਹੈ ਉਸ ਨੂੰ ਹੀ ਬੱਚਾ ਪੈਦਾ ਕਰਨ ਵੇਲੇ ਮੈਟਰਨਿਟੀ ਵਜੋਂ ਮੁਆਵਜ਼ਾ ਦਿੰਦੀ ਹੈ ਪਰ ਜਿਹੜੀ ਔਰਤ ਘਰ ਰਹਿ ਕੇ ਆਪਣੇ ਬੱਚੇ ਡੇ ਕੇਅਰਾਂ ਨਾਲੋਂ ਵਧੀਆ ਤਰੀਕੇ ਨਾਲ ਪਾਲ਼ਦੀ ਹੈ ਜੋ ਦੇਸ਼ ਦਾ ਕੱਲ੍ਹ ਦਾ ਭਵਿੱਖ ਹਨ ਉਹ ਨੂੰ ਕਿਸੇ ਕਿਸਮ ਦੀ ਮੱਦਦ ਨਹੀਂ ਕਰਦੀ ਕਿਉਂਕਿ ਉਹ ਘਰ ਰਹਿ ਕੇ ਬੱਚੇ ਪਾਲਣ ਨੂੰ ਕੋਈ ਗਿਣਤੀ ਦਾ ਕੰਮ ਹੀ ਨਹੀਂ ਗਿਣਦੇ ਸਗੋਂ ਬਜ਼ਾਰ ਵਿੱਚ ਸ਼ਾਮਲ ਹੋ ਕੇ ਡੇ

ਕੇਅਰ ਖੋਲ੍ਹਣ ਵਾਲਿਆਂ ਨੂੰ ਸਰਕਾਰਾਂ ਵੱਡੀਆਂ ਵੱਡੀਆਂ ਗਰਾਂਟਾਂ ਦਿੰਦੀਆਂ ਹਨ, ਇਹ ਔਰਤ ਨਾਲ਼ ਹੋ ਰਹੀ ਧੋਖਾਧੜੀ ਨਹੀਂ ਤਾਂ ਹੋਰ ਕੀ ਹੈ।

ਕੰਮ ਦੀ ਚੋਣ ਸਮੇਂ ਵੀ ਔਰਤ ਨੂੰ ਮਰਦ ਦੇ ਮੁਕਾਬਲੇ ਦੂਜੇ ਦਰਜ਼ੇ ਵਿੱਚ ਰੱਖਿਆ ਜਾਂਦਾ ਹੈ ਤੇ ਘੱਟ ਤਨਖ਼ਾਹ ਦਿੱਤੀ ਜਾਂਦੀ ਹੈ। ਫਿਰ ਕੰਵਾਰੀ ਕੁੜੀ ਨੂੰ ਕੰਮਾਂ ਵਿੱਚ ਪਹਿਲ ਦੇ ਕੇ ਮਮਤਾ ਦਾ ਵਰਦਾਨ ਦੇਣ ਵਾਲੀ ਔਰਤ ਦੀ ਬੇਇਜ਼ਤੀ ਕੀਤੀ ਜਾਂਦੀ ਹੈ ਅਤੇ ਖ਼ਿਆਲ ਕੀਤਾ ਜਾਂਦਾ ਹੈ ਕਿ ਕੁੰਵਾਰੀ ਕੁੜੀ ਕੰਮ ਤੋਂ ਛੁੱਟੀ ਨਹੀਂ ਲਵੇਗੀ, ਓਵਰਟਾਈਮ ਵੱਧ ਕਰ ਸਕਦੀ ਹੈ, ਕੰਮ ਤੋਂ ਕੱਢਣ ਦੇ ਡਰਾਵੇ ਨਾਲ ਸ਼ੋਸ਼ਣ ਦਾ ਸ਼ਿਕਾਰ ਅਸਾਨੀ ਨਾਲ਼ ਹੋ ਸਕਦੀ ਹੈ। ਬਹੁਤੀ ਵਾਰ ਉਸ ਨੂੰ ਵੱਧ ਤਨਖ਼ਾਹ ਦਾ ਲਾਲਚ ਦੇ ਕੇ ਜਾਂ ਤਰੱਕੀ ਦੇ ਕਰੀਅਰ ਵਿੱਚ ਵਾਧੇ ਦਾ ਭਰੋਸਾ ਦੇ ਕੇ ਬੌਸ ਆਪਣੀ ਜੀ-ਹਜ਼ੂਰੀ ਕਰਵਾਉਂਦੇ ਹਨ। ਕਈ ਵਾਰ ਉਹ ਯੋਨ ਸ਼ੋਸ਼ਣ, ਛੇੜਖਾਨੀ, ਫਿਕਰੇਬਾਜ਼ੀ ਸੁਣਨ ਲਈ ਸੰਭੋਗ ਕਰਨ ਲਈ ਵੀ ਮਜ਼ਬੂਰ ਕੀਤੀ ਜਾਂਦੀ ਹੈ। ਅੱਜ ਦੀ ਔਰਤ ਇਹ ਚੁੱਪ ਚਪੀਤਾ ਸਹਿਣ ਕਰ ਰਹੀ ਹੈ ਕਿਉਂਕਿ ਪੈਸਾ ਉਸ ਦੀ ਵੀ ਮੁੱਖ ਲੋੜ ਹੈ ਜਿਸ ਤੋਂ ਬਿਨਾਂ ਉਸ ਦੀ ਕੋਈ ਹੈਸੀਅਤ ਨਹੀਂ ਸਮਝੀ ਜਾਂਦੀ। ਇਹ ਪਾਵਰ ਵੂਮੈਨ ਜੋ ਸਾਰੀ ਦਿਹਾੜੀ ਬਾਹਰ ਕੰਮ ਕਰ ਕੇ ਸ਼ਾਮ ਨੂੰ ਘਰ ਆ ਕੇ ਰਸੋਈ ਤੇ ਬੱਚਿਆਂ ਦੇ ਕੰਮਾਂ ਵਿੱਚ ਜੁੱਟ ਜਾਂਦੀ ਹੈ। ਇਹ ਹੈ ਅਸਲੀ ਤਸਵੀਰ ਪਾਵਰ ਵੋਮੈਨ ਦੀ।

ਇਸ ਆਲਮੀਕਰਣ ਦੇ ਯੁੱਗ ਵਿੱਚ ਵੱਡੀਆਂ ਵੱਡੀਆਂ ਕਾਰਪੋਰੇਸ਼ਨਾਂ ਉਪਭੋਗੀ ਵਸਤਾਂ ਦੇ ਇਸ਼ਤਿਹਾਰ ਦੇ ਕੇ ਔਰਤ ਦੀ ਨਗਨਤਾ ਨੂੰ ਸ਼ਰੇਆਮ ਬਜ਼ਾਰ ਵਿੱਚ ਵੇਚਦੀਆਂ ਹਨ। ਔਰਤ ਦੇ ਕੁਦਰਤੀ ਸੁਹੱਪਣ ਨੂੰ ਅੱਖੋਂ ਪਰੋਖੇ ਕਰ ਕੇ ਬਾਹਰੀ ਸੁੰਦਰਤਾ ਲਈ ਆਪਣਾ ਪ੍ਰੋਡਕਟ ਵੇਚਣ ਲਈ ਮੈਨੀਕਿਊਰ, ਪੈਡੀਕਿਊਰ, ਫੇਸ਼ੀਅਲ ਆਦਿ ਦੇ ਫਾਇਦੇ ਦੱਸ ਕੇ ਨਾਮਵਰ ਔਰਤਾਂ ਜਿਵੇਂ ਵਿਸ਼ਵ ਸੁੰਦਰੀਆਂ, ਪ੍ਰਸਿੱਧ ਮਾਡਲ ਜਾਂ ਫਿਲਮੀ ਸਿਤਾਰਿਆਂ ਤੋਂ ਇਸ਼ਤਿਹਾਰਬਾਜ਼ੀ ਕਰਵਾ ਕੇ ਅੰਨ੍ਹੇਵਾਹ ਉਪਭੋਗਵਾਦ ਫੈਲਾ ਕੇ ਅਸਿੱਧੇ ਰੂਪ ਵਿੱਚ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡ ਕੇ ਲੁੱਟ ਕੀਤੀ ਜਾ ਰਹੀ ਹੈ। ਇਸ ਦਾ ਅੰਦਾਜ਼ਾ ਹਜ਼ਾਰਾਂ ਅਰਬ ਡਾਲਰ ਦੀ ਡਾਈਟਿੰਗ ਤੇ ਕਾਸਮੈਟਿਕ ਇੰਡਸਟਰੀ ਤੋਂ ਲਾਇਆ ਜਾ ਰਿਹਾ ਹੈ। ਮੀਡੀਏ ਦੇ ਅਜਿਹੇ ਪ੍ਰਸਾਰਣਾ ਸਦਕਾ ਹਜ਼ਾਰਾਂ ਲੜਕੀਆਂ ਇਸ ਦੀ ਗ੍ਰਿਫਤ ਵਿੱਚ ਆ ਰਹੀਆਂ ਹਨ। ਜੋ ਪੜ੍ਹੀਆਂ ਲਿਖੀਆਂ ਔਰਤਾਂ ਜੋ ਨਾਰੀ ਮੁਕਤੀ ਦਾ ਝੰਡਾ ਬੁਲੰਦ ਕਰ ਸਕਦੀਆਂ ਹਨ ਅਤੇ ਸਮਾਜ ਵਿੱਚ ਫੈਲੇ ਔਰਤ ਸ਼ੋਸ਼ਣ ਦੇ ਖਿਲਾਫ਼ ਉੱਠ ਸਕਦੀਆਂ ਹਨ। ਉਹ ਅੱਜ ਘਰੋ ਘਰੀ ਟੀ. ਵੀ., ਕੰਪਿਊਟਰਾਂ ਦੇ ਪਰਦੇ 'ਤੇ ਇਹ ਬੇਲੋੜੀਆਂ ਵਸਤਾਂ ਵੇਚਦੀਆਂ ਜਾਂ ਖ਼੍ਰੀਦਦੀਆਂ ਨਜ਼ਰ ਆਉਂਦੀਆਂ ਹਨ।

ਇਸ ਸਭਿਆ ਸਮਾਜ ਵਿੱਚ ਹੀ ਵੇਸਵਾਗਮਨੀ ਨੂੰ ਸੈਕਸ ਵਰਕਰ ਦਾ ਨਾਂ ਦੇ ਕੇ ਸਨਮਾਨਿਆ ਜਾ ਰਿਹਾ ਹੈ ਕਿ ਉਹ ਆਪਣੀ ਮਰਜ਼ੀ ਨਾਲ ਇਹ ਕੰਮ ਕਰ ਸਕਦੀ ਹੈ। ਔਰਤ ਦੀ ਮਜ਼ਬੂਰੀ ਪਿੱਛੇ ਸੰਸਾਰ ਦੇ ਵਿੱਚ ਸੈਕਸ ਇੰਡਸਟਰੀ ਜੋ ਅਰਬਾਂ ਕਰੋੜਾਂ ਦਾ ਉਤਪਾਦਨ ਕਰ ਰਹੀ ਹੈ ਉਸ ਦਾ ਜ਼ਿਕਰ ਨਹੀਂ ਕੀਤਾ ਜਾਂਦਾ ਸਗੋਂ ਔਰਤ ਨੂੰ ਬਦਨਾਮ ਕਰਕੇ ਉਸ ਦੀ ਮਰਜ਼ੀ ਦਾ ਮੁਲੰਮਾ ਚਾੜ੍ਹ ਕੇ ਉਸ ਦੀ ਸਰੀਰਕ ਤੇ ਮਾਨਸਿਕ ਤਾਕਤ ਨੂੰ ਨਸ਼ਿਆਂ ਦੇ ਬਲ 'ਤੇ ਵਰਤ ਕੇ ਬਾਅਦ ਵਿੱਚ ਵੱਡੇ ਵੱਡੇ ਸ਼ਹਿਰਾਂ ਵਿੱਚ ਮੰਗਤੀਆਂ ਬਣਾ ਕੇ ਛੱਡ ਦਿੱਤਾ ਜਾਂਦਾ ਹੈ। ਜਿੱਥੇ ਔਰਤ ਨੂੰ ਪਹਿਲਾਂ ਹੀ ਦੂਜੇ ਦਰਜ਼ੇ ਦੀ ਸ਼ਹਿਰੀ ਮੰਨਿਆ ਜਾਂਦਾ ਹੈ ਉੱਥੇ ਅਗਰ ਉਹ ਜਾਤ-ਪਾਤ, ਦਲਿਤ ਵਰਗ, ਆਦਿਵਾਸੀ ਜਾਂ ਗਰੀਬ ਔਰਤ ਹੋਵੇ। ਫਿਰ ਤਾਂ ਉਸ ਨੂੰ ਆਪਣਾ ਅਸਤਿੱਤਵ ਰੱਖਣ ਦਾ ਕੋਈ ਹੱਕ ਹੀ ਨਹੀਂ ਜਿਸ ਦੀ ਜ਼ਿੰਦਾ ਮਿਸਾਲ ਸਾਡੇ ਸਾਹਮਣੇ ਪਿਛਲੇ ਸਾਲਾਂ ਵਿੱਚ ਵਾਪਰੀਆਂ ਘਟਨਾਵਾਂ ਹਨ। ਭਾਰਤ ਜਾਂ ਉਸ ਵਰਗੇ ਦੇਸ਼ਾਂ ਵਿੱਚ ਤਾਂ ਕਾਨੂੰਨ ਵਰਗੀ ਕੋਈ ਚੀਜ਼ ਹੀ ਨਹੀਂ ਜਿਸ ਸਦਕਾ ਔਰਤ ਸੁਰਖਿੱਅਤ ਹੋਵੇ ਜਿੱਥੇ ਮਿਲਟਰੀ ਜਾਂ ਪੁਲੀਸ ਨੇ ਹੀ ਅਨੇਕਾਂ ਆਦਿਵਾਸੀ ਔਰਤਾਂ ਨਾਲ਼ ਜ਼ੁਲਮ ਕਰਕੇ 1000 ਤੋਂ ਵੀ ਵੱਧ ਔਰਤਾਂ ਮਾਰੀਆਂ ਗਈਆਂ ਹਨ। ਪਰ ਕੈਨੇਡਾ ਵਰਗੇ ਅਗਾਂਹਵਧੂ ਦੇਸ਼ ਵਿੱਚ ਜਿੱਥੇ ਅੰਕੜਿਆਂ ਦੇ ਹਿਸਾਬ ਨਾਲ਼ ਇਕੱਲੇ ਬੀ. ਸੀ. ਵਿੱਚ 400 ਸੌ ਤੋਂ ਵੱਧ ਆਦਿ-ਵਾਸੀ ਔਰਤਾਂ ਨੂੰ ਮਾਰ ਕੇ ਖਪਾ ਦਿੱਤਾ ਜਾਂਦਾ ਹੈ ਤੇ ਉਹਨਾਂ ਕੇਸਾਂ ਦੀ ਸੁਣਵਾਈ ਸਾਲਾਂ ਵੱਧੀ ਕੋਰਟਾਂ ਵਿੱਚ ਰੁਲ਼ਦੀ ਰਹਿੰਦੀ ਹੈ। ਕੀ ਇਸ ਨੂੰ ਔਰਤ ਦੀ ਅਜ਼ਾਦੀ ਕਹਿ ਸਕਦੇ ਹਾਂ?

ਇਸ ਤਰ੍ਹਾਂ ਲੱਗਦਾ ਹੈ ਕਿ ਇੱਕ ਸਦੀ ਤੋਂ ਵੱਧ ਸਮਾਂ ਲੰਘ ਜਾਣ 'ਤੇ ਵੀ ਔਰਤ ਦਾ ਸ਼ੋਸ਼ਣ ਉਵੇਂ ਹੀ ਹੈ ਪਰ ਪੂੰਜੀਵਾਦੀ ਸਮਾਜ ਨੇ ਇਸ ਦੇ ਅਰਥ ਬਦਲ ਦਿੱਤੇ ਹਨ। ਪਹਿਲਾਂ ਔਰਤ ਨੂੰ ਆਪਣੀ ਕਿਰਤ ਸ਼ਕਤੀ ਦੀ ਲੁੱਟ ਸਾਹਮਣੇ ਨਜ਼ਰ ਆਉਂਦੀ ਸੀ ਪਰ ਹੁਣ ਇਹ ਅਸਿੱਧੀ ਲੁੱਟ ਦੀ ਨਿੱਜੀ ਇਜਾਰੇਦਾਰੀ ਦੀ ਲਪੇਟ ਵਿੱਚ ਇੱਕ ਮੁਹਰੇ ਵਜੋਂ ਵਿਚਰ ਰਹੀ ਹੈ। ਪ੍ਰਸ਼ਨ ਪੈਦਾ ਹੁੰਦਾ ਹੈ ਕਿ ਉਸ ਦਾ ਸਮਾਜਿਕ ਗਿਆਨ, ਸਮਾਜਿਕ ਕਦਰਾਂ ਕੀਮਤਾਂ ਅਤੇ ਸਮਾਜਿਕ ਚੇਤੰਨਤਾ ਕਿੱਥੇ ਖੜ੍ਹੀ ਹੈ ? ਇਹ ਵੀ ਦੇਖਣਾ ਹੈ ਕਿ ਉਸ ਖਿੱਤੇ ਦਾ ਸਾਹਿਤ, ਸੰਗੀਤ, ਗੀਤਕਾਰੀ, ਕਿੱਸੇ ਫਿਲਮਾਂ, ਸੰਚਾਰ ਸਾਧਨ, ਲੋਕ ਤੱਥ, ਮੀਡੀਆ ਆਦਿ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਲਿੰਗਕ ਸ਼ੋਸ਼ਣ ਦੇ ਪੱਖ ਵਿੱਚ ਤਾਂ ਨਹੀਂ ਭੁਗਤ ਰਿਹਾ ਅਗਰ ਅਜਿਹਾ ਹੋ ਰਿਹਾ ਹੈ ਤਾਂ ਔਰਤ ਦੀ ਅਜ਼ਾਦੀ ਦਾ ਪੰਨਾ ਇਹੋ ਜਿਹੇ ਸਮਾਜ ਵਿੱਚ ਉਜਾਗਰ ਹੋਣਾ ਨਾਮੁਮਕਿਨ ਹੈ। ਸੱਤਾ ਪ੍ਰਾਪਤੀ ਦੀ ਇਹ ਪ੍ਰਕਿਰਿਆ ਆਰਥਿਕ ਇਜਾਰੇਦਾਰੀ, ਬੌਧਿਕ ਨਿਪੁੰਨਸਕਤਾ, ਧਾਰਮਿਕ ਫਿਰਕਾਪ੍ਰਸਤੀ, ਸਮਾਜਿਕ ਵਿਤਕਰਿਆਂ ਤੇ ਸਭਿਆਚਾਰਕ ਅਰਾਜਕਤਾ ਤੋਂ ਬਿਨ੍ਹਾਂ ਸੰਭਵ ਨਹੀਂ ਇਸ ਕਰਕੇ

ਹੀ ਇਹੋ ਜਿਹੇ ਸਿਸਟਮ ਨੂੰ ਭਾਂਜ ਦੇਣ ਦੀ ਲੋੜ ਹੈ। ਪ੍ਰੰਪਰਾਵਾਦੀ ਸਿਸਟਮ ਜੋ ਕਿ ਰਾਜ, ਪਰਿਵਾਰ ਤੇ ਸਮਾਜ ਦੇ ਅਸੂਲਾਂ 'ਤੇ ਅਧਾਰਤ ਹੈ ਉੱਥੇ ਔਰਤਾਂ ਵਿੱਚ ਸਮੂਹਕਿਤਾ ਤੇ ਸਮਾਨਤਾ ਦਾ ਵਾਤਾਵਰਣ ਸਿਰਜਣ ਸਬੰਧੀ ਚੇਤੰਨਤਾ ਪੈਦਾ ਕਰਨ ਦੀ ਲੋੜ ਹੈ ਤਾਂ ਕਿ ਉਹ ਵਿਅਕਤੀਗਤ ਹਿੱਤਾਂ ਨੂੰ ਉਹਲੇ ਕਰ ਕੇ ਸਮਾਜਕ ਤੇ ਸਮੂਹਕ ਹਿੱਤਾਂ ਦੀ ਪੈਰ੍ਹਵੀ ਕਰ ਸਕਣ। ਉਹਨਾਂ ਵਿੱਚੋਂ ਖ਼ਤਮ ਹੋ ਰਹੀ ਸੰਵੇਦਨਸ਼ੀਲਤਾ, ਬੱਚੇ ਪੈਦਾ ਕਰਨ ਦੀ ਰੁਚੀ, ਸ਼ਹਿਣਸ਼ੀਲਤਾ ਤੇ ਉਸ ਦਾ ਵਿਅਕਤੀਤਵ ਜ਼ਿੰਦਾ ਰਹਿ ਸਕੇ।

ਕੁੱਝ ਲੋਕਾਂ ਵਲੋਂ ਔਰਤ ਦੀ ਅਜ਼ਾਦੀ ਦੀ ਲੜਾਈ ਨੂੰ ਸਿਰਫ਼ ਮਰਦ ਤੋਂ ਅਜ਼ਾਦੀ ਦੀ ਲੜਾਈ ਦਰਸਾ ਕੇ ਔਰਤ ਨੂੰ ਮਰਦ ਦੇ ਨਾਲ਼ ਲੜਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ, ਜਿਸ ਕਰਕੇ ਰਿਸ਼ਤਿਆਂ ਦੇ ਵਿੱਚ ਕੁੜੱਤਣ ਆ ਰਹੀ ਹੈ ਪਰ ਇਹ ਪੂੰਜੀਵਾਦ ਦੀ ਕੋਝੀ ਚਾਲ ਹੈ ਜਿਸ ਨੂੰ ਸਮਝਣ ਦੀ ਲੋੜ ਹੈ ਪਰ ਸਿਆਸੀ ਚੇਤੰਨਤਾ ਤੋਂ ਵਿਹੂਣੀ ਲੋਕਾਈ ਜਮਹੂਰੀਅਤ ਲਈ ਆਪਣੇ ਹੱਕਾਂ ਤੇ ਫਰਜ਼ਾਂ ਨੂੰ ਅਣਗੌਲ਼ਿਆ ਕਰ ਕੇ ਸਾਰੀ ਉਮਰ ਕੁੱਲੀ, ਗੁੱਲੀ ਤੇ ਜੁੱਲੀ ਲਈ ਹੀ ਜੂਝਦੀ ਮਰ ਜਾਂਦੀ ਹੈ। ਹੁਣ ਸਮਾਂ ਹੈ ਕਿ ਔਰਤ ਤੇ ਮਰਦ ਨੂੰ ਇਕੱਠੇ ਹੋ ਕੇ ਸਿਆਸੀ ਸੂਝ ਬੂਝ ਨਾਲ਼ ਜਥੇਬੰਦਕ ਤੌਰ 'ਤੇ ਆਪਣੇ ਅਸਲੀ ਦੁਸ਼ਮਣ ਜਿਸ ਨੇ ਸਾਰੀ ਲੋਕਾਈ ਨੂੰ ਗੁੰਮਰਾਹ ਕੀਤਾ ਹੋਇਆ ਹੈ, ਉਸ ਨੂੰ ਆੜੇ ਹੱਥੀਂ ਲੈਣ ਤਾਂ ਹੀ ਇਹ ਲੁੱਟ ਖਸੁੱਟ ਦਾ ਪ੍ਰਬੰਧ ਖ਼ਤਮ ਹੋਵੇਗਾ ਅਤੇ ਮਨੁੱਖ ਆਪਣੀ ਅਜ਼ਾਦੀ ਨੂੰ ਮਾਣ ਸਕੇਗਾ। ਇਸ ਲਈ ਸਾਨੂੰ ਸਾਰਿਆਂ ਨੂੰ ਅੱਜ ਦੇ ਦਿਨ 'ਤੇ ਆਪਸ ਵਿੱਚ ਸੰਵਾਦ ਰਚਾਉਣ ਦਾ ਢੁੱਕਵਾਂ ਸਮਾਂ ਹੈ, ਇਹੀ ਸਾਡੀਆਂ ਸਮੱਸਿਆਵਾਂ ਦਾ ਸੰਪੂਰਨ ਹੱਲ ਹੈ। ਸਾਨੂੰ ਇਹ ਵੀ ਭੁੱਲਣਾ ਨਹੀਂ ਚਾਹੀਦਾ ਕਿ ਇਸ ਸਭ ਕਾਸੇ ਦੇ ਬਾਵਜੂਦ ਦੁਨੀਆਂ ਵਿੱਚ ਬਹੁਤ ਸਾਰੀਆਂ ਜਥੇਬੰਦੀਆਂ ਦੀ ਅਗਵਾਈ ਸੰਘਰਸ਼ਸ਼ੀਲ ਔਰਤਾਂ ਕਰ ਰਹੀਆਂ ਹਨ ਜਿਵੇਂ ਭਾਰਤ ਦੀਆਂ ਆਦਿ ਵਾਸੀ ਔਰਤਾਂ ਅਤੇ ਫਲਸਤੀਨ ਦੀਆਂ ਔਰਤਾਂ ਆਦਿ।ਸਾਨੂੰ ਵੀ ਇਹੋ ਜਿਹੀਆਂ ਔਰਤਾਂ ਦੀ ਅਗਵਾਈ ਵਿੱਚ ਆਪਣੀ ਸਮਝ ਬਣਾਉਣ ਦੀ ਲੋੜ ਹੈ ਤਾਂ ਹੀ ਅਸੀਂ ਔਰਤਾਂ ਦੀਆਂ ਸਮੱਸਿਆਵਾਂ ਪ੍ਰਤੀ ਵਫ਼ਾਦਾਰੀ ਨਾਲ ਇਹ ਸਾਂਝੀ ਲੜਾਈ ਲੜ ਸਕਾਂਗੇ।

□□□

# ਔਰਤ ਸੱਤ੍ਹਾ ਦੇ ਗਲਿਆਰਿਆਂ ਵਿੱਚ

ਵੀਹਵੀਂ ਤੇ ਇੱਕੀਵੀਂ ਸਦੀ ਵਿੱਚ ਔਰਤ ਸਮਾਜ ਦੀ ਜ਼ਿੰਦਗੀ ਵਿੱਚ ਬਹੁਤ ਵੱਡੀਆਂ ਤੇ ਜ਼ਾਹਰਾ ਤਬਦੀਲੀਆਂ ਆਈਆਂ ਹਨ ਜਿਸ ਦੇ ਪਰਿਣਾਮ ਸਰੂਪ ਔਰਤ ਹਰ ਖੇਤਰ ਵਿੱਚ ਕੰਮ ਕਰਦੀ ਦਿਖਾਈ ਦੇ ਰਹੀ ਹੈ ਤੇ ਇਹਨਾਂ ਵਿੱਚੋਂ ਕੁੱਝ ਦਾ ਵੱਡੇ ਅਹੁਦਿਆਂ ਤੇ ਹੋਣਾ ਵੀ ਸੁਭਾਵਕ ਹੀ ਹੈ। ਲੱਗਭਗ ਵੀਹਵੀਂ ਸਦੀ ਦੇ ਅੱਧ ਤੱਕ ਤਾਂ ਔਰਤ ਨੂੰ ਦੂਜੇ ਦਰਜੇ ਦੀ ਸ਼ਹਿਰੀ ਵਜੋਂ ਹੀ ਜਾਣਿਆ ਜਾਂਦਾ ਸੀ, ਇਸ ਕਰਕੇ ਹੀ ਇਹਨੂੰ ਵੋਟ ਦਾ ਅਧਿਕਾਰ ਹੀ ਨਹੀਂ ਸੀ ਦਿੱਤਾ ਗਿਆ। ਜਦੋਂ ਪੂੰਜੀਪਤੀ ਸਮਾਜ ਤੇ ਨਿੱਜੀ ਜਾਇਦਾਦ  ਦਾ ਪਸਾਰਾ ਹੋਣ ਲੱਗਿਆ ਤਾਂ ਇਕੱਲੇ ਆਦਮੀ ਦੀ ਕਿਰਤ ਨਾਲ਼ ਮੁਨਾਫ਼ਿਆਂ ਦੀ ਮੰਡੀ ਵਿੱਚ ਕਿਰਤੀ ਹੱਥਾਂ ਦੀ ਥੋੜ੍ਹ ਮਹਿਸੂਸ ਕੀਤੀ ਗਈ ਤਾਂ ਔਰਤ ਨੂੰ ਉਹ ਦੇ ਹੱਕਾਂ ਦੇ ਨਾਂ 'ਤੇ, ਘਰ ਵਿੱਚੋਂ ਕੱਢ ਕੇ ਮੰਡੀ ਵਿੱਚ ਉਤਾਰਿਆ ਗਿਆ। ਉਸ ਨੂੰ ਵੋਟ ਦਾ ਹੱਕ ਥਾਲ਼ੀ ਵਿੱਚ ਪਰੋਸ ਕੇ ਨਹੀਂ ਦਿੱਤਾ ਗਿਆ ਸਗੋਂ ਇਸ ਪਿੱਛੇ ਵੀ ਉਸ ਨੂੰ ਲੰਬੀ ਲੜਾਈ ਲੜਨੀ ਪਈ ਹੈ। ਅੰਤਰ ਰਾਸ਼ਟਰੀ ਦਿਵਸ ਦੀ ਸ਼ੁਰੂਆਤ ਤੋਂ ਪਹਿਲਾਂ ਕਿੰਨੀਆਂ ਹੀ ਔਰਤਾਂ ਨੂੰ ਜ਼ਿੰਦਗੀ ਦੀਆਂ ਕੁਰਬਾਨੀਆਂ ਦੇਣੀਆਂ ਪਈਆਂ। ਔਰਤਾਂ ਦੀਆਂ ਕੁਰਬਾਨੀਆਂ ਅਤੇ ਸਮਾਜ ਵਿੱਚ ਉਹਨਾਂ ਦੇ ਯੋਗਦਾਨ ਨੂੰ ਦੇਖਦੇ ਹੋਏ ਲੈਨਿਨ ਨੇ ਕਿਹਾ ਸੀ ਕਿ, "ਔਰਤਾਂ ਦੀ ਹਿੱਸੇਦਾਰੀ ਤੋਂ ਬਿਨਾਂ ਕੋਈ ਸਮਾਜਵਾਦੀ ਇਨਕਲਾਬ ਨਹੀਂ ਹੋ ਸਕਦਾ।" ਰੂਸ ਵਿੱਚ ਇਨਕਲਾਬ ਆਉਣ ਤੋਂ ਬਾਅਦ ਲੈਨਿਨ ਨੇ ਔਰਤਾਂ ਬਾਰੇ ਫਿਰ ਕਿਹਾ ਕਿ, "ਸਾਡਾ ਕਾਰਜ ਸਿਆਸਤ ਨੂੰ ਅਜਿਹੀ ਚੀਜ਼ ਬਣਾਉਣਾ ਹੈ ਜਿਸ ਵਿੱਚ ਹਰੇਕ ਮਿਹਨਤਕਸ਼ ਔਰਤ ਹਿੱਸਾ ਲੈ ਸਕਦੀ ਹੋਵੇ।" ਇਹ ਵੀਹਵੀਂ ਸਦੀ ਦੀਆਂ ਗੱਲਾਂ ਹਨ।

ਦੁਨੀਆਂ ਵਿੱਚ ਔਰਤਾਂ ਦੀ ਅਬਾਦੀ ਲੱਗਭੱਗ ਅੱਧੀ ਹੈ ਪਰ ਅੱਜ ਇੱਕੀਵੀਂ ਸਦੀ ਵਿੱਚ ਕਿੰਨੀਆਂ ਔਰਤਾਂ ਸਮਾਜ ਦੀ ਅਗਵਾਈ ਕਰ ਰਹੀਆਂ ਹਨ ਇਸ ਬਾਰੇ ਮੈਂ ਗੱਲ ਕਰਨਾ ਚਾਹਾਂਗੀ। 1 ਜਨਵਰੀ, 2023 ਦੀ ਰਿਪੋਰਟ ਮੁਤਾਬਕ ਵਿਸ਼ਵ ਪੱਧਰ 'ਤੇ ਸਟੇਟ ਦੀ ਮੁਖੀ ਦੇ ਤੌਰ 'ਤੇ ਸਿਰਫ਼ 11.3 % ਔਰਤਾਂ ਹਨ ਜਾਂ ਕਹਿ ਲਓ 151 ਦੇਸ਼ਾਂ ਵਿੱਚੋਂ ਸਿਰਫ਼ 17 ਔਰਤਾਂ ਹਨ। ਇਸੇ ਤਰ੍ਹਾਂ 9.8% ਸਰਕਾਰਾਂ ਦੀਆਂ ਮੁਖੀ ਹਨ ਜਾਂ 193 ਵਿੱਚੋਂ 19 ਹੈ। ਜਿਕਰ ਯੋਗ ਗੱਲ ਇਹ ਹੈ ਕਿ ਇਹ ਅੰਕੜੇ 5.3% ਤੋਂ ਵੱਧ ਕੇ 7.3% ਤੱਕ ਵਧੇ ਹਨ। ਜ਼ਿਆਦਾਤਰ ਮੈਂ ਕੈਨੇਡਾ ਜਿੱਥੇ ਅਸੀਂ ਰਹਿੰਦੇ ਹਾਂ ਇਸ 'ਤੇ ਕੇਂਦਰਤ ਰਹਾਂਗੀ। ਸੀ. ਬੀ. ਸੀ. ਦੇ

ਅੰਕੜਿਆਂ ਮੁਤਾਬਕ 2023 ਵਿੱਚ ਦੁਨੀਆਂ ਭਰ ਦੇ 6 ਦੇਸ਼ ਅਜਿਹੇ ਸਨ ਜਿੱਥੇ ਰਾਜਨੀਤੀ ਵਿੱਚ ਔਰਤਾਂ ਦੀ ਸ਼ਮੂਲੀਅਤ 0% ਸੀ। ਦੁਨੀਆਂ ਵਿੱਚ 13 ਦੇਸ਼ ਅਜਿਹੇ ਹਨ ਜਿਨ੍ਹਾਂ ਵਿੱਚ ਕੈਬਨਿਟ ਔਰਤ ਮੈਂਬਰਾਂ ਦੀ ਗਿਣਤੀ 50% ਤੇ ਜਾਂ ਇਸ ਤੋਂ ਵੱਧ ਹੈ।

ਕੁੱਝ ਗਿਣਵੇਂ ਚੁਣਵੇਂ ਦੇਸ਼ ਜਿਵੇਂ ਅਲਬਾਨੀਆਂ ਵਿੱਚ 66.7%. ਫਿਨਲੈਂਡ 64.3%, ਸਪੇਨ 63.6%, ਨਿਕਾਰਾਗੁਆ 62.5%, ਰਵਾਂਡਾ ਵਿੱਚ 63.8%, ਬੋਲੀਵੀਆ ਵਿੱਚ 53.1%, ਕਿਊਬਾ ਵਿੱਚ 48.9% ਸੀ। ਉਸ ਸਮੇਂ ਕਨੇਡਾ ਵਿੱਚ ਔਰਤਾਂ 25.3% ਸਨ ਤੇ ਅਮਰੀਕਾ ਵਿੱਚ ਇਸ ਤੋਂ ਵੀ ਘੱਟ 19.4%। ਹੁਣ ਅਸੀਂ ਇਹ ਦੇਖਦੇ ਹਾਂ ਕਿ 2015 ਦੀਆਂ ਚੋਣਾਂ ਵਿੱਚ ਕੈਨੇਡਾ ਦੀ ਹਾਊਸ ਆਫ ਕੌਮਨ ਵਿੱਚ ਸਿਰਫ਼ 26% ਔਰਤਾਂ ਹਨ। ਇਸੇ ਤਰ੍ਹਾਂ ਸਾਰੇ ਕੈਨੇਡਾ ਵਿੱਚੋਂ ਐਮ. ਐਲ. ਏਜ਼ ਔਰਤਾਂ 28.6% ਹਨ। ਪਿਛਲੇ ਦਿਨੀਂ ਬੀ.ਸੀ. ਵਿੱਚ ਐਮ.ਐਲ.ਏਜ਼ ਦੀ ਇਲੈਕਸ਼ਨ ਸਮੇਂ 39% ਔਰਤਾਂ ਜਿੱਤੀਆਂ ਜੋ ਕਿ ਕੈਨੇਡਾ ਦੇ ਸਾਰੇ ਪ੍ਰੋਵਿੰਸਜ਼ ਤੋਂ ਜ਼ਿਆਦਾ ਹੈ। ਇਸੇ ਤਰ੍ਹਾਂ ਓਨਟਾਰੀਓ ਵਿੱਚ ਇਹ ਦਰ 34.5%। ਉਂਜ ਮਾਣ ਵਾਲੀ ਗੱਲ ਇਹ ਹੈ ਕਿ ਕੈਨੇਡਾ ਦੇ ਤਿੰਨ ਪ੍ਰੋਵਿੰਨਸ਼ਜ਼ ਓਨਟਾਰੀਓ, ਅਲਬਰਟਾ ਤੇ ਬੀ.ਸੀ. ਦੀਆਂ ਪ੍ਰੀਮੀਅਰ ਔਰਤਾਂ ਹੀ ਹਨ। ਇਸੇ ਤਰ੍ਹਾਂ ਭਾਰਤ ਵਿੱਚ 1947 ਤੋਂ ਬਾਅਦ ਇਸ ਵਾਰ ਐਮ.ਪੀ. ਦੀਆਂ ਕੁੱਲ 543 ਸੀਟਾਂ ਵਿੱਚੋਂ 59 ਸੀਟਾਂ ਤੇ ਔਰਤਾਂ ਹਨ ਜੋ ਕਿ 10.9% ਬਣਦਾ ਹੈ। 2011 ਵਿੱਚ ਇਹ ਹਾਜ਼ਰੀ 12% ਸੀ ਪਰ ਹੁਣ ਇਹ ਵਧਣ ਦੀ ਬਜਾਇ ਘਟੀ ਹੈ। ਇਸ ਦਾ ਕਾਰਣ ਇਹ ਹੈ ਕਿ ਮੋਦੀ ਦੀ ਨਵੀਂ ਬਣੀ ਸਰਕਾਰ ਘੱਟ ਗਿਣਤੀਆਂ, ਔਰਤਾਂ ਤੇ ਦਲਿਤਾਂ ਵਿਰੋਧੀ ਸਰਕਾਰ ਹੈ। ਸੱਚ ਤਾਂ ਇਹ ਹੈ ਕਿ ਦੁਨੀਆਂ ਭਰ ਵਿੱਚੋਂ ਅਬਾਦੀ ਦਾ ਅੱਧ ਔਰਤਾਂ ਹੋਣ ਦੇ ਬਾਵਜੂਦ ਸਿਰਫ਼ 23.3% ਔਰਤਾਂ ਹੀ ਰਾਜਨੀਤੀ ਵਿੱਚ ਲੋਕਾਂ ਦੀ ਨੁਮਾਇੰਦਗੀ ਕਰਦੀਆਂ ਹਨ। ਯਾਦ ਰਹੇ ਕਿ ਕੈਨੇਡਾ ਵਿੱਚ ਚੋਣਾਂ ਸਮੇਂ ਲੋਕ ਪਾਰਟੀ ਨੂੰ ਵੋਟ ਪਾਉਂਦੇ ਹਨ ਨਾ ਕਿ ਚੋਣ ਲੜ ਰਹੇ ਔਰਤ, ਮਰਦ ਜਾਂ ਉਹਨਾਂ ਦੀ ਸ਼ਖਸ਼ੀਅਤ ਨੂੰ।।

ਇਹ ਤਾਂ ਸੀ ਕਿ ਔਰਤਾਂ ਅੱਧ ਤੋਂ ਵੀ ਘੱਟ ਰਾਜਨੀਤੀ ਵਿੱਚ ਹਨ ਪਰ ਹੁਣ ਹੋਰ ਬਹੁਤ ਸਾਰੇ ਸਵਾਲ ਪੈਦਾ ਹੁੰਦੇ ਹਨ ਕਿ ਕੀ ਰਾਜਨੀਤੀ ਵਿੱਚ ਗਈਆਂ ਔਰਤਾਂ ਅਜ਼ਾਦ ਹਨ ? ਉਹਨਾਂ ਦੀਆਂ ਮੁਸ਼ਕਲਾਂ ਦਾ ਅੰਤ ਹੋ ਗਿਆ ਹੈ ? ਜਾਂ ਉਹਨਾਂ ਨੂੰ ਕਿਹੋ ਜਿਹੀਆਂ ਪ੍ਰਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ? ਉਹਨਾਂ ਦੀਆਂ ਮੁਸ਼ਕਲਾਂ ਦੇ ਵੱਖਰੇ ਵੱਖਰੇ ਮਾਪਦੰਡ ਕੀ ਹਨ ? ਕੀ ਔਰਤਪਣ ਤੋਂ ਮਨੁੱਖਤਾ ਦੀ ਲੜਾਈ ਉਹਨਾਂ ਲਈ ਖ਼ਤਮ ਹੋ ਚੁੱਕੀ ਹੈ ? ਕੀ ਇਹ ਪਾਵਰ ਵੋਮੈਨ ਆਪਣੀ ਮੰਜ਼ਲ 'ਤੇ ਪਹੁੰਚ ਗਈ ਹੈ ? ਕੀ ਉਹ ਨੂੰ ਆਪਣੇ ਹੱਕਾਂ ਪ੍ਰਤੀ ਅਵਾਜ਼ ਉਠਾਉਣ

ਦੀ ਖੁੱਲ੍ਹ ਹੈ ? ਅਜਿਹੇ ਅਨੇਕਾਂ ਹੀ ਚਣੌਤੀਆਂ ਭਰੇ ਸਵਾਲ ਸਾਡੇ ਸਾਹਮਣੇ ਮੂੰਹ ਅੱਡੀ ਖੜ੍ਹੇ ਹਨ। ਜਿਨ੍ਹਾਂ ਬਾਰੇ ਸੋਚਣਾ, ਵਿਚਾਰਨਾ ਤੇ ਘੋਖਣਾ ਬਹੁਤ ਜ਼ਰੂਰੀ ਹੈ।

ਇਹਨਾਂ ਵਿਕਸਤ ਦੇਸ਼ਾਂ ਵਿੱਚ ਸਮਾਜ ਦੀ ਨੁਮਾਇੰਦਗੀ ਕਰਨ ਵਾਲ਼ੀ ਔਰਤ ਦੀਆਂ ਸਮੱਸਿਆਵਾਂ ਦੀ ਲਿਸਟ ਛੋਟੀ ਨਹੀਂ ਸਗੋਂ ਥੋੜ੍ਹੀ ਅਲੱਗ ਜ਼ਰੂਰ ਹੋ ਸਕਦੀ ਹੈ। ਜਦੋਂ ਵੀ ਕੋਈ ਔਰਤ ਲੀਡਰ ਬਣ ਕੇ ਅੱਗੇ ਆਉਂਦੀ ਹੈ ਤਾਂ ਮੀਡੀਆ ਉਸ ਨੂੰ ਇਹੋ ਜਿਹੇ ਸਵਾਲ ਖੜ੍ਹੇ ਕਰਦਾ ਹੈ ਕਿ ਉਹ ਕਿੰਨੀ ਸੋਹਣੀ ਹੈ ? ਉਹ ਦੇ ਨੈਣ ਨਕਸ਼ ਕਿਹੋ ਜਿਹੇ ਹਨ ? ਉਸ ਨੇ ਕਿਹੜੇ ਬਰੈਂਡ ਦੇ ਕੱਪੜੇ ਪਾਏ ਹਨ ? ਉਸ ਨੇ ਕਿਹੋ ਜਿਹਾ ਮੇਅਕੱਪ ਕੀਤਾ ਹੈ ? ਉਸ ‘ਤੇ ਕਿਹੜੇ ਰੰਗ ਜ਼ਿਆਦਾ ਫੱਬਦੇ ਹਨ ? ਉਹ ਕਿਹੜੇ ਦੇਸ਼ ਨਾਲ ਸਬੰਧਤ ਹੈ ? ਉਸ ਦੀ ਕਲਾਸ ਕਿਹੜੀ ਹੈ ? ਉਸ ਨੇ ਕਿਹੜੀ ਕੁਆਲਿਟੀ ਦੇ ਸੈਂਡਲ ਪਾਏ ਹਨ ? ਉਹ ਦਾ ਪਤੀ ਕੌਣ ਐ ? ਕੀ ਕੰਮ ਕਰਦੈ ? ਉਸ ਨੂੰ ਉਸਦੀ ਯੋਗਤਾ ਜਾਂ ਕੀਤੇ ਕੰਮਾਂ ਦੇ ਨਜ਼ਰੀਏ ਤੋਂ ਨਹੀਂ ਦੇਖਿਆ ਜਾਂਦਾ ਜਦ ਕਿ ਚਾਹੀਦਾ ਇਹ ਹੈ ਕਿ ਉਸ ਨੂੰ ਮਨੁੱਖ ਦੀ ਸ਼ਖ਼ਸ਼ੀਅਤ ਦੇ ਤੌਰ ‘ਤੇ ਪਰਖ਼ਿਆ ਜਾਵੇ। ਮੈਂ ਤੁਹਾਡੇ ਨਾਲ਼ ਕੁੱਝ ਕੁ ਔਰਤਾਂ ਜੋ ਸਾਡੀਆਂ ਲੀਡਰ ਸਨ, ਉਹ ਕਿਵੇਂ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣੀਆਂ ? ਉਦਾਹਰਣ ਦੇ ਤੌਰ ‘ਤੇ ਉਹਨਾਂ ਦੀਆਂ ਕੁੱਝ ਗੱਲਾਂ ਸਾਂਝੀਆਂ ਕਰ ਰਹੀ ਹਾਂ।

ਮਾਰਗਰੈਟ ਥੈਚਰ ਦੀ ਜਦੋਂ ਮੌਤ ਹੋਈ ਤਾਂ ਅਖ਼ਬਾਰਾਂ ਦੀਆਂ ਸੁਰਖ਼ੀਆਂ ਨੇ ਕਿਹਾ ਕਿ “ ਉਹ ਪਤਨੀ ਜਾਂ ਮਾਂ ਹੋਣ ਤੋਂ ਜ਼ਿਆਦਾ ਵਧੀਆ ਰਾਜਨੀਤਕ ਨੇਤਾ ਸੀ।” ਇਹੋ ਜਿਹੀ ਤੁਲਨਾ ਮਰਦਾਂ ਨਾਲ਼ ਨਹੀਂ ਕੀਤੀ ਜਾਂਦੀ। ਇਸੇ ਤਰ੍ਹਾਂ ਚੋਣਾਂ ਸਮੇਂ ਹਿਲਰੀ ਕਲਿੰਟਨ ਦੀਆਂ ਖ਼ਬਰਾਂ ਲੱਗਦੀਆਂ ਰਹੀਆਂ ਕਿ ਉਹ ਲੀਡਰ ਕਿਵੇਂ ਬਣ ਸਕਦੀ ਹੈ ? ਉਸ ਨੇ ਤਾਂ ਨਾਨੀ ਬਣਨਾ ਹੈ ਕਿਉਂਕਿ ਉਸ ਦੀ ਬੇਟੀ ਪ੍ਰੈਗਨੈਂਟ ਸੀ। ਕਈ ਵਾਰ ਉਸਨੂੰ “ਦਾ ਕਲਿੰਨਟਨ ਕੈਕਲ” ਕਹਿ ਕੇ ਅਖ਼ਬਾਰਾਂ ‘ਚ ਸੁਰਖ਼ੀਆਂ ਲੱਗੀਆਂ। 2012 ਵਿੱਚ ਨੌਰਦਰਨ ਗੇਟ ਵੇ ਪਾਈਪ ਲਾਈਨ ਬਾਰੇ ਅਲਬਰਟਾ ਦੀ ਪ੍ਰੀਮੀਅਰ ਐਲਸਨ ਰੈਡਫੋਰਡ ਅਤੇ ਬੀ. ਸੀ. ਦੀ ਪ੍ਰੀਮੀਅਰ ਕ੍ਰਿਸਟੀ ਕਲਾਰਕ ਦੀ ਇੱਕ ਰਾਇ ਨਾ ਬਣ ਸਕੀ। ਉਹਨਾਂ ਦੀ ਆਪਸੀ ਅਸਹਿਮਤੀ ਨੂੰ ਅਖ਼ਬਾਰਾਂ ਨੇ ‘ਕੈਟ ਫਾਈਟ” ਅਰਥਾਤ ਦੋ ਬਿੱਲੀਆਂ ਦੀ ਲੜਾਈ ਕਿਹਾ। ਅਜਿਹੀਆਂ ਅਨੇਕਾਂ ਹੀ ਉਦਾਹਰਣਾਂ ਹਨ ਜੋ ਆਮ ਹੀ ਸੁਣੀਆਂ ਤੇ ਪੜ੍ਹੀਆਂ ਜਾਂਦੀਆਂ ਹਨ। ਇਹ ਸਿਰਫ਼ ਮੀਡੀਏ ਵਲੋਂ ਹੀ ਨਹੀਂ। ਕਈ ਵਾਰ ਤਾਂ ਨਾਲ਼ ਕੰਮ ਕਰਦੇ ਸਹਿਕਰਮੀ ਵੀ ਇਹੋ ਜਿਹੇ ਵਿਸ਼ੇਸ਼ਣਾਂ ਨਾਲ ਔਰਤ ਨੂੰ ਸੰਬੋਧਨ ਕਰਦੇ ਹਨ ਕਿ ਸ਼ਰਮ ਮਹਿਸੂਸ ਹੁੰਦੀ ਹੈ ਜਿਵੇਂ ਪੋਰਕੀ, ਬਿੱਚ, ਚੱਬੀ, ਸਟਿੱਕ ਆਦਿ। ਮੁੱਖ ਗੱਲ ਤਾਂ ਇਹ ਹੈ ਕਿ ਔਰਤ ਤੋਂ ਹਮੇਸ਼ਾਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਪ੍ਰਫੈਕਟ ਹੋਵੇ। ਉਹ ਚਾਹੇ ਕਿੰਨੇ ਵੀ ਉੱਚੇ ਅਹੁਦੇ ਤੇ ਪਹੁੰਚ ਜਾਂਦੀ ਹੈ

ਪਰ ਸਮਾਜ ਉਸ 'ਤੇ ਔਰਤਪਣ ਦਾ ਠੱਪਾ ਲਾ ਕੇ ਉਸ ਨੂੰ ਮਨੁੱਖ ਦੇ ਤੌਰ ਤੇ ਕਦੇ ਵੀ ਵਿਚਰਨ ਨਹੀਂ ਦਿੰਦਾ।

ਇਹ ਤਾਂ ਸੀ ਇਸ ਖਿੱਤੇ ਦੀ ਗੱਲ ਦੂਸਰੇ ਪਾਸੇ ਭਾਰਤ ਵਿੱਚ ਜਿੱਥੇ ਔਰਤ ਸਿਰਫ਼ ਨਿੱਜੀ ਜਾਇਦਾਦ ਵਾਂਗ ਵਿਚਰਦੀ ਰਹੀ ਹੈ ਉੱਥੇ ਇਸ ਦੀਆਂ ਹਾਲਤਾਂ ਬਦ ਤੋਂ ਬਦਤਰ ਹਨ।ਉੱਥੇ ਔਰਤਾਂ ਨੂੰ ਰੀਜ਼ਰਵ ਸੀਟਾਂ 'ਤੇ ਖੜ੍ਹਾ ਤਾਂ ਕਰ ਦਿੱਤਾ ਜਾਂਦਾ ਹੈ ਪਰ ਕੰਮ-ਕਾਰ ਉਹ ਦੇ ਪਰਿਵਾਰ ਦੇ ਮਰਦ ਮੈਂਬਰ ਹੀ ਦੇਖਦੇ ਹਨ ਸਿਰਫ਼ ਉਸ ਦੇ ਦਸਖ਼ਤ ਕਰਵਾ ਲਏ ਜਾਂਦੇ ਹਨ। ਉੱਥੇ ਇਹ ਸਾਰੀਆਂ ਸੁਭਾਵਕ ਗੱਲਾਂ ਹਨ। ਇਨ੍ਹਾਂ ਦੇਸ਼ਾਂ ਦੇ ਮੁਕਾਬਲੇ ਸਮਾਜਵਾਦੀ ਦੇਸ਼ ਕਿਊਬਾ ਵਿੱਚ ਔਰਤਾਂ ਤੇ ਮਰਦਾਂ ਨੂੰ ਬਰਾਬਰ ਰੱਖਿਆ ਜਾਂਦਾ ਹੈ। ਉਨ੍ਹਾਂ ਦੀ ਰਾਜਨੀਤੀ ਵਿੱਚ ਵੀ ਅੱਧੀ ਭਾਗੀਦਾਰੀ ਹੈ। ਉੱਥੇ ਦੇਸ਼ ਅਜ਼ਾਦ ਹੋਣ ਤੋਂ ਬਾਅਦ ਲਿੰਗ ਵਿਤਕਰਾ ਨਹੀਂ ਕੀਤਾ ਜਾਂਦਾ, ਇਹ ਤਾਂ ਹੀ ਹੈ ਕਿ ਉੱਥੇ ਕਰਾਈਮ ਰੇਟ 0% ਹੈ। ਇਸ ਤੋਂ ਸਾਫ਼ ਹੈ ਕਿ ਜਿਸ ਦੇਸ਼ ਵਿੱਚ ਕਰਾਈਮ ਜ਼ਿਆਦਾ ਹੈ ਉੱਥੇ ਹੀ ਔਰਤਾਂ ਤੇ ਬੱਚਿਆਂ ਨੂੰ ਸਿਹਤ ਪੱਖੋਂ ਕਮਜ਼ੋਰ ਸਮਝ ਕੇ ਜ਼ੁਲਮ ਜ਼ਿਆਦਾ ਹੁੰਦਾ ਹੈ। ਔਰਤਾਂ ਦੁਨੀਆਂ ਭਰ ਦੇ ਕਿਸੇ ਹਿੱਸੇ ਵਿੱਚ ਵੀ ਵਿਚਰ ਰਹੀਆਂ ਹਨ ਚਾਹੇ ਉਹ ਰਾਜਨੀਤੀ ਹੈ ਜਾਂ ਦਫ਼ਤਰਾਂ ਦੀਆਂ ਕਲਰਕਾਂ ਜਾਂ ਸੇਲਜ਼ ਗਰਲਾਂ ਜਾਂ ਛੋਟੀਆਂ ਮੋਟੀਆਂ ਨੌਕਰੀਆਂ ਜਾਂ ਘਰ ਦੀ ਚਾਰ ਦੀਵਾਰੀ ਦੇ ਅੰਦਰ ਵੀ ਉਹ ਸੁਰਖਿੱਅਤ ਨਹੀਂ ਹਨ, ਇਸ ਬਾਰੇ ਸੋਚਣ ਦੀ ਲੋੜ ਹੈ ਕੀ ਕਾਰਨ ਹਨ ?

ਮੇਰੇ ਖ਼ਿਆਲ ਵਿੱਚ ਰਾਜਨੀਤੀ ਵਿੱਚ ਔਰਤਾਂ ਦਾ ਹੋਣਾ ਦੇਖਣ ਨੂੰ ਤਾਂ ਵੱਡੀ ਗੱਲ ਲੱਗਦੀ ਹੈ ਪਰ ਲੱਗਦਾ ਇਉਂ ਹੈ ਕਿ ਉਹ ਪਾਰਟੀਆਂ ਜਿਹੜੀਆਂ ਵੱਡੀਆਂ ਵੱਡੀਆਂ ਕਾਰਪੋਰੇਸ਼ਨਾਂ ਦੀਆਂ ਹੱਥ ਠੋਕਾ ਹਨ, ਉਹਨਾਂ ਲਈ ਇਹ ਸਾਰੇ ਲੀਡਰ ਆਦਮੀ ਜਾਂ ਔਰਤ ਤਾਂ ਇੱਕ ਮੁਹਰੇ ਵਜੋਂ ਹੀ ਵਿਚਰਦੇ ਹਨ, ਹੁੰਦਾ ਉਹੀ ਹੈ ਜੋ ਪਾਰਟੀਆਂ ਜਾਂ ਕਾਰਪੋਰੇਸ਼ਨਾਂ ਦੇ ਹਿਤਾਂ ਲਈ ਤਿਆਰ ਕੀਤੀਆਂ ਗਈਆਂ ਪੌਲਸੀਆਂ ਹੁੰਦੀਆਂ ਹਨ, ਉਹਨਾਂ ਨੇ ਵੀ ਉਹ ਦੇ 'ਤੇ ਹੀ ਮੋਹਰ ਲਾਉਣੀ ਹੁੰਦੀ ਹੈ। ਔਰਤਾਂ ਕੋਈ ਵੱਖਰੇ ਤੌਰ 'ਤੇ ਔਰਤ ਦੀ ਜਾਂ ਸਮਾਜ ਦੀ ਭਲਾਈ ਬਾਰੇ ਸੋਚ ਰਹੀਆਂ ਹੋਣ ਇਹ ਕਦੇ ਨਜ਼ਰੀਂ ਨਹੀਂ ਪਿਆ। ਜੇ ਇਹ ਹੁੰਦਾ ਤਾਂ ਇਹ ਵਿਤਕਰਾ ਕੈਨੇਡਾ ਵਰਗੇ ਦੇਸ਼ ਵਿੱਚ ਹਰਗਿਜ਼ ਨਹੀਂ ਸੀ ਹੋਣਾ ਕਿ ਜੋ ਔਰਤ ਬਾਹਰ ਕੰਮ ਕਰਕੇ ਆਉਂਦੀ ਹੈ ਉਸ ਨੂੰ ਤਾਂ ਬੱਚਾ ਪੈਦਾ ਕਰਨ ਸਮੇਂ ਮੈਟਰਨਿਟੀ ਵਜੋਂ ਮੁਆਵਜ਼ਾ ਮਿਲਦਾ ਹੈ ਪਰ ਜੋ ਔਰਤ ਘਰ ਰਹਿ ਕੇ ਆਪਣੇ ਬੱਚੇ ਡੇ ਕੇਅਰਾਂ ਨਾਲੋਂ ਵਧੀਆ ਤਰੀਕੇ ਨਾਲ ਪਾਲ਼ਦੀ ਹੈ ਜੋ ਦੇਸ਼ ਦਾ ਉਜਲਾ ਭਵਿੱਖ ਹਨ, ਉਸ ਨੂੰ ਕੁੱਝ ਨਹੀਂ ਦਿੱਤਾ ਜਾਂਦਾ। ਬਜ਼ਾਰੀਕਰਣ ਨੂੰ ਪਹਿਲ ਦਿੰਦਿਆਂ ਡੇ ਕੇਅਰ ਸੈਂਟਰਾਂ ਨੂੰ ਮਣਾਂ ਮੂੰਹੀ ਗਰਾਂਟਾਂ ਦਿੱਤੀਆਂ ਜਾਂਦੀਆਂ ਹਨ।

ਲੀਡਰਸ਼ਿੱਪ ਵਿੱਚ ਜਾਣ ਵਾਲੀਆਂ ਔਰਤਾਂ ਨੇ ਇਹ ਵੀ ਦੇਖਿਆ ਹੋਵੇਗਾ ਕਿ ਕੰਮ ਦੀ ਚੋਣ ਸਮੇਂ ਵੀ ਔਰਤ ਨੂੰ ਮਰਦ ਦੇ ਮੁਕਾਬਲੇ ਘੱਟ ਤਨਖ਼ਾਹ ਦਿੱਤੀ ਜਾਂਦੀ ਹੈ। ਫਿਰ ਅਣਵਿਆਹੀ ਕੁੜੀ ਨੂੰ ਕੰਮ ‘ਤੇ ਪਹਿਲ ਦੇ ਕੇ ਮਮਤਾ ਦਾ ਵਰਦਾਨ ਦੇਣ ਵਾਲ਼ੀ ਔਰਤ ਦੀ ਬੇਇਜ਼ਤੀ ਕੀਤੀ ਜਾਂਦੀ ਹੈ।ਮਤਲਬ ਅਣਵਿਆਹੀ ਕੁੜੀ ਕੰਮ ਤੋਂ ਛੁੱਟੀ ਨਹੀਂ ਲਵੇਗੀ, ਓਵਰਟਾਈਮ ਵੱਧ ਕਰ ਸਕਦੀ ਹੈ, ਕੰਮ ਤੋਂ ਕੱਢਣ ਦੇ ਡਰਾਵੇ ਨਾਲ ਸ਼ੋਸ਼ਣ ਦਾ ਸ਼ਿਕਾਰ ਅਸਾਨੀ ਨਾਲ ਹੋ ਸਕਦੀ ਹੈ। ਬਹੁਤੀ ਵਾਰ ਉਸ ਨੂੰ ਵੱਧ ਤਨਖ਼ਾਹ ਦਾ ਲਾਲਚ ਦੇ ਕੇ ਜਾਂ ਤਰੱਕੀ ਦੇ ਕਰੀਅਰ ਵਿੱਚ ਵਾਧੇ ਦਾ ਭਰੋਸਾ ਦੇ ਕੇ ਬੌਸ ਆਪਣੀ ਜੀ ਹਜ਼ੂਰੀ ਵੀ ਕਰਵਾਉਂਦੇ ਹਨ। ਸਮਾਜ ਵਿੱਚ ਇਹੋ ਜਿਹੀਆਂ ਹੋ ਰਹੀਆਂ ਵਧੀਕੀਆਂ ‘ਤੇ ਵੀ ਕਦੇ ਔਰਤਾਂ ਦੀ ਲੀਡਰਸ਼ਿੱਪ ਨੇ ਗੱਲ ਨਹੀਂ ਕੀਤੀ। ਕੈਨੇਡਾ ਵਿੱਚ ਆਏ ਦਿਨ ਔਰਤਾਂ ਤੇ ਹੋ ਰਹੇ ਜ਼ੁਲਮਾਂ ਦੇ ਅੰਕੜੇ ਹਰ ਰੋਜ਼ ਵੱਧ ਰਹੇ ਹਨ ਪਰ ਸਿਆਸੀ ਧਿਰਾਂ ਛੋਟੇ ਮੋਟੇ ਫੋਰਮ ਕਾਇਮ ਕਰਕੇ ਲੋਕਾਂ ਨੂੰ ਧਰਵਾਸ ਤਾਂ ਦੇ ਜਾਂਦੀਆਂ ਹਨ ਪਰ ਕੋਈ ਵੀ ਠੋਸ ਕਦਮ ਨਹੀਂ ਚੁੱਕੇ ਜਾ ਰਹੇ ਕਿਉਂਕਿ ਉਹਨਾਂ ਨੂੰ ਬਹੁਤੀ ਵਾਰ ਤਾਂ ਪਰਿਵਾਰਕ ਝਗੜੇ ਕਹਿ ਕੇ ਲਾਂਭੇ ਕਰ ਦਿੱਤਾ ਜਾਂਦਾ ਹੈ ਜਦ ਕਿ ਹੋਣਾ ਇਹ ਚਾਹੀਦਾ ਹੈ ਕਿ ਇਸ ਦੇ ਅੰਦਰ ਦੇ ਕਾਰਣ ਜ਼ਰੂਰ ਲੱਭੇ ਜਾਣ। ਅਗਰ ਇਹ ਆਰਥਿਕਤਾ ਨਾਲ਼ ਜੁੜਿਆ ਮਸਲਾ ਹੈ ਤਾਂ ਵੀ ਸਰਕਾਰਾਂ ਉਸ ਦੀ ਕਿਵੇਂ ਮੱਦਦ ਕਰ ਸਕਦੀਆਂ ਹਨ ? ਜੇ ਸਮਾਜਿਕ ਮਸਲਾ ਹੈ ਤਾਂ ਵੀ ਸਮਾਜ ਨੂੰ ਸੁਧਾਰਨ ਅਤੇ ਵਧੀਆ ਬਣਾਉਣ ਲਈ ਸਰਕਾਰਾਂ ਦਾ ਰੋਲ ਬਹੁਤ ਵੱਡਾ ਹੁੰਦਾ। ਲੋਕਾਂ ਨੂੰ ਆਪਣੀ ਲੀਡਰਸ਼ਿੱਪ ਤੇ ਆਸਾਂ ਵੀ ਹੁੰਦੀਆਂ ਹਨ ਤੇ ਹੋਣੀਆਂ ਵੀ ਚਾਹੀਦੀਆਂ ਹਨ।

ਇਹਨਾਂ ਸਾਰੀਆਂ ਗੱਲਾਂ ਨੂੰ ਵਿਚਾਰਨ ਤੋਂ ਪਤਾ ਲੱਗਦਾ ਹੈ ਕਿ ਬੇਸ਼ੱਕ ਔਰਤ ਸੱਤ੍ਹਾ ਵਿੱਚ ਬੈਠੀ ਹੈ ਫਿਰ ਵੀ ਔਰਤ ਦਾ ਸ਼ੋਸ਼ਣ ਉਵੇਂ ਦਾ ਉਵੇਂ ਹੈ ਕਿਉਂਕਿ ਪੂੰਜੀਵਾਦ ਨੇ ਇਹ ਦੀ ਪ੍ਰੀਭਾਸ਼ਾ ਬਦਲ ਦਿੱਤੀ ਹੈ। ਪਹਿਲਾਂ ਔਰਤ ਨੂੰ ਆਪਣੀ ਕਿਰਤ ਸ਼ਕਤੀ ਦੀ ਲੁੱਟ ਸਾਹਮਣੇ ਨਜ਼ਰ ਆਉਂਦੀ ਸੀ। ਹੁਣ ਇਹ ਅਸਿੱਧੀ ਲੁੱਟ ਦੀ ਨਿੱਜੀ ਇਜਾਰੇਦਾਰੀ ਦੀ ਲਪੇਟ ਵਿੱਚ ਦੂਹਰੀ ਮਾਰ ਖਾ ਰਹੀ ਹੈ। ਇਸ ਦਾ ਮੁੱਖ ਕਾਰਣ ਸਮਾਜ ਵਿੱਚ ਨਾਬਰਾਬਰੀ ਦਾ ਹੋਣਾ ਹੈ। ਇਹ ਇਕੱਲੀ ਔਰਤ ਦੀ ਅਜ਼ਾਦੀ ਜਾਂ ਬਰਾਬਰੀ ਦੀ ਗੱਲ ਨਹੀਂ ਸਗੋਂ ਮਨੁੱਖ ਦੀ ਅਜ਼ਾਦੀ ਤੇ ਬਰਾਬਰੀ ਦੀ ਗੱਲ ਹੈ। ਅਸਲ ਵਿੱਚ ਸਮਾਜ ਦੋ ਜਮਾਤਾਂ ਵਿੱਚ ਵੰਡਿਆ ਹੋਇਆ ਹੈ – ਇੱਕ ਲੁੱਟਣ ਵਾਲ਼ੀ ਤੇ ਦੂਸਰੀ ਲੁੱਟ ਹੋਣ ਵਾਲ਼ੀ। ਇਹ ਜਮਾਤੀ ਪਾੜਾ ਦਿਨੋ ਦਿਨ ਵੱਧ ਰਿਹਾ ਹੈ। ਇਹੋ ਜਿਹੇ ਸਮੇਂ ਵਿੱਚ ਲੁੱਟਣ ਵਾਲ਼ੀ ਜਮਾਤ ਲੋਕਾਂ ਨੂੰ ਧਰਮਾਂ, ਜਾਤਾਂ, ਭਾਸ਼ਾਵਾਂ, ਦੇਸ਼ਾਂ, ਰੰਗਾਂ, ਤੇ ਲਿੰਗਾਂ ਦੇ ਅਧਾਰ ‘ਤੇ ਵੰਡ ਕੇ ਆਪਣੀ ਸਥਾਪਤੀ ਕਾਇਮ ਰੱਖਣਾ ਚਾਹੁੰਦੀ ਹੈ। ਇਸ ਕਰਕੇ ਸਾਨੂੰ ਔਰਤਾਂ ਦੀਆਂ ਇਨ੍ਹਾਂ ਹਾਲਤਾਂ

ਦੀਆਂ ਜ਼ੁੰਮੇਵਾਰ ਪ੍ਰਸਥਿਤੀਆਂ ਜੋ ਭਾਵੇਂ ਰਾਜਨੀਤਕ, ਸਮਾਜਿਕ, ਧਾਰਮਿਕ, ਸਭਿਆਚਾਰਕ ਜਾਂ ਆਰਥਿਕ ਹੋਣ ਉਹਨਾਂ ਨੂੰ ਮੁੱਢ ਤੋਂ ਪੜਚੋਲਣਾ ਪਵੇਗਾ।

ਪ੍ਰਸ਼ਨ ਪੈਦਾ ਹੁੰਦਾ ਹੈ ਕਿ ਸਿਆਸਤ ਵਿੱਚ ਬੈਠੀ ਔਰਤ ਦੀ ਸਿਆਸੀ ਸੂਝ-ਬੂਝ ਮੁਤਾਬਕ ਉਸ ਦਾ ਸਮਾਜਿਕ ਗਿਆਨ, ਸਮਾਜਿਕ ਕਦਰਾਂ-ਕੀਮਤਾਂ ਤੇ ਸਮਾਜਿਕ ਚੇਤੰਨਤਾ ਕਿੱਥੇ ਖੜ੍ਹੀ ਹੈ। ਇਹ ਵੀ ਦੇਖਣਾ ਪਵੇਗਾ ਕਿ ਜਿਸ ਦੇਸ਼ ਜਾਂ ਪ੍ਰੋਵਿੰਨਸ਼ ਦੀ ਸੱਤਾ ਉਸ ਦੇ ਹੱਥ ਵਿੱਚ ਹੈ, ਉੱਥੋਂ ਦਾ ਸਾਹਿਤ, ਸੰਗੀਤ, ਗੀਤਕਾਰੀ, ਕਿੱਸੇ, ਫਿਲਮਾਂ, ਸੰਚਾਰ ਸਾਧਨ, ਲੋਕ ਤੱਥ, ਮੀਡੀਆ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਲਿੰਗਕ ਸ਼ੋਸ਼ਣ ਦੇ ਪੱਖ ਵਿੱਚ ਤਾਂ ਨਹੀਂ ਭੁਗਤ ਰਿਹਾ, ਅਗਰ ਇਹ ਹੋ ਰਿਹਾ ਹੈ ਤਾਂ ਇਹ ਲੀਡਰਸ਼ਿੱਪ ਦੀ ਕਮਜ਼ੋਰੀ ਹੈ ਉੱਥੇ ਔਰਤ ਦੀ ਬਰਾਬਰਤਾ ਬਾਰੇ ਸੋਚਣਾ ਹਾਸੋਹੀਣੀ ਗੱਲ ਹੈ। ਅਸਲ ਵਿੱਚ ਸੱਤ੍ਹਾ ਦੀ ਪ੍ਰਾਪਤੀ ਲਈ ਪੂੰਜੀਵਾਦੀ ਸਿਸਟਮ ਨੇ ਲੋਕਾਂ ਵਿੱਚ ਆਰਥਿਕ ਇਜਾਰੇਦਾਰੀ, ਧਾਰਮਿਕ ਫਿਰਕਾਪ੍ਰਸਤੀ, ਬੌਧਿਕ ਨਿਪੁੰਸਕਤਾ, ਸਮਾਜਿਕ ਵਿਤਕਰੇ ਤੇ ਸਭਿਆਚਾਰਕ ਅਜਾਰੇਦਾਰੀ ਫੈਲਾ ਕੇ ਲੋਕਾਂ ਵਿੱਚੋਂ ਪੁਰਾਣੇ ਸਿਸਟਮ ਰਾਜ, ਪਰਿਵਾਰ ਤੇ ਸਮਾਜ ਦੇ ਅਸੂਲਾਂ ਨੂੰ ਤੋੜ ਕੇ ਗੁੰਮਰਾਹੀ ਦੇ ਰਾਹ ਪਾ ਦਿੱਤਾ ਹੈ। ਹੁਣ ਅਜਿਹੇ ਸਿਸਟਮ ਨੂੰ ਤੋੜਨ ਦੀ ਲੋੜ ਹੈ ਅਤੇ ਸਮਾਜ ਵਿੱਚ ਸਮੂਹਕਤਾ ਤੇ ਸਮਾਨਤਾ ਦਾ ਵਾਤਾਵਰਣ ਸਬੰਧੀ ਚੇਤੰਨਤਾ ਪੈਦਾ ਕਰਨ ਦੀ ਲੋੜ ਹੈ।? ਔਰਤ ਨੂੰ ਸਿਆਸੀ ਸੂਝ ਹੋਣਾ ਬਹੁਤ ਜ਼ਰੂਰੀ ਹੈ। ਜਿੰਨਾ ਚਿਰ ਉਹ ਰਸੋਈ, ਫੈਸ਼ਨ ਜਾਂ ਗਿੱਧੇ ਭੰਗੜਿਆਂ ਵਿੱਚੋਂ ਨਿਕਲ਼ ਕੇ ਆਪਣੇ ਦੁਆਲ਼ੇ ਹੋ ਰਹੇ ਗ਼ਲਤ ਵਰਤਾਰਿਆਂ ਬਾਰੇ ਨਹੀਂ ਸੋਚਦੀ ਤਾਂ ਮਨੁੱਖਤਾ ਦੀ ਮੁਕਤੀ ਅਸੰਭਵ ਹੈ। ਹੁਣ 50% ਔਰਤਾਂ ਨੂੰ ਵੀ ਮਰਦਾਂ ਨਾਲ ਇਕੱਠੇ ਹੋ ਕੇ ਆਪਣੀ ਸਿਆਸੀ ਸੂਝ ਬੂਝ ਨਾਲ਼ ਜਥੇਬੰਦਕ ਹੋ ਕੇ ਉਹਨਾਂ ਦੇ ਜੀਵਨ ਵਿੱਚ ਆ ਰਹੀਆਂ ਮੁਸ਼ਕਲਾਂ ਬਾਰੇ ਸੋਚਣਾ, ਵਿਚਾਰਨਾ ਤੇ ਯੋਗ ਕਦਮ ਉਠਾਉਣੇ ਪੈਣਗੇ ਤੇ ਆੜੇ ਆ ਰਹੀਆਂ ਅੜਚਣਾਂ ਦਾ ਮੂੰਹ ਤੋੜ ਜਵਾਬ ਵੀ ਦੇਣਾ ਪਵੇਗਾ।

□□□

# ਜਿਨਸੀ ਰੁਝਾਨ ਤੇ ਲਿੰਗਕ ਸਿਖਿਆ ਦੇ ਸਵਾਲ ’ਤੇ ਲੋਕਾਂ ਦੇ ਪ੍ਰਤੀਕਰਮ ਵਜੋਂ

(ਸਕੂਲਾਂ ਵਿੱਚ ਸੋਜੀ 1 2 3 ਦੀ ਸਿੱਖਿਆ ਬਾਰੇ)

ਸੰਸਾਰ ਵਿੱਚ ਜਿੰਨੇ ਵੀ ਜੀਵ ਅਸੀਂ ਦੇਖਦੇ ਹਾਂ, ਉਹ ਨਰ ਤੇ ਮਾਦਾ ਦੇ ਰੂਪ ਵਿੱਚ ਹੀ ਹੁੰਦੇ ਹਨ ਤੇ ਕੁੱਝ ਕੁ ਦੀਆਂ ਕਿਸਮਾਂ ਵੱਖਰੀਆਂ ਹੋ ਸਕਦੀਆਂ ਹਨ। ਪ੍ਰਕਿਰਤੀ ਦਾ ਚੱਕਰ ਚਲਦਾ ਰਹਿੰਦਾ ਹੈ ਜਿੰਨੇ ਜੀਵ ਪੈਦਾ ਹੁੰਦੇ ਹਨ, ਉੱਨੇ ਕੁ ਨਾਲ਼ ਦੀ ਨਾਲ਼ ਮਰੀ ਵੀ ਜਾਂਦੇ ਹਨ। ਇਸ ਪ੍ਰਕਿਰਤੀ ਦੇ ਚੱਕਰ ਲਈ ਨਰ ਤੇ ਮਾਦਾ ਦਾ ਕਾਮਕ ਰੁਚੀਆਂ ਨਾਲ਼ ਮੇਲ ਹੀ ਹੈ ਜਿਸ ਨਾਲ਼ ਅੱਗੋਂ ਜੀਵਨ ਦੀ ਵਡੋਤਰੀ ਹੁੰਦੀ ਹੈ। ਕਾਮਕ ਰੁਚੀ ਬਹੁਗਿਣਤੀ ਵਿੱਚ ਨਰ ਤੇ ਮਾਦਾ ਦੀ ਹੀ ਹੁੰਦੀ ਹੈ ਪਰ ਕੁੱਝ ਕੁ ਲੋਕਾਂ ਦੀਆਂ ਭਾਵਨਾਵਾਂ ਵਿੱਚ ਕਿਸੇ ਕਾਰਣਾਂ ਕਰਕੇ ਉਹ ਵੱਖਰਾ ਮਹਿਸੂਸ ਕਰਦੇ ਹਨ ਅਤੇ ਉਹਨਾਂ ਦੇ ਵੱਖਰੇ ਸੁਭਾਅ ਤੋਂ ਉਹ ਸਮਾਜ ਵਿੱਚ ਵੱਖਰੇ ਨਜ਼ਰ ਆਉਣ ਲੱਗਦੇ ਹਨ, ਜਿਵੇਂ ਕਿ ਉਹਨਾਂ ਦਾ ਜਿਨਸੀ ਰੁਝਾਨ ਵੱਖਰਾ ਹੁੰਦਾ ਹੈ। ਜਿਉਂ ਜਿਉਂ ਸਾਇੰਸ ਨੇ ਤਰੱਕੀ ਕੀਤੀ ਹੈ ਤਾਂ ਇਹਨਾਂ ਦੀ ਪਛਾਣ ਨਵੇਂ ਨਾਵਾਂ ਨਾਲ਼ ਸਾਡੇ ਸਾਹਮਣੇ ਆਉਂਦੀ ਹੈ ਜਿਵੇਂ ਲੈਸਬੀਅਨ, ਗੇਅ, ਸਟਰੇਟ, ਬਾਈਸੈਕਸੂਅਲ, ਟਰਾਂਸਜੈਂਡਰ, ਕਿਊਈਰ, ਟੂ ਸਪਿਰਟ, ਸਿਸਜੈਂਡਰ ਆਦਿ ਜਾਂ ਕਿਸੇ ਹੋਰਨਾਂ ਨਾਲ਼ ਵੀ ਕੀਤੀ ਜਾ ਸਕਦੀ ਹੈ।

ਅੱਜ ਅਸੀਂ ਦੇਖਦੇ ਹਾਂ ਕਿ ਦੁਨੀਆਂ ਭਰ ਦੇ ਸਾਰੇ ਦੇਸ਼ਾਂ ਵਿੱਚ ਇਸ ਬਾਰੇ ਜ਼ਿਆਦਾ ਕਿਉਂ ਗੱਲ ਹੋ ਰਹੀ ਹੈ? ਇਸ ਦਾ ਕਾਰਣ ਸਮਾਜ ਦਾ ਮਨੁੱਖਾਂ ਬਾਰੇ ਨਵੇਂ ਤੱਥਾਂ ਨੂੰ ਜਾਨਣਾ ਤੇ ਮਨੁੱਖਤਾਵਾਦੀ ਬਿਰਤੀ ਦਾ ਉਜਾਗਰ ਹੋਣਾ ਹੈ। ਬੇਸ਼ੱਕ ਅਸੀਂ ਸਮਾਜ ਵਿੱਚ ਬਹੁਤ ਸਾਰੀਆਂ ਕੁਰੀਤੀਆਂ ਦੇਖ ਵੀ ਰਹੇ ਹਾਂ ਕਿ ਧਰਮਾਂ, ਜਾਤਾਂ, ਰੰਗਾਂ, ਨਸਲਾਂ ਦੇ ਅਧਾਰ ‘ਤੇ ਲੜਾਈਆਂ ਹੁੰਦੀਆਂ ਹਨ। ਪਰ ਫਿਰ ਵੀ ਬਹੁ ਗਿਣਤੀ ਲੋਕ ਅਜੇ ਵੀ ਮਨੁੱਖਤਾ ਨੂੰ ਪਿਆਰ ਕਰਦੇ ਹਨ ਤੇ ਆਪਸ ਵਿੱਚ ਭਾਈਚਾਰੇ ਦੇ ਤੌਰ ‘ਤੇ ਵਿਚਰ ਰਹੇ ਹਨ। ਜਿਵੇਂ ਹੁਣ ਲੋਕਾਂ ਵਿੱਚ ਨਾਸਤਿਕ ਲੋਕਾਂ ਦੀ ਗਿਣਤੀ ਵਧ ਰਹੀ ਹੈ ਤੇ ਮਨੁੱਖਤਾਵਾਦੀ ਸੋਚ ਵਧ ਰਹੀ ਹੈ। ਲੋਕ ਜਾਤਾਂ-ਪਾਤਾਂ ਨੂੰ ਤਿਲਾਂਜ਼ਲੀ ਦੇ ਰਹੇ ਹਨ। ਰੰਗਾਂ, ਖ਼ਿੱਤਿਆਂ ਨੂੰ ਨਿਕਾਰ ਕੇ ਮਨੁੱਖ ਦੀ ਕਾਬਲੀਅਤ ਨੂੰ ਦੇਖਿਆ ਜਾਂਦਾ ਹੈ। ਇਹ ਆਮ ਲੋਕਾਂ ਦਾ ਵਰਤਾਰਾ ਹੈ ਇਸ ਦੇ ਉਲਟ ਬੇਸ਼ੱਕ ਰਾਜ ਕਰਦੀਆਂ ਤਾਕਤਾਂ ਲੋਕਾਂ ਨੂੰ ਇਹਨਾਂ ਗੱਲਾਂ ਵਿੱਚ ਵੰਡ ਕੇ

ਆਪਣੀਆਂ ਰੋਟੀਆਂ ਸੇਕਦੇ ਹਨ। ਜਿਉਂ ਜਿਉਂ ਲੋਕਾਂ ਸਾਹਮਣੇ ਉਹਨਾਂ ਦੇ ਪਰਦੇ ਫਾਸ਼ ਹੁੰਦੇ ਹਨ ਤਾਂ ਲੋਕਾਂ ਨੂੰ ਸਮਝ ਆਉਣੀ ਸ਼ੁਰੂ ਹੋ ਜਾਂਦੀ ਹੈ। ਮੇਰਾ ਇਹ ਲੇਖ ਲਿਖਣ ਦਾ ਮਤਲਬ ਕਿ ਇਸ ਕਿਊਈਰ ਕਮਿਊਨਿਟੀ ਬਾਰੇ ਜਿਹਨਾਂ ਨੂੰ ਹਾਸ਼ੀਏ ‘ਤੇ ਧੱਕਿਆ ਜਾਂਦਾ ਹੈ, ਉਹਨਾਂ ਦੇ ਸਰਕਾਰੀ ਅੰਕੜੇ ਦੇਖ ਕੇ ਜਿਹਨਾਂ ਵਿੱਚ ਉਹਨਾਂ ਦੀਆਂ ਹਾਲਤਾਂ ਬਦ ਤੋਂ ਬਦਤਰ ਹੋ ਰਹੀਆਂ ਹਨ, ਦੀ ਜਾਣਕਾਰੀ ਨੂੰ ਸਭ ਤੱਕ ਪਹੁੰਚਾਉਣ ਦੀ ਲੋੜ ਹੈ।

ਬੇਸ਼ੱਕ ਇਸ ਕੈਟਾਗਰੀ ਦੇ ਮਨੁੱਖ ਸਦੀਆਂ ਤੋਂ ਹੀ ਇਸ ਸਮਾਜ ਵਿੱਚ ਵਿਚਰ ਰਹੇ ਹਨ ਪਰ ਉਹਨਾਂ ਨੂੰ ਜ਼ਿੰਦਗੀ ਦੇ ਸਾਰੇ ਸੁੱਖਾਂ ਤੋਂ ਵਾਂਝਿਆ ਰੱਖਿਆ ਜਾਂਦਾ ਰਿਹਾ ਹੈ। ਉਹਨਾਂ ਦੇ ਵਿੱਚ ਭਿੰਨਤਾ ਹੋਣ ਕਰਕੇ ਬਚਪਨ ਤੋਂ ਹੀ ਉਹਨਾਂ ਦੀ ਦਿੱਖ, ਸੁਭਾਅ ਤੇ ਬੋਲੀ ‘ਤੇ ਅਵਾਜ਼ੇ ਕੱਸਣਾ ਤੇ ਨਫ਼ਰਤ ਕਰਨਾ, ਸਾਧਾਰਣ ਜਿਹੀ ਗੱਲ ਰਹੀ ਹੈ। ਇਸ ਕਰਕੇ ਹੀ ਉਹ ਬੱਚੇ ਸ਼ਰਾਰਤੀ, ਜ਼ਿੱਦੀ, ਬਦਲਾ ਲਊ ਭਾਵਨਾ ਰੱਖਣ ਵਾਲ਼ੇ, ਉਦਾਸੀ ਜਾਂ ਡਿਪਰੈਸ਼ਨ ਦੇ ਰੋਗੀ ਬਣ ਜਾਂਦੇ ਹਨ। ਦੂਸਰੇ ਬੱਚੇ ਉਹਨਾਂ ਨੂੰ ਆਪਣੇ ਵਿੱਚ ਰਲ਼ਾਉਂਦੇ ਨਹੀਂ। ਇਸ ਕਰਕੇ ਉਹ ਇਕੱਲੇ ਮਹਿਸੂਸ ਕਰਦੇ ਹਨ। ਇਸ ਨਜ਼ਰਅੰਦਾਜ਼ੀ ਦੀ ਵਜ੍ਹਾ ਕਰਕੇ ਅਸੀਂ ਕੈਨੇਡਾ ਦੇ ਅੰਕੜਿਆਂ ਨੂੰ ਦੇਖਣਾ ਚਾਹਾਂਗੇ। ਸਰਕਾਰੀ ਅੰਕੜੇ ਦੱਸਦੇ ਹਨ ਕਿ ਇਹਨਾਂ ਘੱਟ ਗਿਣਤੀ ਲੋਕਾਂ ਵਿੱਚੋਂ ਇਸ ਜ਼ਲਾਲਤ ਭਰੀ ਜ਼ਿੰਦਗੀ ਤੋਂ ਛੁਟਕਾਰਾ ਪਾਉਣ ਲਈ ਕਿੰਨਿਆਂ ਨੇ ਮਰਨ ਨੂੰ ਅਹਿਮੀਅਤ ਦਿੱਤੀ ਤੇ ਕਿੰਨਿਆਂ ਨੇ ਮਰਨ ਦੀ ਕੋਸ਼ਿਸ਼ ਕੀਤੀ।

| | Considered Suicide | Attempted Suicide |
|---|---|---|
| • Gay | 35% | 11% |
| • Lesbian | 46% | 13% |
| • Bisexual | 43% | 13% |
| • Pansexual | 53% | 21% |
| • Queer | 48% | 14% |
| • Questioning | 48% | 17% |
| • Asexual | 39% | 11% |

(Suicide Pervention Resource Centre-(2008)

2017 ਦੇ ਅੰਕੜੇ ਦੱਸਦੇ ਹਨ ਕਿ ਇਸ ਕੈਟਾਗਰੀ ਦੀ ਕੈਨੇਡੀਅਨ ਬਾਲਗਾਂ ਦੀ ਜਨਸੰਖਿਆ 3% ਸੀ। ਇਹ ਵੀ ਦੱਸਿਆ ਗਿਆ ਕਿ ਪਹਿਲਾਂ ਨਾਲ਼ੋਂ ਇਹਨਾਂ ਦਾ ਮਰਨ ਨੂੰ ਅਹਿਮੀਅਤ ਦੇਣਾ 5 ਗੁਣਾ ਵਧਿਆ ਹੈ ਤੇ ਮਰਨ ਦੀ ਕੋਸ਼ਿਸ਼

ਕਰਨਾ 7 ਗੁਣਾ ਵਧਿਆ ਹੈ। ਆਮ ਜਨਤਾ ਦੇ ਮੁਕਾਬਲੇ ਟਰਾਂਸਜੈਂਡਰ ਜਾਂ ਜਿਨ੍ਹਾਂ ਦੀ ਕੋਈ ਲਿੰਗਕ ਪਛਾਣ ਨਹੀਂ ਹੈ। ਕੈਨੇਡਾ ਵਿੱਚ ਇਹ 7 ਗੁਣਾ ਜ਼ਿਆਦਾ ਭੈੜੀਆਂ ਡਰੱਗਾਂ ਵਿੱਚ ਗ੍ਰੱਸੇ ਜਾ ਰਹੇ ਹਨ। ਇਹਨਾਂ ਨੂੰ 5 ਗੁਣਾ ਜ਼ਿਆਦਾ ਮਾਨਸਿਕ ਬਿਮਾਰੀਆਂ ਹੋ ਰਹੀਆਂ ਹਨ। 25% ਤੋਂ 40% ਨੌਜਵਾਨ ਬੇਘਰੇ ਬਣ ਰਹੇ ਹਨ ਜਦ ਕਿ ਆਮ ਕੈਨੇਡੀਅਨ ਨੌਜਵਾਨਾਂ ਦਾ ਬੇਘਰੇ ਹੋਣ ਦਾ ਪ੍ਰਤੀਸ਼ਤ ਰੇਟ 5% ਤੋਂ 10% ਹੈ। ਇਹਨਾਂ ਬੱਚਿਆਂ ਨੂੰ ਬਹੁਤੀ ਵਾਰੀ ਘਰੋਂ ਵੀ ਪਿਆਰ ਨਹੀਂ ਮਿਲਦਾ। ਜਾਂ ਮਾਪੇ ਆਪ ਸ਼ਰਮ ਦੇ ਮਾਰੇ ਉਹਨਾਂ ਨੂੰ ਘਰੋਂ ਕੱਢ ਦਿੰਦੇ ਹਨ ਤੇ ਉਹ ਸੜਕਾਂ ਤੇ ਰੁਲ਼ਦੇ ਹਨ। ਉਹਨਾਂ ਦੇ ਰੇਪ ਕੇਸ ਵਧਦੇ ਹਨ। ਇੱਕ ਹੋਰ ਕੈਨੇਡੀਅਨ ਸਟੱਡੀ ਦੱਸਦੀ ਹੈ ਕਿ ਸਕੂਲਾਂ ਵਿੱਚ ਲ਼ਘਭਠਥ+ ਬੱਚਿਆਂ ਨੇ 64% ਨੇ ਦੱਸਿਆ ਕਿ ਉਹ ਸਕੂਲ ਵਿੱਚ ਸੁਰਖਿੱਅਤ ਨਹੀਂ ਹਨ। 74% ਟਰਾਂਸ ਵਿਦਿਆਰਥੀ ਤੇ 55% ਸੈਕਸੂਅਲ ਘੱਟਗਿਣਤੀ ਨੇ ਰਿਪੋਰਟ ਕੀਤਾ ਕਿ ਸਾਨੂੰ ਸਾਡੀ ਜੈਂਡਰ ਪਛਾਣ ਕਰਕੇ ਘਟੀਆ ਸ਼ਬਦਾਵਲੀ ਨਾਲ ਤੰਗ ਕੀਤਾ ਜਾਂਦਾ ਹੈ।

ਸੈਕਸੂਅਲ ਹਰਾਸਮੈਂਟ ਦੇ ਹੋਰ ਅੰਕੜੇ ਕਹਿੰਦੇ ਹਨ ਕਿ ਸਕੂਲਾਂ ਵਿੱਚ ਇਹ ਤੁਜ਼ਰਬੇ ਹੋਏ ਹਨ ਕਿ ਟਰਾਂਸ ਵਿਦਿਆਰਥੀਆਂ ਨੂੰ 49% ਨੂੰ ਤੰਗ ਕੀਤਾ ਗਿਆ। 45% ਵਿਦਿਆਰਥੀ ਉਹਨਾਂ ਨੂੰ ਤੰਗ ਕੀਤਾ ਗਿਆ, ਜਿਨ੍ਹਾਂ ਦੇ ਮਾਪੇ ਲ਼ਘਭਠਥ+ ਹਨ। 43% ਵਿਦਿਆਰਥੀ ਕੁੜੀਆਂ ਜੋ ਭਸਿਏਣੁਓਲ ਤੇ 42% ਮੁੰਡੇ ਜੋ ਮੁੰਡੇ ਭਸਿਏਣੁਓਲ ਹਨ। 40% ਗੇਅ ਤੇ 33% ਲਿਸਬੀਅਨ ਵਿਦਿਆਰਥੀਆਂ ਨੂੰ ਤੰਗ ਕੀਤਾ ਗਿਆ।

ਇਹਨਾਂ ਸਾਰੇ ਅੰਕੜਿਆਂ ਤੋਂ ਅੰਦਾਜ਼ਾ ਲਾਉਣਾ ਸੌਖਾ ਹੈ ਕਿ ਇਸ ਕੋਹੜ ਨੂੰ ਦੂਰ ਕਰਨ ਲਈ ਉਪਰਾਲੇ ਕੀਤੇ ਜਾਣ। ਸਾਡਾ ਸਮਾਜ ਦਿਨੋਂ ਦਿਨ ਬਦਲ ਰਿਹਾ ਹੈ। ਬਹੁਤ ਸਾਰੀਆਂ ਗੱਲਾਂ ਜਿਹਨਾਂ ਨੂੰ ਅਸੀਂ ਹੋਊ-ਪਰੇ ਕਰਦੇ ਆਏ ਹਾਂ, ਪਰ ਉਹਨਾਂ ਦਾ ਗਿਆਨ ਹੋਣਾ ਜ਼ਰੂਰੀ ਸੀ। ਹੁਣ ਉਹਨਾਂ ਵੱਲ ਧਿਆਨ ਦੇਣ ਦੀ ਲੋੜ ਹੈ ਤਾਂ ਕਿ ਸਾਰੇ ਲੋਕ ਪ੍ਰੇਮ-ਭਾਵਨਾ ਨਾਲ਼ ਰਹਿ ਸਕਣ। ਸਕੂਲਾਂ ਵਿੱਚ ਇਸ ਪੜ੍ਹਾਈ ਦਾ ਛੋਟੀ ਉਮਰ ਵਿੱਚ ਹੋਣਾ ਹੋਰ ਵੀ ਜ਼ਰੂਰੀ ਹੈ ਕਿਉਂਕਿ ਛੋਟੇ ਬੱਚੇ ਹੀ ਇਸ ਹਿੰਸਾ ਦਾ ਸ਼ਿਕਾਰ ਬਣਦੇ ਹਨ। ਜੇ ਉਹ ਆਪਣੇ ਦੋਸਤਾਂ ਤੋਂ ਤੰਗ ਹੁੰਦੇ ਹਨ ਜਾਂ ਕਰਦੇ ਹਨ। ਜੇ ਉਹਨਾਂ ਨੂੰ ਇਸ ਬਾਰੇ ਪਤਾ ਹੋਵੇਗਾ ਤਾਂ ਉਹ ਇੱਕ ਦੂਜੇ ਨੂੰ ਨਫ਼ਰਤ ਨਹੀਂ ਕਰਨਗੇ। ਸਾਇੰਸ ਦੇ ਸਰਵੇਖਣ ਦੱਸਦੇ ਹਨ ਕਿ ਪਹਿਲੇ 10 ਸਾਲਾਂ ਵਿੱਚ ਬੱਚੇ ਜੋ ਕੁੱਝ ਸਿੱਖਦੇ ਹਨ, ਉਹ ਉਹਨਾਂ ‘ਤੇ ਡੂੰਘਾ ਅਸਰ ਕਰਦਾ ਹੈ। ਦੂਸਰਾ ਉਹਨਾਂ ਦੀ ਸਰੀਰਕ ਤਬਦੀਲੀ ਵੀ ਉਦੋਂ ਹੀ ਹੋ ਰਹੀ ਹੁੰਦੀ ਹੈ। ਪਿਛਲੇ ਦਿਨੀਂ ਇਹ ਸਵਾਲ ਉੱਠਿਆ ਸੀ ਕਿ ਉਹਨਾਂ ਬੱਚਿਆਂ ਨੂੰ ਹੀ ਇਹ ਜਾਣਕਾਰੀ ਦਿੱਤੀ ਜਾਵੇ ਦੂਸਰਿਆਂ ਨੂੰ ਨਹੀਂ। ਇਹ ਵੀ ਇੱਕ ਹਾਸੋ ਹੀਣੀ ਗੱਲ ਹੈ ਜਿਨ੍ਹਾਂ ਦੀ

ਬੇਕਦਰੀ ਹੁੰਦੀ ਹੈ ਜੋ ਇਸ ਹਿੰਸਾ ਦਾ ਸ਼ਿਕਾਰ ਬਣਦੇ ਹਨ। ਉਹਨਾਂ ਨੂੰ ਹੀ ਦੱਸਣ ਦੀ ਲੋੜ ਨਹੀਂ ਸਗੋਂ ਜੋ ਹਿੰਸਾ ਦਾ ਸ਼ਿਕਾਰ ਬਣਾਉਂਦੇ ਹਨ ਉਹਨਾਂ ਨੂੰ ਜਾਣਕਾਰੀ ਲਾਜ਼ਮੀ ਹੋਣੀ ਚਾਹੀਦੀ ਹੈ ਤਾਂ ਹੀ ਸਮਾਜ ਵਿੱਚ ਬਰਾਬਰਤਾ ਹੋ ਸਕਦੀ ਹੈ। ਇਹ ਤਾਂ ਇਹੀ ਗੱਲ ਹੋਈ ਕਿ ਔਰਤਾਂ ਨਾਲ਼ ਬਲਾਤਕਾਰ ਆਦਮੀ ਕਰਦੇ ਹਨ। ਕਿਹਾ ਜਾਂਦਾ ਹੈ ਕਿ ਔਰਤ ਨੂੰ ਬਾਹਰ ਨਹੀਂ ਜਾਣਾ ਚਾਹੀਦਾ ਸੀ? ਇਹੋ ਜਿਹੇ ਕੱਪੜੇ ਨਹੀਂ ਪਾਉਣੇ ਚਾਹੀਦੇ ਸੀ? ਉਹ ਉੱਥੇ ਕਰਨ ਕੀ ਗਈ ਸੀ? ਉਸ ਨੇ ਬੰਦੇ ਨੂੰ ਉਕਸਾਇਆ ਹੋਵੇਗਾ? ਆਦਿ ਅਨੇਕਾਂ ਤਰ੍ਹਾਂ ਦੇ ਸਵਾਲ। ਕੀ ਸਮਾਜ ਨੂੰ ਉਸ ਟੀਰੀ ਅੱਖ ਵੱਲ ਸੇਧਤ ਨਹੀਂ ਹੋਣਾ ਚਾਹੀਦਾ ਜੋ ਅਜਿਹੇ ਕਾਰਨਾਮਿਆਂ ਨੂੰ ਅੰਜ਼ਾਮ ਦਿੰਦੇ ਹਨ ਤੇ ਇਸ ਸਮਾਜ ਨੂੰ ਗੰਧਲਾ ਕਰਦੇ ਹਨ। ਇੱਥੇ ਵੀ ਇਸੇ ਤਰ੍ਹਾਂ ਜਿਹੜੇ ਬੱਚੇ ਘੱਟ ਗਿਣਤੀਆਂ ਨੂੰ ਹਰਾਸ ਕਰਦੇ ਹਨ ਉਹਨਾਂ ਨੂੰ ਬਚਪਨ ਤੋਂ ਹੀ ਪੜ੍ਹਾਉਣ ਦੀ ਲੋੜ ਹੈ।

ਅਗਲੀ ਗੱਲ ਅਧਿਆਪਕ ਦਾ ਅਹੁਦਾ ਵੱਡੀ ਜ਼ਿੰਮੇਵਾਰੀ ਦਾ ਅਹੁਦਾ ਹੁੰਦਾ ਹੈ। ਮੇਰੇ ਤਜ਼ਰਬੇ ਵਿੱਚ ਸਾਰੇ ਬੱਚੇ ਟੀਚਰਾਂ ਨੂੰ ਪਿਆਰ ਕਰਦੇ ਹਨ। ਉਹਨਾਂ ‘ਤੇ ਸ਼ੱਕ ਕਰਨਾ ਗਲਤ ਹੋਵੇਗਾ ਕਿ ਉਹ ਸਰਕਾਰੀ ਨੌਕਰ ਹਨ ਤਾਂ ਉਹਨਾਂ ਦੀ ਬੋਲੀ ਬੋਲਦੇ ਹਨ। ਜੇ ਦੂਜੇ ਪਾਸੇ ਸੋਚੀਏ ਉਹ ਆਪ ਵੀ ਮਾਪੇ ਹਨ। ਉਂਜ ਵੀ ਸਕੂਲਾਂ ਵਿੱਚ ਸਿਲੇਬਸ ਲਾਉਣਾ ਇੱਕ ਦਿਨ ਦਾ ਕੰਮ ਨਹੀਂ। ਇਹ ਤਾਂ ਸਾਲਾਂ ਬੱਧੀ ਇਸ ‘ਤੇ ਰੀਸਰਚ ਹੁੰਦੀ ਰਹਿੰਦੀ ਤਾਂ ਕਿਤੇ ਜਾ ਕੇ ਸਿਲੇਬਸ ਲਾਏ ਜਾਂਦੇ ਹਨ। ਟੀਚਰ ਬੱਚਿਆਂ ਨੂੰ ਕਿਸੇ ਪੋਜੇਟਿਵ ਅਤੇ ਪ੍ਰੋਫੈਸ਼ਨਲ ਤਰੀਕੇ ਨਾਲ ਹੀ ਪੜ੍ਹਾਉਣਗੇ ਪਰ ਦੂਜੇ ਪਾਸੇ ਸਾਡੇ 4-4, 5-5 ਸਾਲ ਦੇ ਬੱਚਿਆਂ ਦੇ ਹੱਥਾਂ ਵਿੱਚ ਫ਼ੋਨ ਹਨ, ਉਸ ਤੋਂ ਉਹ ਕੀ ਨਹੀਂ ਦੇਖ ਸਕਦੇ? ਜੇ ਚੌਥੀ ਪੰਜਵੀਂ ਕਲਾਸ ਦਾ ਬੱਚਾ ਕੰਪਿਊਟਰ ‘ਤੇ ਹੋਮਵਰਕ ਕਰਦਾ ਹੈ, ਉਸ ਨੂੰ ਉੱਥੋਂ ਸਭ ਜਾਣਕਾਰੀ ਮਿਲਦੀ ਹੈ। ਉਥੋਂ ਬੱਚਿਆਂ ਲਈ ਗ਼ਲਤ  ਜਾਣਕਾਰੀ ਦੇ ਅਸਾਰ ਜ਼ਿਆਦਾ ਹਨ। ਸਾਈਬਰ ਕਰਾਈਮ ਦੀਆਂ ਰਿਪੋਰਟਾਂ ਕਿੰਨੀਆਂ ਵਧ ਰਹੀਆਂ ਹਨ ਤੇ ਬੱਚੇ ਮਰ ਰਹੇ ਹਨ ਇਸ ਦਾ ਕਾਰਣ ਵੀ ਇਹੀ ਹੈ ਕਿ ਬੱਚਿਆਂ ਤਕ ਇਹ ਦੀ ਜਾਣਕਾਰੀ ਨਹੀਂ ਹੁੰਦੀ।

ਸਮਾਜ ਵਿੱਚ ਇਹ ਅਵਾਜ਼ਾਂ ਵੀ ਉੱਠ ਰਹੀਆਂ ਹਨ ਕਿ ਲ਼ਘਭਠਥ+ ਬੱਚੇ ਪੈਦਾ ਜ਼ਿਆਦਾ ਹੋ ਰਹੇ ਹਨ। ਕੀ LGBTQ+ ਪੈਦਾ ਹੋਣਾ ਕਿਸੇ ਦੇ ਵਸ ਹੈ ? ਇਸ ਦੇ ਕਾਰਨ ਕੀ ਹਨ? ਇਹ ਦੇਖਣਾ ਪਵੇਗਾ। ਕੀ ਉਹ ਅਜਿਹੀਆਂ ਹਾਲਤਾਂ ਵਿੱਚ ਆਪ ਪੈਦਾ ਹੋਣਾ ਚਾਹੁੰਦੇ ਹਨ, ਜਿੱਥੇ ਉਹਨਾਂ ਨੂੰ ਦੁਰਕਾਰਿਆ ਜਾਂਦਾ ਹੈ। ਜਿੱਥੇ ਸਮਾਜ ਜਾਂ ਮਾਪੇ ਉਹਨਾਂ ਨੂੰ ਗਲ਼ ਲਾਉਣ ਲਈ ਤਿਆਰ ਨਹੀਂ ਹਨ। ਇਸ ਦੇ ਕਾਰਣ ਹੋਰ ਹਨ ਜਿਵੇਂ ਹਰ ਚੀਜ਼ ਰਸਾਇਣਾਂ ਨਾਲ ਭਰੀ ਪਈ ਹੈ ਸਾਡੇ ਖਾਣੇ ਜੋ ਦੋ ਚਾਰ ਦਿਨਾਂ ਵਿੱਚ ਬੂਟੇ ਉਗਾ ਕੇ ਸਬਜ਼ੀਆਂ ਪੈਦਾ ਕੀਤੀਆਂ ਜਾ ਰਹੀਆਂ

ਹਨ। ਇਵੇਂ ਅਨਾਜ, ਫਲ਼ ਵੱਧ ਝਾੜ ਲਈ ਕਿੰਨੀਆਂ ਹੀ ਸਪਰੇਆਂ ਆਦਿ ਕੀਤੀਆਂ ਜਾਂਦੀਆਂ ਹਨ। ਮੁਰਗੀਆਂ ਕੁੱਝ ਦਿਨਾਂ 'ਚ ਆਂਡੇ ਦੇਣ ਲੱਗ ਜਾਂਦੀਆਂ ਹਨ। ਬਾਹਰਲਾ ਵਾਤਾਵਰਣ ਕਿੱਧਰ ਜਾ ਰਿਹਾ ਹੈ। ਇਹਨਾਂ ਰਸਾਇਣਾਂ ਦੇ ਸਰੀਰਕ ਤੇ ਮਾਨਸਿਕ ਪ੍ਰਭਾਵ ਪੈਣੇ ਲਾਜ਼ਮੀ ਹਨ। ਪਹਿਲੇ ਸਮਿਆਂ ਵਿੱਚ ਵਿਆਹ ਵੇਲ਼ੇ 4-5 ਗੋਤ ਦੇਖਦੇ ਸਨ ਕਿ ਸਾਡੀ ਉਨ੍ਹਾਂ ਨਾਲ਼ ਜੀਨਜ਼ ਦੀ ਅੰਗਲੀ ਸੰਗਲੀ ਨਾ ਹੋਵੇ। ਹੁਣ ਪਿੰਡਾਂ ਵਿੱਚ ਆਂਢੀਆਂ ਗੁਆਂਢੀਆਂ ਦੇ ਵਿਆਹ ਹੋ ਰਹੇ ਹਨ। ਮੁਸਲਿਮ ਕਮਿਊਨਿਟੀ ਵਿੱਚ ਤਾਂ ਤਾਏ ਚਾਚਿਆਂ ਵਿੱਚ ਹੀ ਵਿਆਹ ਕਰਦੇ ਹਨ। ਇਸ ਨੂੰ ਇਸ ਸਾਰੇ ਕਾਸੇ ਦਾ ਕਾਰਣ ਮੰਨਿਆ ਜਾਣਾ ਚਾਹੀਦਾ ਹੈ। ਕੋਈ ਵਿਅਕਤੀ ਵੀ ਨਹੀਂ ਚਾਹੁੰਦਾ ਕਿ ਉਹ ਆਪਣੇ ਆਪ ਵਿੱਚ ਕਿਸੇ ਪੱਖੋਂ ਅਧੂਰਾ ਜਾਂ ਵੱਖਰਾ ਦਿਸੇ, ਜਿੱਥੇ ਉਹ ਨੂੰ ਜ਼ਲਾਲਤ ਸਹਿਣੀ ਪਵੇ।।

ਕਈ ਲੋਕਾਂ ਦਾ ਖ਼ਿਆਲ ਹੈ ਕਿ ਕਾਰਪੋਰੇਸ਼ਨਾਂ ਦਾ ਅਜੰਡਾ ਹੈ ਕਿ ਲੋਕ ਘੱਟ ਪੈਦਾ ਹੋਣ। ਮੰਨਿਆ ਜਾ ਸਕਦਾ ਹੈ ਕਿ ਕਾਰਪੋਰੇਸ਼ਨਾਂ ਸਾਡੇ ਮਨਾਂ, ਘਰਾਂ ਤੇ ਸਾਡੀ ਜ਼ਿੰਦਗੀ ਵਿੱਚ ਹਰ ਪਾਸਿਓਂ ਘੁਸ-ਪੈਠ ਕਰ ਰਹੀਆਂ ਹਨ। ਇਸ ਦਾ ਹੀ ਕਾਰਣ ਹੈ ਕਿ ਸਾਡੇ ਆਰਥਿਕ ਹਾਲਾਤ ਦਿਨੋਂ ਦਿਨ ਥੱਲੇ ਜਾ ਰਹੇ ਹਨ। ਅਮੀਰੀ ਗਰੀਬੀ ਦਾ ਪਾੜਾ ਵੱਧਦਾ ਜਾ ਰਿਹਾ ਹੈ। ਖ਼ਰਚਿਆਂ ਦੀ ਵਜ੍ਹਾ ਕਰਕੇ ਬੱਚੇ ਵਿਆਹ ਨਹੀਂ ਕਰਵਾ ਰਹੇ। ਜੋ ਵਿਆਹ ਕਰਵਾ ਰਹੇ ਹਨ ਉਹ ਬੱਚੇ ਪੈਦਾ ਨਹੀਂ ਕਰ ਰਹੇ ਕਿਉਂਕਿ ਪ੍ਰਵਰਿਸ਼ ਕਰਨੀ ਮੁਸ਼ਕਲ ਹੋ ਰਹੀ ਹੈ। ਸਮਾਜਿਕ ਕਦਰਾਂ ਕੀਮਤਾਂ ਵਿੱਚ ਵੀ ਗਿਰਾਵਟ ਆ ਰਹੀ ਹੈ। ਜੋ ਸਰਜਰੀਆਂ ਜਾਂ ਅਸ਼ਲੀਲ ਕਿਤਾਬਾਂ ਬਾਰੇ ਗੱਲ ਚਲਦੀ ਹੈ ਉਹ ਕੈਨੇਡੀਅਨ ਕਾਨੂੰਨ ਦੇ ਮੁਤਾਬਕ ਸੌਖਾ ਕੰਮ ਨਹੀਂ ਹੈ ਕਿ ਇਹ ਸਕੂਲਾਂ ਵਿੱਚ ਹੋਵੇ। ਜਦਕਿ ਪਿਛਲੇ ਸਮੇਂ ਵਿੱਚ ਇਹਨਾਂ ਘਟੀਆ ਹਰਕਤਾਂ ਕਰਨ ਵਾਲ਼ਿਆਂ ਨੂੰ ਸਖ਼ਤ ਸਜ਼ਾਵਾਂ ਦਾ ਸਾਹਮਣਾ ਕਰਨਾ ਪਿਆ ਹੈ। ਕੁੱਝ ਲੋਕਾਂ ਦਾ ਸਵਾਲ ਹੈ ਕਿ ਸਕੂਲਾਂ ਦੇ ਸਿਲੇਬਸ ਮਾਪਿਆਂ ਨੂੰ ਪੁੱਛ ਕੇ ਬਣਾਏ ਜਾਣ ਕਿ ਉਹ ਆਪਣੇ ਬੱਚਿਆਂ ਨੂੰ ਕੀ ਪੜ੍ਹਾਉਣਾ ਚਾਹੁੰਦੇ ਹਨ ? ਬਹੁ-ਸਭਿਆਚਾਰੀ ਦੇਸ਼ ਵਿੱਚ ਇਕੱਲੇ ਇਕੱਲੇ ਮਾਪੇ ਦੀ ਦਖਲ ਅੰਦਾਜ਼ੀ ਸਕੂਲਾਂ ਵਿੱਚ ਸਿੱਖਿਆ ਦਾ ਮਿਆਰ ਥੱਲੇ ਲੈ ਕੇ ਜਾਵੇਗੀ। ਅਧਿਆਪਕਾਂ ਦੀਆਂ ਪ੍ਰਾਪਤ ਕੀਤੀਆਂ ਡਿਗਰੀਆਂ ਦਾ ਕੋਈ ਮਤਲਬ ਨਹੀਂ ਹੋਵੇਗਾ। ਲੋਕ ਵੱਖਰੇ-ਵੱਖਰੇ ਆਪਣੇ ਆਪਣੇ ਧਰਮਾਂ ਨੂੰ ਤਰਜ਼ੀਹ ਦੇਣਗੇ ਤੇ ਆਪਣੇ ਵੱਲ ਨੂੰ ਖਿੱਚਣਗੇ। ਇਸ ਨਾਲ਼ ਬੱਚਿਆਂ ਦੇ ਬਚਪਨ ਵਿੱਚ ਹੀ ਆਪਸੀ ਵੰਡੀਆਂ ਪਾਉਣ ਦੀ ਗੱਲ ਹੋਵੇਗੀ। ਅਸੀਂ ਸਰਕਾਰਾਂ ਚੁਣਦੇ ਹਾਂ ਇਸ ਕਰਕੇ ਉਹਨਾਂ ਦੀ ਹੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ। ਪੜ੍ਹਾਈ ਹਮੇਸ਼ਾਂ ਸੁਤੰਤਰ ਰੂਪ ਵਿੱਚ ਮਿਲਣੀ ਚਾਹੀਦੀ ਹੈ ਤਾਂਕਿ ਬੱਚੇ ਆਪਣੀ ਜ਼ਿੰਦਗੀ ਦੇ ਫੈਸਲੇ ਨਿਰਪੱਖ ਹੋ ਕੇ ਲੈ ਸਕਣ। ਮੈਂ ਪੁਰਜ਼ੋਰ ਇਸ ਗੱਲ 'ਤੇ ਜ਼ੋਰ ਦਿੰਦੀ ਹਾਂ ਕਿ ਦਸਵੀਂ

ਕਲਾਸ ਤੱਕ ਬੱਚਿਆਂ ਨੂੰ ਧਰਮ ਬਾਰੇ ਪਤਾ ਵੀ ਨਹੀਂ ਹੋਣਾ ਚਾਹੀਦਾ। ਵੱਡੇ ਹੋ ਕੇ ਉਹ ਆਪ ਫੈਸਲਾ ਕਰਨ ਕਿ ਉਹਨਾਂ ਕਿਹੜਾ ਧਰਮ ਅਪਣਾਉਣਾ ਹੈ ਜਾਂ ਨਹੀਂ। ਸਾਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਐਂਟੀ ਟਰਾਂਸ ਮੂਵਮੈਂਟ ਨੂੰ ਮਿਲੀਅਨ ਡਾਲਰ ਕ੍ਰਿਸਚੈਨਿਟੀ ਤੇ ਸੱਜੇ ਪੱਖੀ ਗਰੁੱਪਾਂ ਵਲੋਂ ਫੰਡ ਦਿੱਤਾ ਜਾ ਰਿਹਾ ਹੈ। ਉਹ ਲੋਕਾਂ ਨੂੰ ਸਭਿਆਚਾਰਕ ਜੰਗਾਂ ਵਿੱਚ ਉਲ਼ਝਾ ਕੇ ਉਨ੍ਹਾਂ ਦੀ ਜਮਾਤੀ ਜੰਗ ਤੋਂ ਉਹਨਾਂ ਨੂੰ ਲਾਂਭੇ ਕਰ ਰਹੇ ਹਨ। ਪੂੰਜੀਵਾਦ ਉਦੋਂ ਹੀ ਪ੍ਰਫੁੱਲਤ ਹੁੰਦਾ ਹੈ ਜਦੋਂ ਲੋਕ ਆਪਸ ਵਿੱਚ ਵੰਡੇ ਹੁੰਦੇ ਹਨ।

ਅੰਤ ਵਿੱਚ ਮੈਂ ਸਮਝਦੀ ਹਾਂ ਇਸ ਪੜ੍ਹਾਈ ਬਾਰੇ ਬੱਚਿਆਂ ਨੂੰ ਆਧਿਆਪਕ ਤੋਂ ਪਤਾ ਲੱਗੇਗਾ ਤਾਂ ਬੱਚਿਆਂ ਲਈ ਬਿਹਤਰ ਹੋਵੇਗਾ ਕਿਉਂਕਿ ਅਸੀਂ ਬੱਚਿਆਂ ਨਾਲ਼ ਐਨੀਆਂ ਖੁੱਲ੍ਹੀਆਂ ਗੱਲਾਂ ਕਰਨ ਤੋਂ ਝਿਜਕਦੇ ਰਹੇ ਹਾਂ। ਹੁਣ ਇਹ ਝਿਜਕ ਤੋੜਨ ਦੀ ਲੋੜ ਹੈ। ਜੇ ਸਾਡੇ ਬੱਚਿਆਂ ਵਿੱਚ ਕੋਈ ਭਿੰਨਤਾ ਹੈ ਤਾਂ ਵੀ ਸਾਨੂੰ ਉਹਨਾਂ ਦੀ ਗੱਲ ਸੁਣਨੀ ਚਾਹੀਦੀ ਹੈ ਤੇ ਮੰਨਣੀ ਵੀ ਚਾਹੀਦੀ ਹੈ। ਬੱਚਾ ਸਾਡਾ ਹੈ ਸਾਡਾ ਹੀ ਰਹਿਣਾ ਹੈ ਜੇ ਅਸੀਂ ਉਸ ਨੂੰ ਸਪੋਰਟ ਕਰਦੇ ਹਾਂ ਤਾਂ ਉਹ ਆਪਣੀ ਜ਼ਿੰਦਗੀ ਵਿੱਚ ਖੁਸ਼ ਹੋਵੇਗਾ। ਜੇ ਕੁੜੀ ਕੁੜੀ ਨਾਲ਼ ਵਿਆਹ ਕਰਦੀ ਹੈ ਜਾਂ ਮੁੰਡਾ ਮੁੰਡੇ ਨਾਲ਼। ਇਹ ਉਸ ਨੇ 18 ਸਾਲ ਦੀ ਉਮਰ ਤੋਂ ਬਾਅਦ ਇਹ ਫੈਸਲਾ ਲੈਣਾ ਹੈ ਜਦੋਂ ਉਹ ਬਾਲਗ਼ ਹੋ ਚੁੱਕਿਆ ਹੋਵੇਗਾ। ਸਾਨੂੰ ਕੋਈ ਫ਼ਰਕ ਨਹੀਂ ਹੋਣਾ ਚਾਹੀਦਾ ਅੱਗੋਂ ਬੱਚੇ ਪੈਦਾ ਕਰਨਾ ਵੀ ਉਸ ਦੀ ਮਰਜ਼ੀ ਹੈ। ਜੇ ਬੱਚਾ ਸਾਡੇ ਕੋਲ਼ ਆ ਕੇ ਗੱਲ ਕਰਦਾ ਹੈ ਤਾਂ ਉਸ ਨੂੰ ਸੁਣਨਾ ਚਾਹੀਦਾ ਹੈ ਅਤੇ ਪਿਆਰ ਨਾਲ਼ ਸਾਰੀ ਗੱਲ ਸਮਝਾਉਣੀ ਚਾਹੀਦੀ ਹੈ ਨਾ ਕਿ ਘਰੋਂ ਕੱਢਣਾ। ਤਾਂ ਹੀ ਖੁਦਕਸ਼ੀਆਂ ਦੇ ਰੇਟ ਘੱਟ ਸਕਦੇ ਹਨ ਤੇ ਬੱਚੇ ਡਰੱਗਾਂ ਵੱਲ ਵੀ ਨਹੀਂ ਜਾਣਗੇ।

ਮੈਂ ਸਮਝਦੀ ਹਾਂ ਕਿ ਇਸ ਸਮੱਸਿਆ ਦਾ ਹੱਲ ਸੋਚ ਸਮਝ ਕੇ ਬੱਚਿਆਂ ਦੀ ਬਿਹਤਰੀ ਲਈ ਕਰਨਾ ਚਾਹੀਦਾ ਹੈ। ਇਹ ਸੋਜੀ (sex orientation and gender Identity) ਵਰਗੀ ਪੜ੍ਹਾਈ ਸਮਾਜ ਵਿੱਚ ਸੋਝੀ ਲਿਆਉਣ ਦਾ ਇੱਕ ਵਸੀਲਾ ਹੈ ਜਿਸ ਵਿੱਚ ਮਾਪਿਆਂ ਨੂੰ ਆਪਣੇ ਬੱਚਿਆਂ ਪ੍ਰਤੀ ਬਣਦਾ ਰੋਲ ਨਿਭਾਉਣ ਦੀ ਲੋੜ ਹੈ ਤਾਂ ਕਿ ਸਾਡੇ ਬੱਚਿਆਂ ਵਿੱਚ ਨਫ਼ਰਤ ਖ਼ਤਮ ਹੋਵੇ ਤੇ ਉਹ ਇਸ ਵਧੀਆ ਸਮਾਜ ਦੇ ਵਧੀਆ ਸ਼ਹਿਰੀ ਬਣ ਸਕਣ।

□□□

---

**ਨੋਟ:–** ਇਹ ਲੇਖ ਮੇਰੇ ਨਾਲ ਹੋਈ ਬੀਤੀ ਨੂੰ ਮੈਂ ਤੁਹਾਡੇ ਨਾਲ ਸਾਂਝਾ ਕਰ ਰਹੀ ਹਾਂ ਜਿਸ ਕਾਰਣ ਮੈਨੂੰ ਉਪਰਲਾ ਲੇਖ ਲਿਖਣਾ ਪਿਆ ਹੈ।

# ਅੱਖੀਂ ਡਿੱਠਾ ਤੇ ਹੰਢਾਇਆ ਐਂਟੀ ਸੋਜੀ ਮੁਹਿੰਮ ਦਾ ਨਫ਼ਰਤ ਭਰਿਆ ਵਤੀਰਾ

20 ਸਤੰਬਰ, 2023 ਨੂੰ ਕੈਨੇਡਾ ਦੇ ਵੱਡੇ ਸ਼ਹਿਰਾਂ ਵਿੱਚ ਪਬਲਿਕ ਸਕੂਲਾਂ ਦੀ ਐਜੂਕੇਸ਼ਨ ਵਿੱਚ ਸੋਜੀ ਦੀ ਸ਼ਮੂਲੀਅਤ ਵਾਲੀ ਪੜ੍ਹਾਈ ਬਾਰੇ ਉਸ ਦੇ ਵਿਰੋਧ ਵਿੱਚ ਤੇ ਹੱਕ ਵਿੱਚ ਰੈਲੀਆਂ ਤੇ ਮੁਜ਼ਾਹਰੇ ਕੀਤੇ ਗਏ। ਕਈਆਂ ਥਾਵਾਂ ਤੇ ਹੱਕ ਵਿੱਚ ਜ਼ਿਆਦਾ ਲੋਕ ਪਹੁੰਚੇ ਤੇ ਕਈਆਂ ਥਾਵਾਂ 'ਤੇ ਵਿਰੋਧ ਵਿੱਚ ਜ਼ਿਆਦਾ ਪਹੁੰਚੇ। ਸਰ੍ਹੀ ਵਿੱਚ ਇਸ ਪੜ੍ਹਾਈ ਦੇ ਵਿਰੋਧ ਵਿੱਚ ਰਲ਼ਵੇਂ ਮਿਲ਼ਵੇਂ ਭਾਈਚਾਰੇ ਵਲੋਂ ਕਾਫ਼ੀ ਵੱਡਾ ਵਿਰੋਧ ਪ੍ਰਦਰਸ਼ਨ ਕੀਤਾ ਗਿਆ ਜੋ ਬੇਅਰ ਕਰੀਕ ਪਾਰਕ ਤੋਂ ਚੱਲ ਕੇ ਰਚਨਾ ਸਿੰਘ (ਐਜੂਕੇਸ਼ਨ ਮਨਿਸਟਰ) ਦੇ ਦਫ਼ਤਰ ਤੱਕ ਪਹੁੰਚਿਆ। ਰਚਨਾ ਸਿੰਘ ਦੇ ਦਫ਼ਤਰ ਅੱਗੇ ਪਹਿਲਾਂ ਹੀ ਸੋਜੀ ਦੇ ਹੱਕ ਵਿੱਚ ਟੀਚਰ ਯੂਨੀਅਨ ਤੇ ਐੱਲ ਜੀ ਬੀ ਟੀ ਕਿਊ ਪਲੱਸ ਵਲੋਂ ਮੁਜ਼ਾਹਰਾ ਹੋ ਰਿਹਾ ਸੀ ਜਿਸ ਵਿੱਚ ਅਸੀਂ ਪੰਜਾਬੀ ਭਾਈਚਾਰੇ ਵਿੱਚੋਂ ਕੁੱਝ ਲੋਕ ਇਨਸਾਨੀਅਤ ਦੇ ਹੱਕ ਵਜੋਂ ਪਹੁੰਚੇ ਸਾਂ। ਜਦੋਂ ਦੋਨੋਂ ਗਰੁੱਪਾਂ ਦਾ ਆਹਮੋ ਸਾਹਮਣਾ ਹੋਇਆ ਤਾਂ ਸੋਜੀ ਵਿਰੋਧੀ ਲੋਕਾਂ ਨੇ ਸਾਡੇ 'ਤੇ ਗਾਲ਼ੀ-ਗਲੋਚ ਕਰਨਾ ਸ਼ੁਰੂ ਕਰ ਦਿੱਤਾ। ਅਸੀਂ ਉਹਨਾਂ ਨੂੰ ਸਮਝਾਇਆ ਕਿ ਤੁਹਾਡੇ ਆਪਣੇ ਵਿਚਾਰ ਹਨ ਤੇ ਸਾਡੇ ਆਪਣੇ। ਆਪਣੀ ਕੋਈ ਆਪਸੀ ਲੜਾਈ ਨਹੀਂ ਹੈ। ਅਸੀਂ ਉਹ ਮੈਂਬਰ ਸਾਂ ਜੋ ਸਮਾਜ ਵਿੱਚ ਮਨੁੱਖੀ ਹੱਕਾਂ ਦੇ ਮਸਲਿਆਂ ਲਈ ਡਟ ਕੇ ਖੜ੍ਹਦੇ ਹਾਂ ਭਾਵੇਂ ਨਸਲਵਾਦ ਦਾ ਮੁੱਦਾ ਹੋਵੇ ਭਾਵੇਂ ਔਰਤਾਂ, ਦਲਿਤਾਂ ਜਾਂ ਘੱਟ-ਗਿਣਤੀਆਂ ਉੱਤੇ ਹੋ ਰਹੇ ਤਸ਼ੱਦਦ ਦੀ ਗੱਲ ਹੋਵੇ ਜਾਂ ਮਜ਼ਦੂਰਾਂ ਕਿਸਾਨਾਂ ਦੇ ਮੁੱਦੇ ਹੋਣ ਜਾਂ ਹੁਣ ਐੱਲ ਜੀ ਬੀ ਟੀ ਕਿਊ ਪਲੱਸ ਭਾਈਚਾਰੇ ਨਾਲ਼ ਹੋ ਰਹੇ ਨਫ਼ਰਤ ਭਰੇ ਵਿਤਕਰੇ ਕਰਕੇ ਸ਼ਾਮਲ ਹੋਏ ਸਾਂ।

ਜਦੋਂ ਉਹ ਸਾਡੇ ਸਾਹਮਣੇ ਆਏ ਤਾਂ ਇਹ ਮੁੱਦਾ ਸੋਜੀ ਦਾ ਨਾ ਰਹਿ ਕੇ ਸਗੋਂ ਸਾਡੇ ਭਾਈਚਾਰੇ ਦਾ ਪੰਜ ਮੈਂਬਰਾਂ ਦੇ ਖਿਲਾਫ਼ ਵੱਡੀ ਭੀੜ ਦਾ ਬਣ ਗਿਆ ਸੀ। ਮੇਰਾ ਉੱਥੇ ਪਹੁੰਚਣਾ ਤਾਂ ਔਰਤ ਵਿਰੋਧੀ ਲੋਕਾਂ ਦੇ ਢਿੱਡੀਂ ਪੀੜਾਂ ਪਾ ਗਿਆ ਕਿ ਇੱਕ ਔਰਤ ਦੀ ਆਪਣੀ ਸਮਝ ਤਾਂ ਹੋ ਹੀ ਨਹੀਂ ਸਕਦੀ। ਉਹਨਾਂ ਦੀ ਸਮਝ ਮੁਤਾਬਕ ਮੈਨੂੰ ਧੱਕੇ ਨਾਲ਼ ਕਿਸੇ ਨੇ ਖੜ੍ਹਾ ਕੀਤਾ ਹੈ। 'ਸੋ ਕਿਉ ਮੰਦਾ ਆਖੀਐ' ਨੂੰ ਹਰ ਰੋਜ਼ ਸੁਣਨ ਵਾਲ਼ਿਆਂ ਨੇ ਮੇਰੇ ਪਾਇਆ ਪੰਜਾਬੀ ਸੂਟ ਤੇ ਸਾਡੇ ਇੱਕ ਮੈਂਬਰ ਦੇ ਬੰਨ੍ਹੀ ਪੱਗ ਦੇਖ ਕੇ ਉਹ ਪਹਿਲਾਂ ਬਹੁਤ ਹੈਰਾਨ ਹੋਏ ਤੇ ਸਾਨੂੰ ਮਜਬੂਰ ਕਰਨ ਲੱਗੇ ਕਿ ਐਧਰ ਆ ਜਾਓ। ਕਹਿੰਦੇ ਤੁਸੀਂ ਸੂਟ ਜਾਂ ਪੱਗ ਬੰਨ੍ਹ ਕੇ ਸਾਡੀ

ਸਿੱਖੀ ਨੂੰ ਲਾਜ ਲਾ ਰਹੇ ਹੋ। ਤੁਸੀਂ ਸਾਡੇ ਗੁਰਦਵਾਰੇ ਵੜ ਕੇ ਦਿਖਾਇਓ, ਫਿਰ ਪੁੱਛਾਂਗੇ। ਅਸੀਂ ਉਹਨਾਂ ਨੂੰ ਬਹੁਤ ਕਿਹਾ ਕਿ ਸਾਡੀ ਮਰਜ਼ੀ ਹੈ, ਅਸੀਂ ਕਿੱਥੇ ਖੜ੍ਹੇ ਹਾਂ? ਕੀ ਪਹਿਨ ਰਹੇ ਹਾਂ? ਕੀ ਖਾ ਰਹੇ ਹਾਂ? ਸਾਨੂੰ ਤੰਗ ਨਾ ਕਰੋ। ਭੀੜ ਨੇ ਫਿਰ ਮੈਨੂੰ ਔਰਤ ਹੋਣ ਕਰਕੇ ਹਮਲਾ ਕਰਨਾ ਸ਼ੁਰੂ ਕਰ ਦਿੱਤਾ ਕਿ ਤੂੰ ਕਿੰਨੇ ਪੈਸੇ ਲੈ ਕੇ ਇਹਨਾਂ ਨਾਲ ਖੜ੍ਹੀ ਹੈ। ਉਦੋਂ ਹੀ ਪੋਸਟਰ ਬਣਾ ਦਿੱਤੇ– 'ਇਹ ਆਂਟੀ ਵਿਕਾਊ ਹੈ', 'ਇਹ ਆਂਟੀ ਗੇਅ ਹੈ' ਮੈਨੂੰ ਖੁਸਰਾ ਕਿਹਾ ਗਿਆ, ਮੇਰੇ ਉੱਤੋਂ ਦੋ ਸੌ ਡਾਲਰ ਵਾਰ ਰਹੇ ਸਨ। ਕਹਿ ਰਹੇ ਸਨ ਸਾਡੇ ਸਾਹਮਣੇ ਆ ਕੇ ਨੱਚ ਤੈਨੂੰ ਵਧਾਈ ਦਿੰਦੇ ਹਾਂ। ਸਾਡੇ ਖਿਲਾਫ਼ ਸ਼ੇਮ ਸ਼ੇਮ ਦੇ ਨਾਹਰੇ ਲਗਾ ਰਹੇ ਸਨ। ਕਈਆਂ ਵਲੋਂ ਕਿਹਾ ਗਿਆ ਕਿ ਚੱਪਣੀ ਵਿੱਚ ਨੱਕ ਡੋਬ ਕੇ ਮਰ ਜਾਓ। ਕਹਿੰਦੇ ਆਂਟੀ ਤੂੰ ਅੰਕਲ ਨੂੰ ਜਾਂ ਆਪਣੇ ਬੱਚਿਆਂ ਨੂੰ ਕਿਵੇਂ ਮੂੰਹ ਦਿਖਾਵੇਂਗੀ ਜਿਵੇਂ ਮੈਂ ਬਹੁਤ ਵੱਡਾ ਅਨਰਥ ਕਰ ਦਿੱਤਾ ਹੋਵੇ। ਕਈ ਕਹਿ ਰਹੇ ਸਨ ਆਂਟੀ ਦੇ ਆਪਦੇ ਬੱਚੇ ਖੁਸਰੇ ਹੋਣਗੇ, ਜਾਂ ਜੇ ਤੇਰੇ ਮੁੰਡੇ ਨੇ ਮੁੰਡੇ ਨਾਲ ਵਿਆਹ ਕਰ ਲਿਆ, ਤੂੰ ਫਿਰ ਪਛਤਾਏਂਗੀ ਆਦਿ ਹਰ ਇੱਕ ਆਪਣੀ ਤੂਤੀ ਬੋਲ ਰਿਹਾ ਸੀ। ਡਰਾਵੇ ਦੇ ਰਹੇ ਸਨ ਕਿ ਅਸੀਂ ਤੁਹਾਡੀਆਂ ਵੀਡੀਓ ਸ਼ੋਸ਼ਲ ਮੀਡੀਏ ਤੇ ਪਾ ਕੇ ਵਾਇਰਲ ਕਰਾਂਗੇ, ਤੂੰ ਸਾਰੀ ਦੁਨੀਆਂ ਵਿੱਚ ਬਦਨਾਮ ਹੋ ਜਾਵੇਂਗੀ। ਉਸ ਦਿਨ ਉਹਨਾਂ ਨੇ ਉਹ ਵੀਡਿਓਜ਼ ਵਾਇਰਲ ਵੀ ਕੀਤੀਆਂ ਪਰ ਉਹਨਾਂ ਵਿੱਚ ਉਹਨਾਂ ਦੀਆਂ ਕੱਢੀਆਂ ਗਾਲਾਂ ਉਹਨਾਂ ਦੀ ਔਕਾਤ ਸਭ ਦੇ ਸਾਹਮਣੇ ਲੈ ਕੇ ਆਈਆਂ। ਇਹ ਸਾਰਾ ਕੁੱਝ ਤਕਰੀਬਨ 12 ਵਜੇ ਤੋਂ ਲੈ ਕੇ ਸਾਢੇ 5 ਵਜੇ ਤੱਕ ਚੱਲਿਆ। ਜਿੰਨੀ ਭੀੜ ਖੜ੍ਹੀ ਸੀ ਜਿਸ ਨਾਲ਼ ਵੀ ਅੱਖ ਮਿਲਦੀ ਸੀ, ਉਹੀ ਗਾਲ਼ਾਂ ਕੱਢਣ ਲੱਗ ਜਾਂਦਾ ਸੀ। ਅਸੀਂ ਵਾਰ ਵਾਰ ਉਹਨਾਂ ਨੂੰ ਬਹੁਤ ਹੀ ਠਰ੍ਹੰਮੇ ਨਾਲ ਕਿਹਾ ਕਿ ਤੁਸੀਂ ਆਪਣਾ ਪ੍ਰੋਟੈਸਟ ਕਰ ਰਹੇ ਹੋ, ਕਰੋ ਤੇ ਅਸੀਂ ਆਪਣਾ। ਤੁਹਾਨੂੰ ਸਾਨੂੰ ਮੰਦਾ ਚੰਗਾ ਬੋਲਣ ਦੀ ਜ਼ਰੂਰਤ ਨਹੀਂ ਹੈ। ਆਪਣੀ ਆਪਸ ਵਿੱਚ ਕੋਈ ਲੜਾਈ ਨਹੀਂ ਹੈ। ਅਗਰ ਤੁਸੀਂ ਸਹੀ ਹੋ ਤਾਂ ਬਿਹਤਰ ਤਰੀਕੇ ਨਾਲ ਅਥੌਰਟੀਜ਼ ਨਾਲ ਮਿਲ ਕੇ ਆਪਣੀਆਂ ਮੰਗਾਂ ਮੰਨਵਾਓ ਪਰ ਸਾਨੂੰ ਕੁੱਝ ਨਾ ਕਹੋ। ਪਰ ਭੀੜ ਨੇ ਸਾਰੀਆਂ ਹੱਦਾਂ ਪਾਰ ਕਰਕੇ ਸਾਡੀ ਬੇਇਜ਼ਤੀ ਕੀਤੀ। ਇੱਥੋਂ ਤੱਕ ਕੇ ਛੋਟੇ ਛੋਟੇ ਬੱਚਿਆਂ ਨੂੰ ਅੱਗੇ ਕਰਕੇ ਜੋ ਸਾਡੇ ਪੋਤੇ ਪੋਤੀਆ, ਦੋਹਤੇ-ਦੋਹਤੀਆਂ ਦੇ ਹਾਣ ਦੇ ਸਨ, ਉਹਨਾਂ ਕੋਲੋਂ ਜ਼ਲੀਲ ਕਰਵਾਇਆ ਗਿਆ।

ਉਹ ਲੋਕ ਜਿਹੜੇ ਬੱਚਿਆਂ ਦੀ ਚੰਗੀ ਪੜ੍ਹਾਈ ਲਈ ਦਾਹਵੇਦਾਰ ਬਣ ਕੇ ਆਏ ਸਨ। ਉਹਨਾਂ ਨੂੰ ਸਬਕ ਦਵਾ ਕੇ ਲੈ ਗਏ ਕਿ ਤੁਸੀਂ ਆਪਣੇ ਬਜ਼ੁਰਗਾਂ ਦੀ ਇਸ ਹੱਦ ਤੱਕ ਬੇਇੱਜ਼ਤੀ ਕਰ ਸਕਦੇ ਹੋ। ਬੱਚਿਆਂ ਨੂੰ ਟੀਚਰਾਂ ਦਾ ਸੋਜੀ ਬਾਰੇ ਪੜ੍ਹਾਇਆ ਹੋਇਆ ਯਾਦ ਰਹੇ, ਜਾਂ ਨਾ ਰਹੇ ਪਰ ਉਸ ਦਿਨ ਇਸ ਜਲੂਸ ਰਾਹੀਂ

ਜੋ ਬੱਚਿਆਂ ਨੂੰ ਬਜ਼ੁਰਗਾਂ ਦੀ ਬੇਇਜ਼ਤੀ ਕਰਨ ਦੀ ਸਿੱਖਿਆ ਦਿੱਤੀ ਗਈ, ਉਹ ਕਦੇ ਵੀ ਨਹੀਂ ਭੁੱਲਣਗੇ। ਇਸ ਤੋਂ ਸਾਫ਼ ਹੈ ਕਿ ਉਹ ਲੋਕਾਂ ਨੂੰ ਸੋਜੀ ਪ੍ਰੋਗਰਾਮ ਬਾਰੇ ਕੱਖ ਵੀ ਪਤਾ ਨਹੀਂ ਸੀ, ਨਹੀਂ ਤਾਂ ਉਹਨਾਂ ਨੂੰ ਸਾਡੇ ਨਾਲ਼ ਖਹਿਬੜਨ ਦੀ ਜ਼ਰੂਰਤ ਨਹੀਂ ਸੀ। ਉਹਨਾਂ ਨੂੰ ਤਾਂ ਕਿਸੇ ਨੇ ਗੁੰਮਰਾਹ ਕਰਕੇ ਸੜਕਾਂ 'ਤੇ ਤਾਂ ਲਿਆਂਦਾ ਪਰ ਉਹਨਾਂ ਨੇ ਆਪਣੇ ਵੱਡੇ ਮੁੱਦੇ ਜਾਂ ਬੱਚਿਆਂ ਦੇ ਫ਼ਿਕਰ ਨੂੰ ਸਿਰਫ਼ ਪੰਜ ਪੰਜਾਬੀਆਂ ਨਾਲ ਨਫ਼ਰਤ ਦਾ ਮੁੱਦਾ ਬਣਾ ਲਿਆ। ਅੱਜ ਮੈਂ ਇਹ ਸੋਚਦੀ ਹਾਂ ਕਿ ਚੰਗੀ ਗੱਲ ਹੈ ਕਿ ਅਸੀਂ ਆਪਣੇ ਬੱਚਿਆਂ ਦਾ ਫ਼ਿਕਰ ਕਰਦੇ ਹਾਂ, ਕਰਨਾ ਵੀ ਚਾਹੀਦਾ ਹੈ। ਪ੍ਰੋਟੈਸਟ ਕਰਨਾ ਵੀ ਸਹੀ ਹੈ ਪਰ ਐਨੀ ਨਫ਼ਰਤ ਤੋਬਾ! ਤੋਬਾ!!

ਸੋਚਣ ਵਾਲੀ ਗੱਲ ਹੈ ਕਿ ਸਾਨੂੰ ਐੱਲ ਜੀ ਬੀ ਟੀ ਕਿਊ ਪਲੱਸ ਭਾਈਚਾਰੇ ਦਾ ਸਿਰਫ਼ ਇੱਕ ਦਿਨ ਸਾਥ ਦੇਣ ਲਈ ਐਨਾ ਸੰਤਾਪ ਝੱਲਣਾ ਪਿਆ ਹੈ। ਪਰ ਉਹ ਭਾਈਚਾਰਾ ਜੋ ਕੁਦਰਤੀ ਜਮਾਂਦਰੂ ਹੀ ਅਜਿਹਾ ਹੈ, ਉਹਨਾਂ ਨੂੰ ਤਾਂ ਇਹ ਲੋਕ ਹਰ ਪਲ, ਹਰ ਘੜੀ, ਹਰ ਦਿਨ, ਹਰ ਸਮੇਂ ਕਿਤੇ ਵੱਧ ਜ਼ਲੀਲ ਕਰਦੇ ਹੋਣਗੇ ਤਾਂ ਹੀ ਅੰਕੜੇ ਦਰਸਾ ਰਹੇ ਹਨ ਕਿ ਉਹਨਾਂ ਲੋਕਾਂ ਦੇ ਖੁਦਕਸ਼ੀਆਂ ਦੇ ਰੇਟ ਬਹੁਤ ਵਧ ਰਹੇ ਹਨ। ਉਹ ਬੱਚੇ ਹਰ ਰੋਜ਼ ਡਿਪਰੈਸ਼ਨ ਵਰਗੀਆਂ ਬਿਮਾਰੀਆਂ ਨਾਲ ਜੂਝ ਰਹੇ ਹਨ। ਉਹਨਾਂ ਬੱਚਿਆਂ ਨੂੰ ਸਕੂਨ ਦੇ ਪਲ ਦੇਣ ਲਈ  ਅਗਰ ਸੋਜੀ ਵਰਗੀ ਪੜ੍ਹਾਈ ਮੱਦਦ ਕਰਦੀ ਹੈ ਤਾਂ ਅਸੀਂ ਆਪਣੀ ਸੋਚ ਦੀ ਤੰਗਦਿਲੀ ਕਿਉਂ ਦਿਖਾ ਰਹੇ ਹਾਂ। ਮੇਰਾ ਖ਼ਿਆਲ ਹੈ ਕਿ ਸਭ ਤੋਂ ਵੱਧ ਜ਼ਿੰਮੇਵਾਰ ਸਰਕਾਰ ਹੈ ਜਿਸ ਨੂੰ ਚਾਹੀਦਾ ਹੈ ਕਿ ਸਹੀ ਜਾਣਕਾਰੀ ਲੋਕਾਂ ਤੱਕ ਪਹੁੰਚਾਂਵੇ। ਉਸ ਨੇ ਹੀ ਇਹ ਭੰਬਲਭੂਸਾ ਦੂਰ ਕਰਨਾ ਹੈ ਜੋ ਲੋਕਾਂ ਵਿੱਚ ਫੈਲਿਆ ਹੈ। ਜਿੰਨਾ ਚਿਰ ਉਹ ਸਹੀ ਜਾਣਕਾਰੀ ਨਹੀਂ ਦਿੰਦੇ ਤਾਂ ਲੋਕਾਂ ਵਿੱਚ ਆਪਸੀ ਨਫ਼ਰਤ ਜ਼ਿਆਦਾ ਫੈਲੇਗੀ। ਮਨੁੱਖੀ ਹੱਕਾਂ ਲਈ ਖੜ੍ਹੇ ਲੋਕ ਤੇ ਘੱਟ-ਗਿਣਤੀਆਂ ਇਵੇਂ ਨਫ਼ਰਤ ਦਾ ਸ਼ਿਕਾਰ ਹੁੰਦੀਆਂ ਰਹਿਣਗੀਆਂ। ਜਿਸ ਤੋਂ ਸਾਰਿਆਂ ਨੂੰ ਸੁਚੇਤ ਹੋਣ ਦੀ ਲੋੜ ਹੈ।

ਉਸ ਦਿਨ ਜਦੋਂ ਅਸੀਂ ਤਿੰਨ ਕੁ ਵਜੇ ਉੱਥੋਂ ਜਾਣ ਲੱਗੇ ਤਾਂ ਭੀੜ ਨੇ ਸਾਡੇ 'ਤੇ ਹਮਲਾ ਕੀਤਾ ਤੇ ਪੁਲੀਸ ਨੇ ਵਿੱਚ ਪੈ ਕੇ ਰੋਕਿਆ, ਸਾਨੂੰ ਮੋੜ ਕੇ ਅੰਦਰ ਬਿਲਡਿੰਗ ਵਿੱਚ ਭੇਜ ਦਿੱਤਾ ਗਿਆ ਤੇ ਕਿਹਾ ਕਿ ਜਦ ਉਹ ਚਲੇ ਜਾਣ, ਤਦ ਤੁਸੀਂ ਜਾ ਸਕਦੇ ਹੋ। ਪਰ ਉਹ ਭੀੜ ਟੱਸ ਤੋਂ ਮੱਸ ਨਾ ਹੋਈ। ਅਸੀਂ ਪੁਲੀਸ ਨੂੰ ਕਿਹਾ ਕਿ ਸਾਨੂੰ ਸਾਡੀਆਂ ਕਾਰਾਂ ਤੱਕ ਪਹੁੰਚਾ ਦਿਓ ਤਾਂ ਉਹਨਾਂ ਦਾ ਜਵਾਬ ਸੀ ਕਿ ਅਸੀਂ ਕਿਸੇ ਦਾ ਪੱਖ ਨਹੀਂ ਪੂਰ ਸਕਦੇ। ਜਦਕਿ ਪੁਲੀਸ ਦਾ ਕੰਮ ਹੈ ਜਿਸ ਨੂੰ ਸੁਰੱਖਿਆ ਦੀ ਲੋੜ ਹੈ, ਉਸ ਨੂੰ ਸੁਰੱਖਿਆ ਦਿੱਤੀ ਜਾਵੇ, ਜਿਸ ਨੂੰ ਖ਼ਤਰਾ ਹੈ ਜਾਂ ਜਿਸ ਨੇ ਸੁਰੱਖਿਆ ਦੀ ਮੰਗ ਕੀਤੀ ਹੈ ਉਹ ਚਾਹੇ ਭੀੜ ਹੋਵੇ ਜਾਂ ਅਸੀਂ। ਪਰ ਉਹਨਾਂ ਸਾਡੀ ਕੋਈ ਮੱਦਦ ਨਹੀਂ ਕੀਤੀ। ਇਸੇ ਤਰ੍ਹਾਂ ਹਰ ਮੀਡੀਆ ਪੰਜਾਬੀ,

ਅੰਗਰੇਜ਼ੀ ਉੱਥੇ ਸਭ ਭੀੜ ਨੂੰ ਕਵਰ ਕਰ ਰਿਹਾ ਸੀ ਪਰ ਉਹਨਾਂ ਨੇ ਦੂਜੀ ਸਾਈਡ ਬਾਰੇ ਜਾਨਣ ਦਾ ਕੋਈ ਮਤਲਬ ਹੀ ਨਹੀਂ ਸਮਝਿਆ। ਮੀਡੀਏ ਦਾ ਮਤਲਬ ਹੁੰਦਾ ਹੈ ਕਿ ਦੋਹਾਂ ਧਿਰਾਂ ਦੇ ਦਰਮਿਆਨ ਰਹਿ ਕੇ ਦੋਹਾਂ ਧਿਰਾਂ ਬਾਰੇ ਸਹੀ ਜਾਣਕਾਰੀ ਲੈ ਕੇ ਲੋਕਾਂ ਤੱਕ ਪਹੁੰਚਾਉਣਾ। ਪਰ ਉਹ ਵੀ ਸਿਰਫ਼ ਭੀੜ ਨੂੰ ਕਵਰ ਕਰ ਰਹੇ ਸਨ ਤੇ ਦੂਸਰੇ ਦਿਨ ਹਰ ਰੇਡਿਓ, ਟੀ ਵੀ ਤੇ ਐਂਟੀ ਸੋਜੀ ਦੀਆਂ ਹੀ ਖ਼ਬਰਾਂ ਆ ਰਹੀਆਂ ਸਨ। ਅੰਤ ਵਿੱਚ ਸਾਨੂੰ ਐੱਲ ਜੀ ਬੀ ਟੀ ਕਿਊ ਪਲੱਸ ਭਾਈਚਾਰੇ ਦੀ ਇੱਕ ਲੜਕੀ ਬਾਹਰੋਂ ਆਈ ਤੇ ਉਸ ਨੇ ਸਾਨੂੰ ਰਾਈਡ ਦਿੱਤੀ। ਅਸੀਂ ਸਾਰੇ ਅੱਜ ਵੀ ਇਸ ਘੱਟ ਗਿਣਤੀ ਭਾਈਚਾਰੇ ਨਾਲ ਖੜ੍ਹੇ ਹਾਂ , ਹਮੇਸ਼ਾਂ ਲਈ ਉਹਨਾਂ ਦੇ ਹੱਕਾਂ ਲਈ ਖੜ੍ਹੇ ਰਹਾਂਗੇ।

□□□

# ਧਰਮ ਦੇ ਪਰਦੇ ਥੱਲੇ

ਮਨੁੱਖੀ ਸਮਾਜ ਵਿੱਚ ਧਰਮ ਦਾ ਜਨਮ, ਕੁਦਰਤ ਦੇ ਬਾਰੇ ਆਦਮੀ ਦੇ ਅਗਿਆਨ, ਡਰ ਅਤੇ ਉਸਦੇ ਸੁੱਖ ਦੇਣ ਵਾਲੇ ਚੰਗੇ ਗੁਣਾਂ ਦੇ ਕਾਰਣ ਹੋਇਆ। ਜਨਮ ਸਮੇਂ ਧਰਮ ਸਭ ਲਈ ਇੱਕ ਸੀ ਪਰ ਜਿਉਂ ਜਿਉਂ ਆਰਥਿਕ ਵਿਵਸਥਾ ਵਿੱਚ ਫ਼ਰਕ ਆਉਂਦਾ ਗਿਆ, ਧਰਮ ਵੀ ਆਪਣਾ ਰੂਪ ਬਦਲਦਾ ਰਿਹਾ। ਜਦੋਂ ਸ਼ਿਕਾਰ ਦੀ ਥਾਂ ਪਸ਼ੂ ਪਾਲਣ ਅਤੇ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਲਈ ਸਮਾਜ, ਦਾਸ ਤੇ ਮਾਲਕ ਦੋ ਵਿਰੋਧੀ ਵਰਗਾਂ ਵਿੱਚ ਵੰਡਿਆ ਗਿਆ। ਫਿਰ ਹੌਲੀ ਹੌਲੀ ਧਰਮ ਵੀ ਮਾਲਕ ਦੇ ਹੱਕ ਵਿੱਚ ਚਲਾ ਗਿਆ ਕਿਉਂਕਿ ਉਨ੍ਹਾਂ ਦੇ ਪੂਰਵਲੇ ਜਨਮਾਂ ਦਾ ਸਿੱਟਾ ਹੈ ਅਰਥਾਤ ਮਾਲਕ ਨੇ ਧਰਮ ਨੂੰ ਬੜੇ ਸੁਚੱਜੇ ਢੰਗ ਨਾਲ ਆਪਣੇ ਲਈ ਵਰਤਿਆ।

ਜਿਵੇਂ:- ਮਾਲਕ ਦੀ ਸੇਵਾ ਕਰਨਾ ਹੀ ਦਾਸ ਦਾ ਧਰਮ ਹੈ। ਜਿਸ ਕਰਕੇ ਉਹ ਆਪਣੇ ਹੱਕਾਂ ਲਈ ਸੰਘਰਸ਼ ਨਾ ਕਰ ਸਕਣ। ਇਸੇ ਤਰ੍ਹਾਂ ਸਮੇਂ ਨਾਲ ਗੁਲਾਮਦਾਰੀ, ਜਗੀਰਦਾਰੀ ਤੇ ਪੂੰਜੀਪਤੀ ਜਮਾਤ ਨੇ ਵੀ ਕਮਜ਼ੋਰ ਵਰਗ ਦ ਿਲੁੱਟ ਕਰਨ ਲਈ ਧਰਮ ਦੀ ਅਸਲੀਅਤ ਨੂੰ ਸਮਝਦੇ ਹੋਏ ਵੀ, ਇਸਦਾ ਖੰਡਨ ਨਾ ਕੀਤਾ ਕਿਉਂਕਿ ਖੰਡਨ ਕਰਨਾ ਉਨ੍ਹਾਂ ਦੇ ਉਲਟ ਭੁਗਤਦਾ ਸੀ। ਇਸਦਾ ਕਾਰਣ ਇਹੀ ਹੈ ਕਿ ਅੱਜ ਵੀ ਸਾਡੇ ਦੇਸ਼ ਵਿੱਚ ਭਾਈ-ਭਤੀਜਾਵਾਦ, ਫਿਰਕਾਪ੍ਰਸਤੀ, ਕਿਸਮਤਵਾਦ, ਰਾਸ਼ੀਫਲ ਤੇ ਜਾਤਪਾਤ ਪੱਕੇ ਪੈਰੀਂ ਜਿਉਂਦੇ ਹਨ।

ਇਤਿਹਾਸ ਅਨੇਕਾਂ ਸਬੂਤਾਂ ਨਾਲ ਭਰਿਆ ਪਿਆ ਹ ੈਕਿ ਧਰਮ ਨੇ ਮਨੁੱਖ ਨੂੰ ਕਮਜ਼ੋਰ ਹੀ ਬਣਾਇਆ ਹੈ। ਅੱਜ ਸਾਇੰਸ ਦੇ ਯੁੱਗ ਵਿੱਚ ਵੀ ਧਰਮ ਵਿੱਚ ਗ੍ਰਸੇ ਲੋਕਾਂ ਦਾ ਵਿਚਾਰ ਹ ੈਕਿ ਰੱਬ ਦੇ ਬਿਨ੍ਹਾ ਪੱਤਾ ਨਹੀਂ ਝੁਲਦਾ। ਸਾਫ਼ ਨਜ਼ਰ ਆਉਣ ਤੇ ਵੀ ਉਹ ਉਸਨੂੰ ਬਹੁਤ ਟੇਢੇ ਢੰਗ ਨਾਲ ਵਰਤਦੇ ਹਨ। ਕਦੇ ਇਸਦੀ ਆੜ ਲੈ ਕੇ ਰਾਜਾਰਾਮ ਨੇ ਸੰਬੂਕ ਦਾ ਸਿਰ ਵੱਢਿਆ, ਕਦੇ ਗਲੀਲਿਓ ਨੂੰ ਇਸ ਲਈ ਜੇਲ੍ਹ ਸੁਟਿਆ ਗਿਆ ਕਿ ਉਸਨੇ ਦੁਨੀਆ ਨੂੰ ਇਹ ਸਿਧਾਂਤ ਦਿੱਤਾ ਕਿ ਧਰਤੀ ਸੂਰਜ ਦੁਆਲੇ ਘੁੰਮਦੀ ਹੈ ਤੇ ਕਦੇ ਸਵਰਗ ਤੇ ਸ਼ੱਕ ਕਰਨ ਵਾਲੇ ਮਾਰਟਿਨ ਲੂਥਰ ਨੂੰ ਜਲਦੀ ਅੱਗ ਵਿੱਚ ਸਾੜ ਦਿੱਤਾ ਗਿਆ। ਇਸ ਤਰ੍ਹਾਂ ਅੱਜ ਦੇ ਸਮੇਂ ਵਿੱਚ ਤਾਂ ਇਸਾਈਅਤ ਇਸਲਾਮ, ਸਿੱਖ ਜਾਂ ਹਿੰਦੂ ਨਾ ਕੁੱਝ ਵੀ ਹੋਵੇ, ਸੰਸਾਰ ਦੇ ਸਾਰੇ ਧਰਮਾਂ ਦਾ ਕੰਮ ਲੁੱਟ ਦੀ ਰਾਖੀ ਕਰਕੇ ਲੋਟੂ ਵਰਗ ਦੀ ਰਾਖੀ ਕਰਨਾ ਹੁੰਦਾ ਹੈ।

ਜਿੱਥੇ ਜਿੰਨੇ ਵੀ ਧਰਮ ਸੰਚਾਲਕ ਹੋਏ ਹਨ ਉਨ੍ਹਾਂ ਨੇ ਕਿਸੇ ਵੀ ਜਾਤਪਾਤ ਅਤੇ ਧਰਮ ਦਾ ਵਿਰੋਧ ਨਹੀਂ ਕੀਤਾ। ਉਨ੍ਹਾਂ ਮਨੁੱਖ ਨੂੰ ਮਨੁੱਖ ਹੀ ਸਮਝਿਆ। ਤਾਂ ਹੀ ਤਾਂ ਅਸੀਂ ਨਿੱਤ ਪੜ੍ਹਦੇ ਹਾਂ :-

"ਅੱਵੁਲ ਅੱਲਾ ਨੂਰ ਉਪਾਇਆ
ਕੁਦਰਤ ਦੇ ਸਭ ਬੰਦੇ ।
ਏਕ ਨੂਰ ਤੋ ਸਭ ਜੱਗ ਉਪਜਿਆ
ਕੌਣ ਭਲੇ ਕੌਣ ਮੰਦੇ।"

ਪਰ ਲੋਕਾਂ ਨੇ ਪੈਗੰਬਰਾਂ ਨੂੰ ਆਪੋ ਵਿੱਚ ਵੰਡ ਪਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਜਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਾਂ ਸਿਰਫ਼ ਸਿੱਖਾਂ ਦੇ ਹਨ। ਹਜ਼ਰਤ ਮੁਹੰਮਦ ਸਾਹਿਬ ਸਿਰਫ਼ ਮੁਸਲਮਾਨਾਂ ਦੇ ਹਨ, ਸ੍ਰੀ ਰਾਮ ਤੇ ਸ੍ਰੀ ਕ੍ਰਿਸ਼ਨ ਹਿੰਦੂਆਂ ਦੇ ਅਤੇ ਈਸਾ ਮਸੀਹ ਇਸਾਈਆਂ ਦੇ ਹਨ। ਕੀ ਚਿਹ ਜ਼ਰੂਰੀ ਸੀ ਕਿ ਸ੍ਰੀ ਕ੍ਰਿਸ਼ਨ ਜੀ ਨੇ ਜੇ ਅਰਜਨ ਹਿੰਦੂ ਸੀ ਤਾਂ ਹੀ ਉਸਨੂੰ ਉਪਦੇਸ਼ ਦਿੱਤਾ? ਕੀ ਗੁਰੂ ਨਾਨਕ ਦੇਵ ਜੀ ਨੇ ਹਿੰਦੂਆਂ ਤੇ ਮੁਸਲਮਾਨਾਂ ਨੂੰ ਇੱਕ ਨਾ ਸਮਝਦੇ ਹੋਏ ਕਿਹਾ ਸੀ?

"ਨਾ ਕੋਈ ਹਿੰਦੂ ਨਾ ਮੁਸਲਮਾਨ"

ਕਿ ਗੁਰੂ ਗੋਬਿੰਦ ਸਿੰਘ ਨੂੰ ਨਬੀ ਖਾਂ ਤੇ ਗਨੀ ਖਾਂ ਨੇ ਆਪਣੇ ਘਰ ਮੁਸਲਮਾਨ ਸਮਝ ਕੇ ਪਨਾਹ ਦਿੱਤੀ ਸੀ? ਕੀ ਉਹ ਵੀ ਅੱਜ ਦੇ ਧਰਮ ਦੇ ਠੇਕੇਦਾਰਾਂ ਵਾਂਗ ਅੱਡ-ਅੱਡ ਧਰਮ ਸਮਝਦੇ ਸਨ? ਨਹੀਂ ...ਨਹੀਂ। ਚਿਹ ਤਾਂ ਅੱਜ ਦੇ ਆਪਣੇ ਆਪ 'ਚ ਚੁਸਤ ਤੇ ਲੁਟੇਰੇ ਲੋਕਾਂ ਦੀ ਇੱਕ ਸੱਜਰੀ ਚਾਲ ਹੈ, ਹੋਰ ਕੁੱਝ ਵੀ ਨਹੀਂ।

ਅੱਜ ਦੇ ਧਾਰਮਿਕ ਆਗੂ ਬਹੁਤ ਲੰਮੇ ਲੰਮੇ ਲੈਕਚਰ ਕਰਦੇ ਹਨ ਕਿ ਗੁਰੂ ਸਾਹਿਬਾਨਾਂ ਨੇ ਸਿੱਖਾਂ ਲਈ ਹੀ ਸਭ ਕੁੱਝ ਕਿਹਾ, ਗੀਤਾ ਦਾ ਉਪਦੇਸ਼ ਸਿਰਫ਼ ਹਿੰਦੂਆਂ ਲਈ ਹੈ ਜਦ ਕਿ ਸਾਰੇ ਧਾਰਮਿਕ ਗ੍ਰੰਥਾਂ ਵਿਚਲੇ ਅਸਲੀ ਅਰਥਾਂ ਨੂੰ ਭੋਲੇ ਭਾਲੇ ਲੋਕਾਂ ਸਾਹਮਣੇ ਤੋੜ ਕੇ ਪੇਸ਼ ਕੀਤਾ ਜਾਂਦਾ ਹੈ। ਜੇ ਚਿਹ ਸੀ ਤਾਂ ਗੁਰੂ ਨਾਨਕ ਦੇਵ ਜੀ ਨੂੰ ਹਿੰਦੂਆਂ ਬਾਰੇ ਚਿਹ ਲਿਖਣ ਦੀ ਲੋੜ ਕਿਉਂ ਪਈ :-

"ਦਇਆ ਕਪਾਹੁ, ਸੰਤੋਖੁ ਸੂਤ
ਝਤੁ ਗੰਢੀ ਸਤੁ ਵੱਟੁ।
ਇਹ ਜਨੇਉ ਜੀਆ ਕਾ
ਹਈ ਤੇ ਪਾਂਡੇ ਘਤੁ।"
ਤੇ ਮੁਸਲਮਾਨਾਂ ਲਈ -
"ਮਿਹਰ ਮਸੀਤ ਸਿਦਕ ਮੁਸੱਲਾ

ਹੱਕ ਹਲਾਲ ਕੁਰਾਨ
ਸਰਮ ਸੁੰਨਤ ਸੀਲ ਰੋਜ਼ਾ
ਹੋਏ ਮੁਸਲਮਾਨ।"

ਪ੍ਰੰਤੂ ਅੱਜ ਜਦੋਂ ਦੇਖਦੇ ਹ ਿਕਿ ਧਰਮ ਦੇ ਨਾਂ ਤੇ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਵਿੱਚ ਫਿਰਕੂ ਫਸਾਦ ਪੈਦਾ ਕੀਤੇ ਜਾਂਦੇ ਹਨ, ਚਿਹ ਕਿਸ ਸਦਕਾ ਹੈ? ਅੱਜ ਦੀ ਸਰਮਾਏਦਾਰ ਸਰਕਾਰ ਅਤੇ ਰਾਜਨੀਤਕ ਆਗੂਆਂ ਨੂੰ ਜਦੋਂ ਆਪਣੀ ਕੁਰਸੀ ਡੋਲਦੀ ਹੈ ਅਰਥਾਤ ਸਾਧਾਰਣ ਜਨਤਾ ਇਕੱਠੀ ਹੋ ਰਹੀ ਲੱਗਦੀ ਹੈ ਤਾਂ ਇਹ ਧਰਮ ਦਾ ਨਾਅਰਾ ਮਾਰ ਕੇ ਲੋਕਾਂ ਨੂੰ ਭੜਕਾਉਣ ਲਈ ਕਿਧਰੇ ਮਸੀਤਾਂ ਵਿੱਚ ਸੂਰ ਦਾ ਮਾਸ , ਗੁਰਦਵਾਰਿਆਂ ਵਿੱਚ ਸਿਗਰਟਾਂ ਅਤੇ ਮੰਦਰਾਂ ਵਿੱਚ ਗਊ ਦਾ ਮਾਸ ਸੁੱਟਣ ਦਾ ਢਕੌਂਸਲਾ ਰਚਦੇ ਹਨ। ਉਨ੍ਹਾਂ ਦਾ ਮਤਲਬ ਸਾਧਾਰਣ ਜਨਤਾ, ਜਿਹੜੀ ਧਰਮ ਦੇ ਨਾਂ ਨਾਲ ਬੱਝੀ ਪਈ ਹੈ, ਉਸਦੇ ਅਚੇਤ ਮਨ ਨੂੰ ਆਪਣੀ ਲੁੱਟ ਤੋਂ ਲਾਂਭੇ ਲਿਜਾਣ ਲਈ ਉਨ੍ਹਾਂ ਨੂੰ ਆਪਸ ਵਿੱਚ ਲੜਾ ਕੇ ਆਪਣੇ ਹਿੱਤਾਂ ਦੀ ਰਾਖੀ ਕਰਨਾ ਹੈ। ਅਸੀਂ ਲੋਕ ਜੋ ਰੋਜ਼ਾਨਾ ਜ਼ਿੰਦਗੀ ਵਿੱਚ ਧਰਮ ਤੋਂ ਨਿਰਪੱਖ ਇਕੱਠੇ ਰਹਿੰਦੇ ਹਾਂ, ਸਾਡੇ ਵਿੱਚ ਫ਼ਰਕ ਪਾਉਣਾ ਹੈ। ਅਸਲ ਵਿੱਚ ਸਰਮਾਏਦਾਰ ਸਿਰਫ਼ ਸਰਮਾਏਦਾਰ ਹੈ, ਚਾਹੇ ਕਿਸੇ ਧਰਮ ਦਾ ਹੋਵੇ ਅਤੇ ਉਸ ਦਾ ਮੁੱਖ ਧਰਮ ਪੈਸਾ ਹੀ ਹੈ ਉਸਨੇ ਤਾਂ ਸਾਧਾਰਣ ਭੋਲੀ ਭਾਲੀ ਜਨਤਾ ਨੂੰ ਹਰ ਕੋਝੇ ਢੰਗ ਨਾਲ ਆਪਣੇ ਲਈ ਵਰਤਣਾ ਹੈ। ਧਰਮ ਤਾਂ ਸਾਨੂੰ ਬਰਾਬਰੀ, ਸਹਿਯੋਗ, ਅਹਿੰਸਾ ਅਤੇ ਭਾਈਚਾਰੇ ਦਾ ਉਪਦੇਸ਼ ਦਿੰਦਾ ਹੈ। ਪ੍ਰੰਤੂ ਇਨ੍ਹਾਂ ਉਦੇਸ਼ਾਂ ਨੂੰ ਲਾਂਭੇ ਕਰਕੇ, 1947 ਵਿੱਚ ਦੇਸੀ ਤੇ ਵਿਦੇਸ਼ੀ ਸਰਮਾਏਦਾਰ ਨੇ ਸਾਡੀ ਸਾਂਝੀ ਧਰਤੀ ਨੂੰ ਦੋ ਭਾਗਾਂ ਵਿੱਚ ਨਹੀਂ ਸੀ ਵੰਡਿਆ ਤੇ ਸਾਧਾਰਣ ਜਨਤਾ ਦਾ ਅੰਵਾਹ ਕਤਲੇਆਮ ਨਹੀਂ ਸੀ ਕੀਤਾ ਗਿਆ? ਧੀਆਂ ਭੈਣਾਂ ਦੀਆਂ ਇੱਜ਼ਤਾਂ ਦਿਨ ਦਿਹਾੜੇ ਧਰਮ ਦੀ ਆੜ ਲੈ ਕੇ ਨਹੀਂ ਸੀ ਲੁੱਟੀਆਂ ਗਈਆਂ? ਅਨੇਕਾਂ ਮਾਸੂਮਾਂ ਨੂੰ ਉਨ੍ਹਾਂ ਦੀਆਂ ਮਾਵਾਂ ਸਾਹਮਣੇ ਨੇਜਿਆਂ ਤੇ ਨਹੀਂ ਸੀ ਟੰਗਿਆ ਗਿਆ?

1947 ਦਾ ਸਮਾਂ ਅਜੇ ਲੋਕਾਂ ਨੂੰ ਭੁਲਿਆ ਨਹੀਂ ਸੀ ਕਿ ਹੁਣ ਕਈ ਸਾਲਾਂ ਤੋਂ ਸਾਡੇ ਧਰਮਾਂ ਵਿੱਚ ਫਿਰ ਦੁਬਾਰਾ ਇੱਕ ਦੂਜੇ ਦਾ ਵਿਰੋਧ ਪੈਦਾ ਹੋਇਆ ਹੈ। ਦਿਨ ਦਿਹਾੜੇ ਧਰਮ ਦੇ ਨਾਂ 'ਤੇ ਸ਼ਰੇਆਮ ਕਤਲ ਅਤੇ ਘਟੀਆ ਵਾਰਦਾਤਾਂ ਹੋ ਰਹੀਆਂ ਹਨ। ਅੱਜ ਜਦੋਂ ਕਿਸੇ ਵਿਅਕਤੀ ਨੂੰ ਚਿਹ ਕਹਿ ਕੇ ਕਤਲ ਕਰ ਦਿੱਤਾ ਜਾਂਦਾ ਹੈ ਕਿ ਉਹ ਸਿਰੋਂ ਮੋਨਾ ਹੈ ਜਾਂ ਸਿਰ 'ਤੇ ਪੱਗ ਬੰਨ੍ਹੀ ਹੈ। ਕੀ ਧਰਮ ਵਿੱਚ ਇਨਸਾਨੀਅਤ ਦੇ ਇਹੀ ਲੱਛਣ ਹੁੰਦੇ ਹਨ? ਅੱਜ ਧਰਮ ਅਸਥਾਨ ਮੰਦਰਾਂ, ਮਸਜਿਦਾਂ, ਗੁਰਦਵਾਰਿਆਂ ਵਿੱਚ ਅਜਿਹੇ ਲੋਕ ਬੈਠੇ ਹਨ, ਜਿਨ੍ਹਾਂ ਦਾ ਧਰਮ ਨਾਲ ਕੋਈ ਤੁਅਲਕ ਨਹੀਂ। ਜਿਨ੍ਹਾਂ ਦਾ ਕੰਮ ਧਰਮ ਦੇ ਨਾਂ ਤੇ ਲੁੱਟਣਾ ਜਾਂ ਹਰ ਤਰੀਕੇ

ਨਾਲ ਖਾਣਾ ਹੈ। ਧਾਰਮਿਕ ਅਸਥਾਨਾਂ ਤੇ ਹੀ ਅੱਜ ਵੱਧ ਗਿਣਤੀ ਵਿੱਚ ਚੋਰੀਆਂ ਠੱਗੀਆਂ ਹੁੰਦੀਆਂ ਹਨ, ਚਿਹ ਉੱਥੋਂ ਦੇ ਚੇਲੇ ਚਾਟੜੇ ਹੀ ਕਰਦੇ ਹਨ। ਕ ਿਸਾਡੇ ਸਾਰਿਆਂ ਲਈ ਇਹੀ ਧਰਮ ਹੈ ? ਜੋ ਸਾਡੇ ਗੁਰੂਆਂ, ਪੀਰਾਂ, ਪੈਗੰਬਰਾਂ ਨੇ ਸੱਚ ਦੀ ਅਵਾਜ਼ ਸਾਡੇ ਤੱਕ ਪਹੁੰਚਾਈ। ਨਹੀਂ...ਨਹੀਂ। ਅੱਜ ਸਾਰੇ ਧਾਰਮਿਕ ਅਸਥਾਨਾਂ ਤੇ ਇੱਕ ਅਜਿਹੀ ਜਮਾਤ ਦਾ ਕਬਜ਼ਾ ਹੈ ਜਿਸਨੇ ਹਰ ਸਮੇਂ ਲੋਕਾਂ ਨੂੰ ਗੁੰਮਰਾਹ ਕੀਤਾ ਹੈ, ਵੰਡੀਆਂ ਪਾਈਆਂ ਹਨ ? ਲੋਕਾਂ ਨੂੰ ਜਮਾਤੀ ਘੋਲ਼ਾਂ ਤੋਂ ਲਾਂਭੇ ਕੀਤਾ ਹੈ ਅਤੇ ਆਪਣੀ ਚੌਧਰ ਅਤੇ ਲੁੱਟ ਦੀ ਖਾਤਰ ਬੇਗੁਨਾਹ ਲੋਕਾਂ ਦੇ ਖੂਨ ਦੀਆਂ ਨਦੀਆਂ ਵਗਾਈਆਂ ਹਨ। ਅੱਜ ਸਮੇਂ ਦੀ ਅਹਿਮ ਲੋੜ ਇਨ੍ਹਾਂ ਚਾਲਾਂ ਤੋਂ ਬਚਣ ਦੀ ਹੈ ਤਾਂ ਹੀ ਅਸੀਂ ਦੇਸ਼ ਦੀ ਏਕਤਾ ਤੇ ਅਖੰਡਤਾ ਕਾਇਮ ਰੱਖ ਕੇ ਇਸਨੂੰ ਉੱਨਤ ਿਦੇ ਰਾਹ ਤੇ ਪਾ ਸਕਦੇ ਹਾਂ।

(ਸੰਨ-1985)

□□□

# ਕੈਨੇਡਾ ਦੀ ਪੁਲੀਸ ਨੂੰ ਟੂਣੇ ਨੇ ਪਾਈ ਭਾਜੜ

ਪਿਛਲੇ ਮਹੀਨੇ ਕੈਨੇਡਾ ਦੇ ਸੀ. ਬੀ. ਸੀ. ਨਿਊਜ਼ ਚੈਨਲ 'ਤੇ ਨਿੰਬੂਆਂ ਨਾਲ਼ ਜਾਦੂ-ਟੂਣਾ ਕਰਨ ਵਰਗੀਆਂ ਮੰਦਭਾਗੀਆਂ ਗੱਲਾਂ ਦੀ ਖ਼ਬਰ ਸੁਣ ਕੇ ਹੈਰਾਨੀ ਤਾਂ ਨਹੀਂ ਹੋਈ ਪਰ ਇੱਥੋਂ ਦੀ ਪੁਲੀਸ ਨੂੰ ਆਪਣੀ ਡਿਊਟੀ ਤੋਂ ਲਾਂਭੇ ਕਰ ਕੇ ਇਹੋ ਜਿਹੀਆਂ ਗੱਲਾਂ ਲਈ ਹਰਕਤ ਵਿੱਚ ਲਿਆਉਣ ਦਾ ਕਮਾਲ ਭਾਰਤੀ ਹੀ ਕਰ ਸਕਦੇ ਹਨ, ਇਹ ਯਕੀਨ ਜ਼ਰੂਰ ਹੋ ਗਿਆ। ਬੀ. ਸੀ. ਵਿੱਚ ਜਿਉਂ ਹੀ ਕਰੋਨਾ ਦੀਆਂ ਬੰਦਸ਼ਾਂ ਤੋਂ ਬਾਅਦ ਪਾਰਕਾਂ ਨੂੰ ਖੋਲ੍ਹਿਆ ਗਿਆ ਉਦੋਂ ਹੀ ਅੰਧ ਵਿਸ਼ਵਾਸ ਨੂੰ ਪੱਕੇ ਪੈਰੀਂ ਕਰਨ ਵਾਲ਼ੇ ਲੋਕਾਂ ਵਲੋਂ ਪੋਰਟ ਕੁਕਿੱਟਲਮ ਦੇ ਜੰਗਲਾਂ ਦੀਆਂ ਪਗਡੰਡੀਆਂ ਵਿੱਚ ਪੀਲ਼ੇ ਰੰਗ ਦੇ ਨਿੰਬੂਆਂ ਨੂੰ ਕੱਪੜੇ ਸਿਉਣ ਵਾਲ਼ੀਆਂ ਸੂਈਆਂ ਨਾਲ਼ ਪਰੋ ਕੇ ਖ਼ੰਮਣੀ ਨਾਲ਼ ਦਰਖ਼ਤਾਂ ਨਾਲ਼ ਬੰਨ੍ਹਿਆ ਮਿਲਿਆ ਹੈ। ਇਹ ਘਟਨਾ ਚੈਨਲ ਦੇ ਮੁਤਾਬਕ ਪਹਿਲਾਂ ਗੇਟਸ ਪਾਰਕ ਦੇ ਨਜ਼ਦੀਕ 22 ਜੂਨ ਨੂੰ ਇਹੋ ਜਿਹਾ ਟੂਣਾ ਕੀਤਾ ਮਿਲਿਆ ਸੀ ਤੇ ਕੁੱਝ ਦਿਨ ਬਾਅਦ 14 ਜੁਲਾਈ ਨੂੰ ਕੋਕਿੱਟਲਮ ਰਿਵਰ ਦੇ ਨੇੜੇ ਵਾਈਟ ਐਵੇਨਿਊ 'ਤੇ ਇਹ ਦੁਬਾਰਾ ਮਿਲਿਆ। ਕਿਸੇ ਵਿਅਕਤੀ ਨੇ ਈ-ਮੇਲ ਕਰਕੇ ਪੁਲੀਸ ਨੂੰ ਜਾਣਕਾਰੀ ਦਿੱਤੀ ਸੀ ਪਰ ਇਸ ਨੂੰ ਖ਼ਤਰਨਾਕ ਸਮਝ ਕੇ, ਉਹਨਾਂ ਨੇ ਇਸ ਨੂੰ ਕੂੜੇ ਵਿੱਚ ਸੁੱਟ ਦਿੱਤਾ ਸੀ। ਇਸ ਕਰਕੇ ਪੁਲੀਸ ਨੂੰ ਇਸ ਦਾ ਕੋਈ ਪੁਖ਼ਤਾ ਸਬੂਤ ਤਾਂ ਨਹੀਂ ਮਿਲਿਆ ਪਰ ਉਹਨਾਂ ਨੇ ਜੋ ਇਸ ਦੀ ਤਸਵੀਰ ਛਾਇਆ ਕੀਤੀ ਸੀ ਉਸ ਤੋਂ ਪਤਾ ਲੱਗਦਾ ਹੈ ਕਿ ਇਹ ਸਾਡੇ ਭਾਰਤੀ ਅਖੌਤੀ ਬਾਬਿਆਂ ਤੇ ਜੋਤਸ਼ੀਆਂ ਦਾ ਕਾਰਨਾਮਾ ਹੈ। ਪੁਲੀਸ ਨੇ ਲੋਕਾਂ ਨੂੰ ਇਸ ਉੱਤੇ ਨਜ਼ਰਸਾਨੀ ਰੱਖਣ ਤੇ ਸਾਵਧਾਨ ਹੋਣ ਲਈ ਵੀ ਅਪੀਲ ਕੀਤੀ ਹੈ। ਪੁਲੀਸ ਨੂੰ ਇਸ ਦਾ ਰਾਜ਼ ਲੱਭਣ ਲਈ ਕਾਫ਼ੀ ਭੱਜ ਨੱਠ ਕਰਨੀ ਪਈ ਕਿ ਇਹ ਹੈ ਕੀ ? ਇਹ ਇੱਥੇ ਹੋਣ ਵਾਲ਼ੀ ਪਹਿਲੀ ਘਟਨਾ ਨਹੀਂ, ਤਰਕਸ਼ੀਲ ਸੁਸਾਇਟੀ ਦਾ ਇਹੋ ਜਿਹੀਆਂ ਗੱਲਾਂ ਨਾਲ਼ ਵਾਹ ਵਾਸਤਾ ਪੈਂਦਾ ਰਹਿੰਦਾ ਹੈ ਪਰ ਪੁਲੀਸ ਦੇ ਸਾਹਮਣੇ ਆਉਣ ਵਾਲ਼ੀ ਇਹ ਪਹਿਲੀ ਘਟਨਾ ਹੈ। ਜੋਤਸ਼ੀ ਜਾਂ ਅਖੌਤੀ ਬਾਬੇ ਜਿੰਨ੍ਹਾਂ ਨੇ ਲੋਕਾਂ ਦੀ ਅੰਨ੍ਹੀ ਲੁੱਟ ਕਰਨ ਲਈ ਇੱਕ ਦੂਜੇ 'ਤੇ ਇਲਜ਼ਾਮ ਲਾ ਕੇ ਦੋਨੋਂ ਹੱਥੀਂ ਪੌਂ ਬਾਰਾਂ ਕਰਨੀਆਂ ਹੁੰਦੀਆਂ ਹਨ। ਪਰ ਇਸ ਸਮੇਂ ਕਰੋਨੇ ਨੇ ਲੋਕਾਂ ਨੂੰ ਇੱਕ ਦੂਜੇ ਤੋਂ ਦੂਰ ਰਹਿਣ ਲਈ ਮਜ਼ਬੂਰ ਕੀਤਾ ਹੈ ਤਾਂ ਇਹਨਾਂ ਦਾ ਇਹ ਤੁੱਕਾ ਨਹੀਂ ਸੀ ਲੱਗ ਸਕਦਾ ਸੋ ਜਿਉਂ ਹੀ ਪਾਰਕ ਖੁੱਲ੍ਹੇ, ਇਹਨਾਂ ਨੇ ਇਸ ਤਰ੍ਹਾਂ ਦਾ

ਹੀਲਾ ਵਸੀਲਾ ਲੱਭ ਲਿਆ। ਇਸ ਘਟਨਾ ਨੂੰ ਮੁੱਖ ਰੱਖਦਿਆਂ ਇਹੋ ਜਿਹੇ ਵਰਤਾਰੇ ਦਾ ਦੂਜਾ ਪੱਖ ਵੀ ਦੇਖਣ ਦੀ ਜ਼ਰੂਰੀ ਲੋੜ ਹੈ।

ਜਦੋਂ ਸਾਰੀ ਦੁਨੀਆਂ ਵਿੱਚ ਕੋਵਿਡ-19 ਮਹਾਂਮਾਰੀ ਦਾ ਬੋਲਬਾਲਾ ਵਧਿਆ ਤਾਂ ਪਹਿਲਾਂ ਪਹਿਲ ਜੋਤਸ਼ੀ ਤਾਂਤਰਿਕਾਂ ਨੇ ਲੋਕਾਂ ਨੂੰ ਬਹੁਤ ਉਲਝਾਉਣ ਦੀ ਕੋਸ਼ਿਸ਼ ਕੀਤੀ ਕਿ ਦਿਨਾਂ ਵਿੱਚ ਇਸ ਨੂੰ ਭਜਾ ਦੇਵਾਂਗੇ। ਇੱਥੋਂ ਤੱਕ ਕਿ ਭਾਰਤ ਦੇ ਤਾਂ ਪ੍ਰਧਾਨ ਮੰਤਰੀ ਮੋਦੀ ਨੇ ਵੀ ਤਾਲ਼ੀਆਂ, ਥਾਲ਼ੀਆਂ, ਮੋਮਬੱਤੀਆਂ, ਗਊ ਮੂਤਰ, ਗੋ ਕਰੋਨਾ ਗੋ ਵਰਗੇ ਨਾਹਰੇ ਲਾ ਕੇ ਲੋਕਾਂ ਵਿੱਚ ਅੰਧ-ਵਿਸ਼ਵਾਸੀ ਗੱਲਾਂ ਕਰਕੇ, ਆਪਣਾ ਅਧਾਰ ਬਣਾਉਣ ਦੀ ਕੋਸ਼ਿਸ਼ ਕੀਤੀ ਪਰ ਕੁਦਰਤੀ ਇਹ ਬਿਮਾਰੀ ਹੀ ਅਜਿਹੀ ਸੀ ਜਿਸ ‘ਤੇ ਇਹਨਾਂ ਦਾ ਜਾਦੂ ਨਹੀਂ ਚੱਲਿਆ ਤੇ ਸਾਰਿਆਂ ਨੂੰ ਆਪਣੇ ਘੁਰਨਿਆਂ ਵਿੱਚ ਵੜਨਾ ਪੈ ਗਿਆ ਸੀ, ਜੋ ਅਜੇ ਵੀ ਅੰਦਰੀਂ ਵੜੇ ਬੈਠੇ ਹਨ। ਹੁਣ ਲੋਕਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਇਹ ਤਾਂ ਇਹ ਜੋ ਲੋਕਾਂ ਦੇ ਸਿਰ ਤੋਂ ਆਪਣਾ ਤੋਰੀ ਫੁਲਕਾ ਚਲਾਉਂਦੇ ਹਨ, ਹੁਣ ਤਾਂ ਸਾਰੇ ਧਰਮਾਂ ਦੇ ਧਾਰਮਿਕ ਸਥਾਨ ਵੀ ਬੰਦ ਪਏ ਹਨ, ਸਗੋਂ ਡਰ ਵਿੱਚੋਂ ਲੰਘ ਰਹੇ ਹਨ ਕਿ ਉਹ ਵੀ ਕਰੋਨਾ ਕਰਕੇ ਬਦਨਾਮ ਨਾ ਹੋ ਜਾਣ, ਬੰਦ ਰੱਖਣ ਵਿੱਚ ਬਿਹਤਰੀ ਹੈ।

ਪਾਰਕ ਵਿੱਚ ਹੋਇਆ ਇਹ ਕਾਰਨਾਮਾ ਦੇਖ ਕੇ ਸਭ ਦੇ ਮਨਾਂ ਵਿੱਚ ਬਹੁਤ ਸਾਰੇ ਸਵਾਲ ਪੈਦਾ ਹੁੰਦੇ ਹਨ, ਜਿਹਨਾਂ ਦਾ ਮੁਲਾਂਕਣ ਕਰਨਾ ਜ਼ਰੂਰੀ ਹੈ ਜਿਵੇਂ:- ਜਾਦੂ ਟੂਣਿਆਂ ਦਾ ਇਤਿਹਾਸ ਕੀ ਹੈ? ਬਾਬੇ ਪੈਦਾ ਕਿਵੇਂ ਹੁੰਦੇ ਹਨ? ਲੋਕ ਇਹਨਾਂ ਨੂੰ ਮੰਨਣ ਕਿਵੇਂ ਲੱਗਦੇ ਹਨ? ਕੌਣ ਲੋਕ ਉਹਨਾਂ ਦੇ ਸ਼ਰਧਾਲੂ ਹਨ? ਔਰਤਾਂ ਬਾਬਿਆਂ ਦੇ ਮਗਰ ਵੱਧ ਕਿਉਂ ਲਗਦੀਆਂ ਹਨ? ਲੋਕ ਤਰਕ ਨਾਲ਼ ਕਿਉਂ ਨਹੀਂ ਸੋਚਦੇ? ਕੈਨੇਡਾ ਵਰਗੇ ਦੇਸ਼ ਵਿੱਚ ਵੀ ਇਹੋ ਜਿਹਾ ਵਰਤਾਰਾ ਕਿਉਂ ਹੈ? ਵਿਗਿਆਨ ਦੀ ਤਰੱਕੀ ਦੇ ਬਾਵਜੂਦ ਅੰਧ-ਵਿਸ਼ਵਾਸ ਉਵੇਂ ਦਾ ਉਵੇਂ ਕਿਉਂ ਹੈ?

ਭਾਰਤ ਇੱਕ ਬਹੁਤ ਹੀ ਪੁਰਾਣੀ ਸੰਸਕ੍ਰਿਤੀ ਦਾ ਦੇਸ਼ ਹੈ ਜੋ ਮੁੱਖ ਰੂਪ ਵਿੱਚ ਅੰਗਰੇਜ਼ਾਂ ਦੇ ਉੱਥੇ ਜਾਣ ਬਾਅਦ ਹੀ ਜ਼ਿਆਦਾ ਵਿਕਾਸ ਦੀ ਲੀਹ ‘ਤੇ ਤੁਰਿਆ ਸੀ। ਲੋਕ ਬਹੁਤ ਸਾਦਾ ਜੀਵਨ ਜਿਉਂਦੇ ਸਨ ਤੇ ਆਪਣੀਆਂ ਬਿਮਾਰੀਆਂ ਦਾ ਇਲਾਜ ਜੜ੍ਹੀ ਬੂਟੀਆਂ ਨਾਲ਼ ਕਰਦੇ ਸਨ। ਕਈ ਪਿੰਡਾਂ ਵਿੱਚ ਇੱਕ ਅੱਧਾ ਸਿਆਣਾ ਵੈਦ ਹੁੰਦਾ ਸੀ ਜੋ ਲੋਕਾਂ ਦਾ ਇਲਾਜ ਕਰਦਾ ਸੀ। ਟੂਣੇ ਦੀ ਕਹਾਣੀ ਇਸ ਨਾਲ਼ ਹੀ ਜੁੜੀ ਹੈ ਕਿ ਜੇ ਪਿੰਡ ਵਿੱਚ ਕੋਈ ਬਿਮਾਰ ਹੁੰਦਾ ਸੀ ਤਾਂ ਰੋਗੀ ਦੀ ਪਛਾਣ ਵਜੋਂ ਕੁੱਝ ਚੀਜ਼ਾਂ ਪਿੰਡ ਦੇ ਚੁਰਸਤੇ ‘ਤੇ ਰੱਖ ਦਿੱਤੀਆਂ ਜਾਂਦੀਆਂ ਸਨ ਜਿਵੇਂ ਰੋਗੀ ਆਦਮੀ ਹੈ ਜਾਂ ਔਰਤ, ਕਿਸ ਕਿਸਮ ਦੀ ਤਕਲੀਫ਼ ਹੈ। ਜਿਵੇਂ ਚੂੜੀਆਂ, ਸੰਧੂਰ ਆਦਿ ਤੋਂ ਨਵਵਿਆਹੀ ਔਰਤ ਦੀ ਪਛਾਣ। ਆਮ ਲੋਕਾਂ ਨੂੰ ਉਸ ਤੋਂ ਦੂਰ ਰਹਿਣ ਲਈ ਕਿਹਾ ਜਾਂਦਾ ਸੀ ਕਿਉਂਕਿ ਜੇ ਬੱਚੇ ਬਗੈਰਾ ਉਸ ਨੂੰ

ਤੋੜ ਦੇਣ ਫਿਰ ਵੈਦ ਉਸ ਨੂੰ ਦੇਖ ਨਹੀਂ ਸਕੇਗਾ ਤੇ ਇਲਾਜ ਨਹੀਂ ਕਰ ਸਕੇਗਾ। ਮੁੱਢ ਤਾਂ ਬੱਝਿਆ ਸੀ ਕਿ ਲੋਕ ਟੂਣਾ ਆਪ ਰੱਖਦੇ ਸਨ ਪਰ ਅੱਜ ਕੱਲ ਜੋਤਸ਼ੀ, ਤਾਂਤਰਿਕ ਆਪ ਰਖਵਾਉਂਦੇ ਹਨ ਤੇ ਆਪਣੇ ਚੇਲੇ-ਚਾਟੜਿਆਂ ਤੋਂ ਚੁਕਵਾ ਵੀ ਲੈਂਦੇ ਹਨ ਤੇ ਵਸਤਾਂ ਵਰਤ ਵੀ ਲੈਂਦੇ ਹਨ। ਜੇ ਉਹਨਾਂ ਨੂੰ ਨਾ ਵੀ ਚੁੱਕ ਸਕਣ ਤਾਂ ਵੀ ਕੋਈ ਗੱਲ ਨਹੀਂ ਉਹਨਾਂ ਨੇ ਤਾਂ ਪਹਿਲਾਂ ਹੀ ਵਸੂਲੀ ਕਰ ਲਈ ਹੁੰਦੀ ਹੈ। ਬਾਬਾ ਜਾਂ ਸਿਆਣਾ ‘ਨਾਂ’ ਵੀ ਉਸ ਵਿਅਕਤੀ ਦੀ ਸਿਆਣਪ ਤੇ ਸੂਝ ਮੁਤਾਬਕ ਹੀ ਰੱਖਿਆ ਗਿਆ ਸੀ, ਕਿ ਉਸ ਵਿੱਚ ਯੋਗਤਾ ਹੈ ਕਿ ਉਹ ਆਪਣੀਆਂ ਜੜ੍ਹੀ ਬੂਟੀਆਂ ਨਾਲ਼ ਮਰੀਜ਼ ਨੂੰ ਠੀਕ ਕਰ ਸਕਦਾ ਸੀ।

ਜਦੋਂ 18ਵੀਂ ਸਦੀ ਵਿੱਚ ਅੰਗਰੇਜ਼ ਭਾਰਤ ਵਿੱਚ ਪਹੁੰਚੇ ਤਾਂ ਉੱਥੇ ਦੀ ਧਰਤੀ ਜੋ ਅਣਮੁੱਲੀਆਂ ਕੱਚੀਆਂ ਧਾਤਾਂ ਨਾਲ਼ ਭਰੀ ਪਈ ਸੀ, ਉਹਨਾਂ ਨੇ ਕੱਚੇ ਮਾਲ ਨੂੰ ਇੰਗਲੈਂਡ ਲਿਆਉਣ ਲਈ ਜਿੱਥੇ ਆਵਾਜਾਈ ਦੇ ਸਾਧਨ ਜਿਵੇਂ ਸੜਕਾਂ, ਰੇਲਾਂ ਦਾ ਜਾਲ਼ ਵਿਛਾਇਆ ਉੱਥੇ ਉਹਨਾਂ ਨੇ ਸਕੂਲ, ਕਾਲਜ ਤੇ ਹਸਪਤਾਲ ਵੀ ਖੋਲ੍ਹੇ ਕਿਉਂਕਿ ਬੇਸ਼ੱਕ ਅੰਗਰੇਜ਼ ਭਾਰਤੀਆਂ ‘ਤੇ ਰਾਜ ਕਰਦੇ ਸਨ ਪਰ ਉੱਥੋਂ ਦੀ ਰਿਆਇਆ ਨੂੰ ਵੀ ਉਹਨਾਂ ਦਾ ਨੌਕਰ ਬਣ ਕੇ ਰਹਿਣ ਲਈ ਸਿਹਤ ਪੱਖੋਂ ਰਿਸ਼ਟ ਪੁਸ਼ਟ ਤੇ ਗੱਲ ਸਮਝਣ ਲਈ ਅੰਗਰੇਜ਼ੀ ਬੋਲੀ ਵੀ ਆਉਣੀ ਚਾਹੀਦੀ ਸੀ ਸੋ ਉਹਨਾਂ ਨੇ ਉਹ ਕੰਮ ਬਾਖੂਬੀ ਕੀਤਾ। ਉਹਨਾਂ ਨੇ ਇਹੋ ਜਿਹੀ ਪੜ੍ਹਾਈ ਕਰਵਾਈ ਜੋ ਸਿਰਫ਼ ਬਾਬੂ ਪੈਦਾ ਕਰ ਸਕਦੀ ਸੀ ਤੇ ਜਾਂ ਫੌਜ ਵਿੱਚ ਅੱਗੇ ਹੋ ਕੇ ਲੜ ਸਕਦੀ ਸੀ। ਉਹਨਾਂ ਨੇ ਵਿਗਿਆਨਕ ਚੀਜ਼ਾਂ ਦੀ ਵਰਤੋਂ ਤਾਂ ਸ਼ੁਰੂ ਕੀਤੀ ਪਰ ਲੋਕਾਂ ਦਾ ਬੌਧਿਕ ਵਿਕਾਸ ਨਹੀਂ ਹੋਣ ਦਿੱਤਾ। ਅੰਗਰੇਜ਼ਾਂ ਦੇ ਜਾਣ ਬਾਅਦ ਵੀ ਸਾਡੀ ਪੜ੍ਹਾਈ ਉਹੀ ਹੈ, ਉਸ ਵਿੱਚ ਬੌਧਿਕ ਵਿਕਾਸ ਜਾਂ ਵਿਗਿਆਨਕ ਸੋਚ ਲਈ ਕੋਈ ਥਾਂ ਨਹੀਂ ਹੈ। ਅੱਜ ਇੱਕ ਵਿਦਿਆਰਥੀ ਪੜ੍ਹਦਾ ਹੈ ਉਸ ਨੂੰ ਕਿਹਾ ਜਾਂਦਾ ਹੈ ਕਿ ਉਹ ਕੋਸ਼ਿਸ਼ ਕਰੇ ਡਾਕਟਰ, ਵਕੀਲ ਜਾਂ ਇੰਜਨੀਅਰ ਬਣਨ ਦੀ, ਇਸ ਤਰ੍ਹਾਂ ਉਹ ਪੈਸੇ ਉਗਲ਼ਣ ਵਾਲ਼ੀ ਮਸ਼ੀਨ ਬਣਨ ਦੀ ਕੋਸ਼ਿਸ਼ ਕਰਦਾ ਹੈ। ਇਸ ਦੌੜ ਵਿੱਚ ਉਸ ਦੀ ਆਪਣੀ ਬੌਧਿਕਤਾ, ਸੋਚ, ਤਰਕ ਤੇ ਇਨਸਾਨੀਅਤ ਦਾ ਮਾਦਾ ਖ਼ਤਮ ਹੋ ਜਾਂਦਾ ਹੈ। ਇਸ ਕਰਕੇ ਬਹੁਤ ਪੜ੍ਹੇ ਲਿਖੇ ਲੋਕ ਵੀ ਬਾਬਿਆਂ ਦੇ ਡੇਰਿਆਂ ਵਿੱਚ ਦੇਖੇ ਜਾ ਸਕਦੇ ਹਨ। ਇਹੋ ਜਿਹੀ ਪੜ੍ਹਾਈ ਪੜ੍ਹ ਕੇ ਬਹੁਤੇ ਆਪ ਸੋਚਣਾ ਛੱਡ ਦਿੰਦੇ ਹਨ ਤੇ ਰੀਸੋ ਰੀਸ ਮਗਰ ਲੱਗ ਤੁਰਦੇ ਹਾਂ। ਅੰਗਰੇਜ਼ਾਂ ਦੇ ਜਾਣ ਬਾਅਦ ਕਾਲ਼ੇ ਅੰਗਰੇਜ਼ ਜੋ ਬਰਤਾਨਵੀ ਸਾਮਰਾਜ ਦੇ ਹੱਥ ਠੋਕੇ ਸਨ, ਉਹਨਾਂ ਨੇ ਵੀ ਭਾਰਤੀ ਲੋਕਾਂ ਨੂੰ ਆਪਣੇ ਨਹੀਂ ਸਮਝਿਆ, ਲੋਕਾਂ ਨੂੰ ਵਿਗਿਆਨ ਦੇ ਰਾਹ ਕੀ ਤੋਰਨਾ ਸੀ ਸਗੋਂ ਹਕੂਮਤੀ ਲਹਿਜ਼ੇ ਵਿੱਚ ਅੰਗਰੇਜ਼ਾਂ ਤੋਂ ਵੀ ਅੱਗੇ ਲੰਘ ਗਏ।

ਮੇਰਾ ਇਤਿਹਾਸ ਦੇ ਨਜ਼ਰੀਏ ਤੋਂ ਗੱਲ ਕਰਨਾ ਤਾਂ ਜ਼ਰੂਰੀ ਸੀ ਕਿ ਸਾਨੂੰ ਪਤਾ ਹੋਵੇ ਕਿ ਭਾਰਤੀ ਲੋਕਾਂ ਦੀ ਬੁੱਧੀ ਨੂੰ ਖੁੰਢਾ ਕਿਵੇਂ ਕੀਤਾ ਗਿਆ ਹੈ। ਸਵਾਲ ਸੀ ਕਿ ਬਾਬੇ ਪੈਦਾ ਕਿਵੇਂ ਹੁੰਦੇ ਹਨ ? ਹਮੇਸ਼ਾਂ ਹੀ ਹਕੂਮਤਾਂ ਆਪਣੇ ਹਿਤਾਂ ਨੂੰ ਕਾਇਮ ਰੱਖਣ ਲਈ ਲੋਕਾਂ ਵਿੱਚ ਪਾੜੇ ਪਾਉਂਦੀਆਂ ਹਨ ਤੇ ਆਪਣੀ ਉਮਰ ਲੰਬੀ ਕਰਦੀਆਂ ਹਨ। ਅੰਗਰੇਜ਼ਾਂ ਸਮੇਂ ਉਹਨਾਂ ਨੇ ਸਾਡੇ ਵਿੱਚ ਧਰਮਾਂ ਤੇ ਜਾਤਾਂ ਦੀਆਂ ਵੰਡੀਆਂ ਪਾ ਕੇ ਧਰਮਾਂ ਦੇ ਨਾਂ 'ਤੇ ਸਕੂਲ ਖੋਲ੍ਹ ਕੇ ਇਹ ਹੱਥ ਕੰਡੇ ਵਰਤੇ ਸਨ। ਪਰ ਉਨ੍ਹਾਂ ਤੋਂ ਬਾਅਦ ਉਹ ਤਾਂ ਜਿਵੇਂ ਦੇ ਤਿਵੇਂ ਰਹੇ ਪਰ ਜਿਵੇਂ ਪੰਜਾਬ ਵਿੱਚ ਡੇਰਾਵਾਦ ਦਾ ਆਗਮਨ ਹੋਇਆ। ਸਿੱਖ ਧਰਮ ਜਿਸ ਦੀ ਉਮਰ ਜ਼ਿਆਦਾ ਲੰਬੀ ਨਹੀਂ ਪਰ ਇਸ 'ਤੇ ਵੀ ਕੁੱਝ ਕਾਬਜ਼ ਲੋਕਾਂ ਨੇ ਜੱਟਾਂ ਦਾ ਧਰਮ ਬਣਾ ਕੇ ਪੇਸ਼ ਕੀਤਾ ਕਿ ਬਾਕੀ ਜਾਤਾਂ ਨੇ ਆਪਣੇ ਨਵੇਂ ਗੁਰਦਵਾਰੇ ਬਣਾ ਲਏ ਤੇ ਉਹਨਾਂ ਵਿੱਚ ਹੋਰ ਤੇ ਹੋਰ। ਇਹਨਾਂ ਸਾਰੀਆਂ ਗੱਲਾਂ ਦੇ ਪਿੱਛੇ ਉਹੀ ਅੰਗਰੇਜ਼ ਦੀ ਨੀਤੀ ਪਾੜੋ ਤੇ ਰਾਜ ਕਰੋ ਵਾਲ਼ੀ ਹੈ। ਇਹਨਾਂ ਬਾਬਿਆਂ ਨੂੰ ਪੈਦਾ ਕਰਨ ਵਾਲ਼ੀਆਂ ਸਰਕਾਰਾਂ ਹੀ ਹੁੰਦੀਆਂ ਹਨ ਕਿਉਂਕਿ ਉਹ ਦੇਖਦੀਆਂ ਹਨ ਕਿ ਇਨ੍ਹਾਂ ਪਿੱਛੇ ਹੋਣ ਵਾਲ਼ਾ ਇਕੱਠ ਉਹਨਾਂ ਦੀਆਂ ਪੱਕੀਆਂ ਵੋਟਾਂ ਹੁੰਦੀਆਂ ਹਨ। ਭੋਲ਼ੀ ਭਾਲ਼ੀ ਜਨਤਾ ਜੋ ਸਿਰਫ਼ ਉਨ੍ਹਾਂ ਬਾਬਿਆਂ ਦੇ ਮਗਰ ਲੱਗੀ ਹੁੰਦੀ ਹੈ, ਉਹ ਆਪਣੀ ਜ਼ਿੰਦਗੀ ਦੇ ਦੁੱਖਾਂ ਵਿੱਚ ਉਲ਼ਝੀ ਬਾਹਰ ਦੇਖ ਨਹੀਂ ਸਕਦੀ। ਵੱਡੇ ਵੱਡੇ ਅਮੀਰਾਂ, ਲੀਡਰਾਂ ਜਾਂ ਐਕਟਰਾਂ ਨੂੰ ਲੋਕ ਜਦੋਂ ਬਾਬਿਆਂ ਦੇ ਪੈਰੀਂ ਪੈਂਦੇ ਦੇਖਦੇ ਹਨ ਤਾਂ ਉਹ ਸੋਚਦੇ ਹਨ ਕਿ ਵਾਕਿਆ ਈ ਇਹ ਲੋਕ ਕਿਸੇ ਸ਼ਕਤੀ ਦਾ ਪ੍ਰਤੀਕ ਹਨ। ਦੇਖਦੇ ਹਾਂ ਕਿ ਕੁੱਝ ਸਾਲ ਪਹਿਲਾਂ ਦੋ ਚਾਰ ਇੱਟਾਂ ਦੀ ਥੜ੍ਹੀ ਬਣਦੀ ਹੈ ਤੇ ਬਾਅਦ ਵਿੱਚ ਉੱਥੇ ਪੂਰੀ ਵੱਡੀ ਬਿਲਡਿੰਗ ਵਾਲਾ ਡੇਰਾ ਉਸਰਿਆ ਹੁੰਦਾ ਹੈ। ਦੁੱਖਾਂ ਦੀ ਭੰਨੀ ਜਨਤਾ ਆਪਣੇ ਇਲਾਜ ਲਈ ਹਮੇਸ਼ਾਂ ਸੌਖਾ ਓਹੜ-ਪੋਹੜ ਕਰਨਾ ਚਾਹੁੰਦੀ ਹੈ ਕਿਉਂਕਿ ਉਹਨਾਂ ਦੇ ਵਸੀਲੇ ਵੀ ਉੰਨੇ ਕੁ ਹੀ ਹੁੰਦੇ ਹਨ। ਸਰਕਾਰਾਂ ਲੋਕਾਂ ਨੂੰ ਚੇਤਨ ਕਰਨਾ ਨਹੀਂ ਚਾਹੁੰਦੀਆਂ ਕਿਉਂਕਿ ਉਹਨਾਂ ਦਾ ਲੁਟੇਰਾ ਰਾਜ ਤਦੇ ਸਥਿਰ ਰਹਿ ਸਕਦਾ ਹੈ। ਅੰਗਰੇਜ਼ਾਂ ਦੀ ਪੈਦਾ ਕੀਤੀ ਗ਼ੁਲਾਮ ਮਾਨਸਿਕਤਾ ਹੀ ਇਸ ਦੀ ਪੂਜਾ ਕਰਦੀ ਹੈ ਤੇ ਸ਼ਰਧਾਲੂ ਬਣ ਕੇ ਹੋਰ ਅੱਗੇ ਹੋਰ ਇਸ਼ਤਿਹਾਰਬਾਜ਼ੀ ਦਾ ਕੰਮ ਵੀ ਕਰਦੀ ਹੈ। ਸਾਡੇ ਲੋਕ ਉਨ੍ਹਾਂ ਦੇ ਕਿਸੇ ਇਲਾਜ ਨਾਲ਼ ਠੀਕ ਭਾਵੇਂ ਨਾ ਹੋਣ ਪਰ ਦਸ ਬੰਦਿਆਂ ਕੋਲ ਗੱਲ ਜ਼ਰੂਰ ਕਰਦੇ ਹਨ ਕਿ ਉਹ ਬਹੁਤ ਵਧੀਆ ਹੈ।

ਕਈ ਵਾਰ ਇਹ ਸਵਾਲ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ ਕਿ ਔਰਤਾਂ ਬਾਬਿਆਂ ਦੇ ਮਗਰ ਲੱਗਦੀਆਂ ਹਨ ਇਸ ਦਾ ਕਾਰਣ ਵੀ ਇਹੀ ਹੈ ਕਿ ਔਰਤਾਂ ਨੂੰ ਪੜ੍ਹਾਈ ਤੋਂ ਵਾਂਝੇ ਰੱਖਿਆ ਜਾਂਦਾ ਸੀ। ਅੰਗਰੇਜ਼ਾਂ ਦੀ ਬਣਾਈ ਭੂਮੀ ਮਾਲਕੀ ਦੀ ਵੰਡ ਵੀ ਘਰ ਦੇ ਮਾਲਕ ਦੇ ਨਾਂ 'ਤੇ ਹੀ ਹੋਈ ਜਿਸ ਵਿੱਚ ਵੀ ਔਰਤ ਨੂੰ

ਇਨਸਾਨ ਨਾ ਸਮਝ ਕੇ ਦੂਜੇ ਦਰਜੇ ਦੀ ਸ਼ਹਿਰੀ ਬਣਾ ਕੇ ਵਸਤੂ ਜਿੰਨੀ ਅਹਿਮੀਅਤ ਹੀ ਦਿੱਤੀ ਗਈ। ਉਸ ਕੋਲ ਆਪਣੇ ਦੁੱਖਾਂ ਤਕਲੀਫ਼ਾਂ ਨੂੰ ਦੱਸਣ ਦਾ ਕੋਈ ਜ਼ਰੀਆ ਹੀ ਨਹੀਂ ਸੀ ਹੁੰਦਾ। ਉਹ ਕਿਸ ਕੋਲ ਆਪਣੇ ਦੁੱਖੜੇ ਫਰੋਲ਼ੇ। ਮਾਨਸਿਕ ਤੌਰ ਤੇ ਕਮਜ਼ੋਰ ਪ੍ਰਾਣੀ ਨੂੰ ਮਾਨਸਿਕ ਰੋਗ ਵੀ ਜ਼ਿਆਦਾ ਹੀ ਲੱਗਣਗੇ। ਤਾਕਤਵਰ ਬੰਦਾ ਹਰ ਤਰ੍ਹਾਂ ਨਾਲ਼ ਆਪਣੀ ਗੱਲ ਦੂਜਿਆਂ 'ਤੇ ਠੋਸ ਸਕਦਾ ਹੈ ਪਰ ਕਮਜ਼ੋਰ ਫਿਰ ਅਜਿਹੀ ਕੜੀ ਲੱਭਦਾ ਹੈ ਕਿ ਜਿਸ ਵਿੱਚ ਉਸ ਦੀ ਪੁੱਛ ਪ੍ਰਤੀਤ ਹੋਵੇ। ਇਸ ਕਰਕੇ ਹੀ ਔਰਤਾਂ ਇੱਕ ਖਿੱਚ ਪੈਦਾ ਕਰਨ ਲਈ ਅਜਿਹੀ ਨਿੰਦਣਯੋਗ ਮਾਨਸਿਕ ਹਾਲਤ ਦਾ ਸਾਹਮਣਾ ਕਰਦੀਆਂ ਹਨ। ਉਹਨਾਂ ਦਾ ਤਾਂਤਰਿਕਾਂ ਦੇ ਸਾਹਮਣੇ ਖੇਡਣਾ ਆਦਿ ਇਸ ਦਾ ਹੀ ਸਬੂਤ ਹੈ। ਪਿਤਾ-ਪੁਰਖ਼ੀ ਸਮਾਜ ਵਿੱਚ ਹਮੇਸ਼ਾਂ ਔਰਤ-ਜਾਤੀ ਦੀਆਂ ਹਾਲਤਾਂ ਬਦ ਤੋਂ ਬਦਤਰ ਰਹੀਆਂ ਹਨ।

ਤਰਕਸ਼ੀਲ ਸੁਸਾਇਟੀਆਂ ਪੰਜਾਬ, ਭਾਰਤ ਜਾਂ ਬਿਦੇਸ਼ਾਂ ਵਿੱਚ ਸਾਲਾਂ ਬੱਧੀਂ ਕੰਮ ਕਰ ਰਹੀਆਂ ਹਨ ਪਰ ਜਾਦੂ-ਟੂਣੇ ਵਾਲੇ ਦਿਨੋਂ-ਦਿਨ ਵਧਦੇ ਜਾ ਰਹੇ ਹਨ। ਇਸ ਦਾ ਕਾਰਣ ਇਹੀ ਹੈ ਕਿ ਲੋਕ ਬਾਬਿਆਂ ਨੂੰ ਬਹੁਤ ਚੜ੍ਹਾਵਾ ਚੜ੍ਹਾਉਂਦੇ ਹਨ। ਉਸ ਨਾਲ਼ ਉਹ ਇਸ਼ਤਿਹਾਰਬਾਜ਼ੀ ਕਰਦੇ ਹਨ, ਮੀਡੀਆ ਉਨ੍ਹਾਂ ਦੇ ਹੱਥ ਵਿੱਚ ਹੈ। ਅਖ਼ਬਾਰਾਂ ਵਿੱਚ ਥਾਂ-ਥਾਂ ਤੇ ਐਡਾਂ ਪਾਈਆਂ ਹੁੰਦੀਆਂ ਹਨ। ਸਰਕਾਰਾਂ ਉਨ੍ਹਾਂ ਨੂੰ ਨੱਥ ਨਹੀਂ ਪਾਉਂਦੀਆਂ ਸਗੋਂ ਉਤਸ਼ਾਹਤ ਕਰਦੀਆਂ ਹਨ। ਤਰਕਸ਼ੀਲ ਸੁਸਾਇਟੀ ਵਲੋਂ ਕੈਨੇਡਾ ਸਰਕਾਰ ਕੋਲ ਇਹਨਾਂ ਐਡਾਂ ਦੇ ਖਿਲਾਫ਼ 10000 ਲੋਕਾਂ ਦੇ ਦਸਖ਼ਤਾਂ ਵਾਲੀ ਪਟੀਸ਼ਨ ਵੀ ਦਾਖ਼ਲ ਕੀਤੀ ਗਈ ਸੀ, ਪਰ ਕੋਈ ਉੱਤਾ ਨਹੀਂ ਵਾਚਿਆ ਗਿਆ। ਸਾਡੇ ਲੁੱਟੇ ਜਾਣ ਵਾਲ਼ੇ ਲੋਕ ਵੀ ਸਾਹਮਣੇ ਆ ਕੇ ਉਨ੍ਹਾਂ ਦਾ ਵਿਰੋਧ ਨਹੀਂ ਕਰਦੇ ਸਗੋਂ ਲੁਟਾਈ ਖਾ ਕੇ ਚੁੱਪ ਕਰ ਜਾਂਦੇ ਹਨ। ਉਹ ਵੀ ਕਿਤੇ ਨਾ ਕਿਤੇ ਆਪਣੇ ਆਪ ਨੂੰ ਕਸੂਰਵਾਰ ਮੰਨ ਬਹਿੰਦੇ ਹਨ ਜਦਕਿ ਚੁਸਤ-ਚਲਾਕ ਲੋਕ ਉਹਨਾਂ ਦੀਆਂ ਭਾਵਨਾਵਾਂ ਨਾਲ਼ ਖਿਲਵਾੜ ਕਰਕੇ ਉਹਨਾਂ ਨੂੰ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਨੁਕਸਾਨ ਪਹੁੰਚਾ ਰਹੇ ਹੁੰਦੇ ਹਨ। ਦੂਸਰੇ ਪਾਸੇ ਤਰਕਸ਼ੀਲ ਸੁਸਾਇਟੀਆਂ ਲੋਕਾਂ ਦੀਆਂ ਜਥੇਬੰਦੀਆਂ ਹਨ, ਉਹ ਜੋ ਕੰਮ ਕਰਦੀਆਂ ਹਨ ਆਪਣੇ ਵਿਤ ਮੁਤਾਬਕ ਹੀ ਕਰ ਸਕਦੀਆਂ ਹਨ। ਉਨ੍ਹਾਂ ਦੇ ਸਾਧਨ ਚਾਹੇ ਪੈਸੇ ਦਾ ਹੋਵੇ ਜਾਂ ਸਮੇਂ ਦਾ। ਉਹ ਸੀਮਤ ਹਨ ਕਿਉਂਕਿ ਉਹ ਸਾਰੇ ਲੋਕ ਕੰਮ ਕਰਕੇ ਗੁਜ਼ਾਰਾ ਕਰਨ ਵਾਲ਼ੇ ਹਨ, ਉਨ੍ਹਾਂ ਕੋਲ਼ ਲੁੱਟ ਦਾ ਮਾਲ ਤਾਂ ਬਾਬਿਆਂ ਵਾਂਗ ਹੁੰਦਾ ਨਹੀਂ। ਮੀਡੀਆ ਵੀ ਜੋ ਲੋਕ ਪੱਖੀ ਹੈ, ਉਹੀ ਬਾਂਹ ਫੜ੍ਹਦਾ ਹੈ ਨਹੀਂ ਤਾਂ ਬਹੁਤਾ ਮੀਡੀਆ ਜ਼ਿਆਦਾ ਡਾਲਰ ਕਮਾਉਣ ਲਈ ਬਾਬਿਆਂ, ਜੋਤਸ਼ੀਆਂ ਦੀ ਹੀ ਇਸ਼ਤਿਹਾਰਬਾਜ਼ੀ ਕਰਦਾ ਹੈ। ਪਰ ਹਾਂ ਕੁੱਝ ਲੋਕ ਸੁਸਾਇਟੀ ਕੋਲ਼ ਜਾਂਦੇ ਵੀ ਹਨ ਪਰ ਜਦੋਂ ਨੂੰ ਉਹ ਲੁਟਾਈ ਖਾ ਚੁੱਕੇ ਹੁੰਦੇ ਹਨ ਅਤੇ ਉਹਨਾਂ ਨੇ ਕਈਆਂ ਦੇ ਪੈਸੇ ਮੁੜਵਾਉਣ ਵਿੱਚ ਵੀ ਮੱਦਦ ਕੀਤੀ ਹੈ।

ਕੈਨੇਡਾ ਵਰਗੇ ਵਿਕਸਤ ਦੇਸ਼ ਵਿੱਚ ਅਜਿਹਾ ਵਰਤਾਰਾ ਕਿਉਂ ਹੈ ਜਿੱਥੇ ਲੋਕ ਖੁਸ਼ਹਾਲ ਜ਼ਿੰਦਗੀ ਜਿਉਂਦੇ ਹਨ ? ਇਹ ਭੁਲੇਖ਼ਾ ਵੀ ਸਾਡੇ ਲੋਕਾਂ ਵਿੱਚ ਆਮ ਹੀ ਦੇਖਣ ਨੂੰ ਮਿਲਦਾ ਹੈ ਜਦਕਿ ਪੈਸਾ ਖੁਸ਼ੀ ਨਹੀਂ ਦੇ ਸਕਦਾ ਇਹ ਸਿਰਫ਼ ਤੇ ਸਿਰਫ਼ ਲੋੜਾਂ ਪੂਰੀਆਂ ਕਰਨ ਲਈ ਹੁੰਦਾ ਹੈ। ਇਨਸਾਨ ਨੂੰ ਦੁੱਖਾਂ-ਤਕਲੀਫ਼ਾਂ, ਔਕੜਾਂ ਵਿੱਚੋਂ ਹਰ ਥਾਂ ਤੇ ਹੀ ਲੰਘਣਾ ਪੈਂਦਾ ਹੈ ਇਸੇ ਤਰ੍ਹਾਂ ਇੱਥੇ ਵੀ। ਸਾਰੀਆਂ ਮੁਸ਼ਕਲਾਂ ਦਾ ਹੱਲ ਪੈਸਾ ਕਦੇ ਵੀ ਨਹੀਂ ਹੁੰਦਾ। ਇੱਥੇ ਤਾਂ ਸਗੋਂ ਕਈ ਮੁਸ਼ਕਲਾਂ ਹੋਰ ਵੀ ਜਮ੍ਹਾਂ ਹੋ ਜਾਂਦੀਆਂ ਹਨ, ਜਿਵੇਂ ਬਿਮਾਰ ਹੋਣਾ, ਕੰਮ ਦਾ ਛੁੱਟ ਜਾਣਾ, ਰਿਸ਼ਤਿਆਂ 'ਚ ਤਰੇੜ ਆਉਣੀ , ਪਤੀ-ਪਤਨੀ ਦਾ ਵੀਜ਼ਾ ਨਾ ਲੱਗਣਾ, ਬੌਸ ਦੀਆਂ ਝਿੜਕਾਂ, ਘਰਾਂ ਦੀਆਂ ਪੇਮੈਂਟਾਂ, ਬੱਚਿਆਂ ਦਾ ਨਸ਼ਿਆਂ ਵੱਲ ਚਲੇ ਜਾਣਾ ਹੋਰ ਪਰਿਵਾਰਕ ਝਗੜੇ-ਝੇੜੇ, ਪੈਸੇ ਦੀ ਦੌੜ, ਸੈੱਟ ਹੋਣ ਦਾ ਫ਼ਿਕਰ, ਤਲਾਕ ਆਦਿ ਕਿੰਨਾ ਹੀ ਕੁੱਝ। ਮਨੁੱਖੀ ਮਨ ਤਾਂ ਇੱਕੋ ਜਿਹਾ ਹੀ ਹੈ ਚਾਹੇ ਭਾਰਤ ਹੋਵੇ ਜਾਂ ਕੈਨੇਡਾ। ਹਰ ਮਨੁੱਖ ਦੁੱਖ ਜਾਂ ਮੁਸੀਬਤ ਨੂੰ ਦੇਖ ਕੇ ਛੇਤੀ ਘਬਰਾਉਂਦਾ ਹੈ ਤੇ ਇਲਾਜ ਵੀ ਛੇਤੀ ਵਾਲ਼ਾ ਤੇ ਸੌਖੇ ਤਰੀਕੇ ਵਾਲ਼ਾ ਲੱਭਦਾ ਹੈ।ਸੋ ਉਦੋਂ ਹੀ ਇਨ੍ਹਾਂ ਦੇ ਚੁੰਗਲ ਵਿੱਚ ਫਸਦਾ ਹੈ। ਦੂਸਰਾ ਦੇਖਣ ਵਿੱਚ ਆਉਂਦਾ ਹੈ ਕਿ ਇਹ ਪਖੰਡੀ ਖੜ੍ਹੇ ਬੇਸ਼ੱਕ ਸਾਇੰਸ ਦੇ ਉਲਟ ਹਨ ਪਰ ਉਹਨਾਂ ਨੇ ਇਸ ਨੂੰ ਇਸਤੇਮਾਲ ਬਹੁਤ ਕੀਤਾ ਹੈ। ਇੱਥੇ ਤਾਂ ਉਹ ਘਰ ਬੈਠੇ ਇਲਾਜ ਦੱਸਦੇ ਹਨ ਤੇ ਕਰੈਡਿਟ ਕਾਰਡ 'ਤੇ ਹੀ ਪੈਸੇ ਲੈ ਲੈਂਦੇ ਹਨ। ਜਨਮ ਕੁੰਡਲੀਆਂ ਕੰਮਪਿਊਟਰ ਨਾਲ਼ ਤਿਆਰ ਕੀਤੀਆਂ ਜਾਂਦੀਆਂ ਹਨ। ਇੰਟਰਨੈੱਟ ਜਿਧਰੋਂ ਮਰਜ਼ੀ ਖੋਲ੍ਹੋ ਉਧਰ ਹੀ ਇਹਨਾਂ ਦੀਆਂ ਐਡਾਂ ਚੱਲ ਰਹੀਆਂ ਹੁੰਦੀਆਂ ਹਨ। ਇਹਨਾਂ ਦੇਸ਼ਾਂ ਵਿੱਚ ਸਰਮਾਏਦਾਰੀ ਯੁੱਗ ਨੇ ਪਹਿਲਾਂ ਪੈਰ ਰੱਖਿਆ ਹੈ, ਇੱਥੇ ਹਰ ਮਨੁੱਖ ਪੈਸੇ ਨੂੰ ਮੁੱਖ ਰੱਖ ਕੇ ਸੋਚਦਾ ਹੈ। ਪੈਸੇ ਦੀ ਦੌੜ ਵਿੱਚ ਸੰਵੇਦਨਸ਼ੀਲ ਮਾਨਸਿਕਤਾ ਅਲੋਪ ਹੋ ਜਾਂਦੀ ਹੈ ਅਤੇ ਸਭ ਕੁੱਝ ਨਿੱਜ ਨਾਲ਼ ਜੁੜ ਜਾਂਦਾ ਹੈ। ਹਰ ਇੱਕ ਇਨਸਾਨ ਆਪਣੇ ਲਈ ਸੋਚਦਾ ਹੈ, ਦੂਸਰੇ ਲਈ ਨਹੀਂ।

ਵਿਗਿਆਨ ਦੀ ਐਨੀ ਤਰੱਕੀ ਹੋਣ ਦੇ ਬਾਵਜੂਦ ਅੰਧਵਿਸ਼ਵਾਸ ਕਿਉਂ ਵੱਧ ਫੁੱਲ ਰਿਹਾ ਹੈ ਇਸ ਦਾ ਮੁੱਖ ਕਾਰਣ ਤਾਂ ਇਹੀ ਹੈ ਕਿ ਉਹਨਾਂ ਦਾ ਨੈੱਟ ਵਰਕ ਬਹੁਤ ਤਕੜਾ ਹੈ। ਇਸ ਵਿੱਚ ਸਰਕਾਰਾਂ ਅਗਰ ਐਹੋ ਜਿਹੇ ਲੁਟੇਰਿਆਂ ਨਾਲ਼ ਸਖ਼ਤੀ ਨਾਲ ਨਜਿੱਠਣ, ਤਾਂ ਠੱਲ ਪੈ ਸਕਦੀ ਹੈ ਅਤੇ ਸਰਕਾਰਾਂ ਵਲੋਂ ਹੀ ਅਜਿਹੀ ਪੜ੍ਹਾਈ ਨੂੰ ਤਰਜ਼ੀਹ ਦਿੱਤੀ ਜਾਵੇ ਜੋ ਇੱਕ ਵਧੀਆ ਮਨੁੱਖ ਬਣਨ ਦੀ ਪ੍ਰੇਰਨਾ ਦੇਵੇ ਨਾ ਕਿ ਪੈਸੇ ਕਮਾਉਣ ਵਾਲ਼ੀਆਂ ਪੁਤਲੀਆਂ। ਜਿਹੜੇ ਕਮਿਉਨਿਸਟ ਦੇਸ਼ਾਂ ਵਿੱਚ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਕੁੱਲੀ, ਗੁੱਲੀ ਤੇ ਜੁੱਲੀ ਦਾ ਧਿਆਨ ਰੱਖਿਆ ਜਾਂਦਾ ਹੈ, ਜਿੱਥੇ ਸਿਹਤ ਸੇਵਾਵਾਂ, ਪੜ੍ਹਾਈ ਅਤੇ ਰਹਿਣ ਦੇ ਪੁਖ਼ਤਾ

ਇੰਤਜ਼ਾਮ ਕੀਤੇ ਜਾਂਦੇ ਹਨ, ਉੱਥੇ ਲੋਕਾਂ ਨੂੰ ਅਜਿਹੀਆਂ ਬਲ਼ਾਵਾਂ ਨਹੀਂ ਚੁੰਬੜਦੀਆਂ ਤੇ ਲੋਕ ਸਾਇੰਸ ਤੇ ਯਕੀਨ ਕਰਨ ਲੱਗਦੇ ਹਨ, ਇਸ ਦੀ ਮਿਸਾਲ ਕਿਊਬਾ ਵਰਗਾ ਛੋਟਾ ਜਿਹਾ ਦੇਸ਼ ਹੈ। ਨਿੰਬੂਆਂ ਵਾਲ਼ੀਆਂ ਕਰਤੂਤਾਂ ਦੇਖ ਕੇ ਜੇ ਅੱਜ ਖ਼ਬਰਾਂ ਲੱਗੀਆਂ ਹਨ ਤਾਂ ਸਿਰਫ਼ ਉਹ ਦੇ ਵਿੱਚ ਵੀ ਇਹ ਖ਼ਤਰਾ ਸੀ ਕਿ ਖਾਣ ਵਾਲੀ ਚੀਜ਼ ਵਿੱਚ ਸੂਈਆਂ ਸੀ ਕਿ ਕੋਈ ਮੂੰਹ ਵਿੱਚ ਪਾ ਸਕਦਾ ਹੈ, ਖ਼ਤਰਾ ਇਹ ਵੀ ਹੈ ਕਿ ਇਹ ਟੂਣੇ-ਟਾਮਣ ਕਰਨ ਵਾਲ਼ੇ ਲੋਕ ਕਿੰਨੇ ਲੋਕਾਂ ਵਿੱਚ ਵੈਰ-ਵਿਰੋਧ ਪੈਦਾ ਕਰਕੇ ਨਫ਼ਰਤ ਦੇ ਬੀਜ-ਬੀਜ ਰਹੇ ਹਨ ਤੇ ਕਿੰਨਿਆਂ ਨੂੰ ਗੁੰਮਰਾਹ ਕਰਕੇ ਉਹਨਾਂ ਦੇ ਬੱਚਿਆਂ ਦੇ ਮੂੰਹੋਂ ਖਾਣਾ ਖੋਹ ਲੈਂਦੇ ਹਨ। ਤਰਕਸ਼ੀਲ ਸੁਸਾਇਟੀਆਂ ਆਪਣੇ ਵਲੋਂ ਜਾਗਰਿਤ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਦੀਆਂ ਹਨ ਕਿ ਲੋਕ ਇਹਨਾਂ ਲੋਕਾਂ ਦਾ ਖਾਸਾ ਪਛਾਣ ਸਕਣ ਤੇ ਤਰਕ ਨਾਲ਼ ਸੋਚਣ ਲੱਗਣ। ਸਾਨੂੰ ਜ਼ਿਆਦਾ ਨਿਰਾਸ਼ ਵੀ ਨਹੀਂ ਹੋਣਾ ਚਾਹੀਦਾ ਕਿਉਂਕਿ ਅੱਜ ਕੱਲ ਦੀ ਨਵੀਂ ਪੀੜ੍ਹੀ ਇਹੋ ਜਿਹੀਆਂ ਦਕੀਆਨੂਸੀ ਗੱਲਾਂ ਵੱਲ ਧਿਆਨ ਨਹੀਂ ਦਿੰਦੀ, ਇਸ ਕਰਕੇ ਆਉਣ ਵਾਲਾ ਸਮਾਂ ਇੱਕ ਵਧੀਆ ਸਮਾਜ ਲਈ ਦਸਤਕ ਜ਼ਰੂਰ ਦੇਵੇਗਾ।

(ਅਗਸਤ, 2020)

□□□

# ਵਿਗਿਆਨ ਦੇ ਯੁੱਗ ਵਿੱਚ ਅੰਧ ਵਿਸ਼ਵਾਸ ਦਾ ਬੋਲਬਾਲਾ ਕਿਉਂ?

ਕਿਸੇ ਸਬੂਤ ਜਾਂ ਪ੍ਰਮਾਣ ਤੋਂ ਬਿਨਾਂ ਕਿਸੇ ਦੀ ਦੱਸੀ, ਕਹੀ ਜਾਂ ਲਿਖੀ ਗੱਲ ਤੇ ਯਕੀਨ ਕਰ ਲੈਣਾ, ਅੰਧਵਿਸ਼ਵਾਸ ਕਿਹਾ ਜਾ ਸਕਦਾ ਹੈ। ਅੰਧਵਿਸ਼ਵਾਸ ਦਾ ਅਧਾਰ ਸਿਰਫ਼ ਤੇ ਸਿਰਫ਼ ਅਗਿਆਨਤਾ ਹੁੰਦੀ ਹੈ ਪਰ ਉਸਦਾ ਬਾਹਰੀ ਢਾਂਚਾ ਵਿਸ਼ਵਾਸ ਹੁੰਦਾ ਹੈ। ਜਦੋਂ ਕਿਸੇ ਗੱਲ ਜਾਂ ਵਿਸ਼ਵਾਸ ਵਿੱਚੋਂ ਕਾਰਣ ਤੇ ਕਾਰਜ ਖ਼ਤਮ ਹੋ ਜਾਂਦਾ ਹੈ ਤਾਂ ਉਹ ਸਿਰਫ਼ ਮਨਘੜਤ ਵਿਸ਼ਵਾਸ ਹੁੰਦਾ ਹੈ ਤੇ ਬਿਨਾਂ ਸਿਰੋਂ ਪੈਰੋਂ ਉਹ ਅੰਧਵਿਸ਼ਵਾਸ ਬਣ ਜਾਂਦਾ ਹੈ।

ਪਹਿਲਾਂ ਪਹਿਲ ਮਨੁੱਖ ਨੂੰ ਕੁਦਰਤ ਦੀ ਐਨੀ ਸੋਝੀ ਨਹੀਂ ਸੀ ਤਾਂ ਉਸਨੇ ਆਪਣੀ ਅਗਿਆਨਤਾ ਵਸ ਕੁਦਰਤੀ ਵਾਪਰਨ ਵਾਲੇ ਵਰਤਾਰਿਆਂ ਦੇ ਭਰਮ ਭੁਲੇਖਿਆਂ ਦੇ ਕਾਰਣ ਜਿਵੇਂ ਅਚਾਨਕ ਅੱਗ ਦਾ ਲੱਗਣਾ, ਮੀਂਹ ਦਾ ਪੈਣਾ ਜਾਂ ਨਾ ਪੈਣਾ, ਭੂਚਾਲ, ਤੂਫ਼ਾਨ, ਝੱਖੜਾਂ ਦਾ ਆਉਣਾ, ਗ੍ਰਹਿਣਾਂ ਦਾ ਲੱਗਣਾ, ਅਕਾਲ਼ ਪੈ ਜਾਣਾ, ਪਲੇਗ ਵਰਗੀਆਂ ਬਿਮਾਰੀਆਂ ਦੀ ਕਰੋਪੀ ਆਦਿ ਦਾ ਆਉਣਾ, ਬਾਰੇ ਚਿੰਤਤ ਹੋ ਕੇ ਉਸਨੇ ਡਰ ਵਿੱਚੋਂ ਉਹਨਾਂ ਨੂੰ ਪੂਜਣਾ ਸ਼ੁਰੂ ਕਰ ਦਿੱਤਾ ਤਾਂ ਕਿ ਉਹ ਆਪ ਕਰੋਪੀ ਤੋਂ ਬਚ ਸਕਣ। ਹਰ ਕਰੋਪੀ ਪਿੱਛੇ ਕੰਮ ਕਰਦੇ ਦੇਵ ਤੇ ਦੈਂਤ ਘੜ ਲਏ, ਅਗਰ ਦੇਵਤਿਆਂ ਦਾ ਪਲੜਾ ਭਾਰੀ ਹੈ ਤਾਂ ਸਾਰੇ ਸ਼ੁਭ ਕੰਮ ਹੁੰਦੇ ਹਨ ਤੇ ਜੇ ਦੈਂਤਾਂ ਦਾ ਤਾਂ ਸਾਰੇ ਕੰਮ ਅਸ਼ੁਭ ਹੋ ਜਾਂਦੇ ਹਨ। ਅਸਲ ਵਿੱਚ ਕੁਦਰਤ ਦਾ ਦਸਤੂਰ ਇਹ ਹੈ ਕਿ ਜਦੋਂ ਧਰਤੀ ਤੇ ਇੱਕ ਵੀ ਮਨੁੱਖ ਨਹੀਂ ਸੀ ਇਹ ਕੁਦਰਤ ਦਾ ਵਰਤਾਰਾ ਇਵੇਂ ਚੱਲਦਾ ਸੀ ਤੇ ਹੁਣ ਮਨੁੱਖ ਜਾਤੀ ਦੇ ਹੁੰਦਿਆਂ ਵੀ ਉਵੇਂ ਚੱਲ ਰਿਹਾ ਹੈ। ਅਸਲ ਵਿੱਚ ਮਨੁੱਖ ਨੇ ਜਿੰਨਾ ਚਿਰ ਇਹਨਾਂ ਕਰੋਪੀਆਂ ਦੇ ਕਾਰਣ ਜਾਂ ਹੱਲ ਨਹੀਂ ਸੀ ਲੱਭੇ ਉਦੋਂ ਉਸਦੇ ਡਰ ਵਿੱਚੋਂ ਇਹ ਵਹਿਮ ਭਰਮ ਤੇ ਅੰਧਵਿਸ਼ਵਾਸਾਂ ਨੇ ਜਨਮ ਲਿਆ। ਸਮਾਂ ਪਾ ਕੇ ਜਦੋਂ ਕਿਸੇ ਨੇ ਇਹਨਾਂ ਦੇ ਖਿਲਾਫ਼ ਅਵਾਜ਼ ਉਠਾਈ ਤਾਂ ਉਹਨਾਂ ਨੂੰ ਮੌਤ ਤੱਕ ਦੇ ਹਰਜਾਨੇ ਭੁਗਤਣੇ ਪਏ ਸਨ ਜਿਵੇਂ ਸਾਡੇ ਸਾਹਮਣੇ ਧਰਤੀ ਨੂੰ ਗੋਲ਼ ਕਹਿਣ ਵਾਲੇ ਵਿਗਿਆਨੀ ਗਲੀਲਿਓ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

ਕਿਹਾ ਜਾ ਸਕਦਾ ਹੈ ਕਿ ਅੰਧਵਿਸ਼ਵਾਸ ਜਿੰਨਾ ਆਪਣੇ ਆਪ ਵਿੱਚ ਖੋਖਲਾ ਸੰਕਲਪ ਹੈ ਉਸਤੋਂ ਕਿਤੇ ਜ਼ਿਆਦਾ ਇਹਦਾ ਘੇਰਾ ਵਿਸ਼ਾਲ ਹੈ ਤੇ ਇਸਦੀਆਂ

ਬਹੁਤ ਸਾਰੀ ਸ਼ਾਖ਼ਾਵਾਂ ਸਾਡੇ ਸਾਹਮਣੇ ਆਉਂਦੀਆਂ ਹਨ। ਜਿਵੇਂ ਆਤਮਾ-ਪ੍ਰਮਾਤਮਾ, ਭੈੜੀ ਕਿਸਮਤ, ਕਰਮਾਂ ਦਾ ਚੱਕਰ, ਭੂਤ-ਪ੍ਰੇਤ, ਵਹਿਮ-ਭਰਮ, ਧਾਗੇ-ਤਵੀਤ, ਪੂਜਾ-ਪਾਠ, ਜੋਤਿਸ਼ ਵਿਦਿਆ, ਸ਼ੁਭ-ਅਸ਼ੁਭ ਚੀਜ਼ਾਂ, ਚੰਗਾ-ਮਾੜਾ, ਅਰਦਾਸਾਂ-ਅਰਜੋਈਆਂ, ਚਮਤਕਾਰ, ਭਵਿੱਖਬਾਣੀਆਂ, ਚੰਗੇ ਮਾੜੇ ਅੰਕ, ਦਿਨ, ਰੰਗ-ਬਰੰਗੇ ਪੱਥਰ, ਨਗ, ਚਿੰਨ੍ਹ, ਜਾਨਵਰ, ਪੰਛੀ, ਰਹੁ-ਰੀਤਾਂ, ਰਿਵਾਜ, ਚੰਗੇ-ਮਾੜੇ ਗ੍ਰਹਿ, ਭਿੰਨ ਭਿੰਨ ਰੰਗ, ਵੱਖਰੇ ਵੱਖਰੇ ਧਰਮ, ਧਰਮਾਂ ਵਿੱਚ ਅੰਧਭਗਤੀ, ਦੇਵ-ਦੈਂਤ, ਰੂਹਾਂ-ਬਦਰੂਹਾਂ, ਮੁੜਜਨਮ-ਪੁਨਰਜਨਮ, ਸਵਰਗ-ਨਰਕ, ਬਲੀਆਂ (ਮਨੁੱਖਾਂ ਜਾਂ ਪਸ਼ੂਆਂ) ਦੇਣੀਆਂ, ਵਰਤ ਰੱਖਣੇ, ਦਾਨ-ਪੁੰਨ ਦੇਣੇ ਆਦਿ ਕਿੰਨਾ ਹੀ ਕੁੱਝ।ਸਾਨੂੰ ਸਹਿਜੇ ਹੀ ਦੇਖਣ ਨੂੰ ਲੱਗਦਾ ਹੈ ਕਿ ਇਹ ਸਾਰਾ ਕੁੱਝ ਸਾਡੀ ਆਮ ਜ਼ਿੰਦਗੀ ਦਾ ਅਟੁੱਟ ਹਿੱਸਾ ਬਣ ਗਿਆ ਹੈ। ਅਸੀਂ ਸਭ ਕਿਤੇ ਨਾ ਕਿਤੇ ਚੁਪ-ਚੁਪੀਤੇ, ਸਹਿਜ-ਸੁਭਾਅ ਇਹਨਾਂ ਦਾ ਅੰਗ ਬਣ ਕੇ ਵਿਚਰਦੇ ਰਹਿੰਦੇ ਹਾਂ ਤੇ ਪਤਾ ਹੁੰਦਿਆਂ ਹੋਇਆਂ ਵੀ ਇਹਨਾਂ ਦਾ ਵਿਰੋਧ ਵੀ ਨਹੀਂ ਕਰ ਸਕਦੇ ਕਿਉਂਕਿ ਇਹ ਗੱਲਾਂ 'ਸਿਆਣਿਆਂ' ਦੀਆਂ ਕਹੀਆਂ ਹੋਈਆਂ ਹਨ ਤੇ ਅਸੀਂ ਸੁਤੇ ਸੁਭਾ ਮੰਨਦੇ ਚਲੇ ਆਏ ਹਾਂ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਗਰ ਇਹ ਸੰਕਲਪ ਐਨਾ ਖੋਖਲਾ ਹੈ ਤਾਂ ਲੋਕ ਇਸ ਨਾਲ ਐਨੀ ਬੁਰੀ ਤਰ੍ਹਾਂ ਬੱਝੇ ਕਿਉਂ ਹੋਏ ਹਨ ? ਇਹ ਧਾਰਨਾਵਾਂ ਟੁੱਟ ਕਿਉਂ ਨਹੀਂ ਰਹੀਆਂ ? ਸਮਾਜ ਦੇ ਵਿੱਚ ਧਰਮਾਂ ਦਾ ਐਨਾ ਬੋਲਬਾਲਾ ਹੈ ਕਿ ਜਿਹੜੇ ਧਾਰਮਿਕ ਗਰੰਥ ਸਦੀਆਂ ਪਹਿਲਾਂ ਲਿਖੇ ਗਏ ਸਨ। ਜਦੋਂ ਵਿਗਿਆਨ ਨੇ ਅਜੇ ਆਪਣੇ ਤੁਜਰਬੇ ਸ਼ੁਰੂ ਹੀ ਕੀਤੇ ਸਨ। ਵਿਗਿਆਨ ਨੂੰ ਤਾਂ ਉਹਨਾਂ ਨੂੰ ਸਿੱਧ ਕਰਨ ਵਿੱਚ ਸਮਾਂ ਲੱਗਿਆ ਪਰ ਧਰਮਾਂ ਨੇ ਆਪਣੀ ਧਿਰ ਨੂੰ ਵੱਡੀ ਕਰਨ ਲਈ ਬਹੁਤ ਜ਼ਿਆਦਾ ਪ੍ਰਚਾਰ ਕੀਤਾ ਤੇ ਕਰ ਰਹੇ ਹਨ। ਪਹਿਲਾਂ ਪਹਿਲ ਗੈਬੀ ਸ਼ਕਤੀ ਨੂੰ ਵਸ ਵਿੱਚ ਕਰਨ ਲਈ ਪਾਠ ਪੂਜਾ ਕਰਦੇ ਸਨ, ਫਿਰ ਮਨੁੱਖਾਂ ਜਾਂ ਜਾਨਵਰਾਂ ਦੀ ਬਲੀ ਦੇਣ ਲੱਗੇ। ਜਦੋਂ ਦਾਨ ਦਾ ਸੰਕਲਪ ਸ਼ੁਰੂ ਹੋਇਆ ਤਾਂ ਪੁਜਾਰੀਵਾਦ ਨੇ ਜਨਮ ਲੈ ਲਿਆ ਕਿਉਂਕਿ ਜਿੱਥੇ ਬਾਕੀ ਸਾਰਿਆਂ ਨੂੰ ਕੰਮ ਕਰਕੇ ਆਪਣੀ ਰੋਟੀ ਰੋਜ਼ੀ ਦਾ ਆਹਰ ਕਰਨਾ ਪੈਂਦਾ ਸੀ ਉੱਥੇ ਉਹਨਾਂ ਨੂੰ ਵਿਹਲਿਆਂ ਸਭ ਕੁੱਝ ਮਿਲਣ ਲੱਗ ਪਿਆ। ਉਹਨਾਂ ਨੇ ਇਸਦਾ ਹੋਰ ਵੀ ਪ੍ਰਚਾਰ ਕੀਤਾ, ਆਪਣੇ ਚੇਲੇ ਚਾਟੜੇ ਪੈਦਾ ਕਰ ਲਏ। ਜਿੰਨ੍ਹਾਂ ਦੀ ਆਪਸ ਵਿੱਚ ਭਾਈਵਾਲੀ ਨਾ ਚੱਲੀ ਉਹਨੇ ਥੋੜ੍ਹੀ ਦੂਰ ਜਾ ਕੇ ਆਪਣਾ ਵੱਖਰਾ ਜੁਗਾੜ ਖੜ੍ਹਾ ਕਰ ਲਿਆ। ਕਹਿਣ ਨੂੰ ਇਹ ਕਹਿੰਦੇ ਹਨ ਕਿ ਮਾਇਆ ਤੋਂ ਦੂਰ ਰਹੋ ਪਰ ਅੱਜ ਅਸੀਂ ਦੇਖਦੇ ਹਾਂ ਕਿ ਭਾਰਤ ਦੇ ਮੰਦਰਾਂ ਵਿੱਚ ਕੁਇੰਟਲਾਂ ਦੇ ਹਿਸਾਬ ਨਾਲ ਸੋਨਾ ਤੇ ਰੁਪਿਆ ਪਿਆ ਹੈ, ਦੂਜੇ ਪਾਸੇ ਜਨਤਾ ਨੂੰ ਇੱਕ ਡੰਗ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ। ਭਾਰਤ ਦੇ ਪਿੰਡਾਂ ਵਿੱਚ

ਹਰ ਪਿੰਡ ਵਿੱਚ ਸਕੂਲ ਤਾਂ ਨਹੀਂ ਹੋਵੇਗਾ ਪਰ ਮੰਦਰ, ਗੁਰਦਵਾਰਾ, ਮਸੀਤ, ਗਿਰਜਾਘਰ ਜਾਂ ਸਾਧਾਂ ਦੇ ਡੇਰੇ ਕਈ ਕਈ ਮਿਲ ਜਾਣਗੇ। ਜੋ ਲੋਕਾਂ ਦੀਆਂ ਦੁੱਖਾਂ ਮੁਸ਼ਕਲਾਂ ਤੇ ਭਾਵਨਾਵਾਂ ਦਾ ਫਾਇਦਾ ਉਠਾਉਂਦੇ ਹੋਏ ਉਹਨਾਂ ਦੀ ਸਿੱਧੀ ਅਸਿੱਧੀ ਆਰਥਿਕ ਲੁੱਟ ਕਰ ਲੈਂਦੇ ਹਨ।

ਸਵਾਲ ਪੈਦਾ ਹੁੰਦਾ ਹੈ ਕਿ ਅੱਜ ਵਿਗਿਆਨ ਦਾ ਯੁੱਗ ਹੈ ਪਰ ਅੰਧਵਿਸ਼ਵਾਸ ਕਿਸੇ ਠੋਸ ਸਬੂਤ ਤੇ ਨਾ ਟਿਕਿਆ ਹੋਣ ਦੇ ਬਾਵਜੂਦ ਫਿਰ ਵੀ ਐਨਾ ਪ੍ਰਫੁੱਲਤ ਕਿਉਂ ਹੋ ਰਿਹਾ ਹੈ। ਐਨਾ ਹੀ ਨਹੀਂ ਕਿ ਇਹ ਦੁਨੀਆਂ ਦੇ ਪਛੜੇ, ਦੁੱਖਾਂ ਭੁੱਖਾਂ ਦੇ ਸਤਾਏ ਦੇਸ਼ਾਂ ਵਿੱਚ ਹੀ ਫੈਲ ਰਿਹਾ ਹੈ ਸਗੋਂ ਕੈਨੇਡਾ ਅਮਰੀਕਾ ਵਰਗੇ ਵਿਕਸਤ ਦੇਸ਼ਾਂ ਵਿੱਚ ਵੀ ਰੇਡਿਓ, ਟੀ.ਵੀ. ਤੇ ਅਖ਼ਬਾਰਾਂ ਵਿੱਚ 20-20 ਇਸ਼ਤਿਹਾਰ ਦੇਖੇ ਜਾ ਸਕਦੇ ਹਨ। ਦੁਨੀਆਂ ਵਿੱਚ ਅੱਜ ਜਿੱਥੇ ਸਾਇੰਸ ਨੇ ਤਰੱਕੀ ਕਰਕੇ ਲੋਕਾਂ ਵਿੱਚ ਇੱਕ ਨਵਾਂ ਇਨਕਲਾਬ ਲਿਆਂਦਾ ਹੈ ਅਤੇ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਨਵੀਆਂ ਕਾਢਾਂ ਕੱਢ ਕੇ ਸੁੱਖ ਸਹੂਲਤਾਂ ਨਾਲ ਔਤ ਪੋਤ ਕਰ ਦਿੱਤਾ ਹੈ। ਇਸ ਕਰਕੇ ਹੀ ਸਾਰੀ ਦੁਨੀਆਂ ਇੱਕ ਗਲੋਬਲੀ ਪਿੰਡ ਬਣ ਚੁੱਕੀ ਹੈ, ਇਸ ਕਰਕੇ ਸਭ ਇੱਕ ਦੂਜੇ ਨਾਲ ਬੱਝੇ ਹੋਏ ਹਨ। ਜਦੋਂ ਇੱਕ ਥਾਂ ਤੇ ਕੋਈ ਕੁਦਰਤੀ ਆਫ਼ਤ, ਆਪਸੀ ਯੁੱਧ ਜਾਂ ਕਰੋਨਾ ਵਰਗੀ ਮਹਾਂਮਾਰੀ ਆਉਂਦੀ ਹੈ ਤਾਂ ਸਾਰਾ ਸੰਸਾਰ ਦਹਿਲ ਉੱਠਦਾ ਹੈ। ਪ੍ਰਬੰਧਾਂ ਵਿੱਚ ਜੁਟ ਜਾਂਦਾ ਹੈ, ਮਿੰਟ ਮਿੰਟ ਦੀ ਜਾਣਕਾਰੀ ਲੋਕਾਂ ਤੱਕ ਪਹੁੰਚਦੀ ਰਹਿੰਦੀ ਹੈ, ਇਹ ਸਾਇੰਸ ਦੀ ਹੀ ਕਮਾਲ ਹੈ। ਦੁਨੀਆਂ ਭਰ 'ਤੇ ਸਾਮਰਾਜੀ ਪ੍ਰਬੰਧ ਦਾ ਬੋਲਬਾਲਾ ਹੈ, ਉਸਨੂੰ ਜਿਸ ਸਾਇੰਸ ਦੀ ਕਾਢ ਤੋਂ ਲਾਭ ਪਹੁੰਚਦਾ ਹੈ, ਉਹਨੂੰ ਉਹ ਰੱਜ ਕੇ ਪ੍ਰਚਾਰਦਾ ਹੈ ਜੇ ਨਹੀਂ ਤਾਂ ਅਣਗੌਲ਼ਿਆਂ ਕਰਕੇ ਆਪਣੇ ਮਕਸਦ ਪੂਰੇ ਕਰਦਾ ਰਹਿੰਦਾ ਹੈ। ਅੰਧਵਿਸ਼ਵਾਸ ਨੂੰ ਦੁਨੀਆਂ ਵਿੱਚੋਂ ਦੂਰ ਕਰਨ ਲਈ ਗਿਆਨ ਦੀ ਲੋੜ ਹੈ, ਵਿਗਿਆਨ ਦੀ ਲੋੜ ਹੈ, ਜੋ ਘਰ ਘਰ ਪਹੁੰਚਣਾ ਚਾਹੀਦਾ ਹੈ। ਪਰ ਇਹ ਪ੍ਰਬੰਧ ਆਮ ਲੋਕਾਂ ਨੂੰ ਜਾਗ੍ਰਿਤ ਕਰਨਾ ਨਹੀਂ ਚਾਹੁੰਦਾ। ਉਦਾਹਰਣ ਵਜੋਂ ਭਾਰਤ ਦੀ ਮੌਜੂਦਾ ਸਰਕਾਰ ਸਕੂਲਾਂ ਦੇ ਸਿਲੇਬਸ ਬਦਲ ਕੇ ਅੱਜ ਕੱਲ ਮਿੱਥਾਂ ਤੇ ਅਧਾਰਤ ਭਗਵੇਂ ਕਿਸਮ ਦਾ ਸਿਲੇਬਸ ਲਿਆ ਕੇ ਤਰੱਕੀ ਦੇ ਰਾਹ ਤੋਂ ਹਟਾ ਕੇ ਪਿਛਲੇ ਯੁੱਗ ਵੱਲ ਨੂੰ ਪਲਟਾ ਮਾਰਨ ਦੀਆਂ ਤਿਆਰੀਆਂ ਵਿੱਚ ਹੈ ਕਿਉਂਕਿ ਸਰਕਾਰ ਨਹੀਂ ਚਾਹੁੰਦੀ ਕਿ ਲੋਕਾਂ ਵਿੱਚ ਜਾਗ੍ਰਤੀ ਆਵੇ ਅਤੇ ਉਹ ਆਪਣੀਆਂ ਬਦ ਤੋਂ ਬਦਤਰ ਹੋ ਰਹੀਆਂ ਆਰਥਿਕ ਭੈੜੀਆਂ ਹਾਲਤਾਂ ਦੇ ਜ਼ਿੰਮੇਵਾਰ ਸਿਸਟਮ ਵੱਲ ਉਂਗਲ ਵੀ ਕਰ ਸਕਣ। ਲੋਕ ਸਿਰਫ਼ ਆਪਣੇ ਆਪ ਨੂੰ ਦੋਸ਼ੀ ਠਹਿਰਾਉਂਦੇ ਹੋਏ ਆਪਣੀ ਮਾੜੀ ਕਿਸਮਤ ਜਾਂ ਕਰਮਾਂ ਨੂੰ ਹੀ ਦੋਸ਼ ਦਿੰਦੇ ਰਹਿਣ। ਸਰਕਾਰਾਂ ਦਾ ਮਕਸਦ ਸਿਰਫ਼ ਤੇ ਸਿਰਫ਼ ਵੋਟਾਂ ਦੀ ਰਾਜਨੀਤੀ ਕਰਨਾ ਹੁੰਦਾ ਹੈ, ਲੋਕਾਂ ਵਿੱਚ ਜਾਗ੍ਰਤੀ ਦਾ ਮੁੱਦਾ ਉਹਨਾਂ ਲਈ ਅੱਜ ਤੱਕ ਅਹਿਮ ਹੀ ਨਹੀਂ ਹੈ।

ਜਿਹੜੀਆਂ ਇਨ੍ਹਾਂ ਦੇਸ਼ਾਂ ਵਿੱਚ ਵੀ ਸਰਕਾਰਾਂ ਇਹੋ ਜਿਹੇ ਲੁਟੇਰਿਆਂ ਨੂੰ ਅੱਖਾਂ ਮੀਚ ਕੇ, ਹੋਊ ਪਰੇ ਕਰਕੇ ਛੱਡ ਦਿੰਦੀਆਂ ਹਨ, ਉਹ ਵੀ ਕਿਤੇ ਨਾ ਕਿਤੇ ਇਹਨਾਂ ਦਾ ਹੀ ਪੱਖ ਪੂਰ ਰਹੀਆਂ ਹੁੰਦੀਆਂ ਹਨ, ਇੱਥੇ ਵੀ ਲੋਕਾਂ ਨੂੰ ਸਮਝਣ ਦੀ ਲੋੜ ਹੈ। ਜਿਹੜੇ ਲੋਕ ਕਿਸੇ ਡਰ ਦੇ ਤਹਿਤ ਇਹਨਾਂ ਲੁਟੇਰਿਆਂ ਕੋਲ ਫਸ ਜਾਂਦੇ ਹਨ, ਉਹਨਾਂ ਦੀ ਮੱਦਦ ਕਰਨ ਦੀ ਵੀ ਲੋੜ ਹੈ।

ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਇਮਾਨਦਾਰੀ ਨਾਲ ਅੰਧ ਵਿਸ਼ਵਾਸ ਤੇ ਅਧਾਰਤ ਸਭ ਗੱਲਾਂ ਦਾ ਖੰਡਨ ਕਰਕੇ ਵਿਗਿਆਨਕ ਤੱਥਾਂ ਨੂੰ ਲੋਕਾਂ ਵਿੱਚ ਨਸ਼ਰ ਕਰਨ ਦਾ ਜ਼ੁੰਮਾਂ ਆਪ ਲੈਣ ਅਤੇ ਲੋਕਾਂ ਦੀ ਹੋ ਰਹੀ ਸਿੱਧੀ ਅਸਿੱਧੀ ਲੁੱਟ ਤੋਂ ਬਚਾਉਣ ਲਈ ਲੁੱਟਣ ਵਾਲੇ ਲੁਟੇਰਿਆਂ ਨੂੰ ਨੱਥ ਪਾਉਣ ਤਾਂ ਕਿ ਸਮਾਜ ਵਿੱਚ ਹੋ ਰਹੀ ਕਾਣੀ ਵੰਡ ਜੋ ਲੋਕਾਂ ਵਿੱਚ ਬੇਚੈਨੀ ਦੀਆਂ ਹਾਲਤਾਂ ਪੈਦਾ ਕਰ ਰਹੀ ਹੈ ਜਿਸ ਕਰਕੇ ਲਾਲਚ, ਲੁੱਟ, ਖੋਹ, ਲੜਾਈ ਝਗੜੇ, ਗੈਂਗਵਾਰ, ਕਤਲ, ਬਲਾਤਕਾਰ ਆਦਿ ਵਰਗੀਆਂ ਘਟਨਾਵਾਂ ਦਿਨੋ ਦਿਨ ਵੱਧ ਰਹੀਆਂ ਹਨ, ਨੂੰ ਨੱਥ ਪਾਈ ਜਾ ਸਕੇ। ਲੋਕਾਂ ਨੂੰ ਵੀ ਅੱਖਾਂ ਖੋਲ੍ਹ ਕੇ ਰੱਖਣੀਆਂ ਪੈਣਗੀਆਂ ਅਗਰ ਸਰਕਾਰਾਂ ਕੁੱਝ ਨਹੀਂ ਕਰ ਰਹੀਆਂ ਤਾਂ ਇਸ ਵਿੱਚ ਲੋਕਾਂ ਨੂੰ ਇਕੱਠੇ ਹੋ ਕੇ ਅੰਧਵਿਸ਼ਵਾਸਾਂ ਦੇ ਖਿਲਾਫ਼ ਲੜਾਈ ਲੜਨੀ ਪਵੇਗੀ ਅਤੇ ਵਿਗਿਆਨ ਦਾ ਪਸਾਰਾ ਕਰਨ ਲਈ ਸਰਕਾਰਾਂ ਨੂੰ ਮਜ਼ਬੂਰ ਕਰਕੇ ਵਿਗਿਆਨ ਦੇ ਪ੍ਰਚਾਰ ਪ੍ਰਸਾਰ ਦੇ ਯਤਨ ਆਰੰਭਣੇ ਪੈਣਗੇ ਤਾਂ ਹੀ ਲੋਕ ਇਹਨਾਂ ਤੋਂ ਛੁਟਕਾਰਾ ਪਾ ਸਕਣ।

□□□

# ਵਿਗਿਆਨ ਦੀ ਰੌਸ਼ਨੀ ਵੱਲ ਵੱਧਦੇ ਕਦਮ
# ਤੇ ਧਰਮ ਤੋਂ ਬੇਮੁੱਖਤਾ

ਪਿਛਲੇ ਦਿਨੀਂ ਕੈਨੇਡਾ ਦੀ 2021 ਦੀ ਮਰਦਮ-ਸ਼ੁਮਾਰੀ ਦੇ ਅੰਕੜਿਆਂ ਨੇ ਜਿੱਥੇ ਧਾਰਮਿਕ ਲੋਕਾਂ ਨੂੰ ਹੈਰਾਨ ਕੀਤਾ ਹੋਵੇਗਾ, ਉੱਥੇ ਗੈਰ-ਧਾਰਮਿਕ ਲੋਕਾਂ ਵਿੱਚ ਇੱਕ ਖੁਸ਼ੀ ਦੀ ਲਹਿਰ ਦੌੜ ਗਈ ਹੈ। ਕੈਨੇਡਾ ਦਾ ਇੱਕ ਵੱਡਾ, ਸੋਹਣਾ ਤੇ ਕੁਦਰਤ ਦੇ ਨੇੜ੍ਹੇ ਹੋਣ ਵਾਲਾ ਸੂਬਾ ਬ੍ਰਿਟਿਸ਼ ਕਲੰਬੀਆ, ਜਿਸ ਵਿੱਚ ਅੱਧੇ ਤੋਂ ਵੱਧ ਅਰਥਾਤ 52.1% ਲੋਕਾਂ ਨੇ ਆਪਣੇ ਗੈਰ-ਧਾਰਮਿਕ, ਧਰਮ ਨਿਰਪੱਖ ਜਾਂ ਨਾਸਤਿਕ ਹੋਣ ਬਾਰੇ ਦੱਸਿਆ ਹੈ। ਜਿਸਦਾ ਮਤਲਬ ਉਹਨਾਂ ਨੇ ਕਿਸੇ ਗੈਬੀ ਸ਼ਕਤੀ ਰੱਬ ਜਾਂ ਧਾਰਮਿਕ ਸੰਸਥਾਵਾਂ ਜਾਂ ਧਰਮਾਂ ਦੇ ਸਾਏ ਤੋਂ ਮੁਕਤ ਹੋ ਕੇ ਮਨੁੱਖਤਾਵਾਦੀ ਰਾਹ ਨੂੰ ਅਪਣਾਇਆ ਹੈ। ਇਹ ਅੰਕੜੇ ਬ੍ਰਿਟਿਸ਼ ਕਲੰਬੀਆ ਵਿੱਚ 2011 ਵਿੱਚ 44.1% ਸਨ ਪਰ ਇਸ ਵਾਰ ਇਹਨਾਂ ਦੀ ਗਿਣਤੀ ਕਾਫ਼ੀ ਜ਼ਿਆਦਾ ਵਧੀ ਹੈ। ਕੈਨੇਡਾ ਵਿੱਚ ਕੌਮੀ ਪੱਧਰ ਤੇ ਇਹ ਅੰਕੜੇ 34.6% ਹੋ ਗਏ ਹਨ ਅਰਥਾਤ ਕਹਿ ਸਕਦੇ ਹਾਂ ਕਿ ਕੈਨੇਡਾ ਦੇ ਤੀਜੇ ਹਿੱਸੇ ਤੋਂ ਵੱਧ ਲੋਕ ਕਿਸੇ ਵੀ ਧਰਮ ਜਾਂ ਰੱਬ ਵਿੱਚ ਯਕੀਨ ਨਹੀਂ ਰੱਖਦੇ। ਜਦੋਂ ਸ਼ਹਿਰਾਂ ਦੇ ਤੌਰ ਤੇ ਦੇਖ ਦੇ ਹਾਂ ਤਾਂ ਇਹ ਗਿਣਤੀ ਵੈਨਕੂਵਰ ਵਿੱਚ 55.8%. ਵਿਕਟੋਰੀਆ ਵਿੱਚ 63.4%, ਕਲੋਨਾ ਵਿੱਚ 53.8% ਤੇ ਸ਼ੁਕਾਮਿਸ਼ ਵਿੱਚ 70.1% ਲੋਕ ਗੈਰ-ਧਾਰਮਿਕ ਹਨ ਜਦਕਿ ਸੂਬਿਆਂ ਦੇ ਪੱਧਰ ਤੇ ਯੂਕੋਨ ਵਿੱਚ 59.7% ਗੈਰ-ਧਾਰਮਿਕ ਲੋਕ ਸਭ ਨਾਲ਼ੋਂ ਵੱਧ ਹਨ ਤੇ ਨਿਊ ਫਾਊਂਡਲੈਂਡ ਵਿੱਚ ਸਭ ਨਾਲੋਂ ਘੱਟ 16.0% ਗੈਰ-ਧਾਰਮਿਕ ਲੋਕ ਹਨ।

ਉੱਪਰ ਲਿਖੇ ਅੰਕੜਿਆਂ ਨੂੰ ਪੜ੍ਹ ਕੇ ਸਾਡੇ ਮਨ ਵਿੱਚ ਬਹੁਤ ਸਾਰੇ ਸਵਾਲ ਪੈਦਾ ਹੁੰਦੇ ਹਨ ਕਿ ਇਹ ਸਾਰਾ ਕੁੱਝ ਬਦਲਣ ਦੇ ਕਾਰਣ ਕੀ ਹਨ ? ਬੇਸ਼ੱਕ ਸਾਨੂੰ ਪਤਾ ਹੈ ਕਿ ਮੁਢ ਕਦੀਮ ਤੋਂ ਹੀ ਦੁਨੀਆਂ ਵਿੱਚ ਦੋ ਫਿਲਾਸਫੀਆਂ ਕੰਮ ਕਰਦੀਆਂ ਰਹੀਆਂ ਹਨ। ਜਿਨ੍ਹਾਂ ਵਿੱਚੋਂ ਇੱਕ ਪਦਾਰਥਵਾਦ ਨੂੰ ਮੰਨਦੀ ਹੈ ਜੋ ਕਹਿੰਦੀ ਕਿ ਪਹਿਲਾਂ ਮਾਦਾ ਪੈਦਾ ਹੋਇਆ। ਉਸਤੋਂ ਬਾਅਦ ਹੌਲ਼ੀ ਹੌਲ਼ੀ ਵਿਕਾਸ ਹੋ ਕੇ ਅੱਜ ਤੱਕ ਦੀ ਤਬਦੀਲੀ ਸਾਡੇ ਸਾਹਮਣੇ ਆਈ ਹੈ। ਦੂਸਰੇ ਪਾਸੇ ਦੂਸਰੀ ਫਿਲਾਸਫੀ ਜੋ ਅਧਿਆਤਮਵਾਦ ਜਾਂ ਆਦਰਸ਼ਵਾਦ ਨੂੰ ਮੰਨਦੀ ਹੈ। ਉਹਨਾਂ ਦਾ ਕਹਿਣਾ ਹੈ ਕਿ ਚੇਤਨਾ ਪਹਿਲਾਂ ਆਈ ਹੈ ਜਾਂ ਇਹ ਸਾਰਾ ਕੁੱਝ ਰੱਬ ਨੇ ਪੈਦਾ ਕੀਤਾ ਹੈ। ਇਹਨਾਂ ਦੋਨਾਂ ਸੰਕਲਪਾਂ ਦਾ ਆਪਸੀ ਵਿਰੋਧ ਸਦੀਆਂ ਤੋਂ ਹੀ ਚਲਦਾ ਆਇਆ

ਹੈ। ਸਾਨੂੰ ਪਤਾ ਹੈ ਕਿ ਪਹਿਲਾਂ ਪਹਿਲ ਲੋਕ ਜੰਗਲਾਂ ਵਿੱਚ ਰਹਿੰਦੇ ਜੋ ਪ੍ਰਾਪਤ ਕਰਦੇ, ਵੰਡ ਕੇ ਖਾ ਲੈਂਦੇ। ਫਿਰ ਜਦੋਂ ਕਬੀਲਿਆਂ ਵਿੱਚ ਰਹਿਣ ਲੱਗੇ, ਆਪਣੇ ਆਪਣੇ ਹਿਤਾਂ ਲਈ ਭੰਡਾਰਾ ਕਰਨਾ ਸ਼ੁਰੂ ਕੀਤਾ ਤਾਂ ਸਮਾਜ ਦੋ ਜਮਾਤਾਂ ਵਿੱਚ ਵੰਡ ਹੋ ਗਿਆ, ਇੱਕ ਅਮੀਰ ਤੇ ਦੂਸਰੀ ਗਰੀਬ। ਆਧਿਆਤਮਵਾਦ ਵਾਲੇ ਸੰਕਲਪ ਪੱਖੀ ਲੋਕ ਅਮੀਰ ਲੋਕਾਂ ਦੇ ਹਿਤ ਵਿੱਚ ਚਲੇ ਗਏ ਕਿਉਂਕਿ ਉਹਨਾਂ ਦੁਆਰਾ ਹੋ ਰਹੀ ਲੁੱਟ ਨੂੰ ਉਹ ਰੱਬ ਦੀ ਮਰਜ਼ੀ ਨਾਲ ਜੋੜ ਕੇ ਸੱਚਾਈ ਨੂੰ ਛੁਪਾ ਸਕਦੇ ਸਨ। ਧਾਰਮਿਕ ਲੋਕਾਂ ਨੂੰ ਵੀ ਉਹਨਾਂ ਆਪਣੇ ਕਲਾਵੇ ਵਿੱਚ ਲੈ ਲਿਆ ਕਿਉਂਕਿ ਲੋਕਾਂ ਦੀ ਬੇਸਮਝੀ ਹੀ ਉਹਨਾਂ ਦੀ ਲੁੱਟ ਵਿੱਚ ਵਾਧਾ ਕਰ ਸਕਦੀ ਸੀ ਅਤੇ ਉਹ ਇਸਦਾ ਪ੍ਰਚਾਰ ਬਾਖੂਬੀ ਕਰ ਰਹੇ ਸਨ।

ਇਤਿਹਾਸ ਤੋਂ ਸਬਕ ਸਿੱਖਦੇ ਹੋਏ ਲੋਕਾਂ ਨੂੰ ਸਪੱਸ਼ਟ ਹੋ ਗਿਆ ਹੈ ਕਿ ਸਦੀਆਂ ਤੋਂ ਧਰਮਾਂ ਦੇ ਪੈਰੋਕਾਰਾਂ ਨੇ ਮਨੁੱਖਾਂ ਦੀਆਂ ਭਾਵਨਾਵਾਂ ਨਾਲ ਖੇਡ ਕੇ, ਲੋਕਾਂ ਦੀ ਅੰਨ੍ਹੀ ਲੁੱਟ ਕੀਤੀ ਹੈ। ਧਰਮਾਂ ਦੇ ਨਾਂ ਤੇ ਹੋ ਰਹੀਆਂ ਲੜਾਈਆਂ ਵਿੱਚ ਸਭ ਤੋਂ ਵੱਧ ਮਨੁੱਖਤਾ ਨੂੰ ਮੌਤ ਦੇ ਘਾਟ ਉਤਾਰਿਆ ਗਿਆ ਹੈ ਅਤੇ ਇਹ ਸਿਲਸਿਲਾ ਘਟਣ ਦੀ ਬਜਾਇ ਅਜੇ ਵੀ ਬਹੁਤ ਸਾਰੇ ਭਾਰਤ ਵਰਗੇ ਦੇਸ਼ਾਂ ਵਿੱਚ ਵੱਧ ਰਿਹਾ ਹੈ। ਜਿੱਥੇ ਅੱਜ ਵੀ ਗਊ, ਸੂਰ, ਕਿਰਪਾਨਾਂ, ਤ੍ਰਿਸ਼ੂਲਾਂ, ਧਾਰਮਿਕ ਗਰੰਥਾਂ ਦੀ ਬੇਅਦਬੀ ਦੇ ਮੁੱਦੇ ਨਿੱਤ ਹਵਾ ਵਿੱਚ ਉਛਾਲ਼ੇ ਜਾਂਦੇ ਹਨ ਤੇ ਲੜਾਈ ਮਿੰਟਾਂ ਸਕਿੰਟਾਂ ਵਿੱਚ ਕਰਵਾਈ ਜਾ ਸਕਦੀ ਹੈ, ਜਿੱਥੇ ਅਜੇ ਸਾਇੰਸ ਦਾ ਨਹੀਂ ਧਰਮਾਂ ਦਾ ਬੋਲਬਾਲਾ ਜ਼ਿਆਦਾ ਹੈ। ਦੁਨੀਆਂ ਤੇ ਬੇਸ਼ੱਕ ਗਿਣਵੇਂ ਚੁਣਵੇਂ ਧਰਮ ਇਸਾਈ, ਮੁਸਲਿਮ, ਹਿੰਦੂ, ਸਿੱਖ, ਜੈਨੀ, ਬੋਧੀ ਆਦਿ ਗਿਣੇ ਜਾਂਦੇ ਹਨ। ਪਰ ਇਹਨਾਂ ਦੀਆਂ ਬਹੁਤ ਸਾਰੀਆਂ ਸਾਖ਼ਾਵਾਂ ਪੈਦਾ ਹੋ ਰਹੀਆਂ ਹਨ। ਬੇਸ਼ੱਕ ਸਾਰਿਆਂ ਦਾ ਕਹਿਣਾ ਹੈ ਕਿ ਉਹ ਸਰਬੱਤ ਦਾ ਭਲਾ ਸੋਚਦੇ ਹਨ, ਮਨੁੱਖ ਨੂੰ ਚੰਗਾ ਬਣਨ ਲਈ ਪ੍ਰੇਰਦੇ ਹਨ। ਪਰ ਇਹ ਆਪਸ ਵਿੱਚ ਹਮੇਸ਼ਾਂ ਲੜਦੇ ਝਗੜਦੇ ਦਿਸਦੇ ਹਨ ਤੇ ਆਪਣੇ ਆਪ ਨੂੰ ਉੱਤਮ ਦਰਸਾਉਣ ਵਿੱਚ ਜੁਟੇ ਹਨ ਤੇ ਲੋਕਾਂ ਨੂੰ ਲੋਕਾਂ ਦੇ ਪੈਸੇ ਨਾਲ਼ ਹੀ ਸਮਾਜ ਭਿਲਾਈ ਦਾ ਲਾਲਚ ਦੇ ਕੇ ਭਰਮਾਉਣ ਦੀ ਕੋਸ਼ਿਸ਼ ਵਿੱਚ ਹਨ। ਇਸ ਖਿੱਚੋਤਾਣ ਕਰਕੇ ਅੱਜ ਧਰਮ ਬਦਲੀ ਜਾਂ ਬਹੁਤ ਸਾਰੇ ਡੇਰਿਆਂ ਦਾ ਪੈਦਾ ਹੋਣਾ ਸ਼ੁਰੂ ਹੋਇਆ ਹੈ। ਅਸਲ ਵਿੱਚ ਇਸਦੇ ਵੱਖਰੇ ਕਾਰਣ ਇਹੀ ਹਨ ਕਿ ਮਨੁੱਖ ਹਮੇਸ਼ਾਂ ਆਰਥਿਕਤਾ ਨਾਲ ਜੁੜਿਆ ਰਿਹਾ ਹੈ। ਉਹ ਆਰਥਿਕ ਪੱਖੋਂ ਆਪਣੀ ਜ਼ਿੰਦਗੀ ਖੁਸ਼ਹਾਲ ਕਰਨਾ ਚਾਹੁੰਦਾ ਹੈ ਜੋ ਧਰਮ ਉਹਦੇ ਲਈ ਉਹਦੀਆਂ ਲੋੜਾਂ ਦੀ ਪੂਰਤੀ ਕਰਦਾ ਹੈ, ਉਹ ਉਧਰ ਨੂੰ ਹੋ ਜਾਂਦਾ ਹੈ। ਜਿਵੇਂ ਅਸੀਂ ਦੇਖਦੇ ਹਾਂ ਕਿ ਡੇਰਿਆਂ ਵਾਲ਼ੇ ਜਾਂ ਇਸਾਈ ਮੱਤ ਵਾਲ਼ੇ ਮੱਦਦ ਕਰਦੇ ਹਨ, ਬੱਚਿਆਂ ਨੂੰ ਪੜ੍ਹਾਉਣਾ ਜਾਂ ਵਿਆਹ ਆਦਿ ਕਰਨੇ।

ਕੈਨੇਡਾ ਦੀ ਮਰਦਮ-ਸ਼ੁਮਾਰੀ ਦੇ ਇਹ ਅੰਕੜੇ ਦੱਸਦੇ ਹਨ ਕਿ ਧਰਮਾਂ ਦੁਆਰਾ ਲੋਕਾਂ ਦੇ ਜ਼ਿਹਨ ਤੇ ਪਾਏ ਗਏ ਡਰ ਤੇ ਗੈਬੀ ਸ਼ਕਤੀਆਂ ਦੇ ਪ੍ਰਕੋਪ ਨੂੰ ਲੋਕਾਂ ਨੇ ਵਿਗਿਆਨਕ ਤਰੀਕੇ ਨਾਲ਼ ਸਮਝਣ ਤੇ ਤਰਕ ਨਾਲ਼ ਸੋਚਣਾ ਸ਼ੁਰੂ ਕਰ ਦਿੱਤਾ ਹੈ। ਜਿਉਂ ਜਿਉਂ ਮਨੁੱਖ ਦੁਆਰਾ ਵਿਗਿਆਨ ਦੀ ਤਰੱਕੀ ਹੋਈ ਹੈ, ਉਸਨੇ ਆਪਣੀ ਨੀਝ ਤੇ ਘੋਖ ਪੜਤਾਲ਼ ਨਾਲ਼ ਉਹ ਰਹੱਸ ਜਿਨ੍ਹਾਂ ਬਾਰੇ ਪਹਿਲਾਂ ਮਨੁੱਖ ਅਗਿਆਨੀ ਸੀ, ਉਹ ਪਰਖ਼ ਦੀ ਕੱਸਵੱਟੀ ਤੇ ਪਰਖ਼ ਕੇ ਲੋਕਾਂ ਸਾਹਮਣੇ ਸੱਚ ਕਰ ਵਿਖਾਇਆ ਹੈ। ਬੇਸ਼ੱਕ ਧਰਤੀ ਨੂੰ ਚਪਟੀ ਨਹੀਂ ਗੋਲ਼ ਕਹਿਣ ਦਾ ਸਾਡੇ ਵਿਗਿਆਨੀਆਂ ਨੇ ਹਰਜਾਨਾ ਭੁਗਤਿਆ ਸੀ ਪਰ ਅੱਜ ਦੁਨੀਆਂ ਦਾ ਬੱਚਾ ਬੱਚਾ ਜਾਣਦਾ ਹੈ ਕਿ ਧਰਤੀ ਵਾਕਿਆ ਈ ਗੋਲ਼ ਹੈ। ਕੁਦਰਤ ਦੇ ਨਿਯਮ ਮੁਤਾਬਕ ਹਰ ਜੀਵ ਨੂੰ ਆਪਣੀ ਜ਼ਿੰਦਗੀ ਜਿਉਣ ਲਈ ਢਿੱਡ ਦੀ ਭੁੱਖ ਦੂਰ ਕਰਨ ਲਈ ਕੋਈ ਨਾ ਕੋਈ ਹੀਲਾ ਵਸੀਲਾ ਕਰਕੇ ਜ਼ਿੰਦਾ ਰਹਿਣਾ ਪੈਂਦਾ ਹੈ, ਹੁਣ ਇਹ ਮਨੁੱਖ ਨੇ ਸਮਝ ਲਿਆ ਹੈ। ਜੋ ਲੋਕ ਦੂਜਿਆਂ ਦੇ ਟੁਕੜਿਆਂ ਤੇ ਪਲ਼ਣਾ ਚਾਹੁੰਦੇ ਹਨ, ਉਹ ਲੋਕਾਂ ਨੂੰ ਹਮੇਸ਼ਾਂ ਗੁੰਮਰਾਹ ਕਰਦੇ ਹਨ।

ਕੈਨੇਡਾ ਵਿੱਚ ਬੀ.ਸੀ ਦੇ ਲੋਕਾਂ ਵਿੱਚ ਇਸ ਤਬਦੀਲੀ ਦਾ ਮੁੱਖ ਕਾਰਣ ਧਰਮਾਂ ਦੁਆਰਾ ਰੈਜ਼ੀਡੈਂਸ਼ੀਅਲ ਸਕੂਲਾਂ ਵਿੱਚ ਹੋਏ ਤਸ਼ੱਦਦ ਨੂੰ ਦੇਖਿਆ ਜਾ ਸਕਦਾ ਹੈ ਕਿ ਸਰਕਾਰਾਂ ਤੇ ਕੈਥੋਲਿਕ ਚਰਚ ਨੇ ਸਾਂਝੀ ਭਾਈਵਾਲੀ ਵਿੱਚ ਇੱਥੋਂ ਦੇ ਮੂਲ ਨਿਵਾਸੀਆਂ ਦਾ ਖੁਰਾ ਖੋਜ ਮਿਟਾਉਣ ਲਈ ਉਹਨਾਂ ਦੇ ਬੱਚਿਆਂ ਨੂੰ ਹੀ ਮਾਰ ਮੁਕਾਇਆ ਜਾਂ ਜ਼ਿਹਨ ਵਿੱਚ ਡਰ ਬਣਾ ਕੇ ਜੀਣ ਲਈ ਮਜ਼ਬੂਰ ਕੀਤਾ ਹੈ। ਬੇਸ਼ੱਕ ਇਹ ਵੀ ਬਹੁਤੀ ਪੁਰਾਣੀ ਗੱਲ ਨਹੀਂ ਪਰ ਅਜੇ ਵੀ ਧਰਮ ਲੋਕਾਂ ਦੀਆਂ ਜ਼ਿੰਦਗੀਆਂ ਤੇ ਬਹੁਤ ਨਾਂਹ-ਵਾਚਕ ਪ੍ਰਭਾਵ ਪਾ ਰਿਹਾ ਹੈ, ਜਦੋਂ ਲੋਕ ਆਪਣੇ ਆਪਣੇ ਮਜ਼ਹਬਾਂ ਦੇ ਲਈ ਲੜ ਰਹੇ ਹਨ।

ਜਦੋਂ ਅੰਕੜੇ ਇਹ ਦੱਸ ਰਹੇ ਹਨ ਕਿ ਹੁਣ ਅੱਧ ਤੋਂ ਵੱਧ ਲੋਕ ਧਾਰਮਿਕਤਾ ਵਿੱਚ ਵਿਸ਼ਵਾਸ ਨਹੀਂ ਕਰਦੇ ਤਾਂ ਇੱਥੋਂ ਦੀਆਂ ਸਰਕਾਰਾਂ ਨੂੰ ਧਾਰਮਿਕ ਅਦਾਰਿਆਂ ਰਾਹੀਂ ਹੋ ਰਹੀ ਲੁੱਟ ਤੇ ਵਿਚਾਰ ਕਰਨੀ ਚਾਹੀਦੀ ਹੈ ਤੇ ਆਪਣੀਆਂ ਨੀਤੀਆਂ ਵਿੱਚ ਸੋਧ ਕਰਨੀ ਚਾਹੀਦੀ ਹੈ। ਕੈਨੇਡਾ ਵਿੱਚ ਅਜੇ ਵੀ ਬਹੁਤ ਸਾਰੇ ਧਾਰਮਿਕ ਸਕੂਲ ਖੁੱਲ੍ਹੇ ਹਨ ਜੋ ਬੇਸ਼ੱਕ ਪ੍ਰਾਈਵੇਟ ਨਿੱਜੀ ਜਾਇਦਾਦ ਹਨ, ਉਹ ਵਿਦਿਆਰਥੀਆਂ ਤੋਂ ਫੀਸਾਂ ਵੀ ਬਹੁਤ ਲੈਂਦੇ ਹਨ ਤੇ ਆਮ ਲੋਕਾਂ ਦੇ ਟੈਕਸ ਵਿੱਚੋਂ ਵੀ ਵੱਡੀਆਂ ਗਰਾਂਟਾਂ ਵੀ ਹਾਸਲ ਕਰਦੇ ਹਨ। ਇਸੇ ਤਰ੍ਹਾਂ ਬੀ. ਸੀ. ਹਿਊਮਿਨਸਟ ਐਸੋਸੀਏਸ਼ਨ ਦਾ ਕਹਿਣਾ ਹੈ ਕਿ ਕੈਥੋਲਿਕ ਹਸਪਤਾਲਾਂ ਨੂੰ ਸਰਕਾਰ ਨੂੰ ਆਪਣੇ ਅਧੀਨ ਕਰਨਾ ਚਾਹੀਦਾ ਹੈ। ਉਹਨਾਂ ਮੁਤਾਬਕ ਸਰਕਾਰ ਦੁਆਰਾ ਬਿਲੀਅਨ ਡਾਲਰ ਧਾਰਮਿਕ ਹੈਲਥ ਕੇਅਰ ਸੁਵਿਧਾਵਾਂ ਲਈ ਦਿੱਤਾ ਜਾਂਦਾ ਹੈ। ਕੋਰਟਾਂ ਵਿੱਚ

ਜਾਂ ਸਰਕਾਰੀ ਅਦਾਰਿਆਂ ਵਿੱਚ ਅਰਦਾਸਾਂ ਆਦਿ ਦਾ ਸਿਸਟਮ ਬੰਦ ਹੋਣਾ ਚਾਹੀਦਾ ਹੈ, ਉਹਨਾਂ ਨੂੰ ਨਿਰਪੱਖ ਤੌਰ ਤੇ ਕੰਮ ਕਰਨਾ ਚਾਹੀਦਾ ਹੈ। ਧਰਮ ਹਰ ਇੱਕ ਦਾ ਨਿੱਜੀ ਮਸਲਾ ਹੋਣਾ ਚਾਹੀਦਾ ਹੈ, ਮਨੁੱਖ ਆਪਣੇ ਤੌਰ ਤੇ ਉਹਦੇ ਲਈ ਕੀ ਕਰਦਾ ਹੈ ਕਰੇ, ਪਰ ਸਰਕਾਰਾਂ ਨੂੰ ਸਭ ਦੇ ਹਿਤਾਂ ਬਾਰੇ ਸੋਚਣਾ ਚਾਹੀਦਾ ਹੈ। 2015 ਵਿੱਚ ਸੁਪਰੀਮ ਕੋਰਟ ਨੇ ਪਾਸ ਕੀਤਾ ਸੀ ਕਿ ਸਿਟੀ ਕੌਂਸਲ ਦੀਆਂ ਮੀਟਿੰਗਾਂ ਦੀ ਸ਼ੁਰੂਆਤ ਲਈ ਅਰਦਾਸ (ਪ੍ਰੇਅਰ) ਕਰਨਾ ਅਸੰਵਿਧਾਨਕ ਹੈ। ਮੁਢਲੀ ਰਿਪੋਰਟ ਮੁਤਾਬਕ ਬੀ. ਸੀ. ਐੱਚ. ਏ. ਦੱਸਦੀ ਹੈ ਕਿ ਹੁਣ 11 ਮਿਊਸਪੈਲਟੀਜ਼ ਆਪਣੀ ਪ੍ਰੈਕਟਿਸ ਬਦਲਣ ਵਾਰੇ ਸੋਚ ਰਹੀਆਂ ਹਨ ਜੋ ਕਿ ਸ਼ੁਭ ਸ਼ਗਨ ਹੈ।

ਇੱਥੇ ਬਹੁਤ ਸਾਰੇ ਰੇਡਿਓ, ਟੈਲੀਵਿਯਨ ਕੰਮ ਕਰ ਰਹੇ ਹਨ, ਉਹਨਾਂ ਲਈ ਇਹ ਜ਼ਰੂਰੀ ਹੈ ਕਿ ਕੁੱਝ ਮਿੰਟਾਂ ਲਈ ਉਹਨਾਂ ਨੇ ਰੱਬ ਦਾ ਨਾਂ ਲੈਣਾ ਜ਼ਰੂਰੀ ਹੈ ਜੋ ਕਿ ਗਲਤ ਧਾਰਨਾ ਹੈ ਜੋ ਨਾਸਤਿਕ ਲੋਕ ਹਨ ਉਹਨਾਂ ‘ਤੇ ਇਹ ਠੋਸੀ ਜਾ ਰਹੀ ਹੈ। ਉਂਜ ਵੀ ਅਸੀਂ ਦੇਖਦੇ ਹਾਂ ਕਿ ਧਾਰਮਿਕ ਸਥਾਨਾਂ ਦੇ ਨਾਂ ਤੇ ਲੋਕਾਂ ਨੇ ਛੋਟੇ ਛੋਟੇ ਕਮਰਿਆਂ ਵਿੱਚ ਧਾਰਮਿਕ ਗਰੰਥ ਸ਼ੁਸ਼ੋਭਿਤ ਕਰਕੇ ਸਰਕਾਰੀ ਗਰਾਂਟਾਂ ਨੂੰ ਮੂੰਹ ਮਾਰਨ ਦੇ ਵੱਡੇ ਵੱਡੇ ਕਾਰਜ ਕੀਤੇ ਹੋਏ ਹਨ, ਜਿਨ੍ਹਾਂ ਬਾਰੇ ਸਰਕਾਰ ਨੂੰ ਸੁਚੇਤ ਹੋਣਾ ਚਾਹੀਦਾ ਹੈ। ਸਭਿਆਚਾਰਕ ਤੌਰ ਤੇ ਵੀ ਇਹ ਦੇਖਣ ਲਈ ਮਿਲਦਾ ਹੈ ਕਿ ਕਈ ਗਾਉਣ ਵਾਲੇ ਪ੍ਰੋਗਰਾਮ ਦੀ ਸ਼ੁਰੂਆਤ ਲਈ ਤਾਂ ਰੱਬ ਦੀ ਮਹਿਮਾ ਵਿੱਚ ਗਾਉਣਗੇ, ਬਾਅਦ ਵਿੱਚ ਉਹਨਾਂ ਦਾ ਮਿਆਰ ਬਹੁਤ ਥੱਲੇ ਗਿਰ ਜਾਂਦਾ ਹੈ, ਇਹ ਗੱਲਾਂ ਬਾਰੇ ਲੋਕਾਂ ਨੂੰ ਸਮਝਾਉਣ ਦੀ ਲੋੜ ਹੈ ਕਿ ਤੁਸੀਂ ਪੰਜ ਮਿੰਟ ਲਈ ਕਿਸ ਰੱਬ ਨੂੰ ਪੱਠੇ ਪਾ ਰਹੇ ਹੋ ਜੋ ਉਹਨਾਂ ਮੁਤਾਬਕ ਜਿਸਦੀ ਮਰਜ਼ੀ ਬਿਨ੍ਹਾਂ ਪੱਤਾ ਨਹੀਂ ਹਿੱਲਦਾ। ਅਸਲ ਵਿੱਚ ਹੁਣ ਸਭ ਨੂੰ ਪਤਾ ਹੈ ਕਿ ਹਰ ਚੀਜ਼ ਪੈਸੇ ਨਾਲ਼ ਜਾਂ ਸਾਡੀਆਂ ਆਰਥਿਕ ਲੋੜਾਂ ਨਾਲ ਜੁੜੀ ਹੈ ਪਰ ਰੱਬ ਦੇ ਮੁਖੌਟੇ ਨਾਲ ਕੁੱਝ ਲੋਕਾਂ ਨੂੰ ਅੰਧਵਿਸ਼ਵਾਸ ਵਿੱਚ ਰੱਖਣ ਲਈ ਇਹ ਸਭ ਕੁੱਝ ਕੀਤਾ ਜਾਂਦਾ ਹੈ। ਸਾਨੂੰ ਸਾਡੀ ਸੋਚ ਨੂੰ ਨਿਰਪੱਖ ਬਣਾ ਕੇ ਚੱਲਣਾ ਚਾਹੀਦਾ ਹੈ, ਇਸ ਵਿੱਚ ਹੀ ਮਨੁੱਖਤਾ ਦਾ ਭਲਾ ਹੈ ਤੇ ਸਰਕਾਰਾਂ ਨੂੰ ਵੀ ਗੌਰ ਕਰਨਾ ਚਾਹੀਦਾ ਹੈ ਕਿ ਲੋਕ ਸੁਚੇਤ ਹੋ ਰਹੇ ਹਨ, ਉਹਨਾਂ ਨੇ ਜੋ ਧਰਮ ਦੇ ਨਾਲ਼ ਮਿਲ਼ ਕੇ ਮਨ ਮਰਜ਼ੀਆਂ ਕਰ ਲਈਆਂ ਹਨ, ਉਹਨਾਂ ਦਾ ਅੰਤ ਹੋਣ ਵਾਲ਼ਾ ਹੈ ਜਿਸਨੂੰ ਹਾਲਾਤ ਸਾਜ਼ਗਾਰ ਕਰ ਰਹੇ ਹਨ।

□□□

# ਸਰ੍ਹੀ ਦੀਆਂ ਚੋਣਾਂ ਮੁੱਦਿਆਂ ‘ਤੇ ਕਿ ਆਪਸੀ ਵਿਰੋਧਾਂ ‘ਤੇ

ਇਸ ਸਮੇਂ ਕੈਨੇਡਾ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਮਿਊਂਸੀਪਲ ਚੋਣਾਂ ਹੋ ਰਹੀਆਂ ਹਨ ਜਿਸ ਕਰਕੇ ਉਮੀਦਵਾਰਾਂ ਨੂੰ ਚੋਣਾਂ ਦਾ ਬੁਖ਼ਾਰ ਚੜ੍ਹਿਆ ਹੈ। ਜਿਹੜੇ ਲੋਕ ਚੋਣਾਂ ਵਿੱਚ ਖੜ੍ਹ ਕੇ ਜੋਰ ਅਜ਼ਮਾਈ ਕਰ ਰਹੇ ਹਨ, ਉਹਨਾਂ ਨੂੰ ਤਾਂ ਹੋਣਾ ਹੀ ਹੈ ਪਰ ਆਮ ਲੋਕਾਂ ਲਈ ਇਹ ਮੁਸੀਬਤ ਹੈ ਕਿ ਇੱਕ ਹੀ ਸ਼ਹਿਰ ਵਿੱਚ ਕਿੰਨੀਆਂ ਕਿੰਨੀਆਂ ਸਲੇਟਾਂ ਖੜ੍ਹੀਆਂ ਹਨ, ਉਹ ਕਿਸ ਤਰ੍ਹਾਂ ਚੋਣ ਕਰਨ। ਕੀ ਜੋ ਉਹ ਇਸ ਸਮੇਂ ਕਹਿ ਰਹੇ ਹਨ, ਆਉਣ ਵਾਲੇ ਸਮੇਂ ਵਿੱਚ ਆਪਣੀ ਕਹਿਣੀ ਤੇ ਕਰਨੀ ਵਿੱਚ ਪੂਰੇ ਉਤਰਨਗੇ ? ਇਹ ਤਾਂ ਸਮਾਂ ਹੀ ਦੱਸੇਗਾ। ਅੱਜ ਕੱਲ ਜਦੋਂ ਅਸੀਂ ਵੋਟਾਂ ਦੀ ਗੱਲ ਕਰਦੇ ਹਾਂ ਮੇਰਾ ਖ਼ਿਆਲ ਹੈ ਕਿ ਬਹੁਤੇ ਥਾਂਵਾਂ ਤੇ ਵੋਟਾਂ ਅਜੰਡਿਆਂ ‘ਤੇ ਨਹੀਂ ਸਗੋਂ ਵਿਰੋਧੀਆਂ ਦੇ ਨੁਕਸਾਂ ਨੂੰ ਰਿੜਕ ਰਿੜਕ ਕੇ ਇੱਕ ਦੂਜੇ ਨੂੰ ਵੱਧ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਹ ਪੂਰਾ ਡਰਾਮਾ ਅਕਤੂਬਰ ਦੇ ਮਹੀਨੇ ਵਿੱਚ ਸਾਡੇ ਸਾਰੇ ਵੈਨਕੂਵਰ ਏਰੀਏ ਦੇ ਆਲ਼ੇ ਦੁਆਲ਼ੇ ਦੇ ਸ਼ਹਿਰਾਂ ਵਿੱਚ ਵੀ ਹੋ ਰਿਹਾ ਹੈ। ਮੈਂ ਗੱਲ ਕਰਨੀ ਚਾਹੁੰਦੀ ਹਾਂ ਸਰ੍ਹੀ ਸ਼ਹਿਰ ਦੀ। ਕੈਨੇਡਾ ਦੇ ਵੱਡੇ ਸ਼ਹਿਰਾਂ ਵਿੱਚ ਸਰ੍ਹੀ ਇੱਕ ਪ੍ਰਮੁੱਖ ਸ਼ਹਿਰ ਹੈ। ਇਸ ਸ਼ਹਿਰ ਵਿੱਚ ਵੱਖ ਵੱਖ ਸੌ ਭਾਸ਼ਾਵਾਂ ਬੋਲਣ ਵਾਲੇ ਵੰਨ ਸਵੰਨੇ ਲੋਕ ਰਹਿੰਦੇ ਹਨ। ਇਹ ਬੀ. ਸੀ. ਦਾ ਵੈਨਕੂਵਰ ਤੋਂ ਬਾਅਦ ਦੂਜਾ ਵੱਡਾ ਸ਼ਹਿਰ ਹੈ। ਇਸਦੀ ਜਨਸੰਖਿਆ 2021 ਵਿੱਚ ਲੱਗਭੱਗ 568,322 ਤੋਂ ਉੱਪਰ ਸੀ। ਇਹ ਵਧ ਰਹੀ ਸੰਖਿਆ ਵਾਲਾ ਸ਼ਹਿਰ ਹੈ ਤਕਰੀਬਨ ਤਕਰੀਬਨ 1000 ਤੋਂ ਵੱਧ ਪਰਿਵਾਰ ਹਰ ਸਾਲ ਇਸ ਸ਼ਹਿਰ ਦੇ ਸ਼ਹਿਰੀ ਬਣਨ ਦਾ ਮਾਣ ਹਾਸਲ ਕਰਦਾ ਹੈ। ਇਸ ਵਿੱਚ ਜ਼ਿਆਦਾਤਰ ਘੱਟ ਗਿਣਤੀ ਲੋਕ ਰਹਿੰਦੇ ਹਨ। ਖ਼ਾਸ ਕਰਕੇ ਇਸਨੂੰ ਦੂਸਰਾ ਪੰਜਾਬ ਵੀ ਕਿਹਾ ਜਾਂਦਾ ਹੈ।

ਇਸ ਵਾਰ 20 ਅਕਤੂਬਰ ਨੂੰ ਇਲੈਕਸ਼ਨ ਹੋਣ ਜਾ ਰਹੀ ਹੈ। ਅਜੇ ਅੱਜ ਕਾਫ਼ੀ ਦਿਨ ਪਏ ਹਨ ਪਰ ਉਮੀਦਵਾਰਾਂ ਨੇ ਲੋਕਾਂ ਦੇ ਘਰਾਂ ਵਿੱਚ ਜਾ ਜਾ ਕੇ ਚੋਣ ਪ੍ਰਚਾਰ ਸ਼ੁਰੂ ਕਰ ਲਿਆ ਹੈ। ਇਸ ਵਾਰ ਮੇਅਰ ਲਈ ਅੱਠ ਉਮੀਦਵਾਰ ਚੋਣ ਮੈਦਾਨ ਵਿੱਚ ਹਨ ਜੋ ਆਪਣੀ ਆਪਣੀ ਕੌਂਸਲਰਾਂ ਦੀ ਟੀਮ ਨਾਲ਼ ਜਾਂ ਅਜ਼ਾਦ ਉਮੀਦਵਾਰ ਦੇ ਤੌਰ ‘ਤੇ ਕੁਰਸੀ ਲਈ ਜ਼ੋਰ ਅਜ਼ਮਾਈ ਕਰਨਗੇ। ਸ਼ੁਰੂਆਤੀ ਦੌਰ ਵਿੱਚ ਹੀ ਲੱਗ ਰਿਹਾ ਹੈ ਕਿ ਇਸ ਵਾਰ ਵੀ ਚੋਣ ਮੁੱਦਿਆਂ ‘ਤੇ ਨਹੀਂ ਲੜੀ ਜਾਵੇਗੀ

ਸਗੋਂ ਇੱਕ ਦੂਜੇ 'ਤੇ ਦੂਸ਼ਨਬਾਜ਼ੀ ਦੇ ਅਦਭੁੱਤ ਤਰੀਕੇ ਲੱਭੇ ਜਾਣਗੇ। ਉਮੀਦਵਾਰਾਂ ਦੇ ਪੋਤੜੇ ਫ਼ਰੋਲੇ ਜਾਣਗੇ। ਜਦੋਂ ਇਸ ਤਰ੍ਹਾਂ ਦਾ ਮਾਹੌਲ ਦੇਖਦੇ ਹਾਂ ਤਾਂ ਜੱਗ ਜ਼ਾਹਰ ਹੋ ਜਾਂਦਾ ਹੈ ਕਿ ਨਾ ਪਹਿਲਿਆਂ ਨੇ ਲੋਕਾਂ ਬਾਰੇ ਗੰਭੀਰਤਾ ਨਾਲ ਸੋਚਿਆ ਹੈ ਤੇ ਨਾ ਹੀ ਇਹ ਸੋਚਣਗੇ। ਅਗਰ ਇਹਨਾਂ ਦੀਆਂ ਨੀਤਾਂ ਸਾਫ਼ ਹੋਣ ਅਤੇ ਲੋਕਾਂ ਲਈ ਸ਼ਹਿਰ ਵਿੱਚ ਕੰਮ ਕਰਨ ਤਾਂ ਕੀਤੇ ਕੰਮਾਂ ਨੂੰ ਲੋਕਾਂ ਨੇ ਵੋਟਾਂ ਪਾ ਹੀ ਦੇਣੀਆਂ ਹੁੰਦੀਆਂ ਹਨ। ਪਰ ਨਹੀਂ, ਇਨ੍ਹਾਂ ਨੂੰ ਇੱਦਾਂ ਦੇ ਕਾਟੋ ਕਲੇਸ਼ ਕਰਕੇ ਲੋਕਾਂ ਨੂੰ ਬੁੱਧੂ ਬਣਾਉਣ ਦਾ ਢੰਗ ਆਉਂਦਾ ਹੈ।

ਇਨ੍ਹਾਂ ਦੀ ਆਪਸੀ ਦੂਸ਼ਨਬਾਜ਼ੀ ਦਾ ਡਰਾਮਾ ਤਾਂ ਅਸੀਂ ਹਰ ਰੋਜ਼ ਅਖ਼ਬਾਰਾਂ, ਰੇਡਿਓ, ਟੈਲੀਵਿਯਨ ਚੈਨਲਾਂ, ਫੇਸਬੁੱਕ ਤੇ ਵਟਸ ਐਪ 'ਤੇ ਦੇਖ ਹੀ ਰਹੇ ਹਾਂ। ਚਲੋ ਆਪਾਂ ਲੋਕਾਂ ਦਾ ਧਿਆਨ ਕੁੱਝ ਮੁੱਦਿਆਂ ਵੱਲ ਵੀ ਕਰ ਹੀ ਲਈਏ ਜਿਨ੍ਹਾਂ ਦਾ ਸਰ੍ਹੀ ਦੇ ਲੋਕਾਂ ਨੂੰ ਹਰ ਰੋਜ਼ ਸਾਹਮਣਾ ਕਰਨਾ ਪੈਂਦਾ ਹੈ।ਸਰ੍ਹੀ ਦੇ ਲੋਕਾਂ ਦਾ ਇਸ ਸਮੇਂ ਸਭ ਤੋਂ ਵੱਡਾ ਮੁੱਦਾ ਡਰੱਗ ਨੂੰ ਲੈ ਕੇ ਨੌਜਵਾਨਾਂ ਦੀ ਸੁਰੱਖਿਆ ਦਾ ਹੈ। ਜਿਸਦਾ ਮੂਲ ਕਾਰਣ ਡਰੱਗ ਦੇ ਆਲ਼ੇ ਦੁਆਲ਼ੇ ਘੁੰਮ ਰਿਹਾ ਹੈ ਜਿਸ ਵਿੱਚ ਨੌਜਵਾਨਾਂ ਦੀਆਂ ਗੈਂਗਵਾਰ ਤੇ ਓਵਰਡੋਜ਼ ਵਰਗੀਆਂ ਅਲਾਮਤਾਂ ਦੇ ਹੱਥੋਂ ਜਾਨਾਂ ਜਾ ਰਹੀਆਂ ਹਨ। ਪਿਛਲੇ ਕੁੱਝ ਸਾਲਾਂ ਤੋਂ ਗੈਂਗਵਾਰ ਵਿੱਚ ਚਲਦੀਆਂ ਗੋਲ਼ੀਆਂ ਵਿੱਚ 15-16 ਸਾਲ ਦੀ ਉਮਰ ਦੇ ਬੱਚਿਆਂ ਤੋਂ ਲੈ ਕੇ 40-50 ਸਾਲ ਤੱਕ ਦੇ ਲੋਕ ਬੇਸ਼ੱਕ ਆਪਸੀ ਲੜਾਈ ਵਿੱਚ ਮਾਰੇ ਜਾ ਰਹੇ ਹਨ ਪਰ ਇਨ੍ਹਾਂ ਸੜਕਾਂ 'ਤੇ ਕਾਰਾਂ ਵਿੱਚ ਚੱਲ ਰਹੀਆਂ ਗੋਲ਼ੀਆਂ ਦੀ ਮਾਰ ਹੇਠ ਕਈ ਵਾਰ ਬੇਕਸੂਰ ਵੀ ਮਾਰੇ ਜਾਂਦੇ ਹਨ। ਇਸ ਸਮੇਂ ਕੋਈ ਵੀ ਉਮੀਦਵਾਰ ਡਰੱਗ ਦੇ ਮੁੱਦੇ 'ਤੇ ਗੱਲ ਨਹੀਂ ਕਰ ਰਿਹਾ ਕਿ ਇਹ ਸਾਡੀਆਂ ਗ਼ਲੀਆਂ ਵਿੱਚ ਕਿਵੇਂ, ਕਿੱਥੋਂ ਤੇ ਕਿਸ ਤਰ੍ਹਾਂ ਪਹੁੰਚ ਰਹੀ ਹੈ, ਇਸ ਦੀ ਜ਼ੁੰਮੇਵਾਰ ਪੁਲੀਸ ਤੇ ਪ੍ਰਸ਼ਾਸ਼ਨ ਹੈ ਜੋ ਫੇਲ੍ਹ ਹੋ ਚੁੱਕਿਆ ਹੈ। ਇਸ ਪਿੱਛੇ ਵੱਡੇ ਵੱਡੇ ਡਰੱਗ ਤਸਕਰਾਂ ਦੀ ਮਿਲੀ ਭੁਗਤ ਹੈ ਜਿਸਨੂੰ ਇਹ ਲੀਡਰ ਤੇ ਪੁਲੀਸ ਅੱਖੋਂ ਪਰੋਖ਼ੇ ਕਰਕੇ ਮਾਪਿਆਂ ਸਿਰ ਮੜ੍ਹਨ ਦੀਆਂ ਕੋਸ਼ਿਸ਼ਾਂ ਕਰਦੇ ਰਹਿੰਦੇ ਹਨ। ਡਰੱਗ ਘਰਾਂ ਵਿੱਚ ਪੈਦਾ ਨਹੀਂ ਹੁੰਦੀ, ਬਾਹਰੋਂ ਆਉਂਦੀ ਹੈ, ਉਸਨੂੰ ਇਹ ਕਿਉਂ ਨਹੀਂ ਰੋਕ ਰਹੇ।ਸਾਡੇ ਟੈਕਸਾਂ ਦਾ 28% ਹਿੱਸਾ RCMP ਤੇ ਖ਼ਰਚ ਕੀਤਾ ਜਾਂਦਾ ਹੈ। ਹਾਂ ਹੁਣ ਇਸ ਮੁੱਦੇ ਤੇ ਲੜਾਈ ਲੜੀ ਜਾ ਰਹੀ ਹੈ ਕਿ ਕੁੱਝ ਕਹਿੰਦੇ ਹਨ RCMP ਚਾਹੀਦੀ ਹੈ ਤੇ ਕੁੱਝ ਕਹਿੰਦੇ ਹਨ City Police. ਆਮ ਲੋਕਾਂ ਨੂੰ ਕੀ ਫਰਕ ਪੈਂਦਾ ਹੈ ਕਿ ਕਿਹੜੀ ਪੁਲੀਸ ਹੈ? ਪੁਲੀਸ ਕੋਈ ਵੀ ਹੋਵੇ ਉਹ ਇਮਾਨਦਾਰੀ ਨਾਲ਼ ਕੰਮ ਕਰੇ। ਜੋ ਬੱਚੇ ਮਾਰੇ ਜਾ ਚੁੱਕੇ ਹਨ ਉਨ੍ਹਾਂ ਦੇ ਕਾਤਲ ਕਿਉਂ ਨਹੀਂ ਫੜੇ ਜਾਂਦੇ? ਕੀ ਉਹਨਾਂ ਨੂੰ ਧਰਤੀ ਨਿਗ਼ਲ ਜਾਂਦੀ ਹੈ ਜਾਂ ਅਸਮਾਨ ਵਿੱਚ ਉਡ ਜਾਂਦੇ ਹਨ? ਪੁਲੀਸ ਤੇ ਸਿਟੀ ਦੇ ਨੁਮਾਇੰਦਿਆਂ ਦਾ ਰੋਲ ਉਪਰਲੀਆਂ

ਸਰਕਾਰਾਂ ‘ਤੇ ਦਬਾਅ ਬਣਾ ਕੇ ਕਾਨੂੰਨਾਂ ਵਿੱਚ ਤਬਦੀਲੀ ਕਰਨ ਦਾ ਹੈ ਤਾਂ ਕਿ ਡਰੱਗ ਦਾ ਮੁੱਦਾ ਖ਼ਤਮ ਕੀਤਾ ਜਾ ਸਕੇ। ਗੈਂਗਵਾਰ ਅਤੇ ਓਵਰਡੋਜ਼ ਨਾਲ ਹੋ ਰਹੀਆਂ ਮੌਤਾਂ ਨੂੰ ਠੱਲ੍ਹ ਪਾਈ ਜਾ ਸਕੇ।

ਦੂਸਰਾ ਮੁੱਦਾ ਘਰ ਖ਼੍ਰੀਦਣ ਦੀ ਸਮਰੱਥਾ ਦਾ ਹੈ, ਬੇਸ਼ੱਕ ਇਹ ਇਕੱਲੀ ਸਰ੍ਹੀ ਦਾ ਮੁੱਦਾ ਨਹੀਂ ਸਗੋਂ ਸਾਰਾ ਲੋਅਰ ਮੇਨਲੈਂਡ ਇਸ ਮੁਸ਼ਕਲ ਦਾ ਸਾਹਮਣਾ ਕਰ ਰਿਹਾ ਹੈ। ਅਸੀਂ ਦੇਖ ਰਹੇ ਹਾਂ ਕਿ ਘਰਾਂ ਦੀਆਂ ਕੀਮਤਾਂ ਦਿਨੋ ਦਿਨ ਵਧ ਰਹੀਆਂ ਹਨ ਪਰ ਤਨਖ਼ਾਹਾਂ ਵਿੱਚ ਕੋਈ ਖਾਸ ਵਾਧਾ ਨਹੀਂ ਹੋ ਰਿਹਾ। ਇਸ ਕਰਕੇ ਘਰ ਲੋਕਾਂ ਦੀ ਪਹੁੰਚ ਤੋਂ ਦੂਰ ਜਾ ਰਹੇ ਹਨ। ਰਹਿਣ ਸਹਿਣ, ਗਰੋਸਰੀ ਤੇ ਗੈਸ ਦੀਆਂ ਕੀਮਤਾਂ ਦਿਨੋ ਦਿਨ ਵਧ ਰਹੀਆਂ ਹਨ। ਇਸ ਕਰਕੇ ਘਰ ਲੈਣ ਦੀ ਸਮਰੱਥਾ ਦੂਰ ਹੁੰਦੀ ਜਾ ਰਹੀ ਹੈ। ਇੱਥੋਂ ਤੱਕ ਕੇ ਲੋਕਾਂ ਨੂੰ ਘਰਾਂ ਦੇ ਕਿਰਾਏ ਦੇਣੇ ਮੁਸ਼ਕਲ ਹੋ ਰਹੇ ਹਨ। ਸਿਟੀ ਕੌਂਸਲ ਵਲੋਂ ਹਰੇਕ ਸਾਲ ਘਰਾਂ ਦੀਆਂ ਕੀਮਤਾਂ ਵਧਣ ਨਾਲ ਪ੍ਰੌਪਰਟੀ ਟੈਕਸ ਵਧਾ ਦਿੱਤਾ ਜਾਂਦਾ ਹੈ। ਜਦਕਿ ਘਰ ਮਾਲਕ ਨੂੰ ਘਰ ਦੀ ਕੀਮਤ ਵਧਣ ਦਾ ਫਾਇਦਾ ਤਾਂ ਉਦੋਂ ਹੀ ਹੋਵੇਗਾ ਜਦੋਂ ਕਦੇ ਉਹ ਘਰ ਵੇਚੇਗਾ। ਜਿਹੜੇ ਲੋਕਾਂ ਕੋਲ ਇੱਕ ਤੋਂ ਵਾਧੂ ਘਰ ਹਨ ਉਹਨਾਂ ਤੇ ਵਾਧੂ ਟੈਕਸ ਜੀ ਸਦਕੇ ਲਾਉਣ। ਪਰ ਹਰ ਘਰ ਤੇ ਐਨਾ ਟੈਕਸ ਲਾ ਕੇ ਕੀ ਸਰ੍ਹੀ ਵਿੱਚ ਬਹੁਤ ਤਰੱਕੀ ਹੋ ਰਹੀ ? ਉਹ ਕਿਧਰੇ ਦਿਸ ਨਹੀਂ ਰਹੀ। ਹਾਂ ਦਿਸ ਰਿਹਾ ਹੈ ਤਾਂ ਚਿੱਟਾ ਹਾਥੀ ਜੋ ਪੁਰਾਣੀ ਕੌਂਸਲ ਨੇ ਸਿਟੀ ਸੈਂਟਰ ਵਿੱਚ ਲਿਆ ਖੜ੍ਹਾਇਆ ਹੈ। ਸਿਟੀ ਦੇ ਸਾਰੇ ਕੰਮ ਬਹੁਤ ਵਧੀਆ ਹੋ ਰਹੇ ਸਨ ਪੁਰਾਣੀ ਬਿਲਡਿੰਗ ਵਿੱਚ ਵੀ ਪਰ ਟੈਕਸ ਦੇਣ ਵਾਲਿਆਂ ਦੇ ਪੈਸੇ ਦੀ ਪ੍ਰਵਾਹ ਕੀਤੇ ਬਿਨ੍ਹਾਂ, ਲੋਕਾਂ ਨੂੰ ਹੋਰ ਸਹੂਲਤਾਂ ਦੇਣ ਦੀ ਬਜਾਇ, ਆਪ ਸ਼ੀਸ਼ੇ ਦੇ ਮਹੱਲ ਵਿੱਚ ਇਹ ਆਪ ਬਿਰਾਜਮਾਨ ਹੋ ਗਏ ਹਨ। ਹੋਰ ਤਾਂ ਹੋਰ ਲੋਕ ਸਿਟੀ ਵਿੱਚ ਹਜ਼ਾਰਾਂ ਡਾਲਰ ਦੇ ਕੇ ਆਪਣੀਆਂ ਪ੍ਰੌਪਰਟੀਆਂ ਦੇ ਕੰਮ ਜਾਂ ਟੈਕਸ ਭਰਨ ਜਾਂਦੇ ਹਨ। ਪਰ ਉਹਨਾਂ ਨੂੰ 10 ਮਿੰਟਾਂ ਲਈ ਵੀ ਕਾਰ ਪਾਰਕਿੰਗ ਦੇ ਪੈਸੇ  ਦੇ ਕੇ ਜਾਣਾ ਪੈਂਦਾ ਹੈ। ਪੁਰਾਣੇ ਸਿਟੀ ਹਾਲ ਵਿੱਚ ਘੱਟੋ ਘੱਟ ਇਹੋ ਜਿਹੀ ਮੁੱਛ-ਮੁਛਾਈ ਤੋਂ ਲੋਕ ਬਚੇ ਹੋਏ ਸਨ। ਕੀ ਸਾਨੂੰ ਇਸਦਾ ਇਹ ਫਾਇਦਾ ਹੋਇਆ ਹੈ ? ਘਰਾਂ ਦੀਆਂ ਕੀਮਤਾਂ ਨੂੰ ਠੱਲ੍ਹਣ ਲਈ ਲੋਕ ਰਾਇ ਲੈ ਕੇ ਯਤਨ ਕਰਨੇ ਚਾਹੀਦੇ ਹਨ ਕਿ ਲੋਕ ਘਰਾਂ ਵਿੱਚ ਰਹਿਣ ਲਈ ਸਮਰੱਥਾਵਾਨ ਹੋ ਸਕਣ।

ਤੀਸਰਾ ਮੁੱਦਾ ਸਰ੍ਹੀ ਵਿੱਚ ਅੰਕੜਿਆਂ ਮੁਤਾਬਕ 2017 ਵਿੱਚ 602 ਬੇਘਰੇ ਸਨ ਜਿਨ੍ਹਾਂ ਵਿੱਚੋਂ 399 ਨੂੰ ਰਹਿਣ ਦੀ ਜਗ੍ਹਾ ਮਿਲੀ ਹੋਈ ਸੀ ਤੇ 203 ਸਟਰੀਟ ਤੇ ਰਹਿ ਰਹੇ ਹਨ। ਦੇਖਿਆ ਗਿਆ ਹੈ ਕਿ 2014 ਤੋਂ 2017 ਤੱਕ ਬੇਘਰਿਆਂ ਦੀ ਗਿਣਤੀ ਤੇਜ਼ੀ ਨਾਲ 49% ਦੀ ਦਰ ਨਾਲ ਵਧੀ ਹੈ।ਸਰ੍ਹੀ ਦੀ ਕੁੱਲ ਜਨਸੰਖਿਆ

ਵਿਚੋਂ ਹਰ ਪੰਜਵਾਂ ਵਿਅਕਤੀ ਗ਼ਰੀਬੀ ਰੇਖਾ ਤੋਂ ਥੱਲੇ ਰਹਿ ਰਿਹਾ ਹੈ ਜੀਹਦਾ ਕਾਰਣ ਪੁਲੀਸ, ਪੜ੍ਹਾਈ ਤੇ ਸਿਹਤ ਸਬੰਧੀ ਖਰਚਿਆਂ ਨੂੰ ਦੱਸਿਆ ਗਿਆ ਹੈ। ਅਸੀਂ ਆਸ ਕਰਦੇ ਹਾਂ ਕਿ ਇਨ੍ਹਾਂ ਡਿਵੈਲਪਿਡ ਦੇਸ਼ਾਂ ਵਿੱਚ ਹਰ ਇਨਸਾਨ ਦੀਆਂ ਤਿੰਨ ਮੁਢਲੀਆਂ ਲੋੜਾਂ ਜ਼ਰੂਰ ਪੂਰੀਆਂ ਹੋਣੀਆਂ ਚਾਹੀਦੀਆਂ ਹਨ ਪਰ ਇੱਥੇ ਲੋਕਾਂ ਦੀਆਂ ਆਰਥਿਕ ਹਾਲਤਾਂ ਦਿਨੋ ਦਿਨ ਥੱਲੇ ਜਾ ਰਹੀਆਂ ਹਨ। ਸਰ੍ਹੀ ਫੂਡ ਬੈਂਕ ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਉੱਥੋਂ ਫੂਡ ਲੈਣ ਵਾਲਿਆਂ ਦੀ ਗਿਣਤੀ ਦਿਨੋਂ ਦਿਨ ਵਧ ਰਹੀ ਹੈ। ਲੋਕ ਜਿੰਨਾ ਕੁ ਕਮਾਉਂਦੇ ਹਨ ਉਹ ਰੈਂਟਾਂ ਤੇ ਹੋਰ ਖਰਚਿਆਂ ਵਿੱਚ ਚਲਾ ਜਾਂਦਾ ਹੈ ਖਾਣ ਲਈ ਪੈਸੇ ਨਹੀਂ ਹੁੰਦੇ ਫਿਰ ਉਹ ਫੂਡ ਸਰ੍ਹੀ ਬੈਂਕ ਦਾ ਦਰ ਖੜਕਾਉਂਦੇ ਹਨ। ਬਹੁਤੇ ਲੋਕਾਂ ਦਾ ਆਮਦਨ ਤੇ ਖਰਚਾ ਬਰਾਬਰ ਸਰਾਬਰ ਹੀ ਚਲਦਾ ਹੈ। ਇਸ ਤੇ ਸਾਡੀ ਸਿਟੀ ਕੌਂਸਲ ਚੁੱਪ ਹੈ।

ਚੌਥਾ ਮੁੱਦਾ ਜਿਸਤੇ ਸਾਡੇ ਉਮੀਦਵਾਰ ਚੋਖੀ ਲੜਾਈ ਲੜ ਰਹੇ ਹਨ, ਉਸ ਬਾਰੇ ਵੀ ਗੱਲ ਕਰਨੀ ਬਣਦੀ ਹੈ। ਉਹ ਹੈ ਲ਼ੁਠ ਤੇ ਸ਼ਕੇ ਠਰਓਨਿ ਦਾ ਮੁੱਦਾ। ਖੈਰ ਦੋਨਾਂ ਨੇ ਹੀ ਲੋਕਾਂ ਦੀ ਸੇਵਾ ਕਰਨੀ ਹੈ ਆਵਾਜਾਈ ਦੀ ਸਹੂਲਤ ਜ਼ਰੂਰ ਮਿਲਣੀ ਚਾਹੀਦੀ ਹੈ ਕਿਸੇ ਰੂਪ ਵਿੱਚ ਹੋਵੇ। ਇਸਦੇ ਪਿੱਛੇ ਸੋਚਣ ਵਾਲੀ ਗੱਲ ਹੈ ਕਿ ਇਹ ਦੋਨੋ ਸਹੂਲਤਾਂ ਕਿੱਥੇ ਤੇ ਕਿਸ ਲਈ ਦਿੱਤੀਆਂ ਜਾ ਰਹੀਆਂ ਹਨ। ਇਨ੍ਹਾਂ ਦੋਨਾਂ ਦੇ ਜੋ ਰੂਟ ਹਨ ਉਹ ਗਿੱਲਫੋਰਡ ਨੂੰ ਸਿਟੀ ਸੈਂਟਰ ਤੇ ਨਿਊਟਨ ਨਾਲ ਜੋੜਦੀਆਂ ਹਨ ਅਰਥਾਤ ਮੁੱਖ ਸੜਕਾਂ ਤੇ ਚੱਲਣਗੀਆਂ। ਜਿਨ੍ਹਾਂ ਉੱਤੇ ਵੱਡੇ-ਵੱਡੇ ਹਾਈ ਰਾਈਜ਼ ਹਨ ਜਾਂ ਬਣ ਰਹੇ ਹਨ ਜਾਂ ਬਣਨਗੇ ਜਾਂ ਵੱਡੀਆਂ-ਵੱਡੀਆਂ ਕਾਰਪੋਰੇਸ਼ਨਾਂ ਦੇ ਸਟੋਰ ਹਨ ਮਤਲਬ ਉੱਥੇ ਜਾਣ ਦੀਆਂ ਸਹੂਲਤਾਂ ਹਨ ਪਰ ਅਸੀਂ ਸਰ੍ਹੀ ਨਿਵਾਸੀਆਂ ਨੇ ਤਾਂ ਹਰ ਰੋਜ਼ ਘਰਾਂ ਤੋਂ ਉਠ ਕੇ ਕੰਮਾਂ ਤੇ ਜਾਣਾ ਹੁੰਦਾ ਹੈ ਜਿੱਥੇ ਸਾਡੇ ਛੋਟੇ ਛੋਟੇ ਸਮਾਲ ਬਿਜ਼ਨਿਸ ਹਨ ਜੋ 120 ਸਟਰੀਟ ਤੋਂ ਲੈ ਕੇ 132 ਦੇ ਦਰਮਿਆਨ ਹਨ। ਉੱਥੇ ਤਾਂ ਫਿਰ ਸਾਨੂੰ ਕਾਰਾਂ ਹੀ ਘੜੀਸਣੀਆਂ ਪੈਂਦੀਆਂ ਹਨ ਮਹਿੰਗਾ ਗੈਸ ਪਾ ਕੇ ਤੇ ਮਹਿੰਗੀ ਇਨਸ਼ੋਰੈਂਸ ਦੇ ਕੇ। ਸਾਡੀ ਸਹੂਲਤ ਤਾਂ ਇਹ ਹੈ ਕਿ ਹੋਰ ਵਾਧੂ ਬੱਸਾਂ ਰਾਹੀਂ ਆਵਾਜਾਈ ਨੂੰ ਮੇਨ ਸੜਕਾਂ ਜੋਗੀ ਨਾ ਰੱਖ ਕੇ ਸਗੋਂ ਲਿੰਕ ਸੜਕਾਂ ਨਾਲ ਜੋੜਿਆ ਜਾਵੇ ਕਿ ਆਮ ਸ਼ਹਿਰੀ ਨੂੰ ਇਸਦੀ ਸਹੂਲਤ ਮਿਲੇ ਜਿਹੜੇ ਆਪਣੀ ਖ਼ੂਨ ਪਸੀਨੇ ਦੀ ਕਮਾਈ ਚੋਂ ਟੈਕਸ ਦਿੰਦੇ ਹਨ। ਲਿੰਕ ਸੜਕਾਂ ਤੇ ਬੱਸ ਰੂਟਾਂ ਵਿੱਚ ਵਾਧਾ ਕੀਤਾ ਜਾਣਾ ਚਾਹੀਦਾ ਹੈ। ਟਰਾਂਸ ਲਿੰਕ ਦਾ ਮਹਿਕਮਾ ਸਾਥੋਂ ਕਾਰਬਨ ਟੈਕਸ, ਟਰਾਂਸਪੋਟੇਸ਼ਨ ਟੈਕਸ ਆਦਿ ਲੈਂਦਾ ਹੈ। ਇਹ ਨੁਮਾਇੰਦੇ ਸਿਟੀ ਤੋਂ ਵੀ ਵਾਧੂ ਤਨਖਾਹਾਂ ਲੈਂਦੇ ਹਨ ਤੇ ਜੇ ਟਰਾਂਸ ਲਿੰਕ ਵਰਗੇ ਬੋਰਡ ਦੇ ਮੈਂਬਰ ਬਣਦੇ ਹਨ, ਉਧਰੋਂ ਵੀ ਦੂਹਰੀਆਂ ਤਨਖਾਹਾਂ ਲੈ ਜਾਂਦੇ ਹਨ। ਕੀ ਇਸ ਬਾਰੇ ਸਾਨੂੰ ਕੁੱਝ ਦੱਸਦੇ ਹਨ ? ਸਾਨੂੰ ਘਰਾਂ ਤੋਂ ਜਾਣ ਲਈ ਕਾਰ ਵਿੱਚ ਜਾਣਾ

ਪੈਂਦਾ ਹੈ ਫਿਰ ਉਸਦੀ ਪਾਰਕ ਦੇ ਪੈਸੇ ਦਿਓ ਤੇ ਫਿਰ ਉੱਤੋਂ ਦੀ ਸਕਾਈ ਟਰੇਨ ਜਾਂ ਬੱਸਾਂ ਦੇ ਕਿਰਾਏ, ਜਿਨ੍ਹਾਂ ਨੂੰ ਘਟਾਉਣ ਦੀ ਨਹੀਂ ਸਗੋਂ ਹਰ ਰੋਜ਼ ਵਾਧੇ ਦੀ ਗੱਲ ਹੁੰਦੀ ਹੈ। ਬੱਸ ਸਰਵਿਸ ਵਧਾ ਕੇ ਤੇ ਕਿਰਾਏ ਘਟਾ ਕੇ ਲੋਕਾਂ ਨੂੰ ਬੱਸਾਂ ਵਿੱਚ ਜਾਣ ਲਈ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਲੋਕ ਕਾਰਾਂ ਦੀ ਥਾਂ ਤੇ ਬੱਸਾਂ ਨੂੰ ਪਹਿਲ ਦੇਣ ਤੇ ਵਾਤਾਵਰਣ ਨੂੰ ਸਾਫ਼ ਸੁਥਰਾ ਰੱਖਿਆ ਜਾ ਸਕੇ।

ਅਗਲੀ ਗੱਲ ਮੈਂ ਹਸਪਤਾਲ ਦੀ ਕਰਨੀ ਚਾਹੁੰਦੀ ਹਾਂ ਜੋ ਸਰ੍ਹੀ ਦੀ ਜਨਸੰਖਿਆ ਵਧਣ ਦੇ ਨਾਲ ਇੱਕ ਹੋਰ ਹਸਪਤਾਲ ਦੀ ਜ਼ਰੂਰਤ ਹੈ। 1973 ਤੋਂ ਬਾਅਦ ਉਸੇ ਹਸਪਤਾਲ ਵਿੱਚ ਥੋੜ੍ਹਾ ਬਹੁਤ ਵਾਧਾ ਤਾਂ ਕੀਤਾ ਗਿਆ ਹੈ ਪਰ ਪਿਛਲੀ ਲਿਬਰਲ ਸਰਕਾਰ ਨੇ ਤਾਂ ਨਵੇਂ ਹਸਪਤਾਲ ਦੀ ਰਾਖਵੀਂ ਜ਼ਮੀਨ ਵੀ ਡਿਵੈਪਲਰਾਂ ਨੂੰ ਵੇਚ ਦਿੱਤੀ, ਬਣਾਉਣਾ ਤਾਂ ਕੀ। ਬੇਸ਼ੱਕ ਇਸ ਵਿੱਚ ਉੱਪਰਲੀਆਂ ਸਰਕਾਰਾਂ ਦਾ ਵੱਡਾ ਰੋਲ ਹੁੰਦਾ ਹੈ ਪਰ ਆਪਣੇ ਸ਼ਹਿਰ ਦੇ ਹਿੱਤ ਵਿੱਚ ਕੰਮ ਕਰਵਾਉਣੇ ਸਾਡੀ ਸਿਟੀ ਕੌਂਸਲ ਦਾ ਕੰਮ ਹੁੰਦਾ ਹੈ। ਸਰ੍ਹੀ ਹਸਪਤਾਲ ਵਿੱਚ ਘੰਟਿਆਂ ਬੱਧੀਂ ਬਿਮਾਰਾਂ ਨੂੰ ਖੱਜਲ ਖੁਆਰ ਹੋਣਾ ਪੈਂਦਾ ਹੈ। ਇੱਥੇ ਸਾਰੀਆਂ ਸਰਜਰੀ ਵਾਲੀਆਂ ਸਹੂਲਤਾਂ ਵੀ ਨਹੀਂ ਹਨ ਇਸ ਕਰਕੇ ਬਹੁਤੇ ਮਰੀਜ਼ਾਂ ਨੂੰ ਰੋਇਲ ਕਲੰਬੀਆ ਜਾਣਾ ਪੈਂਦਾ ਹੈ ਸੋ ਕਈ ਵਾਰੀ ਸੁਣਨ ਵਿੱਚ ਆਇਆ ਹੈ ਕਿ ਹਸਪਤਾਲ ਤੋਂ ਦੂਸਰੇ ਹਸਪਤਾਲ ਤੱਕ ਪਹੁੰਚਣ ਲਈ ਕਈ ਵਾਰ ਮਰੀਜ਼ਾਂ ਦੀਆਂ ਮੌਤਾਂ ਵੀ ਹੋ ਜਾਂਦੀਆਂ ਹਨ। ਜਦਕਿ ਸਰ੍ਹੀ ਵੱਡਾ ਸ਼ਹਿਰ ਹੋਣ ਦੇ ਬਾਵਜੂਦ ਇੱਥੇ ਇਹ ਸਹੂਲਤਾਂ ਕਿਉਂ ਨਹੀਂ ਲਿਆਂਦੀਆਂ ਜਾਂਦੀਆਂ। ਇਹ ਲੋਕਲ ਸਰਕਾਰਾਂ ਦਾ ਕੰਮ ਹੈ ਕਿ ਉਹ ਲੋਕਾਂ ਦੀਆਂ ਅਜਿਹੀਆਂ ਮੰਗਾਂ ਤੇ ਕੰਮ ਕਰਨ। ਹਸਪਤਾਲ ਵਿੱਚ ਜਾਣ ਤੇ ਤਾਂ ਹੋਰ ਵੀ ਵੱਡੀ ਮੁਸੀਬਤ ਦਾ ਸਾਹਮਣਾ ਕਰਨਾ ਪੈਂਦਾ ਹੈ ਕਿ ਲੋਕ ਐਮਰਜੈਂਸੀ ਲਈ ਹੌਸਪੀਟਲ ਜਾਂਦੇ ਹਨ ਪਰ ਅਸੀਂ ਮਰੀਜ਼ ਨੂੰ ਦਾਖਲ ਕਰਾਉਣ ਤੋਂ ਪਹਿਲਾਂ ਪਾਰਕਿੰਗ ਦੇ ਪੈਸੇ ਜਮ੍ਹਾਂ ਕਰਾਉਣ ਲਈ ਪੈਸੇ ਚਾਰਜ਼ ਕਰਨ ਵਾਲੀ ਮਸ਼ੀਨ ਲੱਭਦੇ ਰਹਿੰਦੇ ਹਾਂ।ਉਹ ਵੀ ਸਾਢੇ ਚਾਰ ਡਾਲਰ ਪ੍ਰਤੀ ਘੰਟਾ, ਜੇ ਭੀੜ ਦੀ ਵਜ੍ਹਾ ਜੋ ਕਿ ਪੱਕੀ ਹੈ ਉਸ ਕਰਕੇ ਛੇ ਘੰਟੇ ਲੱਗ ਗਏ ਤਾਂ 27 ਡਾਲਰ ਦੇ ਕੇ ਆਉਂਗੇ। ਅਗਰ ਪਾਰਕ ਦੇ ਪੈਸੇ ਦੇਣ ਵਿੱਚ ਲੇਟ ਹੋ ਗਏ ਤਾਂ ਅਗਲੇ ਉਦੋਂ ਹੀ ਕਾਰ ਟੋਅ ਕਰਵਾ ਦੇਣਗੇ, ਫਿਰ ਪਤਾ ਨਹੀਂ ਕਿੰਨੇ ਦੇ ਕੇ ਛੁੱਟੋਗੇ ਕਿਉਂਕਿ ਸਰਕਾਰਾਂ ਪ੍ਰਾਈਵੇਟ ਕੰਪਨੀਆਂ ਨਾਲ ਇਹ ਕੌਂਟਰੈਕਟ ਕਰਕੇ ਆਪਣੀਆਂ ਜ਼ਿੰਮੇਵਾਰੀਆਂ ਉਹਨਾਂ ਨੂੰ ਸੌਂਪ ਕੇ ਆਪ ਹੌਲ਼ੀਆਂ ਫੁੱਲ ਹੋ ਜਾਂਦੀਆਂ ਹਨ ਤੇ ਉਹ ਸਾਲਾਂ ਬੱਧੀ ਲੋਕਾਂ ਤੋਂ ਪੈਸੇ ਵਟੋਰਦੀਆਂ ਰਹਿੰਦੀਆਂ ਹਨ। ਇੱਥੋਂ ਤੱਕ ਕਿ ਹਸਪਤਾਲ ਦੇ ਮੁਲਾਜ਼ਮਾਂ ਅਰਥਾਤ ਡਾਕਟਰ, ਨਰਸਾਂ ਜਾਂ ਹੋਰ ਕੰਮ ਕਰਨ ਵਾਲਿਆਂ ਨੂੰ ਵੀ ਕਾਰ ਪਾਰਕਿੰਗ ਦੇ ਪੈਸੇ ਦੇਣੇ ਪੈਂਦੇ ਹਨ।

ਕੁੱਝ ਕੁ ਹੋਰ ਨਿੱਕੀਆਂ ਮੋਟੀਆਂ ਗੱਲਾਂ ਵੱਲ ਜੋ ਅਸੀਂ ਰੋਜ਼ਾਨਾ ਦੇਖ ਰਹੇ ਹਾਂ ਉਨ੍ਹਾਂ ਗੱਲਾਂ ਬਾਰੇ ਵੀ ਧਿਆਨ ਦਿਵਾਉਣਾ ਚਾਹੁੰਦੀ ਹਾਂ। ਸਿਟੀ ਹਰ ਸਾਲ ਸੜਕਾਂ ਤੇ ਕੰਮ ਕਰਦੀ ਹੈ ਪਰ ਕੁੱਝ ਸੜਕਾਂ ਹਰ ਸਾਲ ਉਵੇਂ ਹੀ ਰਹਿੰਦੀਆਂ ਹਨ, ਉਹਨਾਂ ਦੀ ਮੁਰੰਮਤ ਹੀ ਨਹੀਂ ਕੀਤੀ ਜਾਂਦੀ ਜਾਂ ਕਈਆਂ ਦੀ ਕੀਤੀ ਜਾਂਦੀ ਹੈ ਤਾਂ ਇਸ ਸਾਲ ਸੜਕ ਦੇ ਵਿਚਾਲੇ ਫੁੱਲਾਂ ਲਈ ਜਗ੍ਹਾ ਰੱਖ ਲਈ ਜਾਂਦੀ ਹੈ ਤੇ ਅਗਲੇ ਕੁੱਝ ਸਾਲ ਤੱਕ ਉਹ ਚੱਕ ਦਿੱਤੀ ਜਾਂਦੀ। ਪਹਿਲਾਂ ਬਣਾਉਣ ਤੇ ਦੂਜੀ ਵਾਰ ਚੱਕਣ ਦਾ ਖਰਚਾ ਟੈਕਸ ਪੇਅਰਾਂ ਤੇ ਪੈਂਦਾ ਰਹਿੰਦਾ ਹੈ, ਕਿਉਂ ਨਹੀਂ ਦੂਰ ਦ੍ਰਿਸ਼ਟੀ ਨੂੰ ਮੁੱਖ ਰੱਖ ਕੇ ਕੰਮ ਕੀਤਾ ਜਾਂਦਾ। ਕਈ ਪਾਰਕਾਂ ਵਿੱਚ ਵੀ ਬਜ਼ੁਰਗਾਂ ਲਈ ਬੈਠਣ ਲਈ ਕੋਈ ਥਾਂਵਾਂ ਵੀ ਨਹੀਂ ਤੇ ਕਈਆਂ ਵਿੱਚ ਬਾਥਰੂਮਾਂ ਦੀ ਵੀ ਘਾਟ ਹੈ।ਸਰ੍ਹੀ ਦੀ ਕੁੱਲ ਜਨਸੰਖਿਆ ਦਾ ਤੀਜਾ ਹਿੱਸਾ 19 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਹੈ। ਦੇਖਣ ਵਿੱਚ ਆ ਰਿਹਾ ਹੈ ਕਿ ਬਹੁਤ ਸਾਰੇ ਬੱਚੇ ਸੌਕਰ, ਵਾਲੀਵਾਲ, ਕੁਸ਼ਤੀਆਂ, ਬਾਸਕਿਟਵਾਲ, ਭਾਰ ਚੁੱਕਣਾ ਜਾਂ ਹੋਰ ਖੇਡਾਂ ਖੇਡਦੇ ਹਨ, ਉਹਨਾਂ ਦੀ ਵੱਧ ਤੋਂ ਵੱਧ ਮੱਦਦ ਕਰਨੀ ਚਾਹੀਦੀ ਹੈ ਜਿਵੇਂ ਜਿੰਮ ਜਾਂ ਖੇਡ ਮੈਦਾਨ ਬਿਨ੍ਹਾਂ ਕਿਸੇ ਕਿਰਾਏ ਦੇ ਮੁਹੱਈਆ ਕਰਾਉਣੇ ਚਾਹੀਦੇ ਹਨ। ਉਹਨਾਂ ਨੂੰ ਕਮਿਊਨਿਟੀ ਦੇ ਹੀਰੋ ਬਣਾ ਕੇ ਪੇਸ਼ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਹੋਰ ਬੱਚੇ ਉਹਨਾਂ ਨੂੰ ਆਪਣਾ ਰੋਲ ਮਾਡਲ ਸਮਝ ਕੇ, ਉਹਨਾਂ ਦੇ ਕਦਮ ਚਿੰਨਾਂ ਤੇ ਚੱਲਣ ਅਤੇ ਇਸ ਸਮਾਜ ਨੂੰ ਵਧੀਆ ਬਣਾਉਣ ਦੀਆਂ ਰੁਚੀਆਂ ਪੈਦਾ ਹੋਣ ਅਤੇ ਡਰੱਗ ਵਰਗੀਆਂ ਅਲਾਮਤਾਂ ਤੋਂ ਦੂਰ ਰਹਿਣ।

ਇਨ੍ਹਾਂ ਕੁੱਝ ਕੁ ਮੁੱਦਿਆਂ ਬਾਰੇ ਸਾਨੂੰ ਸੁਚੇਤ ਹੋਣ ਦੀ ਲੋੜ ਹੈ ਕਿ ਜਦੋਂ ਉਮੀਦਵਾਰ ਸਾਥੋਂ ਵੋਟ ਮੰਗਣ ਆਉਣ ਤਾਂ ਅਸੀਂ ਇਹ ਜ਼ਰੂਰ ਪੁੱਛੀਏ ਕਿ ਇਸ ਵਾਰ ਉਹਨਾਂ ਦੇ ਕੀ ਅਜੰਡੇ ਹਨ।ਜਾਂ ਪਿਛਲੇ ਸਾਲਾਂ ਵਾਗੂੰ ਇਹਨਾਂ ਤੇ ਕੋਈ ਕੰਮ ਕਰਨਗੇ ਜਾਂ ਨਹੀਂ। ਇਹ ਚੋਣਾਂ ਦਾ ਮਹੱਤਵ ਆਮ ਲੋਕਾਂ ਲਈ ਬਹੁਤ ਹੁੰਦਾ ਹੈ ਕਿਉਂਕਿ ਇਹ ਨੁਮਾਇੰਦੇ ਸਾਡੀ ਗਲ਼ੀ ਗੁਆਂਢ ਵਿੱਚੋਂ ਉੱਠ ਕੇ ਹੀ ਸਾਡੇ ਲੀਡਰ ਬਣਦੇ ਹਨ। ਅਸਲ ਗੱਲ ਤਾਂ ਇਹ ਹੈ ਕਿ ਜਦੋਂ ਲੋਕਾਂ ਦਾ ਆਰਥਿਕਤਾ ਵਲੋਂ ਮਿਆਰ ਡਿੱਗ ਰਿਹਾ ਹੋਵੇ ਫਿਰ ਸਰਕਾਰਾਂ ਨੂੰ ਅਜਿਹੇ ਵਸੀਲੇ ਪੈਦਾ ਕਰਨੇ ਚਾਹੀਦੇ ਹਨ ਕਿ ਲੋਕਾਂ ਨੂੰ ਮੁਢਲੀਆਂ ਲੋੜਾਂ ਲਈ ਵੀ ਤਰਸਣਾ ਨਾ ਪਵੇ। ਅਸੀਂ ਲੋਕ ਆਪਣੀ ਕਿਰਤ ਕਮਾਈ ਦੇ ਵਿੱਚੋਂ ਸਰਕਾਰਾਂ ਨੂੰ ਐਨੇ ਟੈਕਸ ਦਿੰਦੇ ਹਾਂ, ਇਸ ਲਈ ਸਾਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣਾ ਚਾਹੀਦਾ ਹੈ। ਇਨ੍ਹਾਂ ਦੇ ਸਨਮੁੱਖ ਹੋ ਕੇ ਸਵਾਲ ਵੀ ਉਠਾਉਣੇ ਚਾਹੀਦੇ ਹਨ ਤਾਂ ਕਿ ਇਨ੍ਹਾਂ ਨੂੰ ਪਤਾ ਲੱਗੇ ਕਿ ਲੋਕ ਹੁਣ ਜਾਗ ਪਏ ਹਨ।

# 21ਵੀਂ ਸਦੀ ਦਾ ਇਜ਼ਰਾਇਲੀ ਧਾੜਵੀਆਂ ਵਲੋਂ ਫ਼ਲਸਤੀਨ ਵਿੱਚ ਨਸਲਕੁਸ਼ੀ ਦਾ ਸਭ ਤੋਂ ਵੱਡਾ ਮੰਜ਼ਰ

21ਵੀਂ ਸਦੀ ਦਾ ਚੌਥਾ ਹਿੱਸਾ ਖ਼ਤਮ ਹੋਣ ਜਾ ਰਿਹਾ ਹੈ। ਮਨੁੱਖ ਨੇ ਸਾਇੰਸ ਦੀ ਤਰੱਕੀ ਐਨੀ ਕਰ ਲਈ ਹੈ ਕਿ ਇਹ ਜਾਣਿਆ ਜਾ ਸਕਦਾ ਹੈ ਕਿ ਇਸ ਵੇਲੇ ਕੌਣ ਕੀ ਕਰ ਰਿਹਾ ਹੈ ? ਫਲਸਤੀਨ ਦੀ ਨਸਲਕੁਸ਼ੀ ਤਕਰੀਬਨ 11 ਮਹੀਨਿਆਂ ਤੋਂ ਲਗਾਤਾਰ ਜੋਰਾਂ ‘ਤੇ ਜਾਰੀ ਹੈ ਪਰ ਦੁਨੀਆਂ ਚੁੱਪ ਹੈ। ਇਹ ਸਾਰਾ ਮੰਜ਼ਰ ਸਭ ਨੂੰ ਦਿਸ ਤਾਂ ਰਿਹਾ ਹੈ ਪਰ ਵੱਡੀਆਂ ਤਾਕਤਾਂ ਦੀ ਸ਼ਹਿ ‘ਤੇ ਇਜ਼ਰਾਈਲ ਨਾਲ਼ ਲੱਗ ਭਗ 76 ਸਾਲਾਂ ਤੋਂ ਕੋਈ ਵੀ ਮੱਥਾ ਨਹੀਂ ਲਾ ਰਿਹਾ। ਸੰਯੁਕਤ ਰਾਸ਼ਟਰ ਵਲੋਂ ਜਦੋਂ ਜੰਗ ਬੰਦੀ ਦਾ ਮੁੱਦਾ ਉਠਾਇਆ ਗਿਆ ਤਾਂ ਕੁੱਲ ਦੇਸ਼ਾਂ ਵਿੱਚੋਂ 124 ਦੇਸ਼ਾਂ ਨੇ ਜੰਗ ਬੰਦੀ ਦੇ ਹੱਕ ਵਿੱਚ ਵੋਟ ਪਾਈ ਸੀ, 14 ਦੇਸ਼ ਇਸ ਜੰਗ ਨੂੰ ਬਰਕਰਾਰ ਰੱਖਣਾ ਚਾਹੁੰਦੇ ਸਨ, 43 ਦੇਸ਼ਾਂ ਨੇ ਵੋਟ ਹੀ ਨਹੀਂ ਪਾਈ। ਜਿਨ੍ਹਾਂ ਨੇ ਵੋਟ ਜੰਗਬੰਦੀ ਦੇ ਖ਼ਿਲਾਫ ਪਾਈ ਉਹਨਾਂ ਦਾ ਤਾਂ ਸਪੱਸ਼ਟ ਫੈਸਲਾ ਸੀ ਉਹ ਇਹ ਦੇਸ਼ ਕੈਨੇਡਾ, ਅਮਰੀਕਾ, ਬ੍ਰਿਟਿਸ਼ ਆਦਿ ਵਰਗੇ ਜੋ ਆਪਣੇ ਆਪ ਨੂੰ ਮਨੁੱਖਤਾ ਦੇ ਮੁਦੱਈ ਤੇ ਦੁਨੀਆਂ ਦੇ ਰਾਖੇ ਸਮਝਦੇ ਹਨ, ਪਰ ਫਲਸਤੀਨ ਦਾ ਖੁਰਾ ਖੋਜ਼ ਮਿਟਾਉਣ ਦੇ ਪੱਖ ਵਿੱਚ ਹਨ। ਜਿਨ੍ਹਾਂ ਨੇ ਵੋਟ ਨਹੀਂ ਪਾਈ ਉਹਨਾਂ ਦਾ ਪੱਖ ਵੀ ਜੰਗ ਨੂੰ ਚਲਦੀ ਰੱਖਣ ਵਿੱਚ ਹੀ ਭੁਗਤ ਗਿਆ। ਜਿਸ ਦਾ ਸਿੱਟਾ ਨਸਲਕੁਸ਼ੀ ਜਾਰੀ ਹੈ, ਦੁਨੀਆਂ ਵਿੱਚ ਬਦਅਮਨੀ ਫੈਲ ਰਹੀ ਹੈ। ਮਨੁੱਖੀ ਕਦਰਾਂ ਕੀਮਤਾਂ ਦਾ ਘਾਣ ਹੋ ਰਿਹਾ ਹੈ। ਲੱਗਦਾ ਇਉਂ ਹੈ ਕਿ ਅਮਰੀਕਾ ਤੇ ਪੱਛਮੀ ਤਾਕਤਾਂ ਦੀ ਮੱਦਦ ਤੇ ਸ਼ਹਿ ਨਾਲ ਕੋਈ ਵੀ ਆਪਣੀ ਤਾਕਤ ਦੇ ਜੋਰ ‘ਤੇ ਕਿਸੇ ਨਾਲ਼ ਵੀ ਧੱਕਾ ਕਰ ਸਕਦਾ ਹੈ, ਮਨੁੱਖਤਾ ਦੇ ਹੱਕਾਂ ਦਾ ਸੰਕਲਪ ਖ਼ਤਮ ਹੋ ਚੁੱਕਿਆ ਹੈ। ਉਹ ਲੋਕ ਜੋ ਸਦੀਆਂ ਤੋਂ ਉਸ ਧਰਤੀ ‘ਤੇ ਰਹਿ ਰਹੇ ਹਨ, ਉਹਨਾਂ ਨੂੰ ਘਰੋਂ ਬੇਘਰ ਕੀਤਾ ਜਾ ਰਿਹਾ ਹੈ। ਹਥਿਆਰਾਂ ਦੀ ਇਸ ਤਰੱਕੀ ਨੇ ਫਲਸਤੀਨੀ ਲੋਕਾਂ ਦੇ ਜਾਨ ਮਾਲ ਦਾ ਮਲੀਆਮੇਟ ਕਰ ਦਿੱਤਾ ਹੈ। ਜਦੋਂ ਅਸੀਂ ਫਲਸਤੀਨ ਦੀ ਗੱਲ ਕਰਦੇ ਹਾਂ ਤਾਂ ਇਸ ਦੇ ਇਤਿਹਾਸ ਬਾਰੇ ਨਜ਼ਰ ਮਾਰਨੀ ਜ਼ਰੂਰੀ ਹੈ।

ਬਹੁਤੀ ਦੂਰ ਨਾ ਜਾਈਏ 1947 ਵਿੱਚ ਫਲਸਤੀਨ ਦੀ ਅਬਾਦੀ 657,000 ਮੁਸਲਿਮ ਅਰਬ, 81,000 ਕ੍ਰਿਸਚੀਅਨ ਅਰਬ ਤੇ 59,000 ਯਹੂਦੀ ਉੱਥੇ ਰਹਿੰਦੇ ਸਨ। ਕ੍ਰਿਸਚੀਅਨਾਂ ਵਲੋਂ ਯਹੂਦੀ ਲੋਕਾਂ ‘ਤੇ ਪਹਿਲਾਂ ਬਹੁਤ ਤਸ਼ੱਦਦ ਕੀਤਾ ਗਿਆ

ਸੀ। ਸੰਸਾਰ ਦੀ ਪਹਿਲੀ ਜੰਗ ਸਮੇਂ ਬਰਤਾਨੀਆ ਨੇ ਯਹੂਦੀਆਂ ਦੀ ਮੱਦਦ ਲੈਣ ਲਈ ਇਹ ਵਾਇਦਾ ਕਰ ਲਿਆ ਕਿ ਤੁਹਾਨੂੰ ਤੁਹਾਡਾ ਅਜ਼ਾਦ ਦੇਸ਼ ਦਿੱਤਾ ਜਾਵੇਗਾ। ਫਲਸਤੀਨ 'ਤੇ ਵੀ ਭਾਰਤ ਵਾਂਗ ਬਰਤਾਨੀਆ ਦਾ ਰਾਜ ਸੀ। ਜਿਵੇਂ ਭਾਰਤ ਵਿੱਚ ਹਿੰਦੂ, ਮੁਸਲਿਮ, ਸਿੱਖ ਰਹਿੰਦੇ ਸਨ। ਉੱਥੇ ਵੀ ਮੁਸਲਿਮ, ਕ੍ਰਿਸਚੀਅਨ ਤੇ ਯਹੂਦੀ ਰਹਿੰਦੇ ਸਨ। ਜਿਵੇਂ ਭਾਰਤ ਦੇ ਦੋ ਟੋਟੇ ਕਰਕੇ ਪਾਕਿਸਤਾਨ ਬਣਾਇਆ ਸੀ, ਉਵੇਂ ਫਲਸਤੀਨ ਦੇ ਟੋਟੇ ਕਰਕੇ ਇਜ਼ਰਾਈਲ ਬਣਾਉਣਾ ਚਾਹੁੰਦੇ ਸਨ ਪਰ ਇਹ ਉਹਨਾਂ ਤੋਂ ਕਿਸੇ ਕਾਰਣਾਂ ਕਰਕੇ ਹੋ ਨਾ ਸਕਿਆ। ਅਕਤੂਬਰ 24, 1945 ਨੂੰ ਹੋਂਦ ਵਿੱਚ ਆਈ 'ਸੰਯੁਕਤ ਰਾਸ਼ਟਰ ' ਨਾਂ ਦੀ ਸੰਸਥਾ ਜੋ 17 ਦੇਸ਼ਾਂ ਨੇ ਰਲ਼ ਕੇ ਬਣਾਈ ਸੀ। ਉਸ ਨੂੰ ਇਹ ਜ਼ਿੰਮੇਵਾਰੀ ਦਿੱਤੀ ਗਈ, ਇਹਨਾਂ ਦਾ ਫੈਸਲਾ ਕਰਵਾਉਣ ਦੀ, ਉਹਨਾਂ ਦੇ ਫੈਸਲੇ ਵਜੋਂ 1948 ਵਿੱਚ ਉਹ ਏਰੀਆ ਜਿੱਥੇ ਯਹੂਦੀ ਰਹਿੰਦੇ ਸਨ ਤੇ ਇਸ ਤੋਂ ਇਲਾਵਾ ਜਿੱਥੇ ਰੇਗਿਸਤਾਨ ਦਾ ਏਰੀਆ ਸੀ ਉਹ ਇਜ਼ਰਾਈਲ ਨੂੰ ਦੇ ਕੇ ਵੱਖਰਾ ਦੇਸ਼ ਬਣਾ ਦਿੱਤਾ।

ਯਾਦ ਰਹੇ 1890 ਤੋਂ ਵਰਲਡ ਜਾਇਨਨਿਸ਼ਟ ਔਰਗੇਨਾਈਜੇਸ਼ਨ ਆਪਣਾ ਅਜ਼ਾਦ ਦੇਸ਼ ਮੰਗ ਰਹੀ ਸੀ। ਉਹ ਵੀ ਯੂਰੋਸਲਮ ਵਿੱਚ ਜਿੱਥੇ ਉਹ ਆਪਣੀਆਂ ਧਾਰਮਿਕ ਜੜ੍ਹਾਂ ਨੂੰ ਮੰਨਦੇ ਸਨ। ਬਹੁਤੇ ਮੁਸਲਿਮ ਦੇਸ਼ ਕਹਿੰਦੇ ਸਨ ਕਿ ਉਹਨਾਂ ਨੇ ਯਹੂਦੀਆਂ ਨਾਲ਼ ਕੋਈ ਬੁਰਾ ਨਹੀਂ ਕੀਤਾ। ਸਗੋਂ ਬਰਤਾਨੀਆ ਤੇ ਅਮਰੀਕਾ ਜੋ ਯਹੂਦੀਆਂ ਨਾਲ਼ ਬੁਰਾ ਕਰ ਕੇ ਸ਼ਰਮਿੰਦਗੀ ਦਾ ਜੋ ਦਾਗ ਧੋਣਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਆਪਣੇ ਖਿੱਤੇ ਵਿੱਚ ਜਗ੍ਹਾ ਦੇਣੀ ਚਾਹੀਦੀ ਹੈ। ਸੰਯੁਕਤ ਰਾਸ਼ਟਰ ਨੇ ਵੀ ਅਰਬ ਦੇਸ਼ਾਂ ਦੇ ਐਨ ਵਿਚਕਾਰ ਫ਼ਲਸਤੀਨ ਦੇ ਦੋ ਟੋਟੇ ਕਰ ਕੇ ਇਜ਼ਰਾਈਲ ਵਿਚਾਲੇ ਸਥਾਪਤ ਕਰ ਦਿੱਤਾ। ਦੂਜੇ ਪਾਸੇ ਯਹੂਦੀ ਜੋ ਆਲ਼ੇ ਦੁਆਲ਼ੇ ਦੇਸ਼ਾਂ ਪ੍ਰਦੇਸ਼ਾਂ ਵਿੱਚ ਖਿੰਡੇ ਖੱਪਰੇ ਸਨ, ਨੇ ਇਸ ਇਲਾਕੇ ਨੂੰ ਖਾਲੀ ਦੇਖ ਕੇ ਜ਼ਮੀਨ ਖ੍ਰੀਦ-ਖ੍ਰੀਦ ਕੇ ਇੱਥੇ ਡੇਰੇ ਲਾਉਣੇ ਸ਼ੁਰੂ ਕਰ ਦਿੱਤੇ ਤਾਂ ਕਿ ਉਹਨਾਂ ਦੀ ਜਨਸੰਖਿਆ ਵੱਧ ਹੋ ਜਾਵੇ। ਉਹਨਾਂ ਨੇ ਕਮਿਊਨਿਜ਼ਮ ਦੀ ਤਰਜ਼ ਤੇ ਉੱਥੇ ਸਹਿਕਾਰੀ ਖੇਤੀ ਵੀ ਸ਼ੁਰੂ ਕਰ ਦਿੱਤੀ। ਆਖਰ ਤਕੜੇ ਦਾ ਸੱਤੀਂ ਵੀਹੀਂ ਸੌ ਹੋ ਨਿਬੜਿਆ ਕਿ ਫਲਸਤੀਨ ਦੇ ਦੋ ਟੋਟੇ ਕਰ ਕੇ ਗਾਜ਼ਾ ਪੱਟੀ ਤੇ ਵੈਸਟ ਬੈਂਕ ਦੇ ਵਿਚਾਲੇ ਤੇ ਆਲ਼ੇ ਦੁਆਲ਼ੇ ਇਜ਼ਰਾਈਲ ਖੜ੍ਹਾ ਕਰ ਦਿੱਤਾ ਗਿਆ। 76 ਸਾਲਾਂ ਦੇ ਜੀਵਨ ਕਾਲ ਵਿੱਚ ਫਲਸਤੀਨ ਲੋਕਾਂ ਦੀ ਨਸਲਕੁਸ਼ੀ ਲਈ ਅਨੇਕਾਂ ਹੀ ਜੰਗਾਂ ਵਿੱਚ ਕੁਚਲਣ ਦੀ ਕੋਸ਼ਿਸ਼ ਕੀਤੀ ਗਈ। ਇਜ਼ਰਾਈਲ ਸਮੇਂ ਸਮੇਂ 'ਤੇ ਫਲਸਤੀਨ ਦੀ ਹੱਦ ਦੇ ਅੰਦਰ ਜਾਂਦਾ ਰਿਹਾ ਤੇ ਉਸ ਨੂੰ ਬਹੁਤ ਥੋੜ੍ਹੇ ਥਾਂ ਵਿੱਚ ਇਕੱਠਾ ਕਰ ਦਿੱਤਾ ਸੀ। ਇਸ ਸਮੇਂ ਦੇ ਦੌਰਾਨ ਇਜ਼ਰਾਈਲੀ ਕਿਸੇ ਵੀ ਦੇਸ਼ ਵਿੱਚੋਂ ਉੱਠ ਕੇ ਜਾ ਕੇ ਕਿਸੇ ਵੀ ਫਲਸਤੀਨੀ ਦੇ ਘਰ 'ਤੇ ਕਬਜ਼ਾ ਕਰ ਸਕਦੇ ਸਨ ਤੇ ਉਹ ਨੂੰ ਘਰੋਂ ਕੱਢ ਸਕਦੇ

ਸਨ, ਬੇਘਰ ਕਰ ਸਕਦੇ ਸਨ। ਹੁਣ ਉਥੋਂ ਦੇ ਨਿਰਦੋਸ਼ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਕੇ ਜਿੱਤ ਜਿੱਤਣੀ ਚਾਹੁੰਦਾ ਹੈ।

7 ਅਕਤੂਬਰ, 2023 ਦੇ ਹਮਾਸ ਦੇ ਹਮਲੇ ਨੂੰ ਪੱਜ ਬਣਾ ਕੇ ਜੋ ਅੱਜ ਇਜ਼ਰਾਈਲ ਉੱਥੇ ਕੀ ਕਰ ਰਿਹਾ ਹੈ, ਉਹ ਬਿਲਕੁੱਲ ਅਮਰੀਕਾ ਦੀ ਤਰਜ਼ 'ਤੇ ਜਿਵੇਂ ਅਮਰੀਕਾ ਨੇ ਇਰਾਕ ਜਾਂ ਆਫਗਾਨਿਸਤਾਨ ਤੇ ਹਮਲਾ ਕੀਤਾ ਸੀ। ਉੱਥੇ ਯੂਰੋ-ਮੈਂਡ ਹਿਊਮਨ ਰਾਈਟਸ ਮੋਨੀਟਰ ਸੰਸਥਾ ਨੇ 7 ਅਕਤੂਬਰ ਤੋਂ 21 ਅਗਸਤ ਦੇ ਅੰਕੜੇ ਦੱਸੇ ਹਨ ਕਿ ਇਹਨਾਂ 320 ਦਿਨਾਂ ਵਿੱਚ ਉੱਥੇ ਕੀ ਵਾਪਰਿਆ ਹੈ ਤੇ ਕਿੰਨਾ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ। ਇਸ ਨਸਲਕੁਸ਼ੀ ਵਿੱਚ ਨਵਜੰਮਿਆ ਤੋਂ ਲੈ ਕੇ 16,008 ਬੱਚੇ, 10,351 ਔਰਤਾਂ ਅਤੇ ਲਗਭਗ 43,592 ਨਾਗਰਿਕ ਹੁਣ ਤੱਕ ਮਾਰੇ ਜਾ ਚੁੱਕੇ ਹਨ। 92,320 ਵਿਅਕਤੀ ਜ਼ਖ਼ਮੀ ਹੋ ਚੁੱਕੇ ਹਨ। ਇਸ ਤੋਂ ਇਲਾਵਾ ਅਨੇਕਾਂ ਹੀ ਗੁੰਮ ਹਨ, ਮਲਬਿਆਂ ਥੱਲੇ ਦੱਬੇ ਪਏ ਹਨ, ਉਡੀਕ ਕਰ ਰਹੇ ਹਨ ਕਿ ਕੋਈ ਕੱਢੇਗਾ ਤੇ ਉਹਨਾਂ ਦਾ ਇਲਾਜ ਕਰਵਾਏਗਾ। ਜਿਹੜੇ ਪੱਤਰਕਾਰ ਉੱਥੋਂ ਦੀਆਂ ਖ਼ਬਰਾਂ ਬਾਹਰ ਬੈਠੇ ਲੋਕਾਂ ਨੂੰ ਦੱਸ ਰਹੇ ਸਨ, 171 ਨੂੰ ਆਪਣੀ ਜ਼ਿੰਦਗੀ ਤੋਂ ਹੱਥ ਧੋਣੇ ਪਏ ਹਨ। ਪੱਤਰਕਾਰੀ ਦਾ ਕਿੱਤਾ ਕਹਿੰਦਾ ਹੈ ਕਿ ਤੁਸੀਂ ਸੱਚੀ ਖ਼ਬਰ ਨਸ਼ਰ ਕਰਨੀ ਹੈ, ਅਗਰ ਉਹ ਆਪਣੇ ਆਪ ਨੂੰ ਮੁਸ਼ਕਲ ਵਿੱਚ ਪਾ ਕੇ ਦੁਨੀਆਂ ਦੇ ਲੋਕਾਂ ਨੂੰ ਸੱਚਾਈ ਦੇ ਰੂਬਰੂ ਕਰਨਾ ਚਾਹੁੰਦੇ ਹਨ, ਉਹਨਾਂ ਨੂੰ ਮੌਤ ਦੇ ਘਾਟ ਉਤਾਰਿਆ ਜਾ ਰਿਹਾ ਹੈ। 182 ਮੀਡੀਆ ਪ੍ਰੈੱਸ ਦੇ ਮੁੱਖ ਦਫ਼ਤਰ ਤਬਾਹ ਜਾਂ ਨੁਕਸਾਨੇ ਗਏ ਹਨ।

ਉਹ ਲੋਕ ਜਿਨ੍ਹਾਂ ਨੂੰ ਆਪਣੇ ਘਰ ਛੱਡ ਕੇ ਬੇਘਰ ਹੋਣਾ ਪਿਆ, ਉਹਨਾਂ ਦੀ ਗਿਣਤੀ 1,950,000 ਹੈ। ਉਹ ਘਰ ਜੋ ਬਿਲਕੁੱਲ ਖ਼ਤਮ ਹੋ ਚੁੱਕੇ ਹਨ, ਉਹਨਾਂ ਦੀ ਗਿਣਤੀ 171,500 ਹੈ। ਜਿਹੜੇ ਥੋੜ੍ਹੇ ਘੱਟ ਨੁਕਸਾਨੇ ਹਨ, ਉਹਨਾਂ ਦੀ ਗਿਣਤੀ 345,000 ਹੈ। ਢਹੇ ਘਰਾਂ ਵਿੱਚੋਂ ਨਿਕਲ ਕੇ ਜੋ ਲੋਕ ਸ਼ੈਲਟਰਾਂ ਵਿੱਚ ਗਏ ਹਨ, ਉਹਨਾਂ ਦੀਆਂ ਹਾਲਤਾਂ ਹੋਰ ਵੀ ਤਰਸਯੋਗ ਬਣੀਆਂ ਹੋਈਆਂ ਹਨ। ਜਿਸ ਸ਼ੈਲਟਰ ਵਿੱਚ 2000 ਲੋਕਾਂ ਦੇ ਰਹਿਣ ਦੀ ਥਾਂ ਹੈ ਉੱਥੇ ਅੱਜ 20,000 ਲੋਕ ਰਹਿ ਰਹੇ ਹਨ ਅਤੇ 650 ਵਿਅਕਤੀ ਇੱਕ ਲੈਟਰੀਨ ਵਰਤ ਰਹੇ ਹਨ। 489 ਸਕੂਲ ਤਬਾਹ ਹੋ ਚੁੱਕੇ ਹਨ ਜਿੱਥੇ ਬੱਚਿਆਂ ਨੇ ਆਪਣਾ ਭਵਿੱਖ ਬਣਾਉਣਾ ਹੁੰਦਾ ਹੈ। 2820 ਸੁਵਿਧਾ ਕਾਰਖ਼ਾਨੇ ਜਿਨ੍ਹਾਂ ਵਿੱਚ ਲੋਕਾਂ ਨੂੰ ਸੁਵਿਧਾਵਾਂ ਪ੍ਰਾਪਤ ਹੁੰਦੀਆਂ ਸਨ, ਤਬਾਹ ਕਰ ਦਿੱਤੇ ਗਏ ਹਨ।

ਇਜ਼ਰਾਈਲ ਦੇ ਹਾਕਮ ਜਿਨ੍ਹਾਂ ਨੇ ਯੂਰੋਸਲਮ ਦੀ ਧਰਤੀ 'ਤੇ ਆਪਣਾ ਦੇਸ਼ ਬਣਾਇਆ ਹੈ, ਉਹ ਸਮਝਦੇ ਹਨ ਕਿ ਉਹਨਾਂ ਦੇ ਪੈਗੰਬਰ ਨੇ ਉੱਥੇ ਜਨਮ ਲਿਆ ਹੈ। ਉਹ ਧਰਮੀ ਲੋਕ ਹਨ ਜਿਨ੍ਹਾਂ ਨੂੰ ਉਹਨਾਂ ਦਾ ਹੱਕ ਮਿਲਣਾ ਚਾਹੀਦਾ

ਹੈ। ਸਾਰੇ ਧਰਮਾਂ ਦੇ ਕਹਿਣ ਮੁਤਾਬਕ ਉਹ ਸਭ ਨੂੰ ਬਰਾਬਰ ਸਮਝਦੇ ਹਨ ਪਰ ਇਸ ਨਸਲਕੁਸ਼ੀ ਵਿੱਚ 3 ਚਰਚ ਤੇ 760 ਮਸਜਿਦਾਂ ਮਿੱਟੀ ਦੇ ਢੇਰ ਬਣਾ ਦਿੱਤੀਆਂ ਗਈਆਂ ਹਨ। ਮਨੁੱਖ ਵਲੋਂ ਆਪਣੇ ਲਾਲਚ ਲਈ ਕੀਤੀ ਗਈ ਇਹ ਤਬਾਹੀ ਰੱਬ 'ਤੇ ਵੀ ਸਵਾਲ ਖੜ੍ਹਾ ਕਰਦੀ ਹੈ ਕਿ ਜੇ ਜ਼ਾਲਮ ਲੋਕਾਂ ਵਲੋਂ ਰੱਬ ਦੇ ਟਿਕਾਣੇ ਮਹਿਫੂਜ ਨਹੀਂ ਹਨ ਤਾਂ ਰੱਬ ਜਿਸ ਤੋਂ ਲੋਕ ਡਰਦੇ ਹਨ ਤੇ ਦਿਨ ਰਾਤ ਪੂਜਾ ਕਰ ਦੇ ਹਨ, ਉਹ ਆਪਣੇ ਆਪ ਵਿੱਚ ਕੁੱਝ ਵੀ ਨਹੀਂ ਹੈ। ਦੂਜੇ ਪਾਸੇ ਲੋਕਾਂ ਦੀਆਂ ਜ਼ਿੰਦਗੀਆਂ ਬਚਾਉਣ ਵਾਲੇ ਪ੍ਰੋਫੈਸ਼ਨਲ ਸਿਹਤ ਕਾਮੇ (ਡਾਕਟਰ, ਨਰਸਾਂ ਆਦਿ) 1235 ਨੂੰ ਜਾਨੋਂ ਮਾਰ ਦਿੱਤਾ ਗਿਆ ਹੈ। 393 ਸਿਹਤ ਸੁਵਿਧਾ ਕੇਂਦਰ, 32 ਹਸਪਤਾਲ, 115 ਕਲੀਨਿਕ ਤੇ 246 ਐਂਬੂਲੈਂਸਾਂ ਅੱਗ ਦੀ ਭੇਟ ਚੜ੍ਹਾ ਦਿੱਤੀਆਂ ਗਈਆਂ ਹਨ। ਸਦੀਆਂ ਤੋਂ ਬਣੀਆਂ 203 ਵਿਰਾਸਤੀ ਥਾਂਵਾਂ ਜਿਨ੍ਹਾਂ ਨੂੰ ਦੇਖ ਕੇ ਆਉਣ ਵਾਲੀਆਂ ਜਨਰੇਸ਼ਨਾਂ ਨੇ ਇਤਿਹਾਸ ਬਾਰੇ ਜਾਨਣਾ ਸੀ, ਨੂੰ ਖ਼ਤਮ ਕਰ ਦਿੱਤਾ ਗਿਆ। ਸਿਵਲ ਡਿਫੈਂਸ ਕਾਮਿਆਂ ਵਿੱਚੋਂ 76 ਨੂੰ ਮਾਰ ਦਿੱਤਾ ਗਿਆ ਤੇ 225 ਜਖ਼ਮੀ ਹੋਏ ਹਨ। 3550 ਜੇਲ੍ਹਾਂ ਵਿੱਚ ਨਜ਼ਰਬੰਦ ਵਿਅਕਤੀ ਧੱਕੇ ਨਾਲ ਬਾਹਰ ਕੱਢ ਕੇ ਗਾਇਬ ਕਰ ਦਿੱਤੇ ਗਏ ਹਨ। ਇਹ ਸਾਰੀ ਰਿਪੋਰਟ ਯੂਰੋ ਮੈਂਡ ਹਿਊਮਨ ਰਾਈਟਸ ਵਲੋਂ ਦਿੱਤੀ ਗਈ ਹੈ। ਇਸ ਸਦੀ ਦੀ ਇਹ ਸਭ ਤੋਂ ਵੱਡੀ ਨਸਲਕੁਸ਼ੀ ਹੋ ਨਿਬੜੀ ਹੈ ਜਿੱਥੇ ਮਨੁੱਖ ਨੂੰ ਕੀੜੇ ਮਕੌੜੇ ਸਮਝ ਕੇ ਮਾਰਿਆ ਜਾ ਰਿਹਾ ਹੈ।

ਫਲਸਤੀਨ ਦੇ ਲੋਕਾਂ ਦੀ ਮੌਤ ਦਾ ਮੰਜ਼ਰ ਜੋ ਸਾਡੀਆਂ ਅੱਖਾਂ ਦੇ ਸਾਹਮਣੇ ਵਾਪਰ ਰਿਹਾ ਹੈ, ਉਸ ਵਿੱਚ ਔਰਤਾਂ ਤੇ ਬੱਚਿਆਂ ਨੂੰ ਜ਼ਿਆਦਾ ਨਿਸ਼ਾਨੇ 'ਤੇ ਲਿਆ ਜਾ ਰਿਹਾ ਹੈ। 8 ਜੁਲਾਈ, 2024 ਤੱਕ ਮਾਰੇ ਗਏ ਲੋਕਾਂ ਦਾ 70% ਔਰਤਾਂ ਤੇ ਬੱਚੇ ਸਨ। ਅਪਰੈਲ, 2024 ਦੀ ਯੂ ਐਨ ਓ ਦੀ ਰਿਪੋਰਟ ਕਹਿੰਦੀ ਹੈ ਕਿ ਪਹਿਲੇ 6 ਮਹੀਨਿਆਂ ਵਿੱਚ ਹੀ 10,000 ਔਰਤਾਂ ਮਾਰੀਆਂ ਗਈਆਂ ਹਨ ਜਿਨ੍ਹਾਂ ਵਿੱਚੋਂ 6000 ਮਾਵਾਂ ਸਨ ਅਤੇ 19,000 ਬੱਚੇ ਯਤੀਮ ਹੋ ਗਏ ਹਨ। ਅਸੀਂ ਦੇਖ ਰਹੇ ਹਾਂ ਇਹੋ ਜਿਹੀਆਂ ਹਾਲਤਾਂ ਵਿੱਚ ਲੋਕਾਂ ਦਾ ਖਾਣਾ, ਪਾਣੀ, ਬਚਾਓ, ਸ਼ੈਲਟਰ, ਇਕਾਂਤ, ਸਿਹਤ ਸੁਰੱਖਿਆ, ਇੱਜ਼ਤ, ਮਾਣ ਸਭ ਕੁੱਝ ਦਾਓ 'ਤੇ ਲੱਗਿਆ ਹੋਇਆ ਹੈ।

ਲੋਕਾਂ ਨੂੰ ਖਾਣੇ ਤੇ ਪਾਣੀ ਲਈ ਲਾਈਨਾਂ ਵਿੱਚ ਲੱਗ ਕੇ ਘੰਟਿਆਂ ਬੱਧੀ ਲਾਈਨਾਂ ਵਿੱਚ ਖੜ੍ਹ ਕੇ ਮਸਾਂ ਇੱਕ ਵੇਲ਼ੇ ਦਾ ਬਹੁਤ ਥੋੜ੍ਹਾ ਖਾਣਾ ਮਿਲ ਰਿਹਾ ਹੈ। 7 ਅਕਤੂਬਰ, 2023 ਤੋਂ ਪਹਿਲਾਂ ਵੀ 1.1 ਮਿਲੀਅਨ ਲੋਕਾਂ ਨੂੰ ਪਾਣੀ ਸਹੀ ਤਰੀਕੇ ਨਾਲ ਨਹੀਂ ਸੀ ਮਿਲਦਾ, ਸਗੋਂ 82.5% ਲੋਕ ਟਰੱਕਾਂ ਦੀ ਸਪਲਾਈ 'ਤੇ ਨਿਰਭਰ ਸਨ। ਹੁਣ ਦੀਆਂ ਹਾਲਤਾਂ ਤਾਂ ਬਦ ਤੋਂ ਬਦਤਰ ਹਨ। ਵਰਲਡ ਹੈਲਥ

ਔਰਗੇਨਾਈਜੇਸ਼ਨ ਮੁਤਾਬਕ ਹਰ ਰੋਜ਼ ਆਮ ਵਿਅਕਤੀ ਨੂੰ 50 ਤੋਂ 100 ਲਿਟਰ ਪਾਣੀ ਮਿਲਣਾ ਚਾਹੀਦਾ ਹੈ। ਅੰਤਰਰਾਸ਼ਟਰੀ ਮਨੁੱਖਤਾਵਾਦੀ ਔਰਗੇਨਾਈਜੇਸ਼ਨ ਕਹਿੰਦੀ ਹੈ ਕਿ ਐਮਰਜੈਂਸੀ ਵਿੱਚ 15 ਲਿਟਰ ਪਾਣੀ ਘੱਟੋ ਘੱਟ ਮਿਲਣਾ ਚਾਹੀਦਾ ਹੈ ਪਰ ਗਾਜ਼ਾ ਵਾਸੀਆਂ ਨੂੰ 1.5 ਲਿਟਰ ਪਾਣੀ ਮਿਲ ਰਿਹਾ ਹੈ। ਜਦ ਕਿ ਦੁੱਧ ਚੁੰਘਾਉਣ ਵਾਲੀਆਂ ਤੇ ਬੱਚੇ ਜੰਮਣ ਵਾਲੀਆਂ ਔਰਤਾਂ ਨੂੰ ਘੱਟੋ ਘੱਟ 7.5 ਲਿਟਰ ਸਾਫ਼ ਪਾਣੀ ਚਾਹੀਦਾ ਹੈ ਤਾਂ ਕਿ ਉਹ ਤੇ ਉਹਨਾਂ ਦੇ ਬੱਚੇ ਸਿਹਤਮੰਦ ਹੋ ਸਕਣ। ਇਹੋ ਜਿਹੀਆਂ ਹਾਲਤਾਂ ਵਿੱਚ ਲੋਕ ਅਨੇਕਾਂ ਹੀ ਭੈੜੀਆਂ ਬਿਮਾਰੀਆਂ ਦੇ ਨਾਲ਼ ਜੂਝ ਰਹੇ ਹਨ, ਕਿਉਂਕਿ ਉਹਨਾਂ ਦਾ ਕੋਈ ਇਲਾਜ ਨਹੀਂ ਹੋ ਰਿਹਾ। ਯੂਨਾਈਟਡ ਨੇਸ਼ਨਜ਼ ਰੀਲੀਫ਼ ਐਂਡ ਵਰਕਸ ਏਜੈਂਸੀ ਦੀ ਰਿਪੋਰਟ ਕਹਿੰਦੀ ਹੈ ਕਿ ਦਸੰਬਰ, 2023 ਤੱਕ 80,000 ਡਾਕੂਮੈਂਟਿਡ ਕੇਸ ਪਾਏ ਸਨ ਜਿਹੜੇ ਟੱਟੀਆਂ ਉਲਟੀਆਂ ਦੀ ਬਿਮਾਰੀ ਨਾਲ ਜੂਝ ਰਹੇ ਸਨ। ਵਰਲਡ ਹੈਲਥ ਔਰਗੇਨਾਈਜੇਸ਼ਨ ਦੀ ਰਿਪੋਰਟ ਮੁਤਾਬਕ ਫਲਸਤੀਨ ਵਿੱਚ 74,712 ਤੋਂ ਵੱਧ ਲੋਕਾਂ ਨੂੰ ਖੁਰਕ ਜਾਂ ਜੂੰਆਂ ਦੀ ਬਿਮਾਰੀ ਲੱਗੀ ਹੋਈ ਹੈ। ਫਲਸਤੀਨੀ 690,000 ਔਰਤਾਂ ਜੋ ਮਾਹਵਾਰੀ ਸਮੇਂ ਹਰ ਮਹੀਨੇ ਇਸ ਸਮੇਂ ਵਿੱਚੋਂ ਲੰਘਦੀਆਂ ਹਨ, ਉਹਨਾਂ ਨੂੰ 10 ਮਿਲੀਅਨ ਪੈਡ ਉਨ੍ਹਾਂ ਨੂੰ ਹਰ ਮਹੀਨੇ ਚਾਹੀਦੇ ਹਨ ਪਰ ਉੱਥੇ ਇਸ ਗੱਲ ਬਾਰੇ ਕਿਸ ਨੇ ਸੋਚਣਾ ਹੈ, ਇਸ ਤਰ੍ਹਾਂ ਔਰਤਾਂ ਦੀ ਇੱਜ਼ਤ ਦਾਓ ‘ਤੇ ਲੱਗੀ ਹੋਈ ਹੈ। ਇਸ ਕਰਕੇ ਹੀ ਉਹ ਹਰ ਵਕਤ ਪਰਦੇ ਵਿੱਚ ਰਹਿੰਦੀਆਂ ਹਨ। ਜੋ 1,07,000 ਲੋਕ ਹੈਪੀਟਾਈਟਸ ਦੀ ਭਿਆਨਕ ਬਿਮਾਰੀ ਨਾਲ ਗ੍ਰਸਤ ਹਨ। ਜਿਹਨਾਂ ਵਿੱਚ 50% ਤੋਂ ਜ਼ਿਆਦਾ ਬੱਚੇ ਹਨ।

ਬੇਸ਼ੱਕ ਅਸੀਂ ਰੇਡਿਓ, ਟੀ ਵੀ ਤੇ ਬਹੁਤ ਸਾਰੀਆਂ ਫਲਸਤੀਨ ਬਾਰੇ ਖਬਰਾਂ ਸੁਣਦੇ ਰਹਿੰਦੇ ਹਾਂ ਪਰ ਯਾਸਮਿਨ ਅਬੂਸਿਆਮਾ ਇੱਕ ਨਿਡਰ ਪੱਤਰਕਾਰ ਨੇ ਫਲਸਤੀਨ ਦੀਆਂ ਚਾਰ ਔਰਤਾਂ ਲੀਨਾ ਅਲਸੈਂਟੀ, ਸਲਵਾ ਮੁਹੰਮਦ, ਹਾਲਾ ਅਤੇ ਨੇਦਾ ਦੇ ਨਾਲ ਇੰਟਰਵਿਊ ਕਰ ਕੇ ਉਹਨਾਂ ਦੇ ਹੱਡੀਂ ਹੰਢਾਏ ਹਲਾਤਾਂ ਨੂੰ ਉਜਾਗਰ ਕੀਤਾ ਹੈ। ਲੀਨਾ ਨੇ ਦੱਸਿਆ, “ਉਹਨਾਂ ਨੂੰ 24 ਘੰਟੇ ਸੱਤੇ ਦਿਨ ਹਿਜਾਬ ਪਾ ਕੇ ਰੱਖਣਾ ਪੈਂਦਾ ਹੈ ਕਿਉਂਕਿ ਜਿੱਥੇ ਉਹ ਰਹਿੰਦੇ ਹਨ, ਉਹ ਥਾਂ ਬੰਦਿਆਂ ਨਾਲ ਭਰੀ ਪਈ ਹੈ, ਇੱਕੋ ਵਾਸ਼ਰੂਮ ਵਰਤਣਾ ਪੈਂਦਾ ਹੈ। ਉਹ ਕਹਿੰਦੀ ਹੈ ਕਿ ਉਸ ਨੂੰ ਕੁੜੀ ਮਹਿਸੂਸ ਹੋਣਾ ਭੁੱਲ ਗਿਆ ਹੈ, ਉਸ ਵਿੱਚੋਂ ਕੁੜੀ ਹੋਣ ਦਾ ਅਹਿਸਾਸ ਹੀ ਗਾਇਬ ਹੋ ਗਿਆ ਹੈ। ਉਸ ਨੇ ਕਿੰਨਾ ਹੀ ਚਿਰ ਤੋਂ ਆਪਣਾ ਮੂੰਹ ਨਹੀਂ ਦੇਖਿਆ, ਕਦੇ ਸਾਫ਼ ਗਰਮ ਪਾਣੀ ਨਾਲ ਨਹਾ ਕੇ ਨਹੀਂ ਦੇਖਿਆ। ਉਸ ਨੇ ਦੱਸਿਆ ਕਿ ਜਿੱਥੇ ਉਹ ਰਹਿੰਦੇ ਹਨ, ਉਸ ਘਰ ਨੂੰ ਕੋਈ ਬੂਹਾ ਬਾਰੀ ਨਹੀਂ ਕਿਸੇ ਵੀ ਸਮੇਂ ਉਹਨਾਂ ‘ਤੇ ਹਮਲਾ ਹੋ ਸਕਦਾ ਹੈ, ਹਰ ਵੇਲ਼ੇ ਡਰ ਲੱਗਿਆ ਰਹਿੰਦਾ ਹੈ। ਉਸ ਦੇ ਦੋ

ਬੇਟੀਆਂ ਹਨ ਇੱਕ ਚਾਰ ਮਹੀਨੇ ਤੇ ਦੂਸਰੀ ਦੋ ਸਾਲਾਂ ਦੀ, ਉਹ ਮਾਂ ਦਾ ਦੁੱਧ ਚੁੰਘਦੀਆਂ ਹਨ। ਉਸ ਨੂੰ ਸਾਰੀ ਦਿਹਾੜੀ ਪਾਣੀ ਲਈ ਲਾਈਨ ਵਿੱਚ ਖੜ੍ਹਨਾ ਪੈਂਦਾ ਹੈ। ਉਸ ਦੇ ਪਤੀ ਨੂੰ ਲੱਕੜਾਂ ਲੱਭਣ ਜਾਣਾ ਪੈਂਦਾ ਹੈ ਤਾਂ ਕਿ ਉਹ ਪਾਣੀ ਉਬਾਲ਼ ਕੇ ਬੱਚਿਆਂ ਨੂੰ ਦੇ ਸਕਣ। ਉਹ ਦੇਖ ਰਹੀ ਹੈ ਕਿ ਉਸ ਦੀਆਂ ਬੱਚੀਆਂ ਟੈਨਸ਼ਨਾਂ ਤੇ ਮਾਨਸਿਕ ਤਣਾਓ ਕਰ ਕੇ ਉਸ ਦੇ ਦੁੱਧ ਨਾਲ਼ ਪ੍ਰਭਾਵਤ ਹੋ ਰਹੀਆਂ ਹਨ। ਲੀਨਾ ਨੇ ਦੱਸਿਆ ਕਿ 22 ਅਕਤੂਬਰ ਇੱਕ ਭਿਆਨਕ ਸਮਾਂ ਸੀ ਜਦੋਂ ਸਾਡੇ ਗੁਆਂਢ ਵਿੱਚ ਬੰਬਾਰੀ ਹੋਈ, ਉਦੋਂ ਉਸ ਦੇ ਆਪਣੇ ਭੈਣ ਭਰਾ ਉਹਨਾਂ ਨੂੰ ਮਿਲਣ ਆਏ ਹੋਏ ਸਨ। ਉਸ ਦਿਨ ਬੰਬਾਰੀ ਨਾਲ਼ ਉਸ ਦਾ ਪਤੀ ਇਨਟੈਂਸਿਵ ਕੇਅਰ ਵਿੱਚ ਪਹੁੰਚ ਗਿਆ, ਉਹ ਦੀ ਛੋਟੀ ਬੱਚੀ ਝੂਲੇ ਵਿੱਚ ਸੁੱਤੀ ਹੀ ਮਾਰੀ ਗਈ। ਉਹ ਦੇ ਭੈਣ ਭਰਾ ਦੋਨੋਂ ਅੱਗ ਵਿੱਚ ਸੜ ਗਏ। ਲੀਨਾ ਨੂੰ ਉਹ ਦੇ ਅੰਦਰੂਨੀ ਜ਼ਖ਼ਮਾਂ ਕਰ ਕੇ ਕਤਰ ਸਰਜਰੀਆਂ ਕਰਨ ਲਈ ਲਿਜਾਇਆ ਗਿਆ। ਉਹ ਉੱਥੇ ਦੋ ਮਹੀਨੇ ਯੂਰਪੀਅਨ ਹਸਪਤਾਲ ਵਿੱਚ ਰਹੀ।ਉੱਥੇ ਵੀ ਘਟੀਆ ਫੂਡ ਤੇ ਸਿਹਤ ਸੇਵਾਵਾਂ ਦੀ ਘਾਟ ਕਰ ਕੇ ਦੁੱਖ ਝੱਲਦੀ ਰਹੀ। ਉਹ ਅਜੇ ਵੀ ਆਪਣੇ ਪਤੀ ਤੋਂ ਦੂਰ ਦੁੱਖ ਹੰਢਾ ਰਹੀ ਹੈ।"

ਸਲਵਾ ਮੁਹੰਮਦ 39 ਸਾਲਾ ਦੀ ਇੱਕ ਐਲੀਮੈਂਟਰੀ ਸਕੂਲ ਦੀ ਆਧਿਆਪਕ ਹੈ। ਉਹ ਯਾਸਮਿਨ ਨੂੰ ਆਪਣੇ ਦਿੱਤੇ ਬਿਆਨ ਵਿੱਚ ਕਹਿੰਦੀ ਹੈ, "ਇਹਨਾਂ ਅਣਮਨੁੱਖੀ ਹਾਲਤਾਂ ਵਿੱਚ ਮੇਰੀ ਸਮਾਜਿਕ ਜ਼ਿੰਮੇਵਾਰੀ ਬਣਦੀ ਹੈ ਕਿ ਮੈਂ ਆਪਣੇ ਅਤੇ ਆਪਣੇ ਗੁਆਢੀਆਂ ਦੇ ਬੱਚਿਆਂ ਨੂੰ ਪੜ੍ਹਾਈ ਕਰਾਵਾਂ, ਜਿਹੜਾ ਇਸ ਸਮੇਂ ਉਹਨਾਂ ਲਈ ਬਹੁਤ ਜ਼ਰੂਰੀ ਹੈ। ਮੈਂ ਘੱਟ ਤੋਂ ਘੱਟ ਸਾਧਨਾਂ ਨਾਲ ਵੀ ਪੜ੍ਹਾਉਣ ਦੀ ਜ਼ਿੰਮੇਵਾਰੀ ਨਿਭਾ ਰਹੀ ਹੈ। ਮੈਂ ਵਿਦਿਆਰਥੀਆਂ ਦਾ ਖ਼ਿਆਲ ਰੱਖ ਕੇ, ਘੱਟ ਤੋਂ ਘੱਟ ਸਾਧਨਾਂ ਨਾਲ਼ ਪੜ੍ਹਾਈ ਦੇ ਤਰੀਕਿਆਂ ਨਾਲ਼ ਉਹਨਾਂ ਨੂੰ ਖੁਸ਼ ਰੱਖ ਸਕਾਂ। ਉਹ ਕਹਿੰਦੀ ਹੈ ਕਿ ਲਗਾਤਾਰ ਚੱਲ ਰਹੀ ਨਸਲਕੁਸ਼ੀ ਕਰਕੇ ਉਹ ਦੇਖ ਰਹੀ ਹੈ ਕਿ ਬੱਚਿਆਂ ਦੇ ਸਵਾਲਾਂ ਜਵਾਬਾਂ ਤੋਂ ਕਿ ਉਹ ਕਿੰਨੇ ਸਦਮੇ ਵਿੱਚ ਹਨ। ਮੈਂ ਕਲਾਸ ਰੂਮ ਤੋਂ ਬਾਹਰ ਵੀ ਆਪਣੇ ਗੁਆਂਢੀ ਜੋ ਥਾਂ ਬਦਲ ਕੇ ਆਉਂਦੇ ਰਹਿੰਦੇ ਹਨ, ਉਹਨਾਂ ਨੂੰ ਰੋਟੀ ਪਕਾਉਣੀ ਸਿਖਾਉਂਦੀ ਹਾਂ, ਖਾਣਾ ਵੀ ਦਿੰਦੀ ਹਾਂ। ਅਸੀਂ ਸਾਰੇ ਇੱਕ ਦੂਜੇ ਦੇ ਮੂੰਹ ਵੱਲ ਵੇਖਦੇ ਰਹਿੰਦੇ ਹਾਂ। ਅਸੀਂ ਸਾਰੇ ਹੀ ਇੱਕੋ ਜਿਹੇ ਸੰਕਟ ਵਿੱਚ ਹਾਂ ਤੇ ਇਸ ਵੇਲ਼ੇ ਸਾਰਿਆਂ ਦਾ ਬਚਾਅ ਜ਼ਰੂਰੀ ਹੈ।"

29 ਸਾਲਾ ਹਾਲਾ ਇੱਕ ਅਜਿਹੀ ਔਰਤ ਹੈ ਜਿਸ ਨੇ ਆਪਣਾ ਪਤੀ ਗੁਆਇਆ ਹੈ। ਉਸ ਦੇ ਦੁੱਖਾਂ ਦੀਆਂ ਬਹੁਤ ਸਾਰੀਆਂ ਤੈਹਾਂ ਦੀਆਂ ਪੰਡਾਂ ਹਨ ਜੋ ਉਹ ਆਪਣੇ ਬੱਚਿਆਂ ਸਮੇਤ ਇੱਕ ਥਾਂ ਤੋਂ ਦੂਜੀ ਥਾਂ ਚੁੱਕੀ ਫਿਰ ਰਹੀ ਹੈ। ਉਹ ਦਾ 33 ਸਾਲਾ ਪਤੀ 30 ਜੂਨ ਨੂੰ ਭਾਰੀ ਬੰਬਾਰੀ ਵਿੱਚ ਮਾਰਿਆ ਗਿਆ ਸੀ।

ਉਹ ਆਪਣੇ ਘਾਟੇ ਬਾਰੇ ਸੋਚ ਵੀ ਨਹੀਂ ਸਕਦੀ ਪਰ ਉਸ ਨੂੰ ਆਪਣੇ ਤਿੰਨਾਂ ਬੱਚਿਆਂ ਕਰਕੇ ਤਕੜੇ ਹੋ ਕੇ ਜ਼ਿੰਦਾ ਰਹਿਣਾ ਪੈ ਰਿਹਾ ਹੈ ਕਿਉਂਕਿ ਉਹ ਸਾਰੇ ਉਸ 'ਤੇ ਨਿਰਭਰ ਹਨ। ਉਸ ਨੇ ਦੱਸਿਆ ਕਿ ਜਦੋਂ ਉਸ ਨੇ ਆਪਣੇ ਵੱਡੇ ਪਰਿਵਾਰ ਨਾਲ ਥਾਂ ਬਦਲੀ ਕੀਤੀ ਤਾਂ ਉਸ ਨੂੰ ਆਪਣੇ ਗਹਿਰੇ ਦੁੱਖ ਨਾਲ ਆਪਣੇ ਸਦਮਾ ਗ੍ਰਸਤ ਬੱਚਿਆਂ ਦਾ ਧਿਆਨ ਰੱਖਣ ਲਈ ਬਹੁਤ ਸਾਰੀਆਂ ਚਣੌਤੀਆਂ ਦਾ ਸਾਹਮਣਾ ਕਰਨਾ ਪਿਆ। ਉਹ ਬਹੁਤ ਹੀ ਭਰੇ ਹੋਏ ਸ਼ੈਲਟਰ ਵਿੱਚ ਰਹੇ ਜਿੱਥੇ ਉਹਨਾਂ ਦੀ ਕੋਈ ਨਿੱਜੀ ਥਾਂ ਨਹੀਂ ਸੀ। ਉਸ ਨੇ ਦੱਸਿਆ ਕਿ ਉਹ ਹਰ ਤਰ੍ਹਾਂ ਦੀ ਮੱਦਦ ਲੱਭਦੀ ਸੀ ਜਿਵੇਂ ਖਾਣਾ ਜਾਂ ਭਾਵਨਾਤਮਿਕ ਮੱਦਦ ਹੋਵੇ। ਸ਼ਾਮ ਨੂੰ ਉਹ ਲਾਈਨਾਂ ਵਿੱਚ ਲੱਗ ਕੇ ਦਾਨੀ ਸੰਸਥਾਵਾਂ ਤੋਂ ਖਾਣਾ ਤੇ ਹੋਰ ਮੱਦਦ ਲੈਂਦੀ ਤਾਂ ਕਿ ਆਪਣੇ ਬੱਚਿਆਂ ਨੂੰ ਪਾਲ਼ ਸਕੇ। ਉਹ ਦੇ ਬੱਚੇ ਗੰਦੇ ਪਾਣੀ ਕਰਕੇ ਹੈਪੀਟਾਈਟਸ ਦੀ ਬਿਮਾਰੀ ਨਾਲ਼ ਬਿਮਾਰ ਹੋ ਗਏ ਸਨ। ਇਹ ਦੱਸਣਾ ਵੀ ਔਖਾ ਹੈ ਕਿ ਤੁਸੀਂ ਸਾਰਾ ਕੁੱਝ ਠੀਕ ਰੱਖਣ ਲਈ ਤਾਕਤ ਕਿੱਥੋਂ ਲੈਂਦੇ ਹੋ। ਜਦੋਂ ਤੁਸੀਂ ਅੰਦਰੋਂ ਟੁੱਟੇ ਹੋਏ ਹੁੰਦੇ ਹੋ। ਹਾਲਾ ਨੇ ਇਹ ਵੀ ਕਿਹਾ ਕਿ ਮੈਂ ਇਸ ਨਸਲਕੁਸ਼ੀ ਵਿੱਚ ਆਪਣਾ ਪਤੀ ਗੁਆਇਆ ਹੈ, ਮੈਂ ਇਜ਼ਰਾਈਲ ਨੂੰ ਕਦੇ ਮਾਫ਼ ਨਹੀਂ ਕਰ ਸਕਦੀ। ਮੇਰੇ ਬੱਚਿਆਂ ਨੂੰ ਵੀ ਹੱਕ ਸੀ ਆਪਣੇ ਪਿਤਾ ਨਾਲ਼ ਖੁਸ਼ੀ ਖੁਸ਼ੀ ਜ਼ਿੰਦਗੀ ਜਿਊਣ ਦਾ। ਇਹ ਬੇਇਨਸਾਫ਼ੀ ਹੈ। ਸਾਰਾ ਸੰਸਾਰ ਹੀ ਇਸ ਦਾ ਜ਼ਿੰਮੇਵਾਰ ਹੈ ਜਿਹੜਾ ਇਹ ਨਸਲਕੁਸ਼ੀ ਨੂੰ ਰੋਕ ਨਹੀਂ ਰਿਹਾ।

ਨੇਦਾ 31 ਸਾਲਾ ਔਰਤ 2 ਛੋਟੇ ਬੱਚਿਆਂ ਦੀ ਮਾਂ ਹੈ। ਉਹ ਇਸ ਲੜਾਈ ਤੋਂ ਪਹਿਲਾਂ ਗਾਜ਼ਾ ਦੇ ਅਲ-ਰਿਮਲ ਏਰੀਏ ਵਿੱਚ ਰਹਿੰਦੀ ਸੀ। ਉਦੋਂ ਉਹਨਾਂ ਨੂੰ ਧੱਕੇ ਨਾਲ਼ ਕਬਜ਼ਾ ਕਰ ਕੇ 13 ਫੈਮਿਲੀ ਮੈਂਬਰਜ਼ ਨਾਲ਼ ਇੱਕ ਟੈਂਟ ਵਿੱਚ ਰਹਿਣ ਲਈ ਮਜ਼ਬੂਰ ਕੀਤਾ ਗਿਆ ਸੀ। ਉਹ ਕਹਿੰਦੀ ਹੈ ਕਿ, "ਪਹਿਲਾਂ ਉਸ ਨੇ ਇਹ ਕਦੇ ਸੋਚਿਆ ਨਹੀਂ ਸੀ। ਉਹ ਤਾਂ ਐਸੋਇਸ਼ਰਤ ਵਾਲੀ ਜ਼ਿੰਦਗੀ ਜਿਊਂਦੀ ਸੀ ਜਿਹੜੀ ਅੱਖ ਦੇ ਝਪਕਣ ਵਾਂਗ ਬਦਲ ਗਈ, ਹੁਣ ਉਹ ਸਵੇਰੇ ਸਾਜਰੇ ਉੱਠ ਕੇ ਰੋਟੀ ਬਣਾਉਂਦੀ ਹੈ, ਬੱਚਿਆਂ ਨੂੰ ਲੱਕੜਾਂ ਇਕੱਠੀਆਂ ਕਰਨ ਲਈ ਭੇਜਦੀ ਹੈ, ਪਾਣੀ ਲੈਣ ਲਈ ਘੰਟਿਆਂ ਬੱਧੀ ਲਾਈਨਾਂ ਵਿੱਚ ਖੜ੍ਹਦੀ ਹੈ। ਉਸ ਨੇ ਦੱਸਿਆ ਕਿ ਪਹਿਲਾਂ ਉਸ ਦਾ ਪਤੀ ਦੰਦਾਂ ਦਾ ਡਾਕਟਰ ਸੀ, ਹੁਣ ਉਸ ਕੋਲ ਕੋਈ ਕੰਮ ਨਹੀਂ, ਕੋਈ ਆਮਦਨ ਨਹੀਂ। ਉਸ ਨੇ ਕਿਹਾ, "ਮੈਂ ਹਰ ਰੋਜ਼ ਰਾਤ ਨੂੰ ਰੋਂਦੀ ਹਾਂ ਕਿ ਕਦੋਂ ਇਸ ਡਰਾਵਣੇ ਸੁਪਨੇ ਦਾ ਅੰਤ ਹੋਵੇਗਾ। ਸਾਡੇ ਕੋਲ਼ ਕੋਈ ਸਾਫ਼ ਸੁਥਰਾ ਰਹਿਣ ਸਹਿਣ ਨਹੀਂ ਹੈ। ਇਸ ਨਸਲਕੁਸ਼ੀ ਦੇ ਦੌਰਾਨ ਉਸ ਦਾ 63 ਸਾਲਾ ਪਿਤਾ ਇਲਾਜ ਤੋਂ ਬਿਨ੍ਹਾਂ ਮਰ ਗਿਆ। ਉਸ ਨੇ ਆਪਣੇ ਭਰਾ ਤਾਰਕ ਬਾਰੇ ਦੱਸਦਿਆਂ ਕਿਹਾ ਕਿ ਉਹ ਖਾਨ ਯੂਨਿਸ ਸੈਂਟਰ ਵਿੱਚ ਰਹਿੰਦੇ ਸਨ ਜਦੋਂ ਇਜ਼ਰਾਈਲੀਆਂ ਨੇ ਉਸ ਥਾਂ 'ਤੇ

ਕਬਜ਼ਾ ਕੀਤਾ। ਉਦੋਂ ਅਸੀਂ ਹੈਰਾਨ ਰਹਿ ਗਏ ਜੋ ਮੈਂ ਦੇਖਿਆ ਅੱਜ ਵੀ ਮੈਨੂੰ ਕੰਬਣੀ ਛੇੜਦਾ ਹੈ। ਸਾਡੇ ਦੇਖਦੇ ਦੇਖਦੇ ਮੇਰੇ ਭਰਾ ਦੀ ਕਾਰ ਹੇਠੋਂ ਉਪਰ ਪਲਟ ਕੇ ਧਰਤੀ ਵਿੱਚ ਐਨੀ ਡੂੰਘੀ ਗੱਡ ਗਈ ਕਿ ਧਰਤੀ ਪੱਟ ਕੇ ਤਾਰਕ ਨੂੰ ਬਾਹਰ ਕੱਢਣਾ ਪਿਆ। ਉਸ ਦੀ ਗਾਰੇ ਵਿੱਚ ਲਿੱਬੜੇ ਦੀ ਪਛਾਣ ਨਹੀਂ ਸੀ ਆ ਰਹੀ। ਮੇਰੀ ਜ਼ਿੰਦਗੀ ਦਾ ਉਹ ਸਭ ਤੋਂ ਔਖਾ ਪਲ ਸੀ। ਉਸ ਨੇ ਕਿਹਾ, "ਕਿ ਕੋਈ ਨਹੀਂ ਸਮਝ ਸਕਦਾ ਸਾਥੋਂ ਬਿਨ੍ਹਾਂ ਕਿ ਇੱਕ ਔਰਤ ਨੂੰ ਜੰਗ ਵਿੱਚ ਕਿਵੇਂ ਰਹਿਣਾ ਪੈਂਦਾ ਹੈ। ਇਹ ਦਿਲ ਨੂੰ ਨਪੀੜਨ ਵਾਲਾ ਤਜਰਬਾ ਹੈ। ਮੈਂ ਸਚੁਮੱਚ ਉਹ ਅਨੁਭਵ ਦੀ ਕਮੀ ਮਹਿਸੂਸ ਕਰਦੀ ਹਾਂ ਜਿਵੇਂ ਦੀ ਮੈਂ ਪਹਿਲਾਂ ਵਾਲ਼ੀ ਔਰਤ ਸੀ।

ਉੱਪਰ ਦਿੱਤੇ ਵੇਰਵਿਆਂ ਮੁਤਾਬਕ ਸਰਕਾਰੀ ਜਾਂ ਸੰਸਾਰ ਪੱਧਰ ਦੀਆਂ ਸੰਸਥਾਵਾਂ ਦੇ ਅੰਕੜੇ ਅਤੇ ਜ਼ੁਲਮ ਸਹਿ ਰਹੇ ਲੋਕਾਂ ਦੇ ਹਲਫ਼ੀਆ ਬਿਆਨਾਂ ਜਿਨ੍ਹਾਂ ਨੂੰ ਅਸੀਂ ਵਿਚਾਰਿਆ ਹੈ, ਉਨ੍ਹਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਨਸਲਕੁਸ਼ੀ ਜਾਣ ਬੁੱਝ ਕੇ ਕੀਤੀ ਜਾ ਰਹੀ ਹੈ। ਉਪਰੋਂ ਬੰਬਾਂ ਦੀ ਬੁਛਾੜ ਤੇ ਹੇਠਾਂ ਖਾਣਾ, ਪਾਣੀ, ਦਵਾਈਆਂ ਬੰਦ ਕਰ ਕੇ ਸਿਰਫ਼ ਤੇ ਸਿਰਫ਼ ਫ਼ਲਸਤੀਨੀ ਲੋਕਾਂ ਨੂੰ ਮਾਰਨਾ ਚਾਹੁੰਦੇ ਹਨ। ਜਿਸ ਹਮਾਸ ਜਥੇਬੰਦੀ ਦਾ ਬਹਾਨਾ ਬਣਾਇਆ ਜਾ ਰਿਹਾ ਹੈ ਉਨ੍ਹਾਂ ਨੂੰ ਫੜਿਆ ਵੀ ਜਾ ਸਕਦਾ ਸੀ, ਨਹੱਕੇ ਲੋਕਾਂ 'ਤੇ ਜਬਰ ਜ਼ੁਲਮ ਢਾਹ ਕੇ, ਬਾਹਰ ਬੈਠੇ ਲੋਕਾਂ ਦੀਆਂ ਅੱਖਾਂ ਵਿੱਚ ਧੂੜ ਪਾਈ ਜਾ ਰਹੀ ਹੈ। ਸਪੱਸ਼ਟ ਹੋ ਗਿਆ ਹੈ ਕਿ ਇਹ ਹਮਾਸ ਜਥੇਬੰਦੀ ਦੇ ਹਮਲੇ ਵਿਰੁੱਧ ਪ੍ਰਤੀਕਰਮ ਨਹੀਂ ਸੀ ਸਗੋਂ ਦੇਰ ਤੋਂ ਉਸ ਵਿਰੁੱਧ ਕੁਫ਼ਰ ਦਾ ਬੁਣਿਆ ਜਾਲ਼ ਸੀ ਜੋ ਸਮੇਂ ਨਾਲ ਸਾਹਮਣੇ ਆ ਗਿਆ ਹੈ। ਜੋ ਦੂਸਰੇ ਪਾਸੇ ਅਮਰੀਕਾ ਦੀ ਸ਼ਹਿ ਹੋਣ ਕਰ ਕੇ ਹੀ ਬਾਕੀ ਦੇਸ਼ ਇਹ ਮੌਤ ਦਾ ਤਮਾਸ਼ਾ ਦੇਖ ਰਹੇ ਹਨ, ਜੋ ਥੋੜ੍ਹੀ ਬਹੁਤ ਗੱਲ ਵੀ ਕਰ ਰਹੇ ਹਨ, ਉਹਨਾਂ ਦੀ ਸੁਣੀ ਨਹੀਂ ਜਾ ਰਹੀ। ਉਂਝ ਫ਼ਲਸਤੀਨ ਦੇ ਸਵਾਲ ਉੱਪਰ ਸੰਯੁਕਤ ਰਾਸ਼ਟਰ ਜਿਸ ਨੇ ਇਹ ਦੋ ਦੇਸ਼ ਬਣਾਏ ਸਨ, ਇਸ ਨਸਲਕੁਸ਼ੀ ਸਮੇਂ ਹਮਦਰਦੀ ਦੇ ਢੌਂਗ ਦੀ ਭੂਮਿਕਾ ਤੋਂ ਬਿਨ੍ਹਾਂ ਉਸ ਦਾ ਵੀ ਕੋਈ ਰੋਲ ਨਹੀਂ ਹੈ। ਬੇਸ਼ੱਕ ਤਕਰੀਬਨ ਕਾਫ਼ੀ ਦੇਸ਼ਾਂ ਵਿੱਚ ਮਨੁੱਖਤਾਵਾਦੀ ਲੋਕਾਂ ਨੇ ਅਵਾਜ਼ ਵੀ ਉਠਾਈ ਹੈ ਪਰ ਉਹਨਾਂ ਨੂੰ ਵੀ ਧੱਕੇ ਨਾਲ ਰੋਕਿਆ ਗਿਆ ਹੈ ਤਾਂ ਕਿ ਹੋਰ ਲੋਕ ਅਵਾਜ਼ ਨਾ ਉਠਾਉਣ। ਅੰਕੜੇ ਇਹ ਵੀ ਕਹਿੰਦੇ ਹਨ ਕਿ 1946 ਤੋਂ ਲੈ ਕੇ 2023 ਤੱਕ ਅਮਰੀਕਾ ਇਜ਼ਰਾਈਲ ਨੂੰ 263 ਅਰਬ ਡਾਲਰ ਦੇ ਚੁੱਕਿਆ ਹੈ। ਅਮਰੀਕਾ ਦਾ ਵੱਡਾ ਫ਼ਾਇਦਾ ਆਪਣੇ ਹਥਿਆਰ ਵੇਚਣ ਦਾ ਹੋ ਰਿਹਾ ਹੈ। ਜੇ ਹੋਰ ਦੇਸ਼ਾਂ ਦੀਆਂ ਜੰਗਾਂ ਲੱਗਣਗੀਆਂ ਤਾਂ ਹੀ ਉਸ ਦੇ ਹਥਿਆਰ ਵਿਕਣਗੇ, ਤਾਂ ਹੀ ਦੂਜੇ ਦੇਸ਼ਾਂ ਦੇ ਕੁਦਰਤੀ ਸਾਧਨਾਂ 'ਤੇ ਕਬਜ਼ਾ ਹੋ ਸਕੇਗਾ। ਉਂਝ ਵੀ ਅਰਬ ਦੇਸ਼ਾਂ ਦੇ ਵਿਚਕਾਰ ਇਜ਼ਰਾਈਲ ਵਿੱਚ ਆਪਣਾ ਥਾਂ ਟਿਕਾਣਾ ਬਣਿਆ ਰਹੇਗਾ। ਇਜ਼ਰਾਈਲ਼ ਬਨਾਮ ਅਮਰੀਕਾ ਅਤੇ

ਪੱਛਮੀ ਤਾਕਤਾਂ ਦੀ ਇਸ ਤਬਾਹੀ ਤੋਂ ਸਾਰਾ ਸੰਸਾਰ ਹੀ ਡਰਿਆ ਪਿਆ ਹੈ। ਹੁਣ ਨਾਲ ਲੱਗਦੇ ਲਿਬਨਾਨ 'ਤੇ ਵੀ ਹਮਲੇ ਸ਼ੁਰੂ ਹੋ ਗਏ ਹਨ, ਉੱਥੇ ਵੀ ਲੋਕ ਉਜਾੜਾ ਸ਼ੁਰੂ ਹੋ ਗਿਆ ਹੈ ਤੇ ਮੌਤਾਂ ਦਾ ਮੰਜ਼ਰ ਚਾਲੂ ਹੈ। ਇਸ ਸਾਰੇ ਵਰਨਣ ਤੋਂ ਸਪੱਸ਼ਟ ਹੈ ਕਿ ਹੁਣ ਵੱਡੀ ਤਾਕਤ ਨੂੰ ਹੱਥ ਪਾਉਣ ਲਈ ਮਨੁੱਖਤਾਵਾਦੀ ਲੋਕਾਂ ਨੂੰ ਹਰ ਤਰ੍ਹਾਂ ਦੀ ਅਵਾਜ਼ ਇਕੱਠੇ ਹੋ ਕੇ ਉਠਾਉਣੀ ਚਾਹੀਦੀ ਹੈ। ਅਗਰ ਅਸੀਂ ਅੱਜ ਕਬੂਤਰ ਵਾਂਗ ਅੱਖਾਂ ਮੀਟ ਲਈਆਂ ਤਾਂ ਇਹ ਨਹੀਂ ਹੋਵੇਗਾ ਕਿ ਇਹ ਅੱਗ ਸਾਡੇ ਘਰ ਨਹੀਂ ਗੁਆਂਢੀ ਦੇ ਘਰ ਹੈ, ਇਸ ਨੂੰ ਸਾਡੇ ਘਰ ਤੱਕ ਪਹੁੰਚਣ ਲਈ ਦੇਰ ਨਹੀਂ ਲੱਗੇਗੀ ਜਿਵੇਂ ਇਸ ਦੀ ਲਪੇਟ ਵਿੱਚ ਲਿਬਨਾਨ ਆ ਗਿਆ ਹੈ, ਹੋਰ ਦੇਸ਼ ਵੀ ਆ ਸਕਦੇ ਹਨ। ਇਸ ਸ਼ਾਤਰ ਬਿੱਲੀ ਨੇ ਸਭ ਨੂੰ ਖਾ ਜਾਣਾ ਹੈ। ਅੱਜ ਅੱਖਾਂ ਖੋਲ੍ਹ ਕੇ ਰੱਖਣ ਦੀ, ਡੂੰਘਾਈ ਵਿੱਚ ਸੋਚਣ, ਵਿਚਾਰਨ ਤੇ ਇਕੱਠੇ ਹੋ ਕੇ ਅਵਾਜ਼ ਉੱਠਾਉਣ ਦੀ ਲੋੜ ਹੈ, ਤਾਂ ਹੀ ਅਸੀਂ ਮਨੁੱਖਤਾ ਦੇ ਕਦਰਦਾਨ ਹੋ ਸਕਦੇ ਹਾਂ।

□□□